# ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ
## ਅਕਾਦਮਿਕ ਵਿਸ਼ਲੇਸ਼ਣ

**ਇਸੇ ਕਲਮ ਤੋਂ :**

| | ਕਵਿਤਾ | Poetry Books |
|---|---|---|
| 1. | ਦੁਬਿਧਾ | Dubidha |
| 2. | ਬੇਚੈਨ ਸਦੀ | Bechaen Saddi |
| 3. | ਅਪੈਰੀਆਂ ਵਾਟਾਂ | Apaerian Vaataan |
| 4. | ਸਿਫ਼ਰ ਸਫ਼ਰ | Siffar Saffar |
| 5. | ਸੁਰਖੀਆਂ | Surkhiyan |
| 6. | ਕੁਹਰਾਮ | Kohram |
| 7. | ਸ਼ਬਦਾਂ ਦਾ ਸ਼ਗਨ - ਸੰਪਾਦਨਾ | Shabdan Da Shagun (ed.) |
| 8. | Green Snow (English, with others) | |
| 9. | ਪੱਛਮੀ ਪੰਜਾਬੀ ਕਵਿਤਾ | (Western Punjabi Poetry) |
| 10. | ਸ਼ਬਦਾਂ ਦਾ ਸਫ਼ਰ<br>ਸਾਰੀਆਂ ਕਵਿਤਾਵਾਂ (ਇਕੋ ਜਿਲਦ ਵਿਚ) | Shaabda Da Safar |

| | ਆਲੋਚਨਾ | Literary Criticism |
|---|---|---|
| 1. | ਕਾਵਿਅਰਥ | Kavaarth |
| 2. | ਆਧੁਨਿਕ ਕਵਿਤਾ ਦੇ ਰੁਝਾਨ | Adhunik Kavita De Rujhaan |
| 3. | ਖੁੱਲ੍ਹੀ ਕਵਿਤਾ ਦੇ ਮਾਪਦੰਡ | Khuli Kavita De Mapdand |

| | ਗਿਆਨ ਸਾਹਿਤ | Scientific Literture |
|---|---|---|
| 1. | ਪਸ਼ੂ ਪਾਲਣ ਵਿਗਿਆਨ, | ਲਾਹੌਰ ਬੁੱਕ ਸ਼ਾਪ, ਲੁਧਿਆਣਾ |
| 2. | ਏਡਜ਼ : ਇਕ ਨਾਮੁਰਾਦ ਬੀਮਾਰੀ, | ਪੰਜਾਬੀ ਯੂਨੀਵਰਸਿਟੀ, ਪਟਿਆਲਾ |
| 3. | ਜੀਵਨ ਅਤੇ ਇਨਸਾਨੀ ਕਲੋਨਜ਼, | ਚੇਤਨਾ ਪ੍ਰਕਾਸ਼ਨ, ਲੁਧਿਆਣਾ |
| 4. | ਬਾਂਝਪਨ ਕੀ ਹੈ? | ਚੇਤਨਾ ਪ੍ਰਕਾਸ਼ਨ, ਲੁਧਿਆਣਾ |

# ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ
## ਅਕਾਦਮਿਕ ਵਿਸ਼ਲੇਸ਼ਣ

ਡਾ. ਗੁਰੂਮੇਲ ਸਿੰਘ ਸਿੱਧੂ

ਪੰਜਾਬੀ ਸਾਹਿਤ ਪਬਲੀਕੇਸ਼ਨ ਟਰੱਸਟ
ਅਮਰੀਕਾ

***Aad Grath To Dasam Grath***

***Academic Analaysis***

***by:***

**Dr. Gurumel Singh Sidhu** ©

1925 Los Altos Ave. Clovis, California
USA - 93611
Ph: 559-250-1790 (H) 559-323-6781(C)
email. : ubc74@aol.com

**ISBN 978-81-7883-712-3**

**Rs. 220/-**

**2010**

*Printing and Bound In India*

*Published by:*

**Punjabi Sahit Trust, America, California**

*Published by:*

**Chetna Parkashan**

PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
**Sub Off.:** Qila Road, Opp. Bus Stand, **KOTKAPURA** (Pb.) INDIA
Ph.: 01635-222651

*

Printer : R.K. Offset Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photo copying, recording or otherwise), without the prior written permission of both the copyright owner and the publisher of this book.

ਸਮਰਪਣ

ਸਵਰਗਵਾਸੀ ਗਿਆਨੀ ਜੰਗ ਸਿੰਘ ਜੀ
ਦੀ ਅਦੁੱਤੀ ਸ਼ਖ਼ਸ਼ੀਅਤ ਅਤੇ
ਪ੍ਰਭਾਵਸ਼ਾਲੀ ਵਿਦਵਤਾ ਦੇ ਨਾਂ

# ਤਰਤੀਬ


| | | | |
|---|---|---|---|
| ਭੂਮਿਕਾ | –ਡਾ. ਗੁਰੂਮੇਲ ਸਿੰਘ ਸਿੱਧੂ | | 7 |
| êzî¹Ö èðî» çÅ ÇÂÇåÔÅÃÕ Áå¶ ÁÇèÁÅåîÕ ÁÇèÁËé | | .......... | I |
| ÕðåÅðê¹ðÆ ìÆó çÆ êzîÅÇäÕåÅ ìÅð¶ ÇéðäÅ | | .......... | CB |
| ਹਿਊ ਮੈਕਲਾਊਡ ਦੀਆਂ ਮਨਘੜਤ ਮਨੌਤਾਂ ਦਾ ਖੰਡਨ | | .......... | 60 |
| ਇਕ ਥੀਸਿਸ ਦਾ ਅਕਾਦਮਿਕ ਅਧਿਐਨ | | .......... | 72 |
| ਮੂਲਮੰਤਰ ਦੀ ਵਿਆਖਿਆ | | .......... | 94 |
| ਸ਼ਬਦ 'ਖ਼ਾਲਸਾ' ਦੀ ਵਿਆਖਿਆ | | .......... | 118 |
| ਬੀਜ ਮੰਤ੍ਰ ਦਰਸ਼ਨ | | .......... | 135 |
| ਕਥਿਤ ਦਸਮ ਗ੍ਰੰਥ ਕਿਵੇਂ ਹੋਂਦ ਵਿਚ ਆਇਆ ? | | .......... | 142 |

## ਭੂਮਿਕਾ

ਹਥਲੀ ਪੁਸਤਕ, ਆਦਿ ਗ੍ਰੰਥ ਤੋਂ ਦਸਮ ਗ੍ਰੰਥ ਤੱਕ: ਅਕਾਦਮਿਕ ਵਿਸ਼ਲੇਸ਼ਣ, ਦਾ ਆਰੰਭ ਪੱਛਮੀ ਸਿੱਖ ਵਿਦਵਾਨ ਡਾ. ਹਿਊ ਮੈਕਲਾਉਡ ਵਲੋਂ ਸਿੱਖ ਧਰਮ ਬਾਰੇ ਪੇਸ਼ ਕੀਤੇ ਗਏ ਵਿਚਰਾਂ ਦੇ ਪ੍ਰੀਕਰਮ ਵਜੋਂ ਹੋਇਆ। ਅਕਾਦਮਿਕ ਖੋਜ ਦੇ ਨਾਂ ਹੇਠ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਚਣੌਤੀ ਦਿੰਦਿਆਂ ਮੈਕਲਾਉਡ ਨੇ ਕਈ ਮਨੌਤਾਂ ਨੂੰ ਜਨਮ ਦਿੱਤਾ ਜਿਵੇਂ, (1) ਸਿੱਖਾਂ ਦਾ ਧਰਮ ਗ੍ਰੰਥ, 'ਆਦਿ ਬੀੜ' (ਕਰਤਾਰਪੁਰੀ ਬੀੜ), ਮੌਲਿਕ ਨਹੀਂ, ਇਹ ਸਹਾਰਨਪੁਰ ਵਾਲੀ 'ਬੰਨੋ ਬੀੜ' ਦਾ ਉਤਾਰਾ ਹੈ, (2) ਗੁਰੂ ਨਾਨਕ ਦੇਵ ਜੀ ਦੀਆਂ ਬਹੁਤੀਆਂ ਜਨਮ ਸਾਖੀਆਂ ਕਥਿਤ ਕਥਾ ਕਹਾਣੀਆਂ ਹਨ, ਇਸ ਲਈ ਇਨ੍ਹਾਂ ਚੋਂ ਬਾਬੇ ਨਾਨਕ ਦਾ ਜੀਵਨ ਬਿਉਰਾ ਨਹੀਂ ਖੋਜਿਆ ਜਾ ਸਕਦਾ। ਇਹ ਵੀ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਪੰਜਾਬ ਤੋਂ ਬਾਹਰ ਕੋਈ ਉਦਾਸੀ ਨਹੀਂ ਕੀਤੀ, (3) ਗੁਰੂ ਨਾਨਕ ਜੀ ਨੇ ਕੋਈ ਨਵਾਂ ਧਰਮ ਨਹੀਂ ਚਲਾਇਆ, ਕੇਵਲ ਉੱਤਰੀ ਭਾਰਤੀ ਦੀ 'ਸੰਤ ਪ੍ਰਥਾ' ਨੂੰ ਹੀ ਅੱਗੇ ਤੋਰਿਆ ਜਿਸ ਦੇ ਮੋਢੀ ਬਾਬਾ ਕਬੀਰ ਸਨ (4) ਗੁਰੂ ਅਰਜਨ ਦੇਵ ਜੀ ਨੇ 'ਆਦਿ ਬੀੜ' ਦੀ ਸੰਪਾਦਨਾ ਵੇਲੇ ਕਈ ਖਰੜਿਆਂ ਦਾ ਸਹਾਰਾ ਲਿਆ ਅਤੇ ਬਾਣੀ ਵਿਚ ਸੁਧਾਈਆਂ ਕਰਨ ਉਪਰੰਤ ਇਸ ਦੀ ਸੰਪਾਦਨਾ ਕੀਤੀ, (5) ਗੁਰੂ ਗੋਬਿੰਦ ਸਿੰਘ ਜੀ ਨੇ 'ਗੁਰੂ ਗ੍ਰੰਥ ਸਾਹਿਬ' ਨੂੰ ਗੁਰਗੱਦੀ ਨਹੀਂ ਦਿੱਤੀ, ਸਿੱਖਾਂ ਨੇ ਬਾਅਦ ਵਿਚ ਉਨ੍ਹਾਂ ਦੇ ਨਾਂ ਲਾ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਵਲੋਂ 30 ਮਾਰਚ, 1699 ਈ. ਨੂੰ 'ਖਾਲਸਾ ਸਾਜਨਾ' ਦੇ ਤੱਥ ਨੂੰ ਵੀ ਸ਼ੱਕੀ ਦੱਸਿਆ। ਇਸ ਤਰਾਂ ਮੈਕਲਾਉਡ ਨੇ ਗਲਤ ਧਾਰਨਾ ਦੇ ਆਧਾਰ ਤੇ ਸਿੱਖ ਧਰਮ ਨੂੰ ਮੋਹਰਾ ਬਣਾ ਕੇ ਆਪਣੇ ਆਪ ਨੂੰ ਇਕ ਸੰਸਾਰ ਪ੍ਰਸਿੱਧ ਸਿੱਖ ਵਿਦਵਾਨ ਸਥਾਪਤ ਕਰ ਲਿਆ। ਇਕ ਆਮ ਪਾਠਕ ਨੂੰ ਉਸ ਦੀ ਖੋਜ ਅਕਾਦਮਿਲ ਜ਼ਰੂਰ ਲਗਦੀ ਹੈ ਪਰ ਅਕਾਦਮਿਕ ਵਿਸ਼ਲੇਸ਼ਣ ਦੀ ਪੱਧਤੀ ਤੇ ਪੂਰੀ ਨਹੀਂ ਉਤਰਦੀ।

ਉਪਰੋਕਤ ਮਨੌਤਾਂ (Hypotheses) ਨੂੰ ਸਿਧਾਂਤਾਂ



(Theory) ਵਿਚ ਬਦਲਣ ਲਈ, ਮੈਕਲਾਉਡ ਨੇ ਕੁਝ ਸਿੱਖ ਅਤੇ ਕੁਝ ਗੋਰੇ ਵਿਦਿਆਰਥੀਆਂ (ਜਿਨ੍ਹਾਂ ਨੂੰ ਉਹ ਆਪਣੇ ਝੰਡਾ ਵਰਦਾਰ (Flag career) ਕਹਿੰਦਾ ਹੈ) ਨੂੰ ਪੀ. ਐਚ. ਡੀ. ਦੀ ਖੋਜ ਲਈ ਆਪਣੀਆਂ ਮਨੌਤਾਂ ਦੇ ਵਿਸ਼ੇ ਦਿੱਤੇ। ਕੁਝ ਵਿਦਿਆਰਥੀਆਂ ਦਾ ਉਹ ਖੁਦ ਨਿਗਰਾਨ ਸੀ ਪਰ ਕੁਝ ਦੇ ਨਿਗਰਾਨ ਉਸ ਦੇ ਦੋਸਤ ਪੱਛਮੀ ਯੂਨੀਵਰਸਟੀਆਂ ਦੇ ਪ੍ਰੋਫ਼ੈਸਰ ਸਨ। ਇਸ ਪੁਸਤਕ ਵਿਚ ਡਾ. ਮੈਕਲਾਉਡ ਦੀਆਂ ਮਨੌਤਾਂ ਅਤੇ ਉਸ ਦੇ ਝੰਡਾ ਵਰਦਾਰਾਂ ਵਲੋਂ ਲਿਖੇ ਪੀ.ਐਚ.ਡੀ. ਦੇ ਥੀਸਿਜ਼ਾਂ ਦੇ ਵਿਸ਼ਿਆਂ ਬਾਰੇ ਖੋਜ ਭਰਪੂਰ ਨਿਬੰਧ ਹਨ। ਇਨ੍ਹਾਂ ਵਿਚ ਸੰਬੰਧਤ ਵਿਸ਼ਿਆਂ 'ਤੇ ਦਲੀਲਾਂ ਅਤੇ ਉਦਾਹਰਨਾਂ ਸਹਿਤ ਟੀਕਾ ਪਿਣੀ ਕੀਤੀ ਗਈ ਹੈ।

**-ਡਾ. ਗੁਰੂਮੇਲ ਸਿੰਘ ਸਿੱਧੂ**
ਪ੍ਰੋਫ਼ੈਸਰ
ਕਲੋਵਸ, ਕੈਲੇਫੋਰਨੀਆ, 2010
Gurmel.Sidhu@gmail.com

# ਪ੍ਰਮੁਖ ਧਰਮਾਂ ਦਾ ਇਤਿਹਾਸਕ ਅਤੇ ਅਧਿਆਤਮਕ ਅਧਿਐਨ

ਸੰਸਾਰ ਦੇ ਸਾਰੇ ਧਰਮਾਂ ਦੇ ਪੈਰੋਕਾਰ ਇਸ ਗੱਲ ਵਿਚ ਯਕੀਨ ਰੱਖਦੇ ਹਨ ਕਿ ਰੱਬ ਹਾਜ਼ਰ ਨਾਜ਼ਰ ਹੈ ਅਤੇ ਸੰਬੰਧਤ ਧਰਮ ਗ੍ਰੰਥ ਰੱਬੀ ਬਾਣੀ (Word of God)। ਇਸ ਲਈ ਉਨ੍ਹਾਂ ਦੀ ਸ਼ਰਧਾ (Faith) ਉਨ੍ਹਾਂ ਦੀ ਧਰਮ ਮਰਯਾਦਾ (Canon) ਵਿਚ ਪੱਕੀ ਹੈ। ਧਰਮ ਮਰਯਾਦਾ, ਕਿਉਂਕਿ ਧਰਮ ਗ੍ਰੰਥਾਂ ਦੇ ਸੋਮਾ-ਸਰੋਤ ਨਾਲ ਬੱਝੀ ਹੋਈ ਹੈ। ਇਸ ਕਰਕੇ ਕਿਸੇ ਧਰਮ ਦੇ ਨਿਕਾਸ ਅਤੇ ਉਸ ਉੱਤੇ ਆਧਾਰਿਤ ਧਰਮ ਮਰਯਾਦਾ ਦੇ ਵਿਕਾਸ ਬਾਰੇ ਜਾਨਣਾ ਬੜਾ ਕੁਦਰਤੀ ਹੈ। ਇਸ ਜਾਣਕਾਰੀ ਲਈ ਦੋ ਸਵਾਲ ਪੁੱਛਣੇ ਜ਼ਰੂਰੀ ਹਨ-

ੳ) ਪ੍ਰਮਾਣਿਤ ਧਰਮ ਗ੍ਰੰਥ ਦਾ ਆਰੰਭ ਕਦੋਂ ਹੋਇਆ ਅਤੇ

ਅ) ਧਰਮ ਮਰਯਾਦਾ ਦਾ ਧਰਮ ਗ੍ਰੰਥ ਦੇ ਸੰਬੰਧ ਵਿਚ ਕਿਵੇਂ ਨਿਕਾਸ ਤੇ ਵਿਕਾਸ ਹੋਇਆ?

ਅੱਗੋਂ ਫੇਰ ਪ੍ਰਮਾਣਿਤ ਧਰਮ ਗ੍ਰੰਥ ਬਾਰੇ ਦੋ ਮੁਢਲੇ ਸਵਾਲ ਜ਼ਰੂਰੀ ਬਣ ਜਾਂਦੇ ਹਨ।

1. ਨਿਸਚਿਤ ਤੌਰ 'ਤੇ ਧਰਮ ਗ੍ਰੰਥ ਦੇ ਆਰੰਭ ਬਾਰੇ ਕਿਹੜੀ ਰਾਏ ਹੈ?

2. ਧਰਮ ਮਰਯਾਦਾ ਦੇ ਨਿਕਾਸ, ਵਿਕਾਸ ਅਤੇ ਉਸ ਦੇ ਕਾਰਜ ਬਾਰੇ ਇਤਿਹਾਸਕ ਖੋਜ (Historical Research) ਰਾਹੀਂ ਕੀ ਸਿੱਖਿਆ ਜਾ ਸਕਦਾ ਹੈ?

ਸੰਸਾਰ ਦੇ ਪ੍ਰਮੁੱਖ ਧਰਮਾਂ ਦੇ ਅਧਿਐਨ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਨਿਕਾਸ ਅਤੇ ਸੰਬੰਧਤ ਧਰਮ ਮਰਯਾਦਾ ਦੇ ਕਾਰਜ ਕਰਮ (Function) ਬਾਰੇ ਵੱਖਰੀਆਂ-ਵੱਖਰੀਆਂ ਰਾਵਾਂ ਹਨ। ਮੁੱਖ ਤੌਰ 'ਤੇ ਸੰਸਾਰ ਦੇ ਧਰਮਾਂ ਦਾ ਨਿਕਾਸ ਅਤੇ ਵਿਕਾਸ ਤਿੰਨ ਪ੍ਰਕਿਰਿਆਵਾਂ ਰਾਹੀਂ ਹੋਇਆ। ਇਹ ਹਨ-

(ੳ) ਕ੍ਰਮਵਾਰ ਪ੍ਰਕਿਰਿਆ (Gradual Process)

(ਅ) ਚੇਤਨ ਪ੍ਰਕਿਰਿਆ (Conscious Process)

(ੲ) ਸਹਿਜ ਪ੍ਰਕਿਰਿਆ (Natural Process)

### (ੳ) ਕ੍ਰਮਵਾਰ ਪ੍ਰਕਿਰਿਆ

ਕ੍ਰਮਵਾਰ ਪ੍ਰਕਿਰਿਆ, ਯਹੂਦੀ ਧਰਮ (Judaism) ਅਤੇ ਈਸਾਈ ਧਰਮ (Christianity) ਦੀ ਉਤਪਤੀ ਅਤੇ ਵਿਕਾਸ ਵਿਚ ਸਹਾਈ ਹੋਈ। ਯਹੂਦੀ ਧਰਮ ਗ੍ਰੰਥ (Old Testament) ਅਤੇ ਈਸਾਈ ਧਰਮ ਗ੍ਰੰਥ (New Testament) ਦੀ ਅੰਦਰੂਨੀ ਵਿਆਖਿਆ ਇਸ ਤੱਥ ਵੱਲ ਸੰਕੇਤ ਕਰਦੀ ਹੈ। ਓਲਡ ਟੈਸਟਾਮੈਂਟ ਨੂੰ 'ਤੌਰੇਤ' (Tohra) ਜਾਂ ਯਹੂਦੀ ਬਾਈਬਲ ਕਿਹਾ ਜਾਂਦਾ ਹੈ ਅਤੇ ਨਿਊ ਟੈਸਟਾਮੈਂਟ ਨੂੰ 'ਈਸਾਈ ਬਾਈਬਲ'



ਕਿਹਾ ਜਾਂਦਾ ਹੈ। ਓਲਡ ਟੈਸਟਾਮੈਂਟ ਵਿਚ 39 ਵੱਖ-ਵੱਖ ਪੁਸਤਕਾਂ ਹਨ ਅਤੇ ਨਿਊ ਟੈਸਟਾਮੈਂਟ ਵਿਚ 27 ਪੁਸਤਕਾਂ ਹਨ।

### 2. ਓਲਡ ਟੈਸਟਾਮੈਂਟ ਦੀ ਧਰਮ ਮਰਯਾਦਾ ਦਾ ਵਿਕਾਸ

ਓਲਡ ਟੈਸਟਾਮੈਂਟ ਦੇ ਆਰੰਭ ਬਾਰੇ ਮੰਨਿਆ ਹੋਇਆ ਸਿਧਾਂਤ ਫਲੈਵੀਅਸ ਜੋਸੇਫ਼ਸ (Falavius Josaphus) ਦਾ ਹੈ। ਉਹ ਆਪਣੀ ਪੁਸਤਕ ਅਗੇਂਸਟ ਏਪੀਅਨ (Against Apion-CA 95 AD) ਵਿਚ 22 ਪੁਸਤਕਾਂ ਦਾ ਜ਼ਿਕਰ ਕਰਦਾ ਹੈ। ਇਨ੍ਹਾਂ ਪੁਸਤਕਾਂ ਵਿਚ ਪੰਜ ਮੋਜ਼ਿਜ਼ (ਮੂਸਾ) ਨਾਲ ਸੰਬੰਧਤ ਹਨ, ਜਿਨ੍ਹਾਂ ਨੂੰ ਪੈਂਟਾਟੂਕ ਵੀ ਕਿਹਾ ਜਾਂਦਾ ਹੈ ਜਾਂ ਤੌਰੇਤ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਪੁਸਤਕਾਂ ਵਿਚ ਯਹੂਦੀ ਕਾਨੂੰਨ ਬਾਰੇ ਜਾਣਕਾਰੀ ਹੈ। ਤੇਰ੍ਹਾਂ ਪੁਸਤਕਾਂ ਮੋਜ਼ਿਜ਼ ਤੋਂ ਬਾਅਦ ਵਿਚ ਲਿਖੀਆਂ ਗਈਆਂ ਅਤੇ ਇਨ੍ਹਾਂ ਦੇ ਰਚੇਤਾ ਵੱਖ-ਵੱਖ ਪੈਗੰਬਰ ਦੱਸੇ ਜਾਂਦੇ ਹਨ। ਚਾਰ ਪੁਸਤਕਾਂ ਵਿਚ ਰੱਬੀ ਸ਼ਬਦ ਹਨ ਜੋ ਇਨਸਾਨ ਦੇ ਚਰਿੱਤਰ ਬਾਰੇ ਚਾਨਣਾ ਪਾਉਂਦੇ ਹਨ। ਇਨ੍ਹਾਂ ਸਾਰੀਆਂ 22 ਪੁਸਤਕਾਂ ਦਾ ਇਤਿਹਾਸ ਸਮਾਂ ਪੰਜ-ਛੇ ਸਦੀਆਂ ਬੀ.ਸੀ. ਦੱਸਿਆ ਜਾਂਦਾ ਹੈ। ਬਾਕੀ ਦੀਆਂ ਪੰਦਰਾਂ ਪੁਸਤਕਾਂ ਅਰਥਾਤ (37-22=15), ਜੋ ਸੰਪੂਰਨ ਓਲਡ ਟੈਸਟਾਮੈਂਟ ਵਿਚ ਹਨ, ਬਾਅਦ ਵਿਚ ਲਿਖੀਆਂ ਗਈਆਂ। ਓਲਡ ਟੈਸਟਾਮੈਂਟ ਦਾ ਅਜੋਕਾ ਸਵੀਕਾਰ ਕੀਤਾ ਹੋਇਆ ਰੂਪ ਕੋਈ 100 ਏ.ਡੀ. ਵਿਚ ਨਿਰਧਾਰਤ ਕੀਤਾ ਗਿਆ।

ਅਜਿਹਾ ਬਿਰਤਾਂਤ ਇਜ਼ਰਾ (Ezra) ਲਿਖਤ ਪੁਸਤਕ 'ਇਜ਼ਰਾ ਐਲੋਕਲਿਪਸ' ਵਿਚ ਵੀ ਮਿਲਦਾ ਹੈ। ਇਸ ਵਿਚ ਲਿਖਿਆ ਹੈ ਕਿ ਸਾਰੀਆਂ ਰੂਹਾਨੀ ਪੁਸਤਕਾਂ ਅਗਨੀ ਭੇਂਟ ਹੋਣ ਤੋਂ ਬਾਅਦ ਰੱਬੀ-ਸ਼ਬਦ ਨਸ਼ਟ ਹੋ ਗਿਆ। ਇਜ਼ਰਾ ਕਹਿੰਦਾ ਹੈ ਕਿ ਇਸ ਤਬਾਹੀ ਤੋਂ ਬਾਅਦ ਇਲਹਾਮੀ ਹੁਕਮ ਹੋਇਆ ਕਿ ਪੰਜ ਬੰਦੇ ਲੈ ਕੇ, ਜਿਨ੍ਹਾਂ ਨੂੰ ਲਿਖਣਾ ਆਉਂਦਾ ਹੋਵੇ, ਕਿਸੇ ਇਕਾਂਤ ਵਿਚ ਚਲਿਆ ਜਾਹ ਅਤੇ ਸਾਰਾ ਇਤਿਹਾਸ ਮੁੜ ਕੇ ਲਿਖ। ਇਸ ਤੋਂ ਬਾਅਦ ਉਸ ਨੂੰ ਪ੍ਰਮਾਤਮਾ ਵਲੋਂ ਇਕ ਪਿਆਲਾ ਮਿਲਿਆ, ਜੋ ਉਸ ਨੇ ਪੀਤਾ, ਜਿਸ ਕਰਕੇ ਬਾਅਦ ਵਿਚ ਉਸ ਨੂੰ ਸਾਰੀ ਬਾਣੀ ਉਤਰ ਆਈ ਜੋ ਉਸ ਨੇ ਆਪਣੇ ਪੰਜ ਬੰਦਿਆਂ ਨੂੰ ਲਿਖਵਾਈ। 40 ਦਿਨਾਂ ਵਿਚ 94 ਪੁਸਤਕਾਂ ਲਿਖੀਆਂ ਗਈਆਂ, ਜਿਨ੍ਹਾਂ ਵਿਚੋਂ ਹੁਕਮ ਹੋਇਆ ਕਿ 24 ਲੋਕਾਂ ਵਿਚ ਵੰਡੀਆਂ ਜਾਣ ਅਤੇ 70 ਗੁਪਤ ਰੱਖੀਆਂ ਜਾਣ। ਇਹ 24 ਕਿਤਾਬਾਂ ਸ਼ਾਇਦ ਉਹੀ ਹਨ, ਜਿਨ੍ਹਾਂ ਦਾ ਜ਼ਿਕਰ ਫਲੇਵੀਅਸ ਜੋਸੋਫ਼ਸ ਵੀ ਕਰਦਾ ਹੈ।

ਇਨ੍ਹਾਂ ਦੋਹਾਂ ਵਾਕਿਆਵਾਂ ਵਿਚ ਇਹ ਦੱਸਿਆ ਗਿਆ ਹੈ ਕਿ ਇਹ ਪੁਸਤਕਾਂ ਰੱਬੀ ਗਿਆਨ ਹਨ, ਇਸ ਲਈ ਭਰੋਸੇਯੋਗ ਹਨ। ਪਰ ਇਹ ਪੁਸਤਕਾਂ ਏਨੀਆਂ ਵੱਖਰੀਆਂ ਹਨ ਕਿ ਇਨ੍ਹਾਂ ਰਾਹੀਂ ਨਾ ਤਾਂ ਇਤਿਹਾਸ ਦਾ ਪਤਾ ਲਗਦਾ ਹੈ ਅਤੇ ਨਾ ਹੀ ਰੱਬੀ ਗਿਆਨ ਦਾ। ਸਵਾਲ ਪੈਦਾ ਹੁੰਦਾ ਹੈ ਕਿ ਇਨ੍ਹਾਂ ਪੁਸਤਕਾਂ ਦੇ ਅਸਲੀ ਲਿਖਣਹਾਰ ਕੌਣ ਸਨ ਅਤੇ ਕਿਹੜੇ ਸਮੇਂ ਲਿਖੀਆਂ ਗਈਆਂ।

## ਕੀ ਹਜ਼ਰਤ ਮੂਸਾ ਤੌਰੇਤ ਦਾ ਲੇਖਕ ਹੈ ?

ਪੰਜ ਪੁਸਤਕਾਂ, ਜੋ ਮੋਜ਼ਿਜ਼ ਦੇ ਨਾਂ ਨਾਲ ਸੰਬੰਧਤ ਹਨ, ਬਾਰੇ ਯਹੂਦੀਆਂ ਦਾ ਵਿਚਾਰ ਹੈ ਕਿ ਉਨ੍ਹਾਂ ਲਈ ਇਹ ਅੰਤਿਮ ਕਥਨ ਹਨ। ਇਨ੍ਹਾਂ ਪੁਸਤਕਾਂ ਨੂੰ ਮੋਜ਼ਿਜ਼ ਨੇ ਰੱਬੀ ਇਲਹਾਮ ਰਾਹੀਂ ਪ੍ਰਾਪਤ ਹੀ ਨਹੀਂ ਕੀਤਾ, ਸਗੋਂ ਲਿਖਿਆ ਵੀ ਹੈ। ਪਰ 17ਵੀਂ ਸਦੀ ਦੇ ਧਰਮ ਵਿਆਖਿਆਕਾਰਾਂ ਅਤੇ ਇਤਿਹਾਸਕ ਖੋਜੀਆਂ ਦੇ ਵਿਚਾਰ ਇਸ ਪ੍ਰਕਾਰ ਹਨ–

(ੳ) ਇਨ੍ਹਾਂ ਪੰਜ ਪੁਸਤਕਾਂ ਵਿਚ ਕਿਤੇ ਵੀ ਇਹ ਮੁਤਾਲਬਾ (Claim) ਜਾਂ ਇਸ਼ਾਰਾ ਨਹੀਂ ਮਿਲਦਾ ਕਿ ਇਹ ਮੋਜ਼ਿਜ਼ ਨੇ ਲਿਖੀਆਂ ਹਨ।

(ਅ) ਇਨ੍ਹਾਂ ਦੀ ਅੰਦਰੂਨੀ ਵਿਆਖਿਆ ਤੋਂ ਪਤਾ ਲੱਗਦਾ ਹੈ ਕਿ ਇਹ ਮੋਜ਼ਿਜ਼ ਦੇ ਸਮੇਂ ਤੋਂ ਢੇਰ ਚਿਰ ਬਾਅਦ ਵਿਚ ਲਿਖੀਆਂ ਗਈਆਂ। ਇਨ੍ਹਾਂ ਪੁਸਤਕਾਂ ਵਿਚ ਮੋਜ਼ਿਜ਼ ਦਾ ਜ਼ਿਕਰ ਅਕਸਰ ਅੱਨ ਪੁਰਸ਼ (Third Person) ਵਿਚ ਆਉਂਦਾ ਹੈ, ਉਹ ਵੀ ਪ੍ਰਸ਼ੰਸਾਜਨਕ ਬੋਲੀ ਵਿਚ, ਜੋ ਇਕ ਕਿਤਾਬ ਲਈ ਢੁਕਦੀ ਗੱਲ ਨਹੀਂ।

(ੲ) ਕਈ ਥਾਵਾਂ ਦਾ ਜ਼ਿਕਰ ਉਨ੍ਹਾਂ ਵਿਅਕਤੀਆਂ ਨਾਲ ਜੁੜਿਆ ਹੋਇਆ ਹੈ ਜੋ ਮੋਜ਼ਿਜ਼ ਤੋਂ ਕਈ ਸਦੀਆਂ ਬਾਅਦ ਵਿਚ ਹੋਏ।

(ਸ) ਪੁਸਤਕਾਂ ਵਿਚ ਅਨੇਕਾਂ ਹਸਤਾਖ਼ਰ ਮਿਲਦੇ ਹਨ ਅਤੇ ਅਨੇਕ ਥਾਵਾਂ ਉੱਤੇ ਬੋਲੀ ਦੀ ਬਣਤਰ ਵਿਚ ਸਾਖਿਆਤ ਫ਼ਰਕ ਹੈ। ਹੀਬਰਿਊ ਬੋਲੀ ਦਾ ਵਿਕਾਸ ਸਾਫ਼ ਨਜ਼ਰ ਆਉਂਦਾ ਹੈ, ਜਿਸ ਦਾ ਅਰਥ ਇਹ ਹੋਇਆ ਕਿ ਇਨ੍ਹਾਂ ਨੂੰ ਲਿਖਣ ਵਿਚ ਕਈ ਪੀੜ੍ਹੀਆਂ ਲੱਗੀਆਂ ਹੋਣਗੀਆਂ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਸਾਹਿਤਕ ਸ਼ੈਲੀ ਮੋਜ਼ਿਜ਼ ਦੇ ਵੇਲੇ ਦੀ ਸਾਹਿਤਕ ਸ਼ੈਲੀ ਤੋਂ ਉੱਨੀ ਹੀ ਵੱਖਰੀ ਹੈ, ਜਿੰਨੀ ਸੈਕਸ਼ਪੀਅਰ ਦੀ ਅਜੋਕੀ ਅੰਗਰੇਜ਼ੀ ਸ਼ੈਲੀ ਤੋਂ ਵੱਖਰੀ ਹੈ।

ਖੋਜੀਆਂ ਦਾ ਵਿਚਾਰ ਹੈ ਕਿ ਪੰਜ ਪੁਸਤਕਾਂ ਦੀ ਸ਼ੈਲੀ ਵਿਚ ਘੱਟ ਤੋਂ ਘੱਟ ਚਾਰ ਕਿਸਮ ਦੇ ਪੁਰਾਤਨ ਸਾਹਿਤਕ ਸੋਮੇ ਮੌਜੂਦ ਹਨ। ਹੋ ਸਕਦਾ ਹੈ ਕਿ ਇਹ ਪੁਸਤਕਾਂ ਪਹਿਲਾਂ ਲੋਕਾਂ ਦੇ ਜ਼ੁਬਾਨੀ ਯਾਦ ਸਨ ਅਤੇ ਫੇਰ ਲਿਖਤੀ ਰੂਪ ਵਿਚ ਲਿਆਂਦੀਆਂ ਗਈਆਂ। ਇਕ ਸੋਮੇ ਵਿਚ ਰੱਬ ਨੂੰ ਯਾਹੋਵਾ (Yahova) ਕਿਹਾ ਗਿਆ ਹੈ, ਦੂਜੇ ਵਿਚ ਅਲੋਹਿਮ (Elohim) ਅਤੇ ਤੀਜੇ ਵਿਚ ਪੁਜਾਰੀਆਂ ਅਤੇ ਰਹੁ-ਰੀਤਾਂ ਨੂੰ ਤਰਜੀਹ ਦਿੱਤੀ ਗਈ ਹੈ, ਤਾਂ ਵੀ ਇਨ੍ਹਾਂ ਦੀ ਤਵਾਰੀਖੀ ਸਨਾਖ਼ਤ ਦੇ ਨਾਂਹ ਹੁੰਦਿਆਂ, ਇਨ੍ਹਾਂ ਨੂੰ ਰੱਬੀ ਗਿਆਨ ਦੀਆਂ ਪੁਸਤਕਾਂ ਮੰਨਿਆ ਗਿਆ ਹੈ। ਤਾਂ...

## ਓਲਡ ਟੈਸਟਾਮੈਂਟ ਬਾਰੇ ਇਤਿਹਾਸਕ ਖੋਜ ਵਿਧੀਆਂ

ਓਲਡ ਟੈਸਟਾਮੈਂਟ ਵਿਚਲੀਆਂ ਵਿਭਿੰਨ ਲੇਖਨ ਪ੍ਰਣਾਲੀਆਂ ਅਤੇ ਸੰਨਦ ਦੀ ਅਣਹੋਂਦ ਕਰਕੇ, ਇਤਿਹਾਸਕ ਖੋਜੀ ਭੰਬਲਭੂਸੇ ਵਿਚ ਪਏ ਹੋਏ ਹਨ। ਇਸ ਦੁਬਿਧਾ ਦਾ ਨਿਤਾਰਾ ਕਰਨ ਲਈ ਕਈ ਖੋਜ ਵਿਧੀਆਂ ਦਾ ਪ੍ਰਯੋਗ ਕੀਤਾ ਜਾ ਰਿਹਾ ਹੈ।

**(ੳ) ਬੋਲੀ ਵਿਸ਼ਲੇਸ਼ਣ (Linguistic Analysis)**: ਭਾਸ਼ਾ ਵਿਗਿਆਨ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਹੜੇ ਮੁਹਾਵਰੇ, ਬੋਲੀ ਦੇ



ਨਮੂਨੇ ਅਤੇ ਸ਼ਬਦ-ਚਿੱਤਰ ਵਰਤੇ ਜਾਂਦੇ ਸਨ।

**(ਅ) ਰਾਜਨੀਤਕ ਅਤੇ ਧਾਰਮਿਕ ਅਹੁਦਿਆਂ ਵਿਚ ਸਮਾਨਤਾ ਜਾਂ ਅੰਤਰ (Political And Religious Positions)**: ਆਮ ਕਰਕੇ ਇਤਿਹਾਸਕ ਅਤੇ ਰਾਜਨੀਤਕ ਅਹੁਦਿਆਂ ਨੂੰ ਸਥਾਪਤ ਕਰਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕੀ ਇਨ੍ਹਾਂ ਅਹੁਦਿਆਂ ਦਾ ਧਾਰਮਿਕ ਮਰਯਾਦਾ ਨਾਲ ਵੀ ਕੋਈ ਸੰਬੰਧ ਸੀ ? ਇਸ ਤਰਕ ਦਾ ਆਧਾਰ ਸਿੱਖ ਧਰਮ ਦੇ ਮੀਰੀ ਅਤੇ ਪੀਰੀ ਦੇ ਸਿਧਾਂਤ ਨਾਲ ਮਿਲਦਾ ਹੈ।

**(ੲ) ਇਤਿਹਾਸਕ ਤੁਲਨਾ (Historical Comparison)**: ਇਸ ਵਿਧੀ ਰਾਹੀਂ ਕਿਸੇ ਹੱਥ ਲਿਖਤ ਦਾ ਅਟੇ-ਸਟੇ ਕਾਲ ਮਿਥ ਲਿਆ ਜਾਂਦਾ ਹੈ। ਫਿਰ ਉਸ ਸਮੇਂ ਦੇ ਜਾਣੇ-ਪਹਿਚਾਣੇ ਧਾਰਮਿਕ ਵਿਅਕਤੀਆਂ, ਪਾਦਰੀਆਂ ਜਾਂ ਧਰਮ ਪ੍ਰਚਾਰਕਾਂ ਬਾਰੇ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ। ਜੇ ਕਿਸੇ ਪਾਦਰੀ (ਜਿਸ ਦੀ ਓਲਡ ਟੈਸਟਾਮੈਂਟ ਨਾਲ ਸਾਂਝ ਹੋਵੇ) ਦਾ ਨਾਂ ਉਸ ਸਮੇਂ ਜਾਂ ਕਾਲ ਦਾ ਸਮਕਾਲੀ ਹੋਵੇ ਤਾਂ ਇਹ ਕਿਆਸ ਕਰ ਲਿਆ ਜਾਂਦਾ ਹੈ ਕਿ ਸ਼ਾਇਦ ਕਥਿਤ ਹੱਥ-ਲਿਖਤ ਅਤੇ ਉਸ ਵਿਅਕਤੀ ਦਾ ਕੋਈ ਆਪਸੀ ਸੰਬੰਧ ਹੋਵੇ। ਜਿਵੇਂ ਜੈਰਿਮੀਆਂ (Jeremiah) ਦੀਆਂ ਲਿਖਤਾਂ (Scrolls), ਜੋ 1947 ਵਿਚ 'ਜੀਵ-ਰਹਿਤ ਸਮੁੰਦਰ' (Dead Sea) ਵਿਚੋਂ ਮਿਲੀਆਂ ਹਨ।

**(ਸ) ਪੁਰਾਤਤਵ ਵਸਤਾਂ (Archeological Articles)**: ਪੁਰਾਤਤਵ ਵਸਤਾਂ, ਜਿਵੇਂ ਮਿੱਟੀ, ਤਾਂਬੇ, ਕਾਂਸੀ ਅਤੇ ਹੋਰ ਧਾਤਾਂ ਦੇ ਭਾਂਡੇ ਅਤੇ ਸਿੱਕੇ ਆਦਿ ਤੋਂ ਵੀ ਕਿਸੇ ਕਾਲ ਬਾਰੇ ਪਤਾ ਲਗਾਇਆ ਜਾ ਸਕਦਾ ਹੈ। ਜਿਵੇਂ "ਸੁੱਕੇ ਹੋਏ ਸਮੁੰਦਰ" ਵਿਚੋਂ ਜੋ ਹੱਥ ਲਿਖਤਾਂ ਜਾਂ ਸਕਰੋਲ ਮਿਲੇ ਹਨ, ਉਹ ਮਿੱਟੀ ਦੇ ਮਰਤਬਾਨਾਂ ਵਿਚ ਬੰਦ ਸਨ। ਇਨ੍ਹਾਂ ਮਿੱਟੀ ਦੇ ਮਰਤਬਾਨ ਤੋਂ ਵੀ ਕਿਸੇ ਕਾਲ ਦੀ ਇਤਿਹਾਸਕ ਪੌਟਰੀ ਨਾਲ ਤੁਲਨਾ ਕਰਕੇ ਕਿਸੇ ਕਾਲ ਦੀ ਉੱਘ-ਸੁੱਘ ਕੱਢੀ ਜਾ ਸਕਦੀ ਹੈ।

**(ਹ) ਲਿਖਣ ਸਮੱਗਰੀ (Writing Materials)**: ਓਲਡ ਅਤੇ ਨਿਊ ਟੈਸਟਾਮੈਂਟ ਦੇ ਲਿਖਣ ਕਾਲ ਦਾ, ਮਿਲਦੀਆਂ ਹੱਥ ਲਿਖਤਾਂ ਦੀ ਲਿਖਣ-ਸਮੱਗਰੀ ਤੋਂ ਵੀ ਮੋਟੇ ਤੌਰ 'ਤੇ ਪਤਾ ਲਗਾਇਆ ਜਾ ਸਕਦਾ ਹੈ। ਬਾਈਬਲ ਕਾਲ ਦੀਆਂ ਲਿਖਤਾਂ ਮਿੱਟੀ ਅਤੇ ਪੱਥਰ ਦੀਆਂ ਸਲੇਟਾਂ, ਘੁਮਿਆਰੀ ਭਾਂਡਿਆਂ, ਸੁਨਿਆਰੀ ਭਾਂਡਿਆਂ (ਜਿਵੇਂ ਚਾਂਦੀ ਅਤੇ ਤਾਂਬਾ ਆਦਿ) ਆਦਿ ਉੱਤੇ ਲਿਖੀਆਂ ਹੋਈਆਂ ਮਿਲਦੀਆਂ ਹਨ। ਮਿਸਾਲ ਦੇ ਤੌਰ 'ਤੇ ਬਾਈਬਲ ਮੁਤਾਬਕ ਮੋਜ਼ਿਜ਼ ਦੇ ਦਸ ਇਲਾਹੀ ਹੁਕਮ (Ten Commandments) ਪੱਥਰ ਦੀ ਸਲੇਟ 'ਤੇ ਖੁਣੇ ਹੋਏ ਸਨ। ਬਾਈਬਲ, ਚਮੜੇ ਅਤੇ ਪਪਾਇਰੀ ਕਾਗਜ਼ (ਇਕ ਦਰਖ਼ਤ ਦੀ ਛਿੱਲ ਤੋਂ ਬਣਾਇਆ ਹੋਇਆ ਕਾਗਜ਼, ਜਿਵੇਂ ਰਮਾਇਣ ਭੋਜਪਤਰਾਂ ਉੱਤੇ ਲਿਖੀ ਹੋਈ ਮਿਲਦੀ ਹੈ), ਉੱਤੇ ਵੀ ਲਿਖੀ ਹੋਈ ਮਿਲਦੀ ਹੈ। ਓਲਡ ਟੈਸਟਾਮੈਂਟ ਚਮੜੇ ਦੇ ਪੱਤਰਾਂ ਅਤੇ ਨਿਊ ਟੈਸਟਾਮੈਂਟ ਪੈਪਰਸ ਦੇ ਪੱਤਰਾਂ 'ਤੇ ਲਿਖੀ ਹੋਈ ਮਿਲੀ ਹੈ। ਇਨ੍ਹਾਂ ਲਿਖਣ ਸਮੱਗਰੀਆਂ ਤੋਂ ਵੀ ਕਾਲ ਦਾ ਕੁਝ ਪਤਾ ਲਗਾਇਆ ਜਾ ਸਕਦਾ ਹੈ।

## ਓਲਡ ਟੈਸਟਾਮੈਂਟ ਦਾ ਕਥਿਤ ਲਿਖਣ-ਕਾਲ

ਇਬਰਾਹੀਮ, ਜਿਸ ਨੂੰ ਯਹੂਦੀ ਅਤੇ ਇਸਾਈ ਮੱਤ ਦਾ ਪਿਤਾਮਾ (Patriarch)

ਮੰਨਿਆ ਜਾਂਦਾ ਹੈ, ਕੋਈ 2000 ਬੀ.ਸੀ. ਦੇ ਇਰਦ-ਗਿਰਦ ਹੋਇਆ, ਭਾਵ ਜੀਸਸ ਤੋਂ 2000 ਸਾਲ ਪਹਿਲਾਂ। ਪਿਛਲੇ 400 ਬੀ.ਸੀ. ਤੋਂ ਲੈ ਕੇ 2000 ਬੀ.ਸੀ. ਤੱਕ ਕੋਈ ਭਰੋਸੇਯੋਗ ਤਵਾਰੀਖ ਨਹੀਂ ਮਿਲਦੀ। ਇਜ਼ਰਾ (Ezra) ਨੈਮੀਅ (Nehemiah) ਪੁਸਤਕਾਂ ਸਿਰਫ਼ 400 ਬੀ.ਸੀ. ਤੱਕ ਦੀਆਂ ਘਟਨਾਵਾਂ ਦਾ ਵਰਨਣ ਕਰਦੀਆਂ ਹਨ। ਪਰ ਕੁਝ ਹੱਥ ਲਿਖਤਾਂ ਦੀ ਖੁਦਾਈ ਦੇ ਆਧਾਰ 'ਤੇ ਓਲਡ ਟੈਸਟਾਮੈਂਟ ਦੀ ਲਿਖਣ ਤਾਰੀਖ 225 ਬੀ.ਸੀ. ਦੇ ਆਲ਼ੇ-ਦੁਆਲ਼ੇ ਦੱਸੀ ਜਾਂਦੀ ਹੈ। ਓਲਡ ਟੈਸਟਾਮੈਂਟ, ਜੋ ਅਜੋਕੇ ਰੂਪ ਵਿਚ ਮਿਲਦਾ ਹੈ, ਕੋਈ 100 ਏ.ਡੀ. ਵਿਚ ਸੰਪੂਰਨ ਕੀਤਾ ਗਿਆ। ਇਸ ਲਈ ਯਹੂਦੀਆਂ ਦੀ ਬਾਈਬਲ ਵਿਚਲੀ ਧਰਮ ਮਰਯਾਦਾ ਦਾ ਵਿਕਾਸ ਵੱਖਰੇ-ਵੱਖਰੇ ਸਮੇਂ ਹੋਇਆ।

## ਨਿਊ ਟੈਸਟਾਮੈਂਟ ਦੀ ਧਰਮ ਮਰਯਾਦਾ ਦਾ ਵਿਕਾਸ

ਬਾਈਬਲ ਦੇ ਦੋ ਪ੍ਰਮੁੱਖ ਭਾਗ ਹਨ। ਪਹਿਲੇ ਭਾਗ ਨੂੰ ਯਹੂਦੀ ਬਾਈਬਲ ਕਿਹਾ ਜਾਂਦਾ ਹੈ ਅਤੇ ਦੂਜੇ ਭਾਗ ਨੂੰ ਈਸਾਈ ਬਾਈਬਲ ਕਿਹਾ ਜਾਂਦਾ ਹੈ। ਬਾਈਬਲ ਵਿਚ ਚਾਰ ਉਪਦੇਸ਼ (Gospels) ਪ੍ਰਸਿੱਧ ਹਨ। ਇਹ ਉਪਦੇਸ਼ ਮੈਥਿਊ, ਮਾਰਕ, ਲਿਊਕ ਅਤੇ ਜੌਹਨ ਧਰਮ ਪ੍ਰਚਾਰਕਾਂ ਦੇ ਲਿਖੇ ਹੋਏ ਹਨ। ਮਿਲਦੀ ਹੱਥ ਲਿਖਤ ਦੇ ਮੁਤਾਬਕ ਜੌਹਨ ਦਾ ਉਪਦੇਸ਼ ਕੋਈ 125 ਏ.ਡੀ.-150 ਏ.ਡੀ. ਦੇ ਵਿਚਕਾਰ ਲਿਖਿਆ ਗਿਆ। ਇਹ ਹੱਥ ਲਿਖਤ ਮਿਸਰ (Egypt) ਦੇ ਰੇਤਲੇ ਮਾਰੂਥਲ ਵਿਚੋਂ ਮਿਲੀ, ਜਿਸ ਦਾ ਆਕਾਰ 3x2 ਇੰਚ ਹੈ ਅਤੇ ਇਸ ਉੱਤੇ ਜੌਹਨ ਦੀਆਂ ਸਿਰਫ਼ ਤਿੰਨ ਕਾਵਿ-ਸਤਰਾਂ ਲਿਖੀਆਂ ਹੋਈਆਂ ਹਨ। ਇਸ ਵਿਚ ਇਕ ਸਤਰ ਪੌਂਟੀਅਸ ਪਾਇਲੇਟ ਵਲੋਂ ਜੀਸਸ ਜਾਂ ਈਸਾ ਮਸੀਹ ਨੂੰ ਪੁੱਛੇ ਗਏ ਸਵਾਲ ਵੱਲ ਇਸ਼ਾਰਾ ਕਰਦੀ ਹੈ, ਜਿਸ ਵਿਚ ਉਹ ਜੀਸਸ ਸਾਹਿਬ ਨੂੰ ਪੁੱਛਦਾ ਹੈ ਕਿ ਕੀ ਤੂੰ ਯਹੂਦੀਆਂ ਦਾ ਗੁਰੂ ਹੈਂ? (ਯਾਦ ਰਹੇ ਕਿ ਪਾਇਲੇਟ 26-36 ਏ.ਡੀ. ਦੇ ਦੌਰਾਨ ਜੂਡੀਆ ਦਾ ਗਵਰਨਰ ਸੀ ਅਤੇ ਬੜਾ ਅਤਿਆਚਾਰੀ ਅਧਿਕਾਰੀ ਸੀ।) ਇਸ ਦਾ ਮਤਲਬ ਇਹ ਹੋਇਆ ਕਿ ਜੌਹਨ ਦਾ ਉਪਦੇਸ਼ ਕੋਈ ਇਕ ਪੀੜ੍ਹੀ ਬਾਅਦ ਲਿਖਤੀ ਰੂਪ ਵਿਚ ਲਿਆਂਦਾ ਗਿਆ। ਈਸਾਈ ਬਾਈਬਲ ਦੇ ਕਈ ਹਿੱਸੇ ਪੈਪਰਸ ਦੇ ਕਾਗਜ਼ ਉੱਤੇ ਲਿਖੇ ਹੋਏ ਵੀ ਮਿਲੇ ਹਨ। ਇਹ ਹਿੱਸੇ ਕੋਈ 200 ਏ.ਡੀ. ਦੌਰਾਨ ਲਿਖੇ ਗਏ। ਇਨ੍ਹਾਂ ਵਿਚ ਪਾਲ ਦੇ ਤਿੰਨ ਘੱਟ ਸਾਰੇ ਖ਼ਤ ਮਿਲਦੇ ਹਨ ਅਤੇ ਇਕ ਹਿੱਸੇ ਵਿਚ ਜੌਹਨ ਦਾ ਤਕਰੀਬਨ ਸਾਰਾ ਉਪਦੇਸ਼ ਸ਼ਾਮਲ ਹੈ। ਮਿਲਦੀਆਂ ਹੱਥ ਲਿਖਤਾਂ ਅਤੇ ਇਤਿਹਾਸਕ ਘਟਨਾਵਾਂ ਦੇ ਆਧਾਰ 'ਤੇ ਈਸਾਈ ਬਾਈਬਲ ਦੇ ਅਜੋਕੇ ਰੂਪ ਬਾਰੇ ਪਤਾ ਲਗਾਇਆ ਜਾ ਸਕਦਾ ਹੈ-

1. ਉਪਦੇਸ਼ ਅਤੇ ਖ਼ਤ ਪਹਿਲੀ ਸਦੀ ਏ.ਡੀ. ਦੇ ਪਿਛਲੇ ਅੱਧ ਵਿਚ ਇਕੱਠੇ ਕੀਤੇ ਗਏ ਅਤੇ ਇਨ੍ਹਾਂ ਨੂੰ ਪੂਰੀ ਧਰਮ ਮਰਯਾਦਾ ਸਮਝਿਆ ਗਿਆ।

2. ਕੋਈ 150 ਏ.ਡੀ. ਦੇ ਦੌਰਾਨ ਜਸਟਨ ਦੀ ਮਾਰਟੀਅਰ (Justine The Martyr) ਨੇ ਕਿੰਤੂ ਕੀਤਾ ਕਿ ਇਹ ਸਮੱਗਰੀ ਸਿਰਫ਼ ਪਾਦਰੀਆਂ ਜਾਂ ਧਰਮ ਪ੍ਰਚਾਰਕਾਂ (Apostals) ਦੀ ਮੂੰਹ ਜ਼ੁਬਾਨੀ ਯਾਦਾਸ਼ਤ ਹੈ। ਇਸ ਲਈ ਟਕਸਾਲੀ ਨਹੀਂ ਆਖੀ ਜਾ ਸਕਦੀ।



3. ਦੂਜੀ ਸਦੀ ਦੇ ਦੂਸਰੇ ਅੱਧ ਵਿਚ ਈਸਾਈ ਫ਼ਿਰਕਿਆਂ (Sects) ਵਿਚ ਵਾਦ-ਵਿਵਾਦ ਸ਼ੁਰੂ ਹੋ ਗਿਆ। ਵਾਦ-ਵਿਵਾਦ ਸਦਕਾ ਈਸਾਈ ਧਰਮ ਨੂੰ ਇਕ ਪੂਰਨ ਅਤੇ ਆਖ਼ਰੀ ਧਰਮ ਮਰਯਾਦਾ ਦੀ ਸਥਾਪਤੀ ਲਈ ਇਕ ਅਸਲੀ ਬਾਈਬਲ ਤਿਆਰ ਕਰਨੀ ਪਈ।

4. ਤੀਸਰੀ ਸਦੀ ਬੀ.ਸੀ. ਵਿਚ ਈਸਾਈ ਮੱਤ ਜਾਂ ਧਰਮ ਮਰਯਾਦਾ ਨੂੰ ਤਿੰਨ ਸਿਧਾਂਤਾਂ ਦੇ ਆਧਾਰ 'ਤੇ ਕਾਇਮ ਕੀਤਾ ਗਿਆ। ਇਹ ਸਿਧਾਂਤ ਸੰਤ ਔਗਸਟੀਨ (St. Augustine) ਨੇ ਥਾਪੇ ਅਤੇ ਇਸ ਪ੍ਰਕਾਰ ਹਨ-

(ੳ) ਧਾਰਮਿਕ ਪੁਸਤਕ (Bible) ਉਪਦੇਸ਼ਕਾਂ (Apostles) ਦੀਆਂ ਯਾਦਾਸ਼ਤਾਂ ਉੱਤੇ ਨਿਰਭਰ ਹੋਵੇ।

(ਅ) ਇਹ ਪੁਸਤਕ, ਗਿਰਜਿਆਂ ਵਿਚ ਆਮ ਵਰਤੀ ਜਾਵੇ।

(ੲ) ਇਸ ਪੁਸਤਕ ਵਿਚਲਾ ਸਿਧਾਂਤ, ਉਪਦੇਸ਼ਕਾਂ ਦੀ ਸਿਖਿਆ ਉੱਤੇ ਨਿਰਭਰ ਹੋਵੇ।

ਉਪਰੋਕਤ ਸਿਧਾਂਤਾਂ ਦੇ ਆਧਾਰ 'ਤੇ 367 ਏ.ਡੀ. ਦੇ ਦੌਰਾਨ ਪਾਦਰੀ ਐਥਨਾਸੀਅਸ ਆਫ਼ ਸਿਕੰਦਰੀਆ (Bishop of Alexandria) ਨੇ 27 ਪੁਸਤਕਾਂ ਇਕੱਤਰ ਕਰਕੇ ਬਾਈਬਲ ਨੂੰ ਅੰਤਿਮ ਰੂਪ ਦਿੱਤਾ ਅਤੇ ਕਿਹਾ ਕਿ ਇਨ੍ਹਾਂ ਵਿਚ ਤੁਹਾਡੀ ਮੁਕਤੀ ਦਾ ਰਾਹ ਹੈ ਅਤੇ ਸਿਰਫ਼ ਇਨ੍ਹਾਂ ਵਿਚ ਹੀ ਈਸਾਈ ਮੱਤ ਦਾ ਪਵਿੱਤਰ ਸਿਧਾਂਤ ਅੰਕਿਤ ਹੈ। ਕੋਈ ਚੌਥੀ ਸਦੀ ਦੇ ਅੰਤ ਵਿਚ ਇਨ੍ਹਾਂ ਪੁਸਤਕਾਂ ਦੀ ਧਰਮ ਮਰਯਾਦਾ ਨੂੰ ਧਰਮ ਦਾ ਆਧਾਰ ਕਿਹਾ ਗਿਆ ਅਤੇ ਈਸਾਈ ਬਾਈਬਲ ਦੀ ਸਥਾਪਨਾ ਕੀਤੀ ਗਈ।

ਕੁਝ ਸਮਾਂ ਜਾਂ ਸਦੀਆਂ ਇਸ ਬਾਈਬਲ ਦੀ ਮਰਯਾਦਾ ਸਿਰਮੌਰ ਰਹੀ, ਪਰ ਸਮੇਂ-ਸਮੇਂ ਸਿਰ ਕਈ ਹੋਰ ਅਣਪਛਾਤੇ ਜਾਂ ਮਾੜੇ-ਮੋਟੇ ਸਿਧਾਂਤਾਂ ਵਲੋਂ ਇਸ ਨੂੰ ਠੇਸ ਲੱਗਦੀ ਰਹੀ। ਆਖਰ ਨੂੰ 17ਵੀਂ ਸਦੀ ਦੇ ਦੌਰਾਨ ਪ੍ਰੋਟੈਸਟਟੈਂਟ ਕੱਟੜਵਾਦ ਨੇ ਇਸ ਨੂੰ ਢਾਹ ਲਾਈ। ਇਕ ਵਿਸਥਾਰ ਪੂਰਵਕ ਸਿਧਾਂਤ ਧਰਮ ਮਰਯਾਦਾ ਬਾਰੇ ਉੱਭਰ ਕੇ ਅੱਗੇ ਆਇਆ। ਕਾਰਨ ਸ਼ਾਇਦ ਸਮਕਾਲੀ ਚਰਚ ਦਾ ਕੱਟੜਵਾਦੀ ਵਤੀਰਾ ਹੋਵੇ, ਪਰ ਇਹ ਸੱਚ ਹੈ ਕਿ ਪ੍ਰੋਟੈਸਟਟੈਂਟ ਕੱਟੜਵਾਦ ਨੇ ਆਪਣਾ ਰੰਗ ਜ਼ਰੂਰ ਦਿਖਾਇਆ। ਪ੍ਰੋਟੈਸਟੈਂਟਾਂ ਨੇ ਸਥਾਪਤ ਧਰਮ ਮਰਯਾਦਾ ਵਿਚ ਤਬਦੀਲੀ ਇਸ ਪ੍ਰਕਾਰ ਲਿਆਂਦੀ-

ਉਨ੍ਹਾਂ ਮੰਨਿਆ ਕਿ ਬਾਈਬਲ ਉਪਦੇਸ਼ਕਾਂ ਦੀਆਂ ਯਾਦਾਸ਼ਤਾਂ ਦੀ ਸਮੱਗਰੀ ਉੱਤੇ ਨਿਰਭਰ ਹੈ ਅਤੇ ਈਸਾਈ ਸ਼ਰਧਾ ਦਾ ਪ੍ਰਮੁੱਖ ਅਤੇ ਟਕਸਾਲੀ ਅੰਗ ਹੈ, ਪਰ-

1. ਸ਼ਬਦ ਜਾਂ ਸ਼ਰਧਾਮਈ ਕਥਨ ਦਾ ਆਧਾਰ ਧਰਮ ਗ੍ਰੰਥ ਦੇ ਬੰਦਾਂ ਦੇ ਸੰਦਰਭ ਵਿਚ ਵਿਚਾਰਿਆ ਜਾਵੇ। ਭਾਵ ਕਿ ਇਕ ਅਤੇ ਇਕੱਲਾ ਸ਼ਬਦ ਜਾਂ ਵਾਕ ਆਪਣੇ ਆਪ ਵਿਚ ਪੂਰਨ ਨਾ ਸਮਝਿਆ ਜਾਵੇ।

2. ਇਕ ਬੰਦ ਵਿਚਲੇ ਵਿਚਾਰ ਨੂੰ ਧਰਮ ਮਰਯਾਦਾ ਦੇ ਤਵਾਰੀਖੀ ਸੰਬੰਧ ਵਿਚ ਢੁਕਾਇਆ ਜਾਵੇ, ਭਾਵੇਂ ਧਰਮ ਮਰਯਾਦਾ ਦਾ ਇਤਿਹਾਸਕ ਪੱਖ ਸਾਹਮਣੇ ਵੀ ਕਿਉਂ

ਨਾ ਹੋਵੇ।

ਉਪਰੋਕਤ ਸੁਝਾਅ ਪ੍ਰਤੱਖ ਤੌਰ ’ਤੇ ਇਹ ਇਸ਼ਾਰਾ ਕਰਦੇ ਹਨ ਕਿ ਬਾਈਬਲ ‘ਇਕ ਵਾਕੀ’ ਜਾਂ ‘ਇਕ ਸ਼ਬਦੀ’ ਪ੍ਰਣਾਲੀ ’ਤੇ ਨਿਰਭਰ ਨਹੀਂ, ਬਲਕਿ ਕਹੇ ਹੋਏ ਵਾਕਾਂ ਜਾਂ ਸ਼ਬਦਾਂ ਦਾ ਸਿੱਧਾ ਸੰਬੰਧ ਕਹਿਣ-ਕਾਲ ਨਾਲ ਸੰਬੰਧਤ ਹੈ। ਇਹ ਪੱਖ ਗੁਰੂ ਗ੍ਰੰਥ ਦੀ ਧਰਮ ਮਰਯਾਦਾ ਨਾਲ ਸਿੱਧੇ ਤੌਰ ’ਤੇ ਟਕਰਾਉਂਦਾ ਹੈ। ਗੁਰੂ ਗ੍ਰੰਥ ਦੇ ਇਕ ਸ਼ਬਦ ਜਾਂ ਵਾਕ ਨੂੰ ਆਪਣੇ ਆਪ ਵਿਚ ਪੂਰਨ ਅਤੇ ਸਰਬਵਿਆਪੀ ਮੰਨਿਆ ਗਿਆ ਹੈ ਅਤੇ ਉਹ ਗੁਰੂ ਗ੍ਰੰਥ ਸਾਹਿਬ ਦੇ ਸੰਦਰਭ ਤੋਂ ਬਗੈਰ ਵੀ ਆਪਣੀ ਮਾਨ-ਮਰਯਾਦਾ ਕਾਇਮ ਰੱਖਦਾ ਹੈ। ਇਸ ਬਾਰੇ ਹੋਰ ਵੇਰਵਾ ਅੱਗੇ ਚੱਲ ਕੇ ਦਿੱਤਾ ਜਾਵੇਗਾ।

**ਯਹੂਦੀ ਅਤੇ ਈਸਾਈ ਧਰਮ-ਪੁਸਤਕਾਂ ਅਤੇ ਧਰਮਾਂ ਬਾਰੇ ਸਿੱਟੇ**

1. ਇਨ੍ਹਾਂ ਦੋਹਾਂ ਦੀ ਧਰਮ ਮਰਯਾਦਾ ਦਾ ਨਿਕਾਸ ਅਤੇ ਵਿਕਾਸ ਕਈ ਸਦੀਆਂ ਤੱਕ ਪਸਰਿਆ ਹੋਇਆ ਹੈ।

2. ਇਨ੍ਹਾਂ ਦੋਹਾਂ ਧਰਮਾਂ ਦੀਆਂ ਪ੍ਰਮੁੱਖ ਧਰਮ ਪੁਸਤਕਾਂ (ਯਹੂਦੀ ਬਾਈਬਲ ਅਤੇ ਈਸਾਈ ਬਾਈਬਲ) ਅਨੇਕਾਂ ਹੋਰ ਛੋਟੀਆਂ-ਵੱਡੀਆਂ ਪੁਸਤਕਾਂ ਦਾ ਸਮੂਹ ਹਨ। (ਤੌਰੇਤ) ਅਰਥਾਤ ਯਹੂਦੀ ਬਾਈਬਲ 39 ਪੁਸਤਕਾਂ ਦਾ ਸਮੂਹ ਹੈ ਅਤੇ ਈਸਾਈ ਬਾਈਬਲ 27 ਪੁਸਤਕਾਂ ਦਾ ਸਮੂਹ ਹੈ। ਇਹ ਪੁਸਤਕਾਂ ਵਖਰੇ-ਵਖਰੇ ਉਪਦੇਸ਼ਕਾਂ ਦੀ ਲਿਖਤ ਹਨ। ਇਨ੍ਹਾਂ ਵਿਚ ਰੱਬੀ ਬਾਣੀ ਤੋਂ ਉਪਰੰਤ ਘਟਨਾਵਾਂ, ਥਾਵਾਂ, ਨਾਵਾਂ ਅਤੇ ਕਰਨੀਆਂ (Miracles) ਬਾਰੇ ਬਿਰਤਾਂਤ ਹੈ। ਭਾਵ ਕਿ ਇਨ੍ਹਾਂ ਵਿਚਲੀ ਸਮੱਗਰੀ ਸਿਰਫ਼ ਪ੍ਰਭੂ ਜਾਂ ਰੱਬੀ ਗਿਆਨ ਉੱਤੇ ਇਕਾਗਰ ਨਹੀਂ।

3. ਇਨ੍ਹਾਂ ਧਰਮ ਪੁਸਤਕਾਂ ਦਾ ਕੋਈ ਇਕ ਜਾਂ ਕੋਈ ਨਿਸਚਿਤ ਲਿਖਣ ਕਾਲ ਜਾਂ ਸੰਮਤ ਨਹੀਂ। ਇਨ੍ਹਾਂ ਦਾ ਲਿਖਣ ਸਮਾਂ ਮੋਟੇ ਤੌਰ ’ਤੇ 2000 ਬੀ.ਸੀ. ਤੋਂ ਲੈ ਕੇ 400 ਏ.ਡੀ. ਤੱਕ ਪਸਰਿਆ ਹੋਇਆ ਹੈ। ਵੱਖ-ਵੱਖ ਪੁਸਤਕਾਂ ਵੱਖ-ਵੱਖ ਸਮੇਂ ਵੱਖਰੀਆਂ-ਵੱਖਰੀਆਂ ਘਟਨਾਵਾਂ ਦੇ ਪ੍ਰਭਾਵ ਹੇਠ ਲਿਖੀਆਂ ਗਈਆਂ। ਕਿਸੇ ਵੀ ਪੁਸਤਕ ਉੱਤੇ ਲਿਖਣ ਦੀ ਤਿਥੀ ਨਹੀਂ ਮਿਲੀ।

4. ਇਨ੍ਹਾਂ ਧਰਮ ਪੁਸਤਕਾਂ ਦੇ ਲੇਖਕ ਵੱਖਰੇ-ਵੱਖਰੇ ਸਮੇਂ ਹੋਏ, ਪਰ ਉਨ੍ਹਾਂ ਦੇ ਉਚਿਤ ਵਿਚਰਨ ਕਾਲ ਬਾਰੇ ਕੋਈ ਇਕ ਰਾਏ ਨਹੀਂ ਮਿਲਦੀ। ਕੋਈ ਵੀ ਪੁਸਤਕ ਉੱਤੇ ਲੇਖਕ ਦਾ ਨਾਂ ਨਹੀਂ।

5. ਇਨ੍ਹਾਂ ਪੁਸਤਕਾਂ ਵਿਚਲੇ ਸ਼ਬਦਾਂ, ਵਾਕਾਂ ਅਤੇ ਬੰਦਾਂ ਦੇ ਅਰਥ, ਅਰਥਕਾਰ ਦੇ ਅਨੁਸਾਰ ਬਦਲ ਵੀ ਜਾਂਦੇ ਹਨ, ਭਾਵ ਕਿ ਕਿਸੇ ਇਕ ਸਥਿਤੀ ਜਾਂ ਧਰਮ ਮਰਯਾਦਾ ਦੀ ਵਰਤੋਂ ਸਮੇਂ-ਸਮੇਂ ਬਦਲਦੀ ਰਹਿੰਦੀ ਹੈ। ਇਸ ਕਰਕੇ ਪ੍ਰੋਟੈਸਟਾਂ ਨੇ ਕਿਸੇ ਇਕ ਵਾਕ, ਸ਼ਬਦ ਜਾਂ ਬੰਦ ਨੂੰ ਆਪਣੇ ਆਪ ਵਿਚ ਸੰਪੂਰਨ ਨਹੀਂ ਮੰਨਿਆਂ, ਕਿਉਂਕਿ ਵਾਕ ਜਾਂ ਬੰਦ ਕਈ ਵਾਰੀ ਇਤਿਹਾਸਕ ਘਟਨਾਵਾਂ ਨਾਲ ਸੰਬੰਧਤ ਹਨ। ਇਸ ਲਈ ਇਤਿਹਾਸਕ ਸੰਦਰਭ ਵਿਚ ਹੀ ਵਰਤੇ ਜਾਣੇ ਚਾਹੀਦੇ ਹਨ।

6. ਕਿਉਂਕਿ ਇਨ੍ਹਾਂ ਧਰਮ ਪੁਸਤਕਾਂ ਦੇ ਉਚਾਰਨ ਜਾਂ ਲਿਖਣ ਕਾਲ



ਅਨੇਕ ਸਦੀਆਂ ਤੱਕ ਪਸਰੇ ਹੋਏ ਹਨ, ਇਸ ਲਈ ਇਹ ਇਤਿਹਾਸਕ ਸਚਾਈ ਵਲੋਂ ਵੀ ਊਣੀਆਂ ਹਨ।

ਉਪਰੋਕਤ ਸਿੱਟਿਆਂ ਦਾ ਸਾਰੰਸ਼ ਇਹ ਹੈ ਕਿ ਯਹੂਦੀ ਅਤੇ ਈਸਾਈ ਧਰਮ ਪੁਸਤਕਾਂ ਵਿਚਲੀ ਧਰਮ ਮਰਯਾਦਾ, ਇਤਿਹਾਸਕ ਘਟਨਾਵਾਂ ਦੇ ਨਾਲ-ਨਾਲ ਪ੍ਰਚੱਲਿਤ ਹੋਈ। ਇਹ ਠੀਕ ਹੈ ਕਿ ਇਨ੍ਹਾਂ ਵਿਚਲੀ ਬਾਣੀ ਨੂੰ ਰੱਬੀ ਮੰਨਿਆ ਹੈ, ਪਰ ਇਹ ਕਹਿਣਾ ਵੀ ਉਚਿਤ ਹੈ ਕਿ ਇਹ ਰੱਬੀ ਬਾਣੀ ਧੁਰ ਕੀ ਬਾਣੀ ਨਹੀਂ, ਕਿਉਂਕਿ ਇਸ ਵਿਚ ਸਮੇਂ-ਸਮੇਂ ਸਿਰ ਤਰਮੀਮ ਕੀਤੀ ਜਾਂਦੀ ਰਹੀ ਹੈ। ਇਸਦਾ ਕਾਰਨ ਮੂੰਹ ਜ਼ੁਬਾਨੀ ਸੀਨਾ-ਬ-ਸੀਨਾ ਵਿਕਾਸ ਹੋਣ ਕਰਕੇ ਵੀ ਹੋ ਸਕਦਾ ਹੈ। ਇੰਝ ਲੱਗਦਾ ਹੈ ਕਿ ਇਨ੍ਹਾਂ ਧਰਮਾਂ ਦੀਆਂ ਪੁਸਤਕਾਂ ਇਤਿਹਾਸਕ ਦੌਰ ਦੇ ਨਾਲ-ਨਾਲ ਲਿਖੀਆਂ ਗਈਆਂ, ਜਿਸ ਦਾ ਅਰਥ ਇਹ ਹੋਇਆ ਕਿ ਇਨ੍ਹਾਂ ਵਿਚਲੀ ਧਰਮ ਮਰਯਾਦਾ ਵੀ ਇਤਿਹਾਸਕ ਸੰਦਰਭ ਵਿਚ ਜਨਮੀ ਅਤੇ ਵਿਗਸੀ। ਏਥੇ ਇਕ ਮਸ਼ਹੂਰ ਇਤਿਹਾਸਕਾਰ ਦੀ ਟੂਕ ਬੜੀ ਢੁਕਵੀਂ ਰਹੇਗੀ। ਡਾਕਟਰ ਹੈਲਮਰ ਰਿੰਗ੍ਰਨ ਲਿਖਦਾ ਹੈ-

"The various writings of the Old Testament do not seem to have been written with the intention of producing a Canon. The Law (i.e. the Pentateuch) is the result of a long process of growth. The historical books were obviosly written for no other purpose than to relate historical events. It is interesting to observe that the author (s) of the books of Chronicles feel (s) free to make changes in their sources, to correct them by adding material or by omitting certain passages. The books of the prophet, of course, had the authority of the prophetical word : it was the word of God through the mouth of the prophet. But prophetical words could be enlarged or applied to new situations by means of slight changes." (Ringgren, 1979)

ਉਨ੍ਹੀਵੀਂ ਸਦੀ ਵਿਚ ਤਾਂ ਈਸਾਈ ਮਤ ਦੀ ਧਰਮ ਮਰਯਾਦਾ ਵਿਚ ਹੋਰ ਵੀ ਤਬਦੀਲੀਆਂ ਆਈਆਂ। ਇਸ ਦਾ ਕਾਰਨ ਸੀ ਇਤਿਹਾਸਕ ਆਲੋਚਨਾ ਵਿਧੀਆਂ ਦਾ ਧਰਮ ਗ੍ਰੰਥਾਂ ਅਤੇ ਮਰਯਾਦਾ ਉੱਤੇ ਲਾਗੂ ਕਰਨਾ। ਇਤਿਹਾਸਕਾਰਾਂ ਨੇ ਇਤਿਹਾਸਕ ਆਲੋਚਨਾ ਇਹ ਮਿੱਥ ਕੇ ਆਰੰਭੀ ਕਿ-

1. ਬਾਈਬਲ ਸ਼ਬਦ-ਦਰ-ਸ਼ਬਦ ਰੱਬੀ ਬਾਣੀ ਨਹੀਂ।

2. ਬਾਈਬਲ ਮਨੁੱਖੀ ਹੱਥਾਂ ਦੀ ਲਿਖਤ ਹੈ, ਭਾਵੇਂ ਇਸ ਵਿਚ ਰੱਬ ਦੇ ਕਥਨਾਂ ਦੀ ਮਾਨਵੀ ਗਵਾਹੀ ਹੈ।

3. ਬਾਈਬਲ ਸੱਭਿਆਚਾਰਕ ਪਿਛੋਕੜ ਵਿਚੋਂ ਪੈਦਾ ਹੋਈ।

4. ਸੱਭਿਆਚਾਰਕ ਪਿਛੋਕੜ ਕਈ ਸਦੀਆਂ ਵਿਚ ਫੈਲਿਆ ਹੋਇਆ ਹੈ।

ਉਪਰੋਕਤ ਕਾਰਨਾਂ ਕਰਕੇ ਬਾਈਬਲ ਨੂੰ ਇਤਿਹਾਸਕ ਖੋਜ ਵਿਧੀਆਂ ਦੇ

ਆਧਾਰ 'ਤੇ ਪਰਖਿਆ ਜਾ ਰਿਹਾ ਹੈ। ਇਸ ਦਾ ਅਰਥ ਇਹ ਹੋਇਆ ਕਿ ਈਸਾਈ ਮੱਤ ਦੀ ਮਰਯਾਦਾ ਦੀ ਮਹੱਤਤਾ ਇਸ ਦੇ ਸੱਭਿਆਚਾਰਕ ਅਤੇ ਰਾਜਨੀਤਕ ਪਿਛੋਕੜ ਕਰਕੇ ਹੈ, ਨਾ ਕਿ ਇਲਹਾਮੀ ਬਾਣੀ ਹੋਣ ਕਰਕੇ। ਇਸ ਲਈ ਧਰਮ ਗਿਆਨੀ ਈਸਾਈ ਮਤ ਨੂੰ ਪੜਚੋਲਣ ਅਤੇ ਉਸ ਦੇ ਪ੍ਰਸਾਰਨ ਲਈ ਪੂਰੀ ਖੁੱਲ੍ਹ ਮੰਗਦੇ ਹਨ, ਪਰ ਈਸਾਈ ਚਰਚ ਇਸ ਦਲੀਲ ਨਾਲ ਸਹਿਮਤ ਨਹੀਂ। ਤਾਂ ਵੀ ਧਰਮ-ਮਰਯਾਦਾ ਬਾਰੇ ਇਹ ਵਾਦ-ਵਿਵਾਦ ਅੱਜਕਲ੍ਹ ਬੜੇ ਜ਼ੋਰਾਂ 'ਤੇ ਹੈ। ਧਰਮ ਮਰਯਾਦਾ ਦੀ ਵਿਆਖਿਆ ਲਈ ਕਈ ਖੋਜ ਸਿਧਾਂਤ ਵਰਤੇ ਜਾ ਰਹੇ ਹਨ। ਇਨ੍ਹਾਂ ਖੋਜਾਂ ਦਾ ਆਧਾਰ ਇਸ ਗੱਲ 'ਤੇ ਨਿਰਭਰ ਹੈ ਕਿ ਧਰਮ ਦੀ ਹੋਂਦ ਇਤਿਹਾਸਕ ਪ੍ਰਕਿਰਿਆ ਰਾਹੀਂ ਹੋਈ। ਇਸ ਲਈ ਧਰਮ ਨੂੰ ਇਤਿਹਾਸਕ ਸੰਦਰਭ ਵਿਚ ਹੀ ਵਿਆਖਿਆ ਜਾਣਾ ਚਾਹੀਦਾ ਹੈ, ਕਿਉਂਕਿ ਯਹੂਦੀ ਅਤੇ ਈਸਾਈ ਮੱਤ ਦਾ 'ਵਿਕਾਸ ਕ੍ਰਮਵਾਰ ਪ੍ਰਕਿਰਿਆ' ਰਾਹੀਂ ਹੋਇਆ। ਇਸ ਲਈ ਇਨ੍ਹਾਂ ਗ੍ਰੰਥਾਂ ਦਾ ਇਤਿਹਾਸਕ ਸੰਦਰਭ ਵਿਚ ਵਿਆਖਿਆ ਜਾਣਾ ਕੁਦਰਤੀ ਹੈ, ਪਰ ਇਹ ਨਿਰਣਾ ਹੋਰ ਧਰਮਾਂ ਉੱਤੇ ਇੰਨ-ਬਿੰਨ ਲਾਗੂ ਨਹੀਂ ਹੁੰਦਾ।

**(ਅ) ਚੇਤਨ ਪ੍ਰਕਿਰਿਆ**

ਇਸਲਾਮ ਧਰਮ, ਚੇਤਨ ਪ੍ਰਕਿਰਿਆ ਰਾਹੀਂ ਹੋਂਦ ਵਿਚ ਆਇਆ। ਪੈਗੰਬਰ ਮੁਹੰਮਦ ਸਾਹਿਬ ਇਕ ਪਵਿੱਤਰ ਗ੍ਰੰਥ ਦੀ ਸਥਾਪਨਾ ਕਰਨਾ ਚਾਹੁੰਦੇ ਸਨ, ਜਿਸ ਦੀ ਹੋਂਦ ਹੋਰ ਕਿਤਾਬੀ-ਧਰਮਾਂ (Book Religion) ਵਰਗੀ ਹੋਵੇ। ਮੁਹੰਮਦ ਸਾਹਿਬ ਇਕ ਰੱਬੀ ਗ੍ਰੰਥ ਵੱਲ ਇਸ਼ਾਰਾ ਕਰਦੇ ਹਨ, ਜੋ ਉਨ੍ਹਾਂ ਅਨੁਸਾਰ ਧਰਮ ਦੀ ਦਰਗਾਹ ਵਿਚ ਪਿਆ ਹੈ। ਇਸ ਧਰਮ ਗ੍ਰੰਥ ਨੂੰ ਮੁਹੰਮਦ ਸਾਹਿਬ ਦੇ ਹੁਕਮ ਅਨੁਸਾਰ ਜਬਰਾਈਲ ਫਰਿਸ਼ਤੇ (Gabriel) ਨੇ ਲਿਆਂਦਾ। ਇਹ ਧਰਮ ਗ੍ਰੰਥ ਇਸਲਾਮ ਦੀ ਪਾਕ ਪੁਸਤਕ 'ਕੁਰਾਨ' ਕਹਾਇਆ। ਇਹ ਵੀ ਕਿਹਾ ਗਿਆ ਹੈ ਕਿ ਕੁਰਾਨ ਦਾ ਸ਼ਬਦ-ਦਰ-ਸ਼ਬਦ ਗਿਆਨ ਵੱਖ-ਵੱਖ ਸਮੇਂ ਮੁਹੰਮਦ ਸਾਹਿਬ ਨੂੰ ਰੱਬ ਵਲੋਂ ਮਿਲਿਆ। ਜਿਵੇਂ-ਜਿਵੇਂ ਮੁਹੰਮਦ ਸਾਹਿਬ ਨੂੰ ਧਾਰਮਿਕ ਪ੍ਰਸ਼ਨਾਂ ਦੇ ਉੱਤਰ ਦੇਣੇ ਪਏ ਜਾਂ ਕੋਈ ਧਰਮ ਮਰਯਾਦਾ ਦੀ ਮੁਸ਼ਕਲ ਸੁਲਝਾਉਣੀ ਪਈ, ਤਿਵੇਂ-ਤਿਵੇਂ ਇਹ ਰੱਬੀ ਗਿਆਨ ਉਨ੍ਹਾਂ ਨੂੰ ਉਤਰਦਾ ਗਿਆ। ਇਹ ਗਿਆਨ ਸ਼ਰਧਾਲੂਆਂ ਨੂੰ ਵੀ ਮੂੰਹ-ਜ਼ੁਬਾਨੀ ਯਾਦ ਹੋ ਗਿਆ। ਮੁਹੰਮਦ ਸਾਹਿਬ ਦੇ ਅਕਾਲ ਚਲਾਣੇ ਤੋਂ ਬਾਅਦ ਇਹ ਗਿਆਨ ਇਕੱਠਾ ਕਰਕੇ 'ਕੁਰਾਨ' ਵਿਚ ਅੰਕਿਤ ਕੀਤਾ ਗਿਆ।

ਪਵਿੱਤਰ 'ਕੁਰਾਨ' ਦਾ ਹਰ ਸ਼ਬਦ ਆਪਣੇ ਆਪ ਵਿਚ ਮੁਬਾਰਕ ਸਮਝਿਆ ਜਾਂਦਾ ਹੈ ਅਤੇ ਇਸ ਦੇ ਆਧਾਰ 'ਤੇ ਮਜ਼੍ਹਬੀ ਮਸਲੇ ਸੁਲਝਾਏ ਜਾਂਦੇ ਹਨ। ਜੇ ਕੋਈ ਮਸਲਾ ਕੁਰਾਨ ਦੀਆਂ ਆਇਤਾਂ ਜਾਂ ਸ਼ਬਦਾਂ ਦੇ ਆਧਾਰ 'ਤੇ ਸੁਲਝਾਉਣਾ ਕਠਿਨ ਹੋ ਜਾਵੇ ਤਾਂ ਪੈਗੰਬਰ ਸਾਹਿਬ ਦਾ 'ਸੁੰਨ੍ਹਾ' (Sunnah) ਆਧਾਰ ਬਣਾਇਆ ਜਾਂਦਾ। (ਸੁੰਨ੍ਹਾ, ਮੁਹੰਮਦ ਸਾਹਿਬ ਦੇ ਵੱਖ-ਵੱਖ ਪ੍ਰਸਥਿਤੀਆਂ ਅਤੇ ਸਮੇਂ ਦੇ ਸੰਬੰਧ ਵਿਚ ਕਹੇ ਗਏ ਬੋਲਾਂ ਦਾ ਸੰਗ੍ਰਹਿ ਹੈ, ਇਹ ਗੁਰੂ ਨਾਨਕ ਸਾਹਿਬ ਦੀਆਂ ਜਨਮ ਸਾਖੀਆਂ ਨਾਲ ਮੇਲ ਖਾਂਦਾ ਹੈ।) 'ਸੁੰਨ੍ਹਾ' ਕੁਰਾਨ ਜਿੰਨਾ ਤਾਂ ਨਹੀਂ, ਪਰ ਤਾਂ ਵੀ ਇਸਲਾਮ ਵਿਚ ਪਵਿੱਤਰ ਸਮਝਿਆ ਜਾਂਦਾ ਹੈ।



ਕੁਰਾਨ ਕਿਉਂਕਿ ਮੁਹੰਮਦ ਸਾਹਿਬ ਦੇ ਸਮੇਂ ਤੋਂ ਬਾਅਦ ਵਿਚ ਸੰਗ੍ਰਹਿ ਕੀਤੀ ਗਈ, ਇਸ ਲਈ ਮੁਹੰਮਦ ਸਾਹਿਬ ਦੇ ਹਸਤਾਖ਼ਸ਼ਰਾਂ ਦੀ ਭਾਗੀ ਨਹੀਂ। ਭਾਵੇਂ ਮੂੰਹ ਜ਼ੁਬਾਨੀ ਰਟੇ ਗਏ ਸ਼ਬਦਾਂ ਵਿਚ ਤਬਦੀਲੀ ਨਾਂਹ ਵੀ ਆਈ ਹੋਵੇ ਅਤੇ ਹੋ ਸਕਦਾ ਹੈ ਕਿ ਕੁਰਾਨ ਵਿਚਲਾ ਸ਼ਬਦ-ਬ-ਸ਼ਬਦ ਮੁਹੰਮਦ ਸਾਹਿਬ ਦੇ ਮੁਖਾਰਬਿੰਦਾਂ ਵਿਚੋਂ ਨਿਕਲਿਆ ਹੋਵੇ ਤਾਂ ਵੀ ਕਈ ਇਤਿਹਾਸਕਾਰ ਇਸ ਨੂੰ ਇਤਿਹਾਸਕ ਪ੍ਰਸੰਗ ਵਿਚ ਵਾਚਣਾ ਜ਼ਰੂਰੀ ਸਮਝਦੇ ਹਨ। ਉਨ੍ਹਾਂ ਦਾ ਦਾਅਵਾ ਇਹ ਹੈ ਕਿ ਕੋਈ ਵੀ ਧਰਮ ਪੁਸਤਕ ਜੋ ਸੀਨਾ-ਬ-ਸੀਨਾ ਤੁਰੀ ਆਉਂਦੀ ਰਹੀ, ਉਸ ਉੱਤੇ ਸਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਪ੍ਰਭਾਵ ਦਾ ਪੈਣਾ ਗ਼ੈਰ-ਕੁਦਰਤੀ ਨਹੀਂ। ਇਸ ਲਈ, ਉਸ ਦੀ ਪਵਿੱਤਰਤਾ 'ਤੇ ਕਿਸੇ ਸ਼ੱਕ ਤੋਂ ਬਗ਼ੈਰ, ਉਸ ਦੇ ਨਿਕਾਸ ਅਤੇ ਵਿਕਾਸ ਨੂੰ ਇਤਿਹਾਸਕ ਪ੍ਰਸੰਗ ਵਿਚ ਘੋਖਣਾ ਕੋਈ ਗ਼ੈਰ-ਕੁਦਰਤੀ ਨਹੀਂ ਪਰ ਇਸਲਾਮੀ ਮਰਯਾਦਾ ਅਨੁਸਾਰ 'ਕੁਰਾਨ' ਵਿਚਲਾ ਹਰ ਸ਼ਬਦ, ਬੰਦ ਜਾਂ ਪੈਰਾ ਰੱਬੀ ਬਾਣੀ ਹੈ, ਇਸ ਲਈ ਇਸ ਉਪਰ ਕਿਸੇ ਕਿਸਮ ਦਾ ਕਿੰਤੂ ਕਰਨਾ ਅਸੰਭਵ ਹੀ ਨਹੀਂ, ਗ਼ੈਰ-ਕੁਦਰਤੀ ਵੀ ਹੈ। ਇਸ ਲਈ ਕੁਰਾਨ 'ਤੇ ਨਾ ਕੋਈ ਇਤਿਹਾਸਕ ਖੋਜ ਵਿਧੀ ਹੀ ਲਾਗੂ ਹੋ ਸਕਦੀ ਹੈ ਅਤੇ ਨਾ ਹੀ ਕੋਈ ਪਾਠ-ਆਲੋਚਨਾ (Textual Analysis) ਕੀਤੀ ਜਾ ਸਕਦੀ ਹੈ। ਇਸ ਪੱਖੋਂ ਸਿੱਖ ਧਰਮ ਇਸਲਾਮ ਦੇ ਬਹੁਤ ਨੇੜੇ ਹੈ।

**(ੲ) ਸਹਿਜ ਪ੍ਰਕਿਰਿਆ**

ਸਿੱਖ ਧਰਮ ਅਤੇ ਸਿੱਖ ਧਰਮ ਮਰਯਾਦਾ ਸਹਿਜ ਪ੍ਰਕਿਰਿਆ ਅਰਥਾਤ ਕੁਦਰਤੀ ਵਿਕਾਸ ਰਾਹੀਂ ਹੋਂਦ ਵਿਚ ਆਏ। ਗੁਰੂ ਗ੍ਰੰਥ ਸਾਹਿਬ ਅਤੇ ਉਸ ਵਿਚ ਅੰਕਿਤ ਬਾਣੀ ਦਾ ਨਿਸਚਿਤ ਸਮਾਂ, ਸਥਾਨ ਅਤੇ ਸਾਪੇਖਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਜੀਵਨ-ਜਾਚ (Whole Life System) ਬਾਰੇ ਨਿਰਣੇ ਹਨ, ਜੋ ਮਨੁੱਖਾ ਜੀਵਨ ਦੇ ਸਹਿਜ ਵਿਕਾਸ ਰਾਹੀਂ ਪ੍ਰਾਪਤ ਹੋਏ। ਗੁਰੂ ਸਾਹਿਬਾਨ ਨੇ ਲੋਕਾਂ ਦੀ ਗੱਲ ਲੋਕਾਂ ਨੂੰ ਸਮਝਾਈ, ਪਰ 'ਧੁਰ ਕੀ ਬਾਣੀ' ਦੇ ਰੂਪ ਵਿਚ। 'ਧੁਰ ਕੀ ਬਾਣੀ' ਤੋਂ ਭਾਵ ਇਹ ਹੈ ਕਿ ਜੋ ਕੁਝ ਵੀ ਗੁਰਬਾਣੀ ਵਿਚੋਂ ਪ੍ਰਾਪਤ ਹੁੰਦਾ ਹੈ, ਉਸ ਬਾਣੀ ਦਾ ਸੋਮਾ ਸਰੋਤ ਇਕ ਅਜਿਹੀ ਸ਼ਕਤੀ ਹੈ, ਜਿਸ ਨੂੰ ਅਸੀਂ ਪਰਮ ਆਤਮਾ (ਪ੍ਰਮਾਤਮਾ) ਜਾਂ ਰੱਬੀ ਸ਼ਕਤੀ ਕਹਿੰਦੇ ਹਾਂ। ਉਸ ਦੇ 'ਨਾਂ' ਭਾਵੇਂ ਧਰਮਾਂ ਨੇ ਆਪਣੀ-ਆਪਣੀ ਬੋਲੀ ਵਿਚ ਵੱਖਰੇ-ਵੱਖਰੇ ਰੱਖੇ ਹੋਏ ਹਨ, ਦਰਅਸਲ ਸ਼ਕਤੀ ਇਕੋ ਹੈ। ਸਿੱਖ ਧਰਮ ਵਿਚ ਉਸ ਪਰਮ ਸ਼ਕਤੀ ਦਾ ਕੋਈ ਨਾਮਕਰਣ ਨਹੀਂ ਕੀਤਾ ਗਿਆ। ਜੋ ਵੀ ਨਾਂ ਗੁਰਬਾਣੀ ਵਿਚ ਆਉਂਦੇ ਹਨ, ਜਿਵੇਂ ਪ੍ਰਮਾਤਮਾ, ਪ੍ਰਭੂ, ਅੱਲਾ, ਈਸ਼ਰਵ, ਰਹੀਮ, ਰਾਮ, ਕ੍ਰਿਸ਼ਨ ਜਾਂ ਰੱਬ ਆਦਿ ਇਹ ਸਾਰੇ ਦੇ ਸਾਰੇ ਦੂਸਰੇ ਧਰਮਾਂ ਤੋਂ ਉਧਾਰੇ ਲੈ ਕੇ ਸਿਰਫ਼ ਉਸ ਦੇ ਨਾਮ ਦੀ ਸਿਫ਼ਤ ਸਲਾਹ ਕੀਤੀ ਗਈ ਹੈ। ਇਸੇ ਲਈ ਸਿੱਖ ਧਰਮ ਵਿਚ ਸਿਰਫ਼ ਉਸ ਦੇ ਨਾਮ ਨੂੰ ਨਾਮ ਨਾਲ ਹੀ ਯਾਦ ਕੀਤਾ ਗਿਆ ਹੈ। ਇਸ ਬਾਰੇ ਹੋਰ ਵਿਚਾਰ ਅੱਗੇ ਚੱਲ ਕੇ ਕਰਾਂਗੇ। ਪਹਿਲਾਂ ਗੁਰੂ ਗ੍ਰੰਥ ਸਾਹਿਬ ਅਤੇ ਉਸ ਵਿਚਲੀ ਬਾਣੀ ਦੇ ਨਿਕਾਸ ਅਤੇ ਵਿਕਾਸ ਬਾਰੇ ਇਤਿਹਾਸਕ ਚਰਚਾ ਜ਼ਰੂਰੀ ਹੈ।

## 1. ਆਦਿ ਗ੍ਰੰਥ ਦਾ ਸੰਕਲਨ ਦਾ ਇਤਿਹਾਸ

ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਆਮ ਕਰਕੇ ਗੁਰਦਵਾਰਿਆਂ ਵਿਚ ਪ੍ਰਕਾਸ਼ ਕੀਤੀ ਹੋਈ ਹੈ, ਉਹ ਦਮਦਮੇ ਵਾਲੀ ਬੀੜ ਦਾ ਉਤਾਰ ਹੈ। ਜੋ ਬੀੜ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਸੰਕਲਤ ਕੀਤੀ, ਉਸ ਨੂੰ 'ਆਦਿ ਬੀੜ' ਜਾਂ 'ਕਰਤਾਰਪੁਰੀ ਬੀੜ' ਆਖਦੇ ਹਨ। ਏਥੇ ਅਸੀਂ 'ਆਦਿ ਗ੍ਰੰਥ' ਦੇ ਸੰਕਲਨ ਦੇ ਇਤਿਹਾਸ ਦੀ ਗੱਲ ਕਰਾਂਗੇ।

ਸਭ ਤੋਂ ਪਹਿਲਾਂ ਸਵਾਲ ਇਹ ਪੈਦਾ ਹੁੰਦਾ ਹੈ ਕੀ 'ਆਦਿ ਬੀੜ' ਹੀ ਸਿੱਖ ਧਰਮ ਦਾ ਅਸਲੀ ਗ੍ਰੰਥ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਹੋਰਾਂ ਪਾਸੋਂ ਲਿਖਵਾਇਆ?

ਇਸ ਦੇ ਉੱਤਰ ਲਈ ਉਨ੍ਹਾਂ ਸਾਰੀਆਂ ਪੁਰਾਤਨ ਬੀੜਾਂ ਦਾ ਤੁਲਨਾਤਮਿਕ ਅਧਿਐਨ ਕਰਨਾ ਪਵੇਗਾ। ਵਿਦਵਾਨਾਂ ਦੇ ਇਸ ਉੱਦਮ ਸਦਕਾ ਦੋ ਬੀੜਾਂ ਆਖ਼ਰ ਵਿਚ ਚੁਣੀਆਂ ਗਈਆਂ, ਜਿਨ੍ਹਾ ਦੇ ਪੁਰਾਤਨ ਹੋਣ ਦਾ ਹਵਾਲਾ ਵੱਖਰੇ-ਵੱਖਰੇ ਵਿਦਵਾਨਾਂ ਨੇ ਦਿੱਤਾ। ਇਹ ਬੀੜਾਂ ਹਨ-'ਕਰਤਾਰਪੁਰੀ ਬੀੜ ਅਤੇ 'ਬੰਨੋ ਬੀੜ'। ਕਰਤਾਰਪੁਰੀ ਬੀੜ ਇਸ ਵੇਲੇ ਸੋਢੀ ਅਮਰਜੀਤ ਸਿੰਘ, ਕਰਤਾਰਪੁਰ ਨਿਵਾਸੀ, ਪਾਸ ਹੈ (ਇਹ ਪਰਿਵਾਰ ਧੀਰਮਲ ਦਾ ਉੱਤਰਾ-ਅਧਿਕਾਰੀ ਹੈ) ਅਤੇ ਬੰਨੋ ਬੀੜ, ਜੋ ਭਾਈ ਬੰਨੋ ਨੇ ਤਿਆਰ ਕੀਤੀ ਸੀ, ਇਸ ਵੇਲੇ ਗੁਰਦੁਆਰਾ ਭਾਈ ਬੰਨੋ (ਜੋ ਕਾਨ੍ਹਪੁਰ ਵਿਖੇ ਹੈ), ਵਿਚ ਪ੍ਰਕਾਸ਼ ਕੀਤੀ ਹੋਈ ਹੈ। ਇਨ੍ਹਾਂ ਦੋਹਾਂ ਬੀੜਾਂ ਦੇ ਇਤਿਹਾਸਕ ਵਿਕਾਸ, ਪਾਠ-ਵਿਸ਼ਲੇਸ਼ਣ ਜਾਂ ਪੜ੍ਹਤ-ਵਿਸ਼ਲੇਸ਼ਣ ਤੋਂ ਇਨ੍ਹਾਂ ਦੀ ਪੁਰਾਤਨਤਾ ਅਤੇ ਪ੍ਰਮਾਣੀਕਤਾ ਦਾ ਪਤਾ ਲਗਾਇਆ ਜਾ ਸਕਦਾ ਹੈ।

### ਇਤਿਹਾਸਕ ਖੋਜ (Historical Research)

ਆਦਿ ਗ੍ਰੰਥ ਦੀ ਸਥਾਪਨਾ ਪੰਜਵੇਂ ਗੁਰੂ ਅਰਜਨ ਦੇਵ ਨੇ 1604 ਏ.ਡੀ. ਵਿਚ ਭਾਈ ਗੁਰਦਾਸ ਦੇ ਹੱਥੀਂ ਕਰਵਾਈ। ਸਭ ਤੋਂ ਪਹਿਲਾਂ ਇਸ ਗ੍ਰੰਥ ਨੂੰ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪ੍ਰਕਾਸ਼ ਕੀਤਾ ਗਿਆ। ਜਦ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਵਿਖੇ ਆ ਕੇ ਰਹਿਣ ਲੱਗੇ ਤਾਂ ਆਦਿ ਗ੍ਰੰਥ ਨੂੰ ਵੀ ਨਾਲ ਹੀ ਲੈ ਆਏ। ਭਾਵੇਂ ਸੱਤਵੇ, ਅੱਠਵੇਂ, ਨੌਂਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਸਮੇਂ-ਸਮੇਂ ਕੀਰਤਪੁਰ, ਪਟਨਾ ਸਾਹਿਬ ਅਤੇ ਅਨੰਦਪੁਰ ਸਾਹਿਬ ਤਬਦੀਲ ਹੁੰਦੇ ਰਹੇ, ਪਰ ਆਦਿ ਬੀੜ ਕਰਤਾਰਪੁਰ ਹੀ ਰਹੀ। ਕਿਉਂਕਿ ਧੀਰਮਲ ਦੇ ਟੱਬਰ ਕੋਲੋਂ ਗੁਰਗੱਦੀ ਖੁੱਸ ਗਈ ਸੀ, ਇਸ ਲਈ ਉਨ੍ਹਾਂ ਨੇ ਆਦਿ ਬੀੜ 'ਤੇ ਕਬਜ਼ਾ ਕਰ ਲਿਆ ਅਤੇ ਕਿਸੇ ਵੀ ਗੁਰੂ ਨੂੰ ਵਾਪਸ ਨਾ ਕੀਤੀ। ਇਕ ਵਾਰੀ ਸਿੱਖ ਸ਼ਰਧਾਲੂਆਂ ਨੇ ਇਹ ਬੀੜ ਉਨ੍ਹਾਂ ਤੋਂ ਜ਼ਬਰਦਸਤੀ ਖੋਹ ਕੇ ਲੈ ਆਂਦੀ ਪਰ ਗੁਰੂ ਤੇਗ ਬਹਾਦਰ ਜੀ ਦੇ ਕਹਿਣ 'ਤੇ ਫੇਰ ਵਾਪਸ ਕਰ ਦਿੱਤੀ ਗਈ। ਜਦ ਗੁਰੂ ਗੋਬਿੰਦ ਸਿੰਘ ਹੋਰਾਂ ਧੀਰਮਲ ਦੇ ਪਰਿਵਾਰ ਤੋਂ 'ਦਮਦਮੀ ਬੀੜ' ਤਿਆਰ ਕਰਨ ਲਈ ਆਦਿ ਗ੍ਰੰਥ ਮੰਗਿਆ ਤਾਂ ਉਨ੍ਹਾਂ ਨਾਂਹ ਕਰ ਦਿੱਤੀ। ਕਿਉਂਕਿ ਬਾਣੀ ਬਹੁਤ ਸਾਰੇ ਸ਼ਰਧਾਲੂਆਂ ਨੂੰ ਜ਼ੁਬਾਨੀ ਯਾਦ ਸੀ, ਦਮਦਮੀ ਬੀੜ ਤਿਆਰ ਕੀਤੀ ਗਈ, ਪਰ ਉਸ ਦੀ ਪ੍ਰਮਾਣੀਕਤਾ ਰੱਖਣ ਲਈ



ਬਾਬਾ ਦੀਪ ਸਿੰਘ ਜੀ ਨੇ ਕਈ ਦਿਨ ਕਰਤਾਰਪੁਰ ਆ ਕੇ ਦਮਦਮੀ ਬੀੜ ਦੀ ਸੋਧ 'ਆਦਿ ਬੀੜ' ਨੂੰ ਸਾਹਮਣੇ ਰੱਖ ਕੇ ਕੀਤੀ। ਇਸ ਦਾ ਅਰਥ ਇਹ ਹੋਇਆ ਕਿ 'ਆਦਿ ਬੀੜ' ਦਸਵੇਂ ਗੁਰੂ ਦੇ ਸਮੇਂ ਤੱਕ ਕਰਤਾਰਪੁਰ ਹੀ ਸੀ। ਮਹਾਰਾਜਾ ਰਣਜੀਤ ਸਿੰਘ ਨੇ, ਸਿੱਖ ਰਾਜ ਸਥਾਪਤ ਹੋਣ ਤੋਂ ਬਾਅਦ ਇਸ ਬੀੜ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਜਦ ਸਿੱਖ ਰਾਜ ਖ਼ਤਮ ਹੋਇਆ ਤਾਂ ਬੀੜ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲੀ ਗਈ। ਇਸ ਤੋਂ ਬਾਅਦ ਧੀਰਮਲ ਦੇ ਉਤਰਾਧਿਕਾਰੀ ਸੋਢੀ ਖਾਨਦਾਨ ਨੇ ਮੁਕੱਦਮਾ ਜਿੱਤ ਕੇ ਇਹ ਬੀੜ ਮੁੜ ਕਰਤਾਰਪੁਰ ਵਿਖੇ ਲੈ ਆਂਦੀ, ਜੋ ਅੱਜ ਤੱਕ ਉਥੇ ਬਿਰਾਜਮਾਨ ਹੈ। ਇਹ ਇਤਿਹਾਸਕ ਤੱਥ ਦੇਣ ਦਾ ਮਕਸਦ ਸਿਰਫ਼ ਏਨਾ ਹੀ ਸੀ ਕਿ ਕਰਤਾਰਪੁਰੀ ਬੀੜ ਦੇ ਨਿਕਾਸ, ਵਿਕਾਸ ਅਤੇ ਸਥਾਪਨਾ ਬਾਰੇ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ, ਜਿਹੜੀ ਹੋਰ ਧਰਮਾਂ ਦੇ ਗ੍ਰੰਥਾਂ ਦੇ ਸੰਬੰਧ ਵਿਚ ਜ਼ਾਹਿਰ ਕੀਤੀ ਗਈ ਹੈ। ਭਾਵ ਕਿ ਹੋਰ ਧਰਮਾਂ ਦੇ ਗ੍ਰੰਥਾਂ ਬਾਰੇ ਇਤਿਹਾਸਕ ਖੋਜ ਜ਼ਰੂਰੀ ਹੈ, ਪਰ ਸਿੱਖ ਧਰਮ ਦੇ ਗ੍ਰੰਥ ਬਾਰੇ ਇਤਿਹਾਸਕ ਖੋਜ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ।

### ਪਾਠ-ਵਿਸ਼ਲੇਸ਼ਣ (Texual Analysis)

ਭਾਵੇਂ ਆਦਿ ਬੀੜ ਦੀ ਪ੍ਰਮਾਣੀਕਤਾ ਬਾਰੇ ਪਾਠ-ਵਿਸ਼ਲੇਸ਼ਣ ਦੀ ਵੀ ਲੋੜ ਨਹੀਂ, ਪਰ ਇਸ ਦੀ ਜ਼ਰੂਰਤ ਉਸ ਵੇਲੇ ਪਈ, ਜਦ ਕੁਝ ਵਿਦਵਾਨਾਂ ਨੇ ਇਸ ਦੀ ਅੰਦਰੂਨੀ ਬਾਣੀ ਦੀ ਤਰਤੀਬ ਅਤੇ ਵਾਧ-ਘਾਟ ਬਾਰੇ ਕਿੰਤੂ ਉਠਾਏ। ਫਲਸਰੂਪ 'ਬੰਨੋ ਬੀੜ' ਨੂੰ ਇਸ ਦੇ ਮੁਕਾਬਲੇ 'ਤੇ ਪਲੇਠੀ ਬੀੜ ਸਿੱਧ ਕਰਨ ਦਾ ਯਤਨ ਕੀਤਾ।

ਸਭ ਤੋਂ ਪਹਿਲਾਂ ਭੁਲੇਖਾ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਹੋਰਾਂ ਪਾਇਆ, ਜਦ ਉਨ੍ਹਾਂ ਨੇ ਆਪਣੀ ਇਕ ਚਿੱਠੀ 23 ਜਨਵਰੀ, 1918 ਨੂੰ 'ਪੰਥ ਸੇਵਕ' ਪੱਤਰਿਕਾ ਵਿਚ ਛਪਵਾਈ। ਇਸ ਚਿੱਠੀ ਵਿਚ ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ (ਆਦਿ ਬੀੜ) ਵਿਚ ਰਾਗਮਾਲਾ ਨਹੀਂ ਹੈ ਜਾਂ ਕੱਢੀ ਜਾ ਚੁੱਕੀ ਹੈ।

ਦੂਸਰਾ ਭੁਲੇਖਾ ਸਰਦਾਰ ਜੀ.ਬੀ. ਸਿੰਘ ਨੇ 1944 ਵਿਚ ਇਕ ਪੁਸਤਕ 'ਪ੍ਰਾਚੀਨ ਬੀੜ' ਲਿਖ ਕੇ ਪਾਇਆ, ਜਿਸ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਕਰਤਾਰਪੁਰੀ ਬੀੜ ਉਹ ਨਹੀਂ, ਜੋ ਗੁਰੂ ਅਰਜਨ ਦੇਵ ਨੇ ਤਿਆਰ ਕਰਵਾਈ ਸੀ। ਜੀ.ਬੀ. ਸਿੰਘ ਨੇ ਅਸਲ ਬੀੜ ਦੀ ਪ੍ਰੋੜ੍ਹਤਾ ਲਈ ਤਿੰਨ ਟੀਚੇ ਮਿੱਥੇ-

(ੳ) ਅਸਲ ਬੀੜ ਵਿਚ ਜਪੁਜੀ ਦੀ ਪ੍ਰਤੀਕ ਤਤਕਰੇ ਵਿਚ 'ਜਪੁ ਨੀਸਾਣ' ਨਹੀਂ ਹੋਣੀ ਚਾਹੀਦੀ, ਸਗੋਂ 'ਜਪੁ ਗੁਰੂ ਰਾਮਦਾਸ ਜੀਉ ਕਿਆਂ ਦਸਖਤਾਂ ਦਾ ਨਕਲੁ' ਹੋਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ 'ਜਪੁ' ਬਾਣੀ ਚੌਥੇ ਗੁਰੂ ਜੀ ਨੇ ਸਭ ਤੋਂ ਪਹਿਲਾਂ ਇਕੱਠੀ ਕਰਕੇ ਆਪਣੇ ਹੱਥੀਂ ਲਿਖੀ ਅਤੇ ਪੰਜਵੇਂ ਗੁਰੂ ਨੇ ਉਨ੍ਹਾਂ ਦੀ ਲਿਖਤ ਤੋਂ 'ਜਪੁ' ਸਾਹਿਬ ਦਾ ਉਤਾਰ ਕਰਕੇ 'ਆਦਿ ਬੀੜ' ਵਿਚ ਅੰਕਿਤ ਕੀਤਾ। ਜੀ.ਬੀ. ਸਿੰਘ ਦਾ ਇਹ ਟੀਚਾ ਆਦਿ ਬੀੜ ਵਿਚੋਂ ਮਿਲਦਾ ਹੈ। ਵਰਕਾ ਨੰਬਰ 36 'ਤੇ 'ਜਪੁ ਗੁਰੂ ਰਮ ਦਾਸ ਜੀਉ ਕਿਆ ਦਸਖਤਾ ਕਾ ਨਕਲੁ' ਲਿਖਿਆ ਹੋਇਆ ਹੈ।

(ਅ) 'ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ' ਪ੍ਰਤੀਕ ਹੇਠਾਂ ਜੋ ਸੰਮਤ ਲਿਖੇ ਗਏ ਹਨ, ਉਹ ਪੰਜਵੇਂ ਗੁਰੂ ਤੱਕ ਭਾਈ ਗੁਰਦਾਸ ਦੇ ਹਸਤਾਖ਼ਸ਼ਰਾਂ ਵਿਚ ਹੋਣੇ ਚਾਹੀਦੇ ਹਨ (ਭਾਈ ਗੁਰਦਾਸ ਛੇਵੇਂ ਗੁਰੂ ਤੱਕ ਜਿਉਂਦੇ ਰਹੇ। ਇਸ ਲਈ ਪੰਜਵੇਂ ਗੁਰੂ ਤੋਂ ਬਾਅਦ 'ਜੋਤੀ ਜੋਤਿ ਸਮਾਉਣ' ਦੀ ਸੰਮਤ ਉਨ੍ਹਾਂ ਦੇ ਹੱਥਾਂ ਨਾਲ ਲਿਖੀ ਹੋਈ ਨਹੀਂ ਹੋਣੀ ਚਾਹੀਦੀ।) ਜੀ.ਬੀ. ਸਿੰਘ ਦਾ ਇਹ ਟੀਚਾ ਵੀ 'ਆਦਿ ਬੀੜ' ਵਿਚੋਂ ਮਿਲਦਾ ਹੈ। ਪਹਿਲੇ ਚਾਰ ਗੁਰੂਆਂ ਦੇ ਅਕਾਲ ਚਲਾਣੇ ਦੀਆਂ ਤਿਥੀਆਂ ਇਕੋ ਕਲਮ ਸਿਆਹੀ ਅਤੇ ਇਕੋ ਜਿਹੇ ਅੱਖਰਾਂ ਵਿਚ ਲਿਖੀਆਂ ਹੋਈਆਂ ਹਨ। ਪੰਜਵੇਂ ਪਾਤਸ਼ਾਹ ਦੀ ਸਵਰਗਵਾਸੀ ਤਿਥੀ ਵੀ ਇਕੋ ਕਲਮ ਅਤੇ ਇਕੋ ਸਿਆਹੀ ਨਾਲ ਲਿਖੀ ਹੋਈ ਹੈ, ਪਰ ਅੱਖਰ ਉਪਰੋਕਤ ਚਾਰ ਸਤਰਾਂ ਨਾਲੋਂ ਬਰੀਕ ਹਨ। ਕਾਰਨ ਇਹ ਹੈ ਕਿ ਭਾਈ ਗੁਰਦਾਸ ਜੀ ਨੇ ਜਦ ਬੀੜ ਤਿਆਰ ਕਰ ਲਈ ਤਾਂ ਪੰਜਵੇਂ ਪਾਤਸ਼ਾਹ ਜਿਉਂਦੇ ਸਨ, ਪਰ ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਤੋਂ ਮਗਰੋਂ ਉਨ੍ਹਾਂ ਦੇ ਅਕਾਲ ਚਲਾਣੇ ਦੀ ਤਰੀਕ ਦਰਜ ਕੀਤੀ ਗਈ। ਇਸ ਤੋਂ ਬਾਅਦ ਦੋ ਤਰੀਕਾਂ ਹੋਰ ਹਨ-ਇਕ ਹੈ ਬਾਬਾ ਗੁਰਦਿੱਤਾ ਜੀ ਦੀ ਅਤੇ ਦੂਜੀ ਗੁਰੂ ਹਰਿਗੋਬਿੰਦ ਜੀ ਦੀ, ਜੋ ਅੱਠਵੇਂ ਪਾਤਸ਼ਾਹ ਨੇ ਦਰਜ ਕੀਤੀਆਂ, ਇਸ ਲਈ ਇਨ੍ਹਾ ਦੀ ਲਿਖਾਈ ਵੱਖਰੀ ਨਜ਼ਰ ਆਉਂਦੀ ਹੈ। ਪੁਰਾਣੀਆਂ ਬੀੜਾਂ ਜੋ 'ਆਦਿ ਬੀੜ' ਤੋਂ ਨਕਲ ਹੋਈਆਂ, ਉਨ੍ਹਾਂ ਵਿਚ ਟਿੱਪਣੀ ਨਾਲ ਲਿਖਿਆ ਹੈ, 'ਮਹੱਲਾ 8 ਅੱਠਵੇਂ ਜੀ ਕਾ ਨਕਲ ਹੈ'। ਪਰ ਇਹ ਟਿੱਪਣੀ ਆਦਿ ਬੀੜ ਵਿਚ ਨਹੀਂ ਹੈ।

(ੲ) ਅਸਲੀ ਬੀੜ ਵਿਚ ਗੁਰੂ ਅਰਜਨ ਦੇਵ ਜੀ ਦੇ ਹੱਥਾਂ ਨਾਲ 'ਸੁਧੁ' ਜਾਂ 'ਸੁਧੁ ਕੀਚੈ' ਲਿਖਿਆ ਹੋਣਾ ਚਾਹੀਦਾ ਹੈ। ਭਾਵ ਕਿ ਜਦ ਭਾਈ ਗੁਰਦਾਸ ਕੋਈ ਸ਼ਬਦ ਦਾ ਉਤਾਰ ਕਰਕੇ ਗੁਰੂ ਅਰਜਨ ਦੇਵ ਜੀ ਤੋਂ ਸਲਾਹ ਮੰਗਦੇ ਸਨ ਤਾਂ ਗੁਰੂ ਜੀ, ਜੇ ਸ਼ਬਦ ਠੀਕ ਹੋਵੇ ਭਾਵ ਕਿ ਗੁਰੂ ਸਾਹਿਬਾਨ ਦਾ ਆਪਣਾ ਹੋਵੇ ਤਾਂ 'ਸੁਧੁ' ਲਿਖ ਦਿੰਦੇ ਸਨ ਅਤੇ ਜੇ ਨਾ ਠੀਕ ਹੋਵੇ ਜਾਂ ਕਿਤੇ ਕੋਈ ਅੱਖਰ ਵੱਧ-ਘੱਟ ਹੋਵੇ ਤਾਂ 'ਸੁਧੁ ਕੀਚੈ' ਲਿਖਿਆ ਹੋਇਆ ਮਿਲਦਾ ਹੈ। ਇਹ ਲਿਖਾਈ ਉਨ੍ਹਾਂ ਦੇ ਅੰਕਿਤ ਨਿਸ਼ਾਨ ਨਾਲ ਮਿਲਦੀ ਹੈ, ਭਾਵ ਕਿ ਸਫ਼ਾ 45 'ਤੇ ਲਿਖਿਆ ਹੋਇਆ ਹੈ, 'ਨੀਸਾਣੁ ਗੁਰੂ ਜੀਉ ਕੇ ਦਸਖ਼ਤ ਮ.੫' ਨਾਲ ਮੇਲ ਖਾਂਦੀ ਹੈ।

ਜੀ.ਬੀ. ਸਿੰਘ ਦੀਆਂ ਤਿੰਨੇ ਸਵੈ-ਨਿਰਣਿਤ ਟੀਚਿਆਂ ਦਾ 'ਆਦਿ ਬੀੜ' ਵਿਚੋਂ ਉਪਲਬਧ ਹੋਣਾ ਇਹੋ ਸਿੱਧ ਕਰਦਾ ਹੈ ਕਿ 'ਆਦਿ ਬੀੜ' (ਕਰਤਾਰਪੁਰੀ ਬੀੜ) ਹੀ ਅਸਲੀ ਬੀੜ ਹੈ। ਇੰਝ ਲੱਗਦਾ ਹੈ ਕਿ ਜੀ.ਬੀ. ਸਿੰਘ ਦੀ ਕਾਰਜ-ਵਿਧੀ (Methodology) ਤਾਂ ਠੀਕ ਸੀ, ਪਰ ਸ਼ਾਇਦ ਉਨ੍ਹਾਂ 'ਆਦਿ ਬੀੜ' ਦਾ ਅਧਿਐਨ ਪੂਰਨ ਤੌਰ 'ਤੇ ਨਹੀਂ ਕੀਤਾ।

'ਆਦਿ ਬੀੜ' ਦੇ ਅੰਦਰੂਨੀ ਨਿਰੀਖਣ (ਜੋ ਭਾਈ ਸਾਹਿਬ ਭਾਈ ਜੋਧ ਸਿੰਘ ਨੇ ਬੜੀ ਮਿਹਨਤ ਤੇ ਉਦਮ ਨਾਲ ਆਪਣੀ ਪੁਸਤਕ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਹੀ 'ਆਦਿ ਬੀੜ' ਹੈ) ਤੋਂ ਵੀ ਇਹੋ ਗਿਆਤ ਹੁੰਦਾ ਹੈ ਕਿ ਕਰਤਾਰਪੁਰੀ ਬੀੜ ਹੀ 'ਆਦਿ ਬੀੜ' ਹੈ। ਬੀੜ ਦੇ ਸ਼ੁਰੂ ਵਿਚ (ਤਤਕਰੇ ਤੋਂ ਬਾਅਦ) 'ਸੰਮਤ ੧੬੬੧ ਮਿਤੀ



ਭਾਦੋਉ ਵਦੀ ਏਕਮ ੧ ਪੋਥੀ ਲਿਖਿ ਪਹੁਚੇ' ਲਿਖਿਆ ਹੋਇਆ ਹੈ। ਕਰਤਾਰਪੁਰੀ ਬੀੜ ਹੀ ਇਕ ਐਸੀ ਬੀੜ ਹੈ, ਜਿਸ ਉਪਰ ਲਿਖਣ ਤਰੀਕ ਇਸ ਦੇ ਸੰਕਲਨ ਸਮੇਂ ਅੰਕਿਤ ਕੀਤੀ ਗਈ। ਹੋਰ ਕਿਸੇ ਵੀ ਪੁਰਾਤਨ ਬੀੜ 'ਤੇ ਇਹ ਲਿਖਣ ਤਰੀਕ ਨਹੀਂ ਮਿਲਦੀ। ਦਰਅਸਲ ਇਹ ਗੱਲ (ਲਿਖਣ ਤਰੀਕ) ਦੁਨੀਆਂ ਦੇ ਸਾਰੇ ਧਰਮਾਂ 'ਤੇ ਲਾਗੂ ਹੁੰਦੀ ਹੈ।

'ਆਦਿ ਬੀੜ' ਅਤੇ 'ਬੰਨੋ ਬੀੜ' ਬਾਰੇ ਤੀਸਰਾ ਭੁਲੇਖਾ ਜੀ.ਬੀ. ਸਿੰਘ ਤੇ ਪੱਛਮੀ ਵਿਦਵਾਨ ਹਿਊ ਮਕਲਾਊਡ ਨੇ ਪਾਇਆ, ਜਿਨ੍ਹਾਂ ਨਾਲ ਬਾਅਦ ਵਿਚ ਪ੍ਰੀਤਮ ਸਿੰਘ ਪਟਿਆਲਾ ਵੀ ਸ਼ਾਮਲ ਹੋ ਗਿਆ। 'ਬੰਨੋ ਬੀੜ' ਇਨ੍ਹਾਂ ਵਿਦਵਾਨਾਂ ਦੇ ਮੁਤਾਬਕ ਭਾਈ ਬੰਨੋ ਨੇ ਉਸ ਵੇਲੇ ਤਿਆਰ ਕੀਤੀ, ਜਦ ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਤੋਂ 'ਆਦਿ ਬੀੜ' ਜਿਲਦ ਬਨ੍ਹਾਉਣ ਲਈ ਪ੍ਰਾਪਤ ਕੀਤੀ। (ਨੋਟ : ਜਿਲਦ ਬਨ੍ਹਾਉਣ ਵਾਲੀ ਮਿੱਥ ਨੂੰ ਪ੍ਰੋ. ਸਾਹਿਬ ਸਿੰਘ ਹੋਰਾਂ ਸੰਪੂਰਨ ਤੌਰ ਤੇ ਨਕਾਰਿਆ ਹੈ।) ਇਨ੍ਹਾਂ ਦੋਹਾਂ ਬੀੜਾਂ ਵਿਚ ਪ੍ਰਮੁੱਖ ਅੰਤਰ ਇਹ ਹੈ ਕਿ 'ਬੰਨੋ ਬੀੜ' ਵਿਚ ਕੁਝ ਸਲੋਕ ਵਾਧੂ ਹਨ ਅਤੇ ਕੁਝ ਸਲੋਕ ਸੂਰਦਾਸ ਅਤੇ ਮੀਰਾਂ ਬਾਈ ਦੇ ਹਨ, ਜੋ 'ਆਦਿ ਬੀੜ' ਵਿਚ ਨਹੀਂ ਹਨ, ਕਿਉਂਕਿ ਇਨ੍ਹਾਂ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਦੀ ਵਿਚਾਰਧਾਰਾ ਨਾਲ ਮੇਲ ਨਹੀਂ ਸੀ ਖਾਂਦੀ। ਇਹੀ ਦਲੀਲ ਰਾਮਕਲੀ ਮ. ੫ ਦੇ ਸਲੋਕਾਂ ਬਾਰੇ ਹੈ। 'ਆਦਿ ਬੀੜ' ਵਿਚ ਦੋ ਸਤਰਾਂ ਰਾਮਕਲੀ ਸ਼ਬਦ ਦੀਆਂ ਹਨ, ਪਰ ਬੰਨੋ ਬੀੜ ਵਿਚ 12 ਹੋਰ ਸਤਰਾਂ ਮਿਲਦੀਆਂ ਹਨ। ਰਾਮਕਲੀ 'ਆਦਿ ਬੀੜ' ਦੇ ਅਖ਼ੀਰਲੇ ਵਰਕੇ (703/੧) ਪੁਰ ਹੈ ਅਤੇ ਦੋ ਸਤਰਾਂ ਤੋਂ ਬਾਅਦ ਸਾਰਾ ਵਰਕਾ ਖਾਲੀ ਪਿਆ ਹੈ। ਜੇ ਰਾਮਕਲੀ 'ਬੰਨੋ ਬੀੜ' ਤੋਂ ਨਕਲ ਕੀਤੀ ਹੁੰਦੀ ਤਾਂ ਸਾਰੀਆਂ ਸਤਰਾਂ ਨਕਲ ਹੋ ਸਕਦੀਆਂ ਸਨ, ਪਰ ਅਜਿਹਾ ਨਹੀਂ। ਬੰਨੋ ਬੀੜ ਦੀ ਲਿਖਣ ਤਰੀਕ 1642 ਏ.ਡੀ. ਹੈ, ਪਰ ਬਾਅਦ ਵਿਚ ਉਤੋਂ ਦੀ 1602 ਏ.ਡੀ. ਕੀਤੀ ਗਈ ਜਾਪਦੀ ਹੈ। ਇਹ ਤਬਦੀਲੀ ਸ਼ਾਇਦ ਇਸ ਦੇ ਮਾਲਕਾਂ ਨੇ ਇਸ ਲਈ ਕੀਤੀ ਹੋਵੇ ਤਾਂ ਕਿ ਇਹ ਬੀੜ ਆਦਿ ਗ੍ਰੰਥ ਤੋਂ ਪਹਿਲਾਂ ਲਿਖੀ ਸਿੱਧ ਹੋ ਸਕੇ।

ਅੰਦਰੂਨੀ ਨਿਰੀਖਣ ਤੋਂ ਸਾਫ਼ ਪਤਾ ਲੱਗਦਾ ਹੈ ਕਿ ਆਦਿ ਬੀੜ ਦੀ ਤਰਤੀਬ ਪਹਿਲਾਂ ਮਿੱਥੀ ਹੋਈ ਹੈ। ਸਾਰੀ ਬਾਣੀ ਰਾਗਾਂ ਵਿਚ ਵੰਡੀ ਹੋਈ ਹੈ ਅਤੇ ਹਰ ਰਾਗ ਵਿਚ ਬਾਣੀ ਦੀ ਤਰਤੀਬ ਪਹਿਲੇ ਗੁਰੂ ਤੋਂ ਸ਼ੁਰੂ ਹੋ ਕੇ ਪੰਜਵੇਂ ਗੁਰੂ ਤੱਕ ਅੰਕਿਤ ਹੈ। ਭਗਤਾਂ ਦੀ ਬਾਣੀ ਗੁਰੂਆਂ ਤੋਂ ਬਾਅਦ ਵਿਚ ਆਈ ਹੈ। ਹਰ ਰਾਗ ਵਿਚ ਬਾਣੀ ਕਾਵਿ ਰੂਪਾਂ ਵਿਚ ਵੀ ਵੰਡੀ ਹੋਈ ਹੈ, ਜਿਵੇਂ ਪਦੇ (ਦੋ-ਪਦੇ, ਛੇ-ਪਦੇ ਆਦਿ, ਪਰ ਜ਼ਿਆਦਾ ਚਉ-ਪਦੇ ਹਨ, ਪਦੀਆਂ, 6 ਅਸ਼ਟਪਦੀਆਂ, ਦਸ ਪਦੀਆਂ ਅਤੇ ਚੌਵੀ ਪਦੀਆਂ, ਪਰ ਬਹੁਗਿਣਤੀ ਅਸ਼ਟਪਦੀਆਂ ਦੀ ਹੈ), ਪਦੀਆਂ ਤੋਂ ਮਗਰੋਂ ਰਾਗਾਂ ਵਿਚ ਵਿਸ਼ੇਸ਼ ਸਿਰਲੇਖ ਹੇਠ ਬਾਣੀ ਅੰਕਿਤ ਹੈ, ਜਿਵੇਂ ਬਾਰਹ ਮਾਹ, ਥਿਤੀ, ਪਦੀ ਆਦਿ। ਇਸ ਤੋਂ ਬਾਅਦ ਵਿਚ ਛੰਤ, ਵਾਰਾਂ ਹਨ। ਹਰ ਕਾਵਿ ਰੂਪ ਵਿਚ ਗੁਰੂਆਂ ਦੀ ਬਾਣੀ ਤਰਤੀਬਵਾਰ ਹੈ। ਭਗਤ ਬਾਣੀ ਵਿਚ ਵੀ ਵਿਸ਼ੇਸ਼ ਤਰਤੀਬ ਰੱਖੀ ਗਈ ਹੈ। ਇਹ ਤਰਤੀਬ ਤਤਕਰੇ ਵਿਚ ਪਹਿਲਾਂ ਮਿੱਥੀ ਗਈ ਜਾਪਦੀ ਹੈ।

ਉਪਰੋਕਤ ਤਰਤੀਬ ਮਿੱਥ ਕੇ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਹਰ ਭਾਗ ਲਈ

ਲੋੜੀਂਦੇ ਸਫ਼ੇ ਰਾਖਵੇਂ ਰੱਖੇ ਜਾਣ। ਕਾਰਨ ਇਹ ਸੀ ਕਿ ਜਿਵੇਂ-ਜਿਵੇਂ ਬਾਣੀ ਇਕੱਠੀ ਕੀਤੀ ਜਾ ਰਹੀ ਸੀ, ਤਿਵੇਂ-ਤਿਵੇਂ ਉਚਿਤ ਭਾਗਾਂ ਵਿਚ ਲਿਖੀ ਜਾ ਰਹੀ ਸੀ। ਇਸ ਤਰ੍ਹਾਂ ਹਰ ਰਾਗ ਹੇਠਾਂ ਇਕ ਜਾਂ ਦੋ ਅੱਠ-ਅੱਠ ਖਾਲੀ ਵਰਕੇ ਰਾਖਵੇਂ ਰੱਖੇ ਗਏ ਪ੍ਰਤੀਤ ਹੁੰਦੇ ਹਨ। ਭਾਵੇਂ ਖਾਲੀ ਵਰਕਿਆਂ ਦੀ ਗਿਣਤੀ ਗੁਰੂਆਂ ਦੀ ਮਿਲਦੀ ਬਾਣੀ ਦੇ ਮੁਤਾਬਕ ਰੱਖਣ ਦੀ ਕੋਸ਼ਿਸ਼ ਕੀਤੀ ਗਈ ਜਾਪਦੀ ਹੈ, ਪਰ 'ਆਦਿ ਬੀੜ' ਦੇ ਸੰਪਾਦਨ ਤੋਂ ਬਾਅਦ ਥਾਂ-ਥਾਂ 'ਤੇ ਕੁਝ ਵਰਕੇ ਅੱਧੇ ਜਾਂ ਸਾਰੇ ਖਾਲੀ ਰਹਿ ਗਏ ਜਾਪਦੇ ਹਨ। ਵਰਕਿਆਂ ਦਾ ਖਾਲੀ ਰਹਿਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ 'ਆਦਿ ਬੀੜ' ਹੀ ਅਸਲੀ ਬੀੜ ਹੈ। ਜੋ ਬੀੜ ਅਸਲ ਤੋਂ ਉਤਾਰੀ ਜਾਵੇ, ਉਸ ਵਿਚ ਖਾਲੀ ਵਰਕਿਆਂ ਦਾ ਹੋਣਾ ਗ਼ੈਰ-ਕੁਦਰਤੀ ਜਾਪੇਗਾ। ਕੋਈ ਵੀ ਪੁਰਾਣੀ ਬੀੜ ਹੁਣ ਤੱਕ ਅਜਿਹੀ ਨਹੀਂ, ਜਿਸ ਵਿਚ ਖਾਲੀ ਸਫ਼ੇ ਮਿਲਦੇ ਹੋਣ। ਇਹ ਖਾਸਾ ਸਿਰਫ਼ 'ਆਦਿ ਬੀੜ' ਨਾਲ ਹੀ ਸੰਬੰਧਤ ਹੈ।

'ਆਦਿ ਬੀੜ' ਵਿਚ ਕਈ ਥਾਵਾਂ 'ਤੇ ਕਿਸੇ ਸ਼ਬਦ ਦੇ ਗ਼ਲਤ ਥਾਂ ਲਿਖੇ ਜਾਣ ਕਰਕੇ ਉਸ ਨੂੰ ਮੇਸਣ ਦਾ ਉਪਰਾਲਾ ਵੀ ਕੀਤਾ ਗਿਆ ਹੈ। ਮੇਸ ਕੇ ਉਸ ਉੱਪਰ ਉਚਿਤ ਸ਼ਬਦ ਨੂੰ ਲਿਖਿਆ ਗਿਆ ਹੈ। ਜਿੱਥੇ ਕਿਤੇ ਥਾਂ ਦੀ ਲੋੜ ਮਹਿਸੂਸ ਹੋਈ, ਉਥੇ ਹਾਸ਼ੀਆ ਵੀ ਸ਼ਬਦ ਲਿਖਣ ਲਈ ਵਰਤਿਆ ਗਿਆ ਹੈ। ਇਹ ਸਾਰੀਆਂ ਖਾਸੀਅਤਾਂ ਉਸ ਬੀੜ ਵਿਚੋਂ ਹੀ ਮਿਲ ਸਕਦੀਆਂ ਹਨ ਜੋ ਕਿਸੇ ਹੋਰ ਬੀੜ ਦਾ ਉਤਾਰ ਨਾ ਹੋਵੇ। 'ਆਦਿ ਬੀੜ' ਵਿਚ ਇਨ੍ਹਾਂ ਖਾਸੀਅਤਾਂ ਦਾ ਹੋਣਾ ਵੀ ਇਸ ਦੀ ਪ੍ਰਮਾਣੀਕਤਾ ਵੱਲ ਇਸ਼ਾਰਾ ਕਰਦਾ ਹੈ।

'ਆਦਿ ਬੀੜ' ਦੇ ਸਫ਼ਾ 45 'ਤੇ ਪੰਜਵੇਂ ਗੁਰੂ ਦਾ ਨਿਸ਼ਾਨ (ਦਸਤਖ਼ਤ) ਹੈ ਅਤੇ 540 ਉੱਤੇ ਛੇਵੇਂ ਗੁਰੂ ਦਾ ਨਿਸ਼ਾਨ ਹੈ। ਇਹ ਦੋਵੇਂ ਨਿਸ਼ਾਨ ਤਤਕਰੇ ਵਿਚ ਵੀ ਦਿੱਤੇ ਹੋਏ ਹਨ। ਇਨ੍ਹਾਂ ਨਿਸ਼ਾਨਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਵੀ ਬਾਣੀ ਦੇ ਇਕੱਤਰ ਕਰਨ ਅਤੇ 'ਆਦਿ ਬੀੜ' ਵਿਚ ਅੰਕਿਤ ਕਰਨ ਲਈ ਤਤਪਰ ਸਨ। ਕਿਸੇ ਹੋਰ ਹੱਥ-ਲਿਖਤ ਬੀੜ ਉੱਤੇ ਦੋ ਗੁਰੂਆਂ ਦੇ ਨਿਸ਼ਾਨ ਨਹੀਂ ਮਿਲਦੇ, ਇਹ ਸੁਭਾਗ ਸਿਰਫ਼ ਕਰਤਾਰਪੁਰੀ ਬੀੜ ਨੂੰ ਹੀ ਪ੍ਰਾਪਤ ਹੈ ਜੋ ਇਸ ਦੀ ਪ੍ਰਮਾਣੀਕਤਾ ਬਾਰੇ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦਾ।

ਭਾਈ ਜੋਧ ਸਿੰਘ ਅਤੇ ਦਲਜੀਤ ਸਿੰਘ ਤੇ ਕਈ ਹੋਰ ਵਿਚਾਰ 'ਆਦਿ ਬੀੜ' ਦੇ ਅਸਲ ਹੋਣ ਲਈ ਦਿੱਤੇ ਗਏ ਹਨ, ਜਿਨ੍ਹਾਂ ਦੀ ਪ੍ਰਮਾਣੀਕਤਾ ਸਾਹਮਣੇ ਮਕਲਾਊਡ ਵਰਗੇ ਵਿਰੋਧੀ ਵਿਦਵਾਨ ਨੇ ਵੀ ਹੁਣ ਮੰਨ ਲਿਆ ਹੈ ਕਿ 'ਆਦਿ ਬੀੜ' ਸਿੱਖ ਧਰਮ ਦਾ ਪ੍ਰਮੁੱਖ ਅਤੇ ਪ੍ਰਮਾਣੀਕ ਗ੍ਰੰਥ ਹੈ। ਫਿਰ ਵੀ ਕੁਝ ਅਰਧ ਚੇਤਨ ਅਤੇ ਮੂੜ੍ਹਮਤੀਏ ਵਿਅਕਤੀ ਕਿਤੇ-ਕਿਤੇ ਆਪਣੇ ਲੇਖਾਂ ਵਿਚ 'ਆਦਿ ਬੀੜ' ਦੀ ਪ੍ਰਮਾਣੀਕਤਾ ਬਾਰੇ ਦੰਦ ਘੁੱਟ ਕੇ ਗੱਲ ਕਰਦੇ ਪ੍ਰਤੀਤ ਹੁੰਦੇ ਹਨ।

## ਸਿੱਖ ਧਰਮ ਮਰਯਾਦਾ ਦਾ ਨਿਕਾਸ ਅਤੇ ਵਿਕਾਸ

ਇਸ ਵਿਸ਼ੇ ਨੂੰ ਪੜਚੋਲਣ ਲਈ ਸਭ ਤੋਂ ਪਹਿਲਾਂ ਗੁਰੂ ਗ੍ਰੰਥ ਦੀ ਵਿਚਾਰਧਾਰਾ ਨੂੰ ਵਿਚਾਰਨਾ ਜ਼ਰੂਰੀ ਹੈ।



**ਵਿਚਾਰਧਾਰਾ**:- ਗੁਰਬਾਣੀ ਦੀ ਵਿਚਾਰਧਾਰਾ ਬੜੀ ਵਿਗਿਆਨਕ ਹੈ। ਵਿਗਿਆਨਕ ਖੋਜ ਰਾਹੀਂ ਅਸੀਂ ਸੱਚ ਦੀ ਭਾਲ ਵਿਚ ਲੱਗੇ ਰਹਿੰਦੇ ਹਾਂ। ਜੀਵ (Living Being) ਹਮੇਸ਼ਾ ਆਪਣੀ ਹੋਂਦ ਨੂੰ ਸਾਬਤ ਕਰਨ ਲਈ ਆਪਣੇ ਆਪ ਨੂੰ ਬ੍ਰਹਿਮੰਡਕ ਇਕਾਈ (Cosmic Unity) ਦੇ ਸੰਦਰਭ ਵਿਚ ਰੱਖ ਕੇ ਵੇਖਦਾ ਹੈ। ਬ੍ਰਹਿਮੰਡਕ ਇਕਾਈ ਕਿਸੇ ਵਿਆਪਕ ਬਲ ਦੇ ਸਹਾਰੇ ਸਥਿਰ ਹੈ। ਇਸ ਵਿਆਪਕ ਬਲ ਨੂੰ ਸਮਝਣ ਦੀ ਚੇਸ਼ਟਾ ਜੀਵ ਵਿਚ ਵਿਆਕੁਲ ਰਹਿੰਦੀ ਹੈ ਜਾਂ ਇੰਝ ਕਹਿ ਲਓ ਕਿ ਇਸ ਬਲ ਦੀ ਪੁਨਰ ਖੋਜ (Research) ਵੱਲ ਲੱਗਾ ਰਹਿੰਦਾ ਹੈ। ਏਥੇ ਧਿਆਨਯੋਗ ਗੱਲ ਇਹ ਹੈ ਕਿ ਜੀਵ ਖੋਜ ਨਹੀਂ ਕਰਦਾ, ਬਲਕਿ ਪੁਨਰ ਖੋਜ ਕਰਦਾ ਹੈ, ਉਸ ਬ੍ਰਹਿਮੰਡਕ ਸ਼ਕਤੀ ਦੀ ਜੋ ਹਮੇਸ਼ਾ ਸੀ, ਹੈ, ਗਿਆਤ ਦੀ ਨਹੀਂ। ਅਸੀਂ ਗਿਆਤ ਤੋਂ ਅਗਿਆਤ ਵੱਲ ਪੁਨਰ ਖੋਜ ਕਰਦੇ-ਕਰਦੇ ਜਦ ਥੱਕ ਜਾਂਦੇ ਹਾਂ ਜਦ ਸਾਡੀਆਂ ਗਿਆਨ ਇੰਦਰੀਆਂ ਦੀ ਵਿੱਤੋਂ ਬਾਹਰੀ ਗੱਲ ਹੋ ਜਾਂਦੀ ਹੈ ਤਾਂ ਅਸੀਂ ਹਮੇਸ਼ਾ 'ਅੱਗੇ ਉਹ ਜਾਣੇ' ਆਖ ਕੇ ਸੰਤੁਸ਼ਟ ਹੋ ਜਾਂਦੇ ਹਾਂ। ਏਥੇ ਸ਼ਬਦ 'ਉਹ' ਉਸ ਵਿਆਪਕ ਬਲ ਜਾਂ ਸ਼ਕਤੀ ਲਈ ਵਰਤਦੇ ਹਾਂ, ਜਿਸ ਸ਼ਕਤੀ ਦੇ ਧਰਮਾਂ ਨੇ ਕਈ ਨਾਂ ਰੱਖੇ ਹੋਏ ਹਨ। ਈਸਾਈ ਉਸ ਨੂੰ GOD ਕਹਿੰਦੇ ਹਨ, ਮੁਸਲਮਾਨ ਅੱਲਾ, ਰਹੀਮ ਜਾਂ ਕਰੀਮ ਕਹਿੰਦੇ ਹਨ, ਹਿੰਦੂ ਭਗਵਾਨ, ਪ੍ਰਭੂ, ਪ੍ਰਮਾਤਮਾ ਜਾਂ ਈਸ਼ਵਰ ਦੇ ਨਾਵਾਂ ਨਾਲ ਯਾਦ ਕਰਦੇ ਹਨ। ਇਨ੍ਹਾਂ ਧਰਮਾਂ ਨੂੰ ਉਸ ਅਪਾਰ ਸ਼ਕਤੀ ਦੇ ਨਾਮਕਰਨ ਦੀ ਸ਼ਾਇਦ ਇਸ ਕਰਕੇ ਲੋੜ ਪਈ, ਕਿਉਂਕਿ ਇਨ੍ਹਾਂ ਦੇ ਪੈਗੰਬਰ ਵੀ ਆਪਣੇ ਆਪ ਨੂੰ ਰੱਬੀ ਸ਼ਕਤੀ ਮੰਨਦੇ ਸਨ। ਇਸ ਲਈ ਅਸਲ ਸ਼ਕਤੀ ਨੂੰ ਨਿਖੇੜਨ ਲਈ ਨਾਮਕਰਨ ਦੀ ਜ਼ਰੂਰਤ ਪਈ ਹੋਵੇਗੀ।

ਸਿੱਖ ਧਰਮ ਵਿਚ 'ਉਸ' ਸ਼ਕਤੀ ਦਾ ਕੋਈ ਨਾਮਕਰਨ ਨਹੀਂ ਮਿਲਦਾ। ਜੋ ਵੀ 'ਨਾਂ' (ਪ੍ਰਮਾਤਮਾ, ਰਹੀਮ, ਰੱਬ, ਕਰੀਮ, ਭਗਵਾਨ, ਕ੍ਰਿਸ਼ਨ, ਰਾਮ, ਪ੍ਰਭੂ ਆਦਿ) ਗੁਰੂ ਗ੍ਰੰਥ ਵਿਚ ਆਏ ਹਨ, ਉਹ ਦੂਸਰੇ ਧਰਮਾਂ ਤੋਂ ਉਧਾਰੇ ਲਏ ਹੋਏ ਹਨ। ਸਿੱਖ ਧਰਮ ਉਸ ਦੇ 'ਨਾਮ' ਨੂੰ ਸਤਿ ਮੰਨ ਕੇ ਤੁਰਦਾ ਹੈ, ਇਸ ਲਈ ਕਿਸੇ ਭੌਤਿਕਵਾਦੀ ਨਾਂ ਦੀ ਅਵੱਸ਼ਕਤਾ ਨਹੀਂ ਰਹਿੰਦੀ। ਨਾਂ ਰੱਖਣ ਨਾਲ ਉਸ ਦੀ ਅਪਾਰ ਸ਼ਕਤੀ ਨੂੰ ਸੀਮਤ ਕਰਨ ਵਾਲੀ ਗੱਲ ਹੈ। ਇੰਝ ਲੱਗਦਾ ਹੈ, ਧਰਮਾਂ ਦੇ ਪੈਰੋਕਾਰਾਂ ਨੂੰ 'ਉਸ ਸ਼ਕਤੀ' ਦੇ ਸਤਿ ਦੀ ਗੱਲ ਸਮਝਾਉਣ ਲਈ ਕੋਈ ਨਾਮਕਰਨ ਕਰਨਾ ਪਿਆ। ਗੁਰੂ ਸਾਹਿਬਾਨ ਨੇ ਵੀ ਆਪਣੀ ਗੱਲ ਲੋਕਾਂ ਤੱਕ ਪਹੁੰਚਾਉਣ ਲਈ ਇਹ ਵਿਧੀ ਵਰਤੀ, ਪਰ ਆਮ 'ਉਸ ਸ਼ਕਤੀ' ਦਾ ਕੋਈ ਨਾਮਕਰਨ ਨਹੀਂ ਕੀਤਾ। ਉਸ ਦੀ ਸ਼ੋਭਾ ਜਾਂ ਉਸ ਦੀ ਪਹਿਚਾਣ ਮੂਲ ਮੰਤਰ ਵਿਚ ਭਲੀਭਾਂਤ ਕਰਾਈ ਗਈ ਹੈ।

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ।
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਸਿੱਟਾ ਇਹ ਨਿਕਲਦਾ ਹੈ ਕਿ ਸਿੱਖ ਧਰਮ 'ਨਾਮ' ਦਾ ਧਰਮ ਹੈ। ਸਿੱਖ ਧਰਮ ਦੀ ਸਾਰੀ ਵਿਚਾਰਧਾਰਾ 'ਨਾਮ' ਦੇ ਦੁਆਲ਼ੇ ਘੁੰਮਦੀ ਹੈ। ਉਸ ਦੇ ਨਾਮ ਸਿਮਰਨ ਰਾਹੀਂ ਆਮ ਰੋਜ਼ਮੱਰਾ ਦੇ ਜੀਵਨ ਨੂੰ ਸੁਧਾਰਨ ਦੀ ਪ੍ਰੇਰਨਾ ਹੈ।

## ਸਿੱਖ ਧਰਮ ਅਤੇ ਨਾਮ

ਸਿੱਖ ਧਰਮ 'ਨਾਮ' ਦਾ ਧਰਮ ਹੈ। ਨਾਮ ਵਿਆਕਰਣਕ ਤੌਰ 'ਤੇ ਸੰਗਿਆ (Noun) ਹੈ, ਜਿਸ ਦਾ ਆਤਮਿਕ ਤੌਰ 'ਤੇ ਕੋਈ ਰੰਗ, ਰੂਪ ਜਾਂ ਅਸਤਿਤਵ ਨਹੀਂ ਹੁੰਦੇ, ਮਹਿਜ਼ ਨਾਮ ਹੁੰਦਾ ਹੈ, ਜਿਸ ਨੂੰ ਗਿਆਨ ਇੰਦਰੀਆਂ ਰਾਹੀਂ ਬਿਆਨਿਆ ਨਹੀਂ ਜਾ ਸਕਦਾ, ਸਿਰਫ਼ ਅਨੁਭਵ ਕੀਤਾ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਸ਼ਬਦ 'ਰੰਗ' ਹੋਰ ਰੰਗਾਂ ਦੀ ਧਾਤੂ ਸੰਗਿਆ ਹੈ। ਜੇ ਇਸ ਧਾਤੂ ਦੇ ਆਧਾਰ 'ਤੇ ਰੰਗ ਜਿਵੇਂ ਲਾਲ, ਪੀਲਾ, ਹਰਾ ਆਦਿ ਨਾ ਵਖਰਾਉਂਦੇ ਤਾਂ ਇਹ ਸ਼ਬਦ ਸਿਰਫ਼ ਅਨੁਭਵ ਤੱਕ ਹੀ ਸੀਮਤ ਹੋ ਜਾਣਾ ਸੀ। ਨਾਮਕਰਨ ਕਰਨ ਨਾਲ ਅਸੀਂ ਕਿਸੇ ਧਾਤੂ ਨੂੰ ਦੇਖਣ-ਪਰਖਣ ਦੇ ਕਾਬਲ ਬਣਾ ਦਿੰਦੇ ਹਾਂ ਅਰਥਾਤ ਉਸ ਦਾ ਭੌਤਿਕ ਪੱਖ ਉਸਾਰ ਲੈਂਦੇ ਹਾਂ, ਪਰ ਜਿਸ ਇਕਾਈ ਜਾਂ ਸ਼ਕਤੀ ਦਾ ਭੌਤਿਕ ਪੱਖ ਨਾ ਉਸਾਰਿਆ ਜਾ ਸਕੇ, ਉਸ ਦਾ ਨਾਮਕਰਨ ਨਹੀਂ ਕੀਤਾ ਜਾ ਸਕਦਾ। ਦਰਅਸਲ ਅਜਿਹੀ ਸ਼ਕਤੀ ਦੀ ਧਾਤੂ ਸੰਗਿਆ ਵੀ ਸਥਾਪਤ ਨਹੀਂ ਕੀਤੀ ਜਾ ਸਕਦੀ। ਪਰ ਇਹ ਭਾਸ਼ਾ ਦੀ ਅਯੋਗਤਾ ਹੈ, ਜਿਸ ਕਰਕੇ ਅਸੀਂ 'ਨਾਮ' ਦੀ ਸੰਗਿਆ ਵਰਤਣ 'ਤੇ ਮਜਬੂਰ ਹਾਂ।

ਜਿਸ ਸ਼ਕਤੀ ਦੇ ਆਧਾਰ 'ਤੇ ਇਹ ਬ੍ਰਹਿਮੰਡ ਇਕ ਸੰਤੁਲਨ ਇਕਾਈ ਵਿਚ ਬੱਝਾ ਹੋਇਆ ਹੈ, ਉਸ ਸ਼ਕਤੀ ਨੂੰ ਗਿਆਨ ਇੰਦਰੀਆਂ ਰਾਹੀਂ ਬਿਆਨਿਆ ਨਹੀਂ ਜਾ ਸਕਦਾ ਅਰਥਾਤ ਉਸ ਦਾ ਕੋਈ ਨਾਮਕਰਨ ਨਹੀਂ ਕੀਤਾ ਜਾ ਸਕਦਾ। ਅਜਿਹੀ ਸ਼ਕਤੀ ਨੂੰ ਸਿਰਫ਼ ਸਿਮਰਿਆ ਜਾ ਸਕਦਾ ਹੈ ਜਾਂ ਅਨੁਭਵ ਕੀਤਾ ਜਾ ਸਕਦਾ। ਫਿਰ ਵੀ ਭਾਸ਼ਾ ਦੀ ਅਯੋਗਤਾ ਕਰਕੇ ਅਸੀਂ ਉਸ ਸ਼ਕਤੀ ਨੂੰ ਸਿਰਫ 'ਨਾਮ' ਦਾ ਨਾਂ ਦੇ ਕੇ ਆਪਣੇ ਵਿਚਾਰ ਨੂੰ ਅੱਗੇ ਤੋਰਦੇ ਹਾਂ।

ਸਿੱਖ ਧਰਮ ਉਸ ਅਪਾਰ ਸ਼ਕਤੀ, ਜਿਸ ਦੇ ਸਹਾਰੇ ਇਹ ਬ੍ਰਹਿਮੰਡ ਖੜ੍ਹਾ ਹੈ, ਨੂੰ ਸਿਰਫ਼ 'ਨਾਮ' ਨਾਲ ਯਾਦ ਕਰਦਾ ਹੈ। ਇਹ ਨਾਮ ਸਿਰਫ਼ ਅਨੁਭਵ ਕੀਤਾ ਜਾ ਸਕਦਾ ਹੈ, ਇਹ ਅਨੁਭਵ ਉਸ ਵੇਲੇ ਹੁੰਦਾ ਹੈ, ਜਦ ਮਨ ਵਿਸਮਾਦ ਵਿਚ ਆਉਂਦਾ ਹੈ। ਫਿਰ ਵੀ ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ ਅਨੁਭਵ ਦੀ ਤਾਸੀਰ ਕਿਵੇਂ ਬਣਦੀ ਹੈ? ਇਸ ਦਾ ਉੱਤਰ ਮੂਲ ਮੰਤਰ ਦੇ ਵਿਸਥਾਰ ਵਿਚੋਂ ਭਲੀਭਾਂਤ ਮਿਲ ਜਾਂਦਾ ਹੈ।

ਉਹ (ਨਾਮ) ਕੇਵਲ ਇਕ ਹੈ, ਉਸ ਦਾ ਨਾਮ ਸੱਤ ਹੈ, ਉਹ ਕਰਤਾ ਪੁਰਖ ਹੈ, ਉਹ ਡਰ-ਰਹਿਤ ਹੈ, ਉਹ ਵੈਰ-ਰਹਿਤ ਹੈ, ਉਸ ਸਮੇਂ ਤੋਂ ਮੁਕਤ ਹੈ, ਉਹ ਜੂਨਾਂ ਵਿਚ ਨਹੀਂ ਪੈਂਦਾ, ਉਹ ਆਪਣੇ ਆਪ ਪ੍ਰਕਾਸ਼ ਹੈ ਅਤੇ ਉਹ ਗੁਰੂ ਦੀ ਕ੍ਰਿਪਾ ਨਾਲ ਮਿਲਦਾ ਹੈ।

ਨਾਮ ਦੀ ਉਪਰੋਕਤ ਪਰਿਭਾਸ਼ਾ ਤੋਂ ਇਹ ਅਨੁਭਵ ਹੁੰਦਾ ਹੈ ਕਿ 'ਨਾਮ' (ਅਪਾਰ ਸ਼ਕਤੀ) ਬੇਓੜਕ ਹੈ ਅਤੇ ਸਰਬਵਿਆਪੀ ਹੈ।

ਜਦ ਸੰਸਾਰ ਦੇ ਧਰਮਾਂ ਨੇ 'ਨਾਮ' ਦਾ ਨਾਮਕਰਨ ਕਰ ਲਿਆ, ਅਰਥ ਉਸ ਨੂੰ ਰੱਬ, ਰਹੀਮ, ਪ੍ਰਮਾਤਮਾ ਜਾਂ God ਆਦਿ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਇਸ ਦਾ ਮਤਲਬ ਇਹ ਹੋਇਆ ਕਿ 'ਨਾਮ' ਨੂੰ ਬੁੱਧੀ-ਵਿਵੇਕ ਦੇ ਚੌਖਟੇ ਵਿਚ ਬੰਦ ਕਰ ਲਿਆ



ਜਾਂ ਇੰਝ ਕਹਿ ਲਓ ਕਿ ਨਾਮਕਰਨ ਨਾਲ 'ਨਾਮ' ਨੂੰ ਸਿੱਧ ਕਰ ਲਿਆ ਜਾਂ Rational ਪੱਧਰ 'ਤੇ ਲੈ ਆਂਦਾ। ਸਿੱਧ ਕਰਨ ਨਾਲ ਨਾਮ ਦੀ ਸਦਾਚਾਰਕ (Moral) ਪਹਿਚਾਣ ਕਰਕੇ ਉਸ ਨੂੰ ਪਵਿੱਤਰ (Holy) ਦੀ ਸੰਗਿਆ ਨਾਲ ਜੋੜ ਲਿਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ 'ਨਾਮ' ਪਵਿੱਤਰ ਹੈ ਤਾਂ ਇਹ ਵਿਸ਼ੇਸ਼ਣ ਕਿਸੇ ਦੁਨਿਆਵੀ ਜਾਂ ਭੌਤਿਕ ਇਕਾਈ ਨਾਲ ਨਹੀਂ ਆਉਣਾ ਚਾਹੀਦਾ। ਉਸ ਸ਼ਕਤੀ ਲਈ ਕੋਈ ਅਦੁੱਤੀ ਨਾਂ ਟੋਲਣਾ ਪਵੇਗਾ। ਇਸ ਸ਼ਕਤੀ ਲਈ ਡਾ. ਔਟੋ ਨੇ ਨਿਊਮਨਸ (Numinous) ਨਾਂ ਤਜਵੀਜ਼ ਕੀਤਾ।

ਰੂਡੌਲਫ਼ ਔਟੋ ਨੇ ਸ਼ਬਦ 'ਨਿਊਮਨਸ' ਕਿਵੇਂ ਅਤੇ ਕਿਉਂ ਚੁਣਿਆ? ਇਹ ਅਸੀਂ ਉਸ ਦੀ ਆਪਣੀ ਪਰਿਭਾਸ਼ਾ ਵਿਚ ਅੰਕ ਕੇ ਸਿੱਖ ਧਰਮ ਵਿਚਲੇ 'ਨਾਮ' ਦੇ ਸੰਕਲਪ ਨਾਲ ਵਿਚਾਰਾਂਗੇ। ਡਾਕਟਰ ਔਟੋ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ-

It will be our endeavor to suggest the unnamed something (=ਨਾਮ) to the reader as far as we may, so that he may himself feel it, There is no religion in which it does not live as the real innermost core, and without it no religion would be worthy of name... For this purpose I adopt a word coined from Latin numen. Omen has given us 'ominous' and there is no reason why from numen we should not similarly form 'numinous'. I shall speak, then, of a unique 'numious' state of mind, which is always found wherever the category is applied. This mental state is perfectly sui genesis and irreducible to any other; and therefore, like every absolutely primary and elementary datum, which it admits of being discussed, it cannot be strictly defined. There is only one way to help another to an understanding of it. He must be guided and led on by consideration and discussion of the matter through the ways of his own mind, until he reaches the point at which 'the numinous' in him perforce to stir, to start into life and into consciousness.

ਡਾ. ਔਟੋ ਆਪਣੇ ਵਿਚਾਰ ਵਿਚ Unnamed Something (ਬਿਨਾਂ ਨਾਮ ਤੋਂ ਕੋਈ ਸ਼ਕਤੀ) ਦੇ ਸੰਬੰਧ ਵਿਚ ਕਹਿੰਦਾ ਹੈ ਕਿ ਉਸ ਸ਼ਕਤੀ ਨੂੰ ਸਦਾਚਾਰਕ (Ethical) ਕਦਰਾਂ-ਕੀਮਤਾਂ ਦੇ ਧਰਾਤਲ 'ਤੇ ਰੱਖ ਕੇ ਸਿੱਧ ਨਹੀਂ ਕੀਤਾ ਜਾ ਸਕਦਾ। ਉਸ ਨੂੰ ਪਵਿੱਤਰਤਾ ਦੀ ਸੰਗਿਆ ਨਾਲ ਵੀ ਨਹੀਂ ਦਰਸਾਇਆ ਜਾ ਸਕਦਾ, ਕਿਉਂਕਿ ਉਹ ਸ਼ਕਤੀ ਪਵਿੱਤਰਤਾ ਤੋਂ ਬਹੁਤ ਪਰ੍ਹੇ ਹੈ। ਉਹ ਕਿਸੇ ਸੰਕਲਪ (Concept) ਵਿਚ ਨਹੀਂ ਬੰਨ੍ਹੀ ਜਾ ਸਕਦੀ। ਪਰ ਧਰਮਾਂ ਨੇ ਉਸ ਸ਼ਕਤੀ ਨੂੰ ਸਦਾਚਾਰਕ ਚੌਖਟੇ ਵਿਚ ਰੱਖ ਕੇ, 'ਪਵਿੱਤਰ' ਤੱਕ ਸੀਮਤ ਕਰਕੇ ਉਸ ਸ਼ਕਤੀ ਦੇ ਨਾਮਕਰਨ ਕਰ ਲਏ। ਪਰ ਨਿਊਮਨਸ

ਪਰਿਭਾਸ਼ਾ ਵਿਚ ਉਪਰੋਕਤ ਸ਼ਕਤੀ ਦੇ ਵੱਖਰੇ-ਵੱਖਰੇ ਤੱਤਾਂ ਲਈ ਕੋਈ ਥਾਂ ਨਹੀਂ। ਸ਼ਕਤੀ 'ਸੈਭੰ' ਹੈ ਤੇ ਬੱਸ। ਔਟੋ ਦੇ ਮੁਤਾਬਕ ਇਹ ਉਸ ਸ਼ਕਤੀ ਦਾ ਨਾਮ ਹੈ ਜੋ ਪਵਿੱਤਰ (Holy) ਅਤੇ ਸਿੱਧੀ (Rationalization) ਤੋਂ ਨਿਰਲੇਪ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਨਿਊਮਨਸ ਹੈ ਕੀ? ਡਾ. ਔਟੋ ਨੇ ਇਸ ਦੇ ਕਈ ਤੱਤ ਦੱਸੇ ਹਨ।

1. **Creature Feeling :** ਇਹ ਉਸ ਵੇਲੇ ਹੁੰਦੀ ਹੈ, ਜਦ ਮਨ ਇਕ ਚਿਤ ਇਕ ਲਿਵ ਹੋ ਕੇ ਉਸ ਸ਼ਕਤੀ ਵਿਚ ਅਭੇਦ ਹੋ ਜਾਂਦਾ ਹੈ ਅਤੇ ਜਦ ਇਸ ਵੇਦਨਾ ਦੀ ਆਪਣੀ ਕੋਈ ਵੱਖਰੀ ਹੋਂਦ ਨਹੀਂ ਰਹਿੰਦੀ। ਇਸ ਵੇਦਨਾ ਦਾ ਸੁਭਾਅ ਅਤੇ ਪ੍ਰਕਾਸ਼ ਵਿਧੀਆਂ (Modes of Manifestation) ਕੀ ਹਨ?

2. **Mysterium Tremendum** : ਇਸ ਦਾ ਅਰਥ ਇਕ ਉਦਾਹਰਣ ਨਾਲ ਸਮਝ ਆ ਸਕਦਾ ਹੈ। ਜਦ ਤੁਸੀਂ ਕਿਸੇ ਭਿਆਨਕ ਜਾਂ ਡਰਾਉਣੀ ਥਾਂ ਵਿਚੋਂ ਲੰਘ ਰਹੇ ਹੋਵੋ ਤਾਂ ਇਕ ਅਜੀਬ ਕਿਸਮ ਦਾ ਭੈਅ ਮਹਿਸੂਸ ਹੁੰਦਾ ਹੈ। ਉਸ ਭੈਅ ਦੇ ਨਿਹਿਤ ਕਿਸੇ ਆਪਾਰ ਸ਼ਕਤੀ ਨੂੰ ਧਿਆਉਣ ਦੀ ਜੋ ਮਨੋਦਸ਼ਾ ਹੁੰਦੀ ਹੈ, ਉਸ ਨੂੰ ਔਟੋ ਨੇ Mysterium Tremendum ਕਿਹਾ ਹੈ। ਅਜਿਹੀ ਹਾਲਤ ਵਿਚ ਬੁੱਧ ਵਿਵੇਕ ਦਾ ਨਹੀਂ, ਸਗੋਂ ਕਿਸੇ ਨਿਊਮਨਸ ਸ਼ਕਤੀ ਦਾ ਖ਼ਿਆਲ ਮਨ ਵਿਚ ਪੈਦਾ ਹੁੰਦਾ ਹੈ। ਅਜਿਹੀ ਮਨੋਦਸ਼ਾ ਵਿਚ ਤੁਸੀਂ ਡਰੇ-ਡਰੇ ਅਤੇ ਬੇਵੱਸ ਮਹਿਸੂਸ ਕਰਦੇ ਹੋ। ਕਈ ਵਾਰ ਅਸੀਂ ਅਜਿਹੀ ਸਥਿਤੀ ਵਿਚ ਆਪ-ਮੁਹਾਰੇ ਵਾਹਿਗੁਰੂ-ਵਾਹਿਗੁਰੂ ਆਖਣ ਲੱਗ ਪੈਂਦੇ ਹਾਂ। ਇਸੇ ਹਾਲਤ ਨੂੰ ਡਾ ਔਟੋ Mysterium Tremendum ਕਹਿੰਦਾ ਹੈ। ਕਿਸੇ ਆਪਾਰ ਸ਼ਕਤੀ ਦਾ ਖ਼ਿਆਲ ਅਤੇ ਉਸ ਖ਼ਿਆਲ ਦੇ ਉਤਪੰਨ ਹੋਣ ਦੇ ਕਾਰਨ ਤੁਹਾਨੂੰ ਨਿਊਮਨਸ ਸ਼ਕਤੀ ਦਾ ਅਹਿਸਾਸ ਕਰਾਉਂਦੇ ਹਨ।

## ਨਿਊਮਨਸ ਅਤੇ ਨਾਮ

ਇਨ੍ਹਾਂ ਸ਼ਬਦਾਂ ਦੀ ਨਿਰੁਕਤੀ (Etymology) ਬੜੀ ਦਿਲਚਸਪ ਹੈ। ਇਹ ਦੋਵੇਂ ਸ਼ਬਦ ਧਾਤੂ (Root Word) ਪੱਖੋਂ ਇਕ-ਦੂਜੇ ਨਾਲ ਸੰਬੰਧਤ ਹੈ।

Numen ਸ਼ਬਦ ਲਤੀਨੀ ਭਾਸ਼ਾ ਦੇ ਧਾਤੂ Nuere ਨਾਲ ਸੰਬੰਧਤ ਹੈ ਅਤੇ ਨਿਰੁਕਤੀ ਦੇ ਤੌਰ 'ਤੇ ਸੰਸਕ੍ਰਿਤ ਸ਼ਬਦ 'ਨਾਮਨ' ਨਾਲ ਜਾ ਜੁੜਦਾ ਹੈ। ਸਿੱਖ ਧਰਮ ਵਿਚਲੇ 'ਨਾਮ' ਦਾ ਸੰਸਕ੍ਰਿਤ ਰੂਪ ਵੀ ਨਾਮਨ ਹੈ। ਨਾਮਨ ਦੀ ਧਾਤੂ ਹੈ 'ਨਾਮ' (ਯਾਦ ਕਰਨਾ, ਸਿਮਰਨਾ)। ਨਾਮਨ ਸੰਸਕ੍ਰਿਤ ਧਾਤੂ 'ਨਮ' ਤੋਂ ਨਿਰੁਕਤ ਹੋਇਆ ਵੀ ਮੰਨਿਆ ਜਾਂਦਾ ਹੈ। 'ਨਮ' ਦਾ ਅਰਥ ਹੈ ਝੁਕਣਾ। ਨਾਮਨ ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ 'ਨਾਮ'। ਗੁਰਬਾਣੀ ਵਿਚ ਨਾਮ ਪਦ ਨੂੰ ਨਾਉ, ਨਾਵ ਨਾਇ ਰੂਪਾਂ ਵਿਚ ਵੀ ਲਿਖਿਆ ਮਿਲਦਾ ਹੈ-

ਨਾਉ ਤੇਰਾ ਨਿਰੰਕਾਰ ਹੈ॥
ਨਾਵੇ ਅੰਦਰਿ ਹਉ ਵਸਾਂ॥
ਸਾਚਾ ਸਾਹਿਬ ਸਾਚੁ ਨਾਇ॥



ਗੁਰਬਾਣੀ ਵਿਚ ਨਾਮ ਪਦ ਆਪਾਰ ਸ਼ਕਤੀ 'ਨਿਊਮਨਸ' ਵਾਚਕ ਹੋ ਕੇ ਆਇਆ ਹੈ। ਜਿਵੇਂ ਪਹਿਲਾਂ ਵੀ ਲਿਖਿਆ ਹੈ ਕਿ ਹੋਰ ਧਰਮਾਂ ਨੇ ਨਾਮ ਜਾਂ ਨਿਊਮਨਸ ਨੂੰ ਰੱਬ, ਰਹੀਮ, ਪ੍ਰਮਾਤਮਾ, ਪ੍ਰਭੂ, ਈਸ਼ਵਰ, ਕ੍ਰਿਸ਼ਨ, ਰਾਮ, ਵਿਸ਼ਨੂੰ, ਬ੍ਰਹਮਾ ਆਦਿ ਵਿਚ ਉਸ ਸ਼ਕਤੀ ਨੂੰ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਗੁਰਬਾਣੀ ਵਿਚ ਉਸ ਨਾਮ ਨੂੰ ਸਿਰਫ਼ 'ਸਤਿ' ਕਹਿ ਕੇ ਇਸ ਨੂੰ ਕਿਸੇ ਸੀਮਾ ਤੋਂ ਬਾਹਰ ਹੀ ਰੱਖਿਆ ਹੈ। ਗੁਰਬਾਣੀ ਵਿਚ ਆਏ ਨਾਮਕਰਨਾਂ ਨੂੰ ਕਿਰਤਮ ਨਾਮ (ਜਾਤੀ ਨਾਮ) ਕਰਕੇ ਲਿਖਿਆ ਹੈ-

ਕਰਮ ਨਾਮ ਬਰਣਤ ਸੁਮਤਿ (ਜਪੁਜੀ)

ਗੁਰਬਾਣੀ ਵਿਚ ਆਪਾਰ ਸ਼ਕਤੀ ਨੂੰ ਸਤਿ ਮੰਨ ਕੇ ਇਸ ਨੂੰ ਪਰਾ ਪੂਰਬਲਾ ਕਹਿ ਕੇ ਪੁਕਾਰਿਆ ਹੈ-

ਸਤਿਨਾਮੁ ਤੇਰਾ ਪਰ ਪੂਰਬਲਾ॥ (ਮ.5)

ਅਰਥਾਤ ਤੇਰਾ ਨਾਮ ਆਦਿ ਤੋਂ ਹੀ ਹੈ ਅਤੇ ਇਸ ਲਈ ਸਤਿ ਹੈ।

ਬਾਕੀ ਦੇ ਸਰਗੁਣ ਸਰੂਪ, ਨਾਂ, ਸ਼ਿਵ, ਬ੍ਰਹਮਾ, ਵਿਸ਼ਨੂੰ ਜਾਂ ਪਾਰਬਤੀ, ਸਰਸਵਤੀ, ਲੱਛਮੀ ਆਦਿ ਉਸ ਆਪਾਰ ਸ਼ਕਤੀ ਦੀਆਂ ਵੱਖ ਸੀਮਾਵਾਂ ਦੇ ਰੂਪਮਾਤਰ ਹਨ, ਉਸ ਦੇ ਸਮੁੱਚ ਦੇ ਲਖਾਇਕ ਨਹੀਂ ਅਤੇ ਇਹ ਨਿਊਮਨਸ ਸ਼ਕਤੀ ਅਪਰ ਅਪਾਰ ਹੈ। ਜਿਸ ਦਾ ਸਮੁੱਚ ਪਾਇਆ ਨਹੀਂ ਜਾ ਸਕਦਾ। ਹਿੰਦੂ ਪੁਰਾਣ ਅਨੁਸਾਰ ਸ਼ਿਵ ਸੰਹਾਰ ਦਾ, ਬ੍ਰਹਿਮਾ ਉਤਪਤੀ ਅਤੇ ਵਿਸ਼ਨੂੰ ਪਾਲਣ ਦਾ ਦੇਵਤਾ ਹੈ, ਇਹ ਉਸ ਅਪਾਰ ਸ਼ਕਤੀ ਦੇ ਸਮਾਨਾਰਥੀ ਨਹੀਂ ਹੋ ਸਕਦੇ। ਗੁਰੂ ਗ੍ਰੰਥ ਵਿਚ ਇਨ੍ਹਾਂ ਦੇ ਨਾਂ ਸਿਰਫ਼ ਲੋਕਾਂ ਵਿਚ ਪ੍ਰਚਲਿਤ ਹੋਣ ਕਰਕੇ ਗੁਰਬਾਣੀ ਪਾਸਾਰ ਕਰਨ ਲਈ ਵਰਤੇ ਗਏ ਹਨ। ਇਹ ਗੁਰੂ ਸਾਹਿਬਾਨ ਦੀ ਦਿਵ ਦ੍ਰਿਸ਼ਟੀ ਸੀ ਕਿ 'ਸਤਿਨਾਮ' ਦਾ ਗੁਣ ਲੋਕਾਂ ਤਾਈਂ ਪਹੁੰਚਾਉਣ ਲਈ ਲੋਕ ਭਾਸ਼ਾ ਅਤੇ ਲੋਕ ਮੁਹਾਵਰਾ ਵਰਤਣਾ ਬਹੁਤ ਜ਼ਰੂਰੀ ਸੀ। ਗੁਰੂ ਨਾਨਕ ਦੇਵ ਦੀ ਬੋਲੀ ਵੀ ਪੰਜਾਬੀ ਦੇ ਅਖਾਣ ਵਾਂਗ ਹਰ ਬਾਰਾਂ ਕੋਹਾਂ 'ਤੇ ਬਦਲ ਜਾਂਦੀ ਸੀ। ਭਾਵ ਸਿਰਫ਼ ਇਹ ਹੈ ਕਿ ਉਹ ਆਪਣੇ ਭਰਮਣ ਸਮੇਂ ਜਿੱਥੇ ਵੀ ਬਾਣੀ ਦਾ ਗੁਣ ਗਾਇਨ ਕਰਦੇ ਸਨ, ਉਸ ਵਰਗ ਦੀ ਬੋਲੀ ਨਾਲ ਸਾਂਝ ਪਾ ਲੈਂਦੇ ਸਨ।

ਗੁਰਬਾਣੀ ਦੀ ਵਿਚਾਰਧਾਰਾ 'ਨਾਮ' ਦੇ ਦੁਆਲ਼ੇ ਘੁੰਮਦੀ ਹੈ। ਇਸ ਲਈ ਇਸ ਵਿਚ ਨਾਮ ਜਪਣ ਦਾ ਹੀ ਉਪਦੇਸ਼ ਹੈ ਅਤੇ ਇਹ ਨਾਮ ਦੀ ਅਰਾਧਨਾ ਦੁਨਿਆਵੀ ਜੀਵਨ ਵਿਚ ਵਿਚਰਨ ਨਾਲ ਹੀ ਹੋ ਸਕਦੀ ਹੈ। ਗੁਰਬਾਣੀ ਵਿਚ ਭਾਂਜਵਾਦ ਲਈ ਕੋਈ ਥਾਂ ਨਹੀਂ। ਗੁਰੂ ਗ੍ਰੰਥ (ਆਦਿ ਬੀੜ) ਦੇ ਸੰਕਲਨ ਸਮੇਂ ਇਨ੍ਹਾਂ ਗੱਲਾਂ ਦਾ ਖ਼ਾਸ ਖ਼ਿਆਲ ਰੱਖਿਆ ਗਿਆ ਸੀ। ਚੋਣ ਵੇਲੇ ਬਾਣੀ ਦੀ ਲਿਖਾਇਕ ਦਾ ਨਹੀਂ, ਬਾਣੀ ਦੀ ਧਾਰਾ ਦਾ ਖ਼ਿਆਲ ਰੱਖਿਆ ਗਿਆ। ਸੰਤ ਕਬੀਰ ਦੀ ਬਹੁਤ ਸਾਰੀ ਬਾਣੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਮਿਲਦੀ ਹੈ, ਇਸੇ ਤਰ੍ਹਾਂ ਹੋਰ ਭਗਤਾਂ ਦੀ ਬਾਣੀ ਵੀ ਮਿਲਦੀ ਹੈ। ਗੁਰੂ ਸਾਹਿਬਾਨ ਨੇ ਸਿਰਫ਼ ਉਹੀ ਸ਼ਬਦ 'ਆਦਿ ਬੀੜ' ਵਿਚ ਅੰਕਿਤ ਕੀਤੇ ਜੋ 'ਨਾਮ' ਦੀ ਸਿਫ਼ਤ ਸਲਾਹ ਕਰਦੇ ਹਨ ਅਤੇ ਆਮ ਜੀਵਨ ਵਿਚ ਇਨ੍ਹਾਂ ਦਾ ਪ੍ਰਵੇਸ਼ ਹੈ। ਇਸ ਤੋਂ ਪਤਾ ਲੱਗਦਾ ਹੈ ਕਿ 'ਨਾਮ' ਕੇਵਲ ਸੰਗਿਆ ਮਾਤਰ ਨਹੀਂ, ਸਗੋਂ ਜਪ ਹੈ, ਸਿਮਰਨ ਹੈ,

ਉਸ ਅਕਾਲ ਪੁਰਖ ਦੀ ਅਰਾਧਨਾ ਹੈ। ਨਾਮ (ਬਾਣੀ) ਅਤੇ ਨਾਮੀ (ਜਪਣ ਵਾਲਾ) ਦੀ ਅਭੇਦਤਾ ਨਾਲ ਉਸ ਸ਼ਕਤੀ (Numinous) ਦਾ ਅਹਿਸਾਸ ਪੈਦਾ ਹੁੰਦਾ ਹੈ। ਡਾ. ਔਟੋ ਨੇ ਨਿਊਮਨਸ ਦੇ ਸਿਧਾਂਤ ਵਿਚ ਗੁਰਬਾਣੀ ਦੇ 'ਨਾਮ' ਦੀ ਹੀ ਪਰਿਭਾਸ਼ਾ ਦਿੱਤੀ ਹੈ। ਔਟੋ ਸੰਸਕ੍ਰਿਤ ਦਾ ਵਿਦਵਾਨ ਸੀ, ਪਰ ਇਹ ਖ਼ੇਦ ਵਾਲੀ ਗੱਲ ਹੈ ਕਿ ਭਾਰਤੀ ਧਰਮ ਪ੍ਰੰਪਰਾ ਵਿਚ ਵਿਚਰਦਿਆਂ ਉਹ ਸਿੱਖ ਧਰਮ ਦੀ ਵਿਚਾਰਧਾਰਾ ਤੋਂ ਅਭਿੱਜ ਰਿਹਾ। ਜੇ ਉਸ ਨੇ ਸਿੱਖ ਧਰਮ ਪੜ੍ਹਿਆ ਅਤੇ ਵਿਚਾਰਿਆ ਹੁੰਦਾ ਤਾਂ ਉਸ ਨੂੰ ਨਿਊਮਨਸ ਦੀ ਫ਼ਿਲਾਸਫ਼ੀ ਦੀ ਪਹਿਲਾਂ ਤਾਂ ਲੋੜ ਹੀ ਨਹੀਂ ਸੀ ਪੈਣੀ, ਜੇ ਪੈਂਦੀ ਵੀ ਤਾਂ ਨਿਊਮਨਸ ਦੀ ਸ਼ਬਦਾਵਲੀ ਅਤੇ ਉਸ ਵਿਚਲੇ ਅਰਥਾਂ ਨੂੰ ਸਮਝਾਉਣ ਲਈ 'ਨਾਮ' ਦੀ ਫ਼ਿਲਾਸਫ਼ੀ ਨੇ ਕੰਮ ਸੌਖਾ ਕਰ ਦੇਣਾ ਸੀ।

ਸਿੱਖ ਧਰਮ ਮੂਲ ਤੌਰ 'ਤੇ 'ਨਾਮ' ਦਾ ਧਰਮ ਹੈ। ਆਦਿ ਗ੍ਰੰਥ ਵਿਚ ਨਾਮ ਦਾ ਹੀ ਗੁਣ ਗਾਇਨ ਹੈ। ਸਿੱਖ ਧਰਮ ਗ੍ਰੰਥਾਂ ਵਿਚ ਕੋਈ 30,000 ਤੋਂ ਵੱਧ ਸ਼ਬਦ ਹਨ, ਜਿਨ੍ਹਾਂ ਵਿਚ 'ਨਾਮ' ਦੇ ਪਦ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਰਤਿਆ ਗਿਆ ਹੈ। ਸਿੱਖ ਰਹਿਤ ਮਰਯਾਦਾ ਅਤੇ ਅਰਦਾਸ ਵਿਚ ਵੀ ਨਾਮ ਦਾ ਸਿਮਰਨ ਹੈ। ਇਸ ਕਰਕੇ ਸਿੱਖ ਧਰਮ ਦੀ ਇਤਿਹਾਸਕ ਮਹੱਤਤਾ ਵੀ ਨਾਮ ਦੇ ਅਸਤਿਤਵ ਨਾਲ ਹੀ ਬੱਝੀ ਹੋਈ ਹੈ। ਸਰਦਾਰ ਕਪੂਰ ਸਿੰਘ ਦੇ ਅਨੁਸਾਰ ਸਿੱਖ ਧਰਮ ਨੂੰ ਹੋਰਨਾਂ ਧਰਮਾਂ ਵਾਂਗ ਇਤਿਹਾਸਕ ਘਟਨਾਵਾਂ 'ਤੇ ਨਿਰਭਰ ਨਹੀਂ ਮੰਨਿਆ ਜਾਣਾ ਚਾਹੀਦਾ।

ਇਸਲਾਮ, ਈਸਾਈ ਅਤੇ ਯਹੂਦੀ ਧਰਮ ਇਹ ਮੰਨ ਕੇ ਚਲਦੇ ਹਨ ਕਿ ਉਨ੍ਹਾਂ ਪਾਸ ਇਕ ਖ਼ਾਸ ਇਲਹਾਮੀ ਬਾਣੀ ਹੈ, ਜੋ ਰੱਬ ਪਾਸੋਂ ਉਨ੍ਹਾਂ ਦੇ ਪੈਗੰਬਰਾਂ ਨੇ ਪ੍ਰਾਪਤ ਕੀਤੀ। ਈਸਾ ਮਸੀਹ ਨੂੰ 'ਰੱਬ ਦਾ ਪੁੱਤਰ' ਕਿਹਾ ਗਿਆ ਹੈ, ਮੁਹੰਮਦ ਸਾਹਿਬ ਨੂੰ 'ਰੱਬ ਦਾ ਪਿਆਰਾ' ਕਿਹਾ ਗਿਆ ਹੈ ਅਤੇ ਮੋਜ਼ਿਜ਼ ਨੂੰ ਬਲਦੀਆਂ ਝਾੜੀਆਂ ਪਿਛਵਾੜਿਉਂ ਰੱਬੀ ਬਾਣੀ ਪ੍ਰਾਪਤ ਹੋਈ। ਸਵਾਲ ਪੈਦਾ ਹੁੰਦਾ ਹੈ ਕਿ ਜੇ ਇਹ ਪੈਗੰਬਰ ਇਤਿਹਾਸਕ ਤੌਰ 'ਤੇ ਬੰਦੇ ਅਤੇ ਰੱਬ ਦੇ ਵਿਚਕਾਰ ਨਾ ਵਿਚਰਦੇ ਤਾਂ ਇਹ ਧਰਮ ਜਾਂ ਇਨ੍ਹਾਂ ਦੀ ਧਰਮ ਮਰਯਾਦਾ ਕੇਵਲ ਮਿੱਥ ਜਾਂ ਕਲਪਨਾ ਬਣ ਕੇ ਰਹਿ ਜਾਂਦੇ। ਇਹ ਧਰਮ ਪੂਰਵ ਸੰਕਲਪੀ (Predetermined) ਸੱਚਾਈ ਤੇ ਨਿਰਭਰ ਹਨ, ਭਾਵ ਕਿ ਇਨ੍ਹਾਂ ਦੀ ਇਲਹਾਮੀ ਬਾਣੀ ਘੜੀ-ਘੜਾਈ ਰੱਬ ਵਲੋਂ ਇਨ੍ਹਾਂ ਦੇ ਪੈਗੰਬਰਾਂ ਨੂੰ ਸੌਂਪ ਦਿੱਤੀ ਗਈ ਸੀ। ਇਸ ਦਾ ਅਰਥ ਇਹ ਹੋਇਆ ਕਿ ਇਨ੍ਹਾਂ ਧਰਮਾਂ ਦੀ ਬਾਣੀ ਵਿਚ ਇਲਹਾਮੀ ਵਿਕਾਸ ਨਹੀਂ ਹੋ ਸਕਦਾ, ਕਿਉਂਕਿ ਇਹ ਇਲਹਾਮ ਪਹਿਲਾਂ ਹੀ ਸੰਪੂਰਨ ਵਿਗਸਤ ਰੂਪ ਵਿਚ ਪ੍ਰਾਪਤ ਹੋਇਆ।

**ਨਿਯੂਮਿਨਾ (Numina) ਅਤੇ ਫਿਨੌਮਿਨਾ (Phenomina)**

ਉਪਰੋਕਤ ਵਿਸ਼ੇ ਦੀ ਡੂੰਘਾਈ ਤੱਕ ਪਹੁੰਚਣ ਲਈ ਇਨ੍ਹਾਂ ਦੋ ਵਿਖਮ ਭਾਵੀ ਸ਼ਬਦਾਂ ਦਾ ਅਰਥ ਵਿਚਾਰ ਗੋਚਰੇ ਲਿਆਉਣਾ ਪਵੇਗਾ। ਨਿਯੂਮਿਨਾ ਜਾਂ ਨਾਮ ਅਦਿੱਖ ਸੱਚਾਈ ਨਾਲ ਸੰਬੰਧਤ ਹੈ ਅਤੇ ਫਿਨੌਮਿਨਾ ਦਿਖ ਜਾਂ ਪ੍ਰਤੱਖ ਸੱਚਾਈ ਨਾਲ ਜੁੜਿਆ ਹੋਇਆ ਹੈ। ਨਿਯੂਮਿਨਾ ਗਿਆਨ ਇੰਦਰੀਆਂ ਰਾਹੀਂ ਅਨੁਭਵ ਕੀਤਾ ਜਾ ਸਕਦਾ, ਜਦ ਕਿ ਫਿਨੌਮਿਨਾ, ਭੌਤਿਕ ਤੌਰ 'ਤੇ, ਗਿਆਨ ਇੰਦਰੀਆਂ ਰਾਹੀਂ ਖੋਜ ਵਿਧੀਆਂ ਦੁਆਰਾ



ਖੋਜ ਦਾ ਮਾਧਿਅਮ ਬਣਾਇਆ ਜਾ ਸਕਦਾ ਹੈ। ਨਿਯੂਮਿਨਾ ਸਤਿ ਹੈ ਅਤੇ ਫਿਨੌਮਿਨਾ ਸੱਚ ਹੈ। ਗੁਰਬਾਣੀ ਵਿਚ ਵੀ ਉਸ ਅਪਾਰ ਸ਼ਕਤੀ ਨੂੰ (ਨਾਮ=Numinous) ਸਤਿ ਅਤੇ ਭੌਤਿਕ ਜਾਂ ਵਿਨਾਸ਼ਵਾਦੀ ਸ਼ਕਤੀਆਂ ਜਾਂ ਵਸਤਾਂ ਲਈ ਸੱਚ ਕਰਕੇ ਵਿਚਾਰਿਆ ਗਿਆ ਹੈ। ਨਾਮ ਸਰਵ ਵਿਆਪਕ ਹੈ, ਜਿਸ ਦਾ ਅਰਥ ਇਹ ਹੋਇਆ ਕਿ ਸ੍ਰਿਸ਼ਟੀ ਦੀ ਹਰ ਸ਼ੈਅ ਵਿਚ ਉਸ ਦਾ ਵਾਸਾ ਹੈ-

ਧਰਤਿ ਪਾਤਾਲੁ ਅਕਾਸੁ ਹੈ
ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥
ਪਾਉਣ ਪਾਣੀ ਬੈਸੰਤਰੋ।
ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸ ਗਾਵੈ ਰਾਮ॥ (ਮ. ੫)

ਜੇ 'ਨਾਮ' ਸਰਬ ਵਿਆਪਕ ਹੈ ਤਾਂ ਨਿਯੂਮਿਨਾ ਨੂੰ ਫਿਨੌਮਿਨਾ ਦੀ ਆਧਾਰਸ਼ਿਲਾ ਮੰਨਣਾ ਪਵੇਗਾ। ਇਸ ਦਾ ਭਾਵ ਇਹ ਹੋਇਆ ਕਿ ਸਤਿ (ਜੋ ਸਥਿਰ ਹੈ, ਨਾਸ਼ਵਾਨ ਨਹੀਂ) ਸੱਚ (ਜੋ ਬਿਣਸਣਯੋਗ ਹੈ, ਸਥਿਰ ਨਹੀਂ), ਉੱਤੇ ਨਿਰਭਰ ਨਹੀਂ ਬਲਕਿ ਸੱਚ, ਸਤਿ ਉੱਪਰ ਨਿਰਭਰ ਹੈ। ਨਤੀਜੇ ਵਜੋਂ ਭੌਤਿਕ ਸੱਚਾਈ, ਜੋ ਭੌਤਿਕ ਵਿਗਿਆਨ ਰਾਹੀਂ ਪੜਚੋਲੀ ਜਾ ਸਕਦੀ ਹੈ, ਦਰਅਸਲ ਮਾਇਆ (Illusion) ਹੈ, ਪਰ 'ਨਾਮ' ਜਾਂ ਪਰਮ ਸ਼ਕਤੀ ਅਸਲੀਅਤ ਹੈ। ਇਸ ਲਈ ਮਾਇਆ ਧਰਮ ਪੜਚੋਲ ਦਾ ਵਿਸ਼ਾ ਨਹੀਂ, ਜਦਕਿ ਭੌਤਿਕ ਵਿਗਿਆਨ ਦਾ ਵਿਸ਼ਾ ਹੈ। ਵਿਗਿਆਨ ਅਤੇ ਧਰਮ ਦੋ ਵੱਖਰੇ-ਵੱਖਰੇ ਵਿਸ਼ਾ ਖੇਤਰ ਹਨ ਤਾਂ ਵੀ ਇਨ੍ਹਾਂ ਵਿਚਕਾਰ ਆਪਸੀ ਵਿਰੋਧ ਕੋਈ ਨਹੀਂ। ਕਾਰਨ ਇਹ ਹੈ ਕਿ ਵਿਗਿਆਨ ਪੁਨਰ ਅਧਿਐਨ ਕਰਦੀ ਹੈ, ਉਸ ਸਚਾਈ ਦਾ ਜੋ ਸਾਰੀਆਂ ਖੋਜਾਂ ਤੋਂ ਬਾਅਦ ਅੰਤਮ ਇਕਾਈ (੧ੴ) ਵਿਚ ਸਿਮਟ ਜਾਂਦੀ ਹੈ। ਵਿਗਿਆਨਕ ਖੋਜ ਜੋ ਵੀ ਤੱਤ ਜਾਂ ਨਿਰਣੇ ਕੱਢੇ, ਉਹ ਨਿਰਣੇ ਹਮੇਸ਼ਾ ਅਧੂਰੇ ਰਹਿਣਗੇ, ਭਾਵ ਕਿ 'ਨਾਮ' ਦੀ ਤਹਿ ਤੱਕ ਨਹੀਂ ਪਹੁੰਚ ਸਕਣਗੇ।

ਈਸਾਈ ਅਤੇ ਯਹੂਦੀ ਮੱਤ ਖ਼ਾਸ ਕਰਕੇ, ਇਸਲਾਮ ਕੁਝ ਹੱਦ ਤੱਕ ਅਤੇ ਹਿੰਦੂ ਧਰਮ ਪ੍ਰਮੁੱਖ ਤੌਰ 'ਤੇ ਫਿਨੌਮਿਨਾ ਅਰਥਾਤ ਚਮਤਕਾਰ ਜਾਂ ਕ੍ਰਿਸ਼ਮਾ ਨੂੰ ਹੀ ਨਿਯੂਮਿਨਾ ਕਿਆਸ ਕਰ ਲੈਂਦੇ ਹਨ। ਇਹੀ ਕਾਰਨ ਹੈ ਕਿ ਯੀਸਸ (ਮਸੀਹ) ਨੇ ਕ੍ਰਿਸ਼ਮੇ ਦਿਖਾ ਕੇ ਆਪਣੇ ਆਪ ਨੂੰ ਹੀ ਰੱਬ ਦੇ ਰੂਪ ਵਿਚ ਪ੍ਰਸਤੁਤ ਕੀਤਾ। ਇਹੋ ਗੱਲ ਮੋਜ਼ਿਜ਼ 'ਤੇ ਵੀ ਢੁਕਦੀ ਹੈ। ਮੁਹੰਮਦ ਸਾਹਬ ਕੌਤਕਾਂ ਦੇ ਧਾਰਨੀ ਨਹੀਂ ਸਨ, ਪਰ ਕੁਰਾਨ ਦੇ ਅਗਾਊਂ ਰੱਬ ਪਾਸ ਹੋਣ ਦਾ ਸੰਕੇਤ ਦੇ ਕੇ ਇਸਲਾਮ ਨੂੰ ਵੀ ਇਤਿਹਾਸਕ ਅਤੇ ਮਿੱਥੀ ਹੋਈ ਮਨੋਵਿਗਿਆਨਕ ਦ੍ਰਿੜਤਾ ਨਾਲ ਜੋੜ ਦਿੱਤਾ। ਇਨ੍ਹਾਂ ਧਰਮਾਂ ਲਈ ਨਿਯੂਮਿਨਾ ਅਤੇ ਫਿਰੌਮਿਨਾ ਵਿਚ ਕੋਈ ਅੰਤਰ ਨਹੀਂ, ਜਦ ਕਿ ਸਿੱਖ ਧਰਮ ਵਿਚ ਨਿਯੂਮਨਾ ਜਾਂ ਨਾਮ ਹੀ ਸਤਿ ਹੈ। ਨਾਮ ਕਿਉਂਕਿ ਅੰਤਮ ਇਕਾਈ ਹੈ, ਇਸ ਲਈ ਇਤਿਹਾਸਕ ਘਟਨਾਵਾਂ ਦਾ ਧਾਰਨੀ ਨਹੀਂ। ਦੂਸਰੇ ਧਰਮ ਇਤਿਹਾਸਕ ਤੌਰ 'ਤੇ ਹੋ ਗੁਜ਼ਰੇ ਭੌਤਿਕ ਤੱਥਾਂ 'ਤੇ ਨਿਰਭਰ ਹਨ, ਇਸ ਲਈ ਇਤਿਹਾਸਵਾਦੀ ਹਨ। ਤੁਲਨਾਤਮਕ ਤੌਰ 'ਤੇ ਸਿੱਖ ਧਰਮ 'ਤੇ ਇਤਿਹਾਸਕ ਖੋਜ ਵਿਧੀਆਂ ਲਾਗੂ ਨਹੀਂ ਹੁੰਦੀਆਂ। ਸਿੱਖ ਧਰਮ ਦੇ ਨਿਕਾਸ ਅਤੇ

ਵਿਕਾਸ ਦੇ ਸਾਰੇ ਤੱਤ ਪ੍ਰੋੜਤਾ ਸਹਿਤ ਭਲੀਭਾਂਤ ਦਰਕਾਰ ਹਨ ਅਤੇ ਇਸ ਦੀ ਧਰਮ ਮਰਯਾਦਾ 'ਨਾਮ' ਦੇ ਸਤਿ ਨਾਲ ਬੱਝੀ ਹੋਈ ਹੈ। 'ਨਾਮ' ਦੀ ਕੋਈ ਹੋਰ ਪਰਿਭਾਸ਼ਾ ਨਹੀਂ, ਨਾਮ ਸਿਰਫ਼ ਨਾਮ ਹੈ ਅਤੇ ਇਸ ਪਰਮ ਇਕਾਈ ਦੀ ਸਿਫ਼ਤ ਸਲਾਹ ਮੂਲ ਮੰਤਰ ਵਿਚ ਨਿਹਿਤ ਹੈ।

**ਪੁਸਤਕ ਸੂਚੀ :**


1. Rudolf Otto, 1949, The Idea of the Holy. (Translation J.W. Harvey). Oxford University Press, London.
2. Kapur Singh, 1993. Sikhism: An Oecumenical Religion. (Ed. Gurtej Singh). Institute of Sikh Studies, Chandigarh.
3. Daljeet Singh, 1997. Essay on the Authenticity of Kartarpur Bir and Integrated Logic and Unity of Sikhism, Punjabi University, Patiala.
4. Jodh Singh, 1990.ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
5. Helmer Ringgren, 1979, Historical Methodology in Western Religious. Proc. Intl. Conference.




## ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਬਾਰੇ ਨਿਰਣਾ

ਸੰਸਾਰ ਦੇ ਧਰਮਾਂ ਵਿਚ ਕੇਵਲ ਚਾਰ ਧਰਮ ਹੀ ਅਜਿਹੇ ਹਨ, ਜਿਨ੍ਹਾਂ ਨੂੰ ਅਹਿਲੇ ਕਿਤਾਬ (Book Religions) ਦਾ ਰੁਤਬਾ ਹਾਸਲ ਹੈ। ਇਹ ਹਨ-ਯਹੂਦੀ, ਇਸਾਈ, ਇਸਲਾਮ ਅਤੇ ਸਿੱਖ ਧਰਮ, ਜਿਨ੍ਹਾਂ ਦੇ ਧਾਰਮਿਕ ਗ੍ਰੰਥਾਂ ਨੂੰ ਕ੍ਰਮਵਾਰ ਓਲਡ ਟੈਸਟਾਮੈਂਟ (ਤੌਰੇਤ), ਬਾਈਬਲ, ਕੁਰਾਨ ਅਤੇ ਗੁਰੂ ਗ੍ਰੰਥ ਕਿਹਾ ਜਾਂਦਾ ਹੈ। ਇਨ੍ਹਾਂ ਗ੍ਰੰਥਾਂ ਵਿਚੋਂ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਆਪਣੇ ਮੁਬਾਰਕ ਹੱਥਾਂ ਨਾਲ ਕੀਤੀ, ਬਾਕੀ ਦੇ ਸਾਰੇ ਧਰਮਾਂ ਦੇ ਗ੍ਰੰਥ ਉਨ੍ਹਾਂ ਦੇ ਪੈਗੰਬਰਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਵਿਚ ਲਿਖੇ ਗਏ। ਗੁਰੂ ਗ੍ਰੰਥ ਦੇ ਪੰਨਿਆਂ 'ਤੇ ਪੰਜਵੇਂ ਅਤੇ ਛੇਵੇਂ ਪਾਤਸ਼ਾਹ ਦੇ ਨਿਸ਼ਾਨ (ਦਸਖ਼ਤ) ਹਨ। ਪ੍ਰਥਾ ਦੇ ਅਨੁਸਾਰ ਗੁਰੂ ਸਾਹਿਬਾਨ ਆਪਣੇ ਨਾਮ ਦੇ ਦਸਖ਼ਤ ਨਹੀਂ ਸਨ ਕਰਦੇ ਕੇਵਲ ਆਪਣੇ ਮੁਬਾਰਕ ਹੱਥ ਨਾਲ 'ਮੂਲਮੰਤ੍ਰ' ਲਿਖ ਦਿਆ ਕਰਦੇ ਸਨ, ਜਿਸਨੂੰ ਨਿਸ਼ਾਨ ਕਿਹਾ ਜਾਂਦਾ ਹੈ। ਕਿਸੇ ਗ੍ਰੰਥ ਉੱਤੇ ਕਿਸੇ ਗੁਰੂ ਦੇ ਨਿਸ਼ਾਨ ਦਾ ਹੋਣਾ, ਉਸ ਗ੍ਰੰਥ ਦੀ ਪ੍ਰਮਾਣਿਕਤਾ ਦਾ ਸਬੂਤ ਸਮਝਿਆ ਜਾਂਦਾ ਹੈ।

ਇਸ ਪੱਖੋਂ ਦੁਨੀਆਂ ਦੇ ਸਾਰੇ ਧਰਮਾਂ ਦੇ ਗ੍ਰੰਥਾਂ ਵਿਚੋਂ ਕੇਵਲ ਗੁਰੂ ਗ੍ਰੰਥ ਨੂੰ ਹੀ ਅਜਿਹੀ ਪ੍ਰਮਾਣਿਕਤਾ ਦਾ ਦਰਜਾ ਹਾਸਲ ਹੈ। ਫੇਰ ਵੀ ਕੁਝ ਪੱਛਮੀ ਸਿੱਖ ਸਕਾਲਰਾਂ ਅਤੇ ਕੁਝ ਹਿੰਦੂ ਧਰਮ ਦੇ ਕੱਟੜਪੰਥੀਆਂ ਨੇ ਗੁਰੂ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਭੁਲੇਖੇ ਪਾਉਣ ਦੀ ਹਿਮਾਕਤ ਕੀਤੀ ਹੈ। ਇਨ੍ਹਾਂ ਵਿਚੋਂ ਅਰਨਿਸਟ ਟ੍ਰੰਪ (Ernest Trumpp) ਅਤੇ ਹਿਊ ਮਕਲਾਊਡ (Hew Mcleod) ਨੇ ਸਭ ਤੋਂ ਵੱਧ ਗੁਰੂ ਗ੍ਰੰਥ ਦੀ ਸਮੱਗਰੀ ਅਤੇ ਉਸਦੀ ਪ੍ਰਮਾਣਿਕਤਾ ਨੂੰ ਜਾਣ ਬੁਝ ਕੇ ਉਲਝਾਇਆ ਹੈ। ਇਹ ਦੋਵੇਂ ਹਿੰਦੁਸਤਾਨ ਵਿਚ ਮਿਸ਼ਨਰੀ ਦੇ ਤੌਰ 'ਤੇ ਆਏ ਅਤੇ (ਜਿਵੇਂ ਕਿ ਮਿਸ਼ਨਰੀਜ਼ ਨੂੰ ਸਿਖਾਇਆ ਜਾਂਦਾ ਹੈ) ਆ ਕੇ ਧਰਮਾਂ ਦੀ ਤੋੜ-ਮਰੋੜ ਸ਼ੁਰੂ ਕਰ ਦਿੱਤੀ ਤਾਂ ਕਿ ਸੰਬੰਧਤ ਧਰਮਾਂ ਦੀ ਗ਼ਰੀਬ ਜਨਤਾ ਨੂੰ ਕ੍ਰਿਸਚੀਅਨ ਜਾਂ ਈਸਾਈ ਬਣਾ ਸਕਣ। ਮਕਲਾਊਡ ਨੇ ਸਿੱਖ ਧਰਮ ਦੀ ਟੀਕਾ-ਟਿੱਪਣੀ ਰਾਹੀਂ ਆਪਣੇ ਆਪ ਨੂੰ ਸਿੱਖ ਸਕਾਲਰ ਸਥਾਪਿਤ ਕਰਕੇ ਆਪਣੇ ਅਕਾਦਮਿਕ ਜੀਵਨ ਨੂੰ ਨਿਊਜ਼ੀਲੈਂਡ ਦੀ ਯੂਨੀਵਰਸਿਟੀ ਵਿਚ ਸੁਰੱਖਿਅਤ ਕਰ ਲਿਆ। ਕਿਉਂਕਿ ਉਸਨੂੰ ਪੰਜਾਬੀ ਆਉਂਦੀ ਸੀ, ਇਸ ਲਈ ਪੰਜਾਬ ਵਿਚ ਪੰਜਾਬੀ ਭਾਸ਼ਣਾਂ ਰਾਹੀਂ ਚੰਗੇ ਭਲੇ ਸਿੱਖ ਵਿਦਵਾਨਾਂ ਨੂੰ ਭਰਮਾ ਲਿਆ। ਉਹ ਮਕਲਾਊਡ ਦੀਆਂ ਆਪ-ਹੁਦਰੀਆਂ ਸਿੱਖ ਸਿਧਾਂਤ ਬਾਰੇ ਧਾਰਨਾਵਾਂ ਨੂੰ ਮੂੰਹ ਚੁੱਕ ਕੇ ਹੈਰਤ ਨਾਲ ਸੁਣਦੇ ਰਹੇ ਅਤੇ ਅਣਗੌਲਿਆਂ ਵਾਹ-ਵਾਹ ਕਰਦੇ ਰਹੇ। ਉਨ੍ਹਾਂ ਲਈ ਕੇਵਲ ਏਨਾ ਹੀ ਬਹੁਤ ਸੀ ਕਿ ਇਹ ਗੋਰਾ ਪੰਜਾਬੀ ਭਾਸ਼ਾ ਵਿਚ ਸਾਡੇ ਧਰਮ ਬਾਰੇ ਵਿਚਾਰ ਵਿਅਕਤ ਕਰ ਰਿਹਾ ਹੈ। ਚਿੱਟੀ

ਚਮੜੀ ਦੇ ਅਸਰ ਹੇਠ ਉਹ ਭੁੱਲ ਗਏ ਕਿ ਇਹ ਗੋਰਾ ਤੁਹਾਡੇ ਧਰਮ ਦੀਆਂ ਜੜ੍ਹਾਂ ਰੇਤ ਰਿਹਾ ਹੈ। ਇਨ੍ਹਾਂ ਵਿਦਵਾਨਾਂ ਵਿਚ ਡਾ. ਗੰਡਾ ਸਿੰਘ, ਡਾ. ਫ਼ੌਜਾ ਸਿੰਘ ਅਤੇ ਡਾ. ਭਾਈ ਜੋਧ ਸਿੰਘ ਦੇ ਨਾਂਅ ਵਰਨਣਯੋਗ ਹਨ। ਆਖਰ ਨੂੰ ਜਦ ਭਾਈ ਜੋਧ ਸਿੰਘ ਨੇ 'ਕਰਤਾਰਪੁਰੀ ਬੀੜ ਦੇ ਦਰਸ਼ਨ' ਲਿਖੀ। ਉਨ੍ਹਾਂ ਨੇ ਕਰਤਾਰਪੁਰੀ ਬੀੜ ਦਾ ਵਰਕਾ-ਵਰਕਾ ਵਾਚ ਕੇ ਉਸਦਾ ਹੂ-ਬ-ਹੂ ਉਤਾਰਾ ਆਪਣੀ ਪੁਸਤਕ ਵਿਚ ਦਰਜ ਕੀਤਾ। ਯਾਦ ਰਹੇ ਕਿ ਜਿਹੜੀ ਬੀੜ ਗੁਰੂ ਪੰਜਵੇਂ ਪਾਤਸ਼ਾਹ ਨੇ ਸੰਪਾਦਤ ਕੀਤੀ ਸੀ, ਉਸਦਾ ਨਾਂਅ ਅੱਜਕਲ੍ਹ ਕਰਤਾਰਪੁਰੀ ਬੀੜ ਹੈ। ਕਿਉਂਕਿ ਇਹ ਬੀੜ ਗੁਰੂ ਘਰ ਦੇ ਦੋਖੀਆਂ (ਪ੍ਰਿਥੀ ਚੰਦ) ਦੇ ਹੱਥ ਲੱਗ ਗਈ ਸੀ ਇਸ ਲਈ ਇਹ ਬੀੜ ਪੀੜ੍ਹੀ-ਦਰ-ਪੀੜ੍ਹੀ ਸੋਢੀ ਖ਼ਾਨਦਾਨ ਦੇ ਕਬਜ਼ੇ ਵਿਚ ਚਲੀ ਆਉਂਦੀ ਹੈ ਅਤੇ ਸੋਢੀ ਪਰਿਵਾਰ ਦਾ ਨਿਵਾਸ ਸਥਾਨ ਕਰਤਾਰਪੁਰ ਹੈ। ਇਸ ਕਰਕੇ ਇਸਨੂੰ ਕਰਤਾਰਪੁਰੀ ਬੀੜ ਕਿਹਾ ਜਾਂਦਾ ਹੈ।

ਮਕਲਾਊਡ ਨੇ ਕਰਤਾਰਪੁਰੀ ਬੀੜ ਅਤੇ ਸਿੱਖ ਧਰਮ ਮਰਯਾਦਾ ਬਾਰੇ ਕਈ ਊਟ-ਪਟਾਂਗ ਮਨੌਤਾਂ (Hypotheses) ਪ੍ਰਚੱਲਿਤ ਕੀਤੀਆਂ। ਇਨ੍ਹਾਂ ਵਿਚ ਸਭ ਤੋਂ ਖ਼ਤਰਨਾਕ ਅਤੇ ਮਹੱਤਵਪੂਰਨ ਮਨੌਤ ਇਹ ਸੀ ਕਿ ਕਰਤਾਰਪੁਰੀ ਬੀੜ ਪ੍ਰਮਾਣਿਤ (Authentic) ਨਹੀਂ। ਕਿਉਂਕਿ ਇਹ ਸੁਣੀ-ਸੁਣਾਈ ਬਾਣੀ 'ਤੇ ਆਧਾਰਿਤ ਹੈ ਇਸ ਲਈ ਇਹ ਗੁਰੂ ਨਾਨਕ ਦੀ ਹੂ-ਬ-ਹੂ ਉਹ ਬਾਣੀ ਨਹੀਂ ਜੋ ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰੀ ਸੀ। ਨਾਲੇ ਇਹ ਵੀ ਕਿਹਾ ਕਿ ਪੰਜਵੇਂ ਪਾਤਸ਼ਾਹ ਨੇ ਬੰਨੋ ਬੀੜ (ਜੋ ਸਹਾਰਨਪੁਰ ਵਿਖੇ ਹੈ) ਦੀ ਸੰਪਾਦਨਾ ਕੀਤੀ ਸੀ, ਜਿਸਦੀ ਕਾਪੀ ਦਰਅਸਲ ਕਰਤਾਰਪੁਰੀ ਬੀੜ ਹੈ। ਇੱਥੋਂ ਤੱਕ ਕਿਹਾ ਕਿ ਬਾਣੀ ਲਿਖਤੀ ਰੂਪ ਵਿਚ ਇਕ ਗੁਰੂ ਤੋਂ ਦੂਜੇ ਗੁਰੂ ਤਕ ਨਹੀਂ ਪਹੁੰਚੀ, ਇਸ ਲਈ ਸਮੇਂ-ਸਮੇਂ ਸਿਰ ਇਸ ਵਿਚ ਬਦਲਾਅ ਅਤੇ ਰਲਾਅ ਹੁੰਦਾ ਰਿਹਾ ਹੈ। ਇਸ ਵਾਦ-ਵਿਵਾਦ ਵਿਚ ਕੁਝ ਹੋਰ ਮਿਸ਼ਨਰੀ ਵੀ ਸ਼ਾਮਲ ਸਨ, ਜਿਨ੍ਹਾਂ ਦੇ ਨਾਂਅ ਹਨ-ਜੌਨ ਆਰਚਰ ਅਤੇ ਸੀ.ਐਲ.ਲੌਲਨ। ਇਨ੍ਹਾਂ ਨੇ ਕਰਤਾਰਪੁਰੀ ਬੀੜ ਬਾਰੇ ਵਾਦ-ਵਿਵਾਦ ਸਭ ਤੋਂ ਪਹਿਲਾਂ ਸ਼ੁਰੂ ਕੀਤਾ ਅਤੇ ਮਕਲਾਊਡ ਨੇ ਇਸਨੂੰ ਭਖਾਈ ਰੱਖਿਆ। ਕਰਤਾਰਪੁਰੀ ਬੀੜ ਬਾਰੇ ਵਾਦ-ਵਿਵਾਦ ਕਦੋਂ ਸ਼ੁਰੂ ਹੋਇਆ ਅਤੇ ਇਸ ਵਿਚ 'ਗੁਰੂ ਗ੍ਰੰਥ' ਬਾਰੇ ਕਿਹੜੇ-ਕਿਹੜੇ ਨੁਕਤੇ ਉਠਾਏ ਗਏ, ਉਨ੍ਹਾਂ ਦਾ ਸੰਖੇਪ ਸਾਰੰਸ਼ ਹੇਠਲੇ ਚਾਰਟ ਦੇ ਰੂਪ ਵਿਚ ਪੇਸ਼ ਕਰਦੇ ਹਾਂ।

| ਨਾਮ | ਸਾਲ | ਕਰਤਾਰਪੁਰੀ ਬੀੜ (ਕ.ਬ.) ਬਾਰੇ ਵਾਦ-ਵਿਵਾਦ |
|---|---|---|
| ਜੋਨ ਆਰਚਰ | 1946 | ਕ.ਬ. ਗੁਰੂ ਅਰਜਨ ਦੇਵ ਜੀ ਨੇ ਸੰਪਾਦਤ ਕੀਤੀ। |
| ਸੀ.ਐਚ. ਲੋਲਨ | 1946 | ਕ.ਬ. 'ਤੇ ਗੁਰੂ ਅਰਜਨ ਦੇਵ ਜੀ ਦਾ ਨਿਸ਼ਾਨ ਨਹੀਂ ਅਤੇ ਨਾ ਹੀ ਲਿਖਣ ਤਾਰੀਖ ਹੈ। |
| ਭਾਈ ਜੋਧ ਸਿੰਘ | 1946 | ਕ.ਬ. 1604 ਈ. ਵਿਚ ਲਿਖੀ ਗਈ। |
| ਮਹਾਂ ਸਿੰਘ | 1946 | ਬੰਨੋ ਬੀੜ 1642 ਈ. ਵਿਚ ਲਿਖੀ ਗਈ। |



| ਨਾਮ | ਸਾਲ | ਕਰਤਾਰਪੁਰੀ ਬੀੜ (ਕ.ਬ.) ਬਾਰੇ ਵਾਦ-ਵਿਵਾਦ |
|---|---|---|
| ਸੀ.ਐਚ. ਲੋਲਨ | 1966 | ਪੰਜਵੇਂ ਗੁਰੂ ਦਾ ਨਿਸ਼ਾਨ ਹੈ ਪਰ ਲਿਖਣ ਤਾਰੀਖ ਅਤੇ ਦਸਤਖ਼ਤ ਨਹੀਂ। |
| ਜੋਨ ਆਰਚਰ | 1966 | ਪੰਜਵੇਂ ਗੁਰੂ ਦਾ ਤਤਕਰੇ ਵਿਚ ਨਿਸ਼ਾਨ ਨਹੀਂ, ਨਾ ਹੀ ਲਿਖਣ ਤਾਰੀਖ ਹੈ। |
| ਭਾਈ ਜੋਧ ਸਿੰਘ | 1966 | 'ਕਰਤਾਰਪੁਰੀ ਬੀੜ ਦੇ ਦਰਸ਼ਨ' ਪੁਸਤਕ ਲਿਖ ਕੇ ਸਾਰੇ ਸ਼ੰਕੇ ਦੂਰ ਕੀਤੇ। |
| ਹੀਊ ਮਕਲਾਊਡ | 1975 | ਕ.ਬ. ਪ੍ਰਮਾਣਕ ਨਹੀਂ, ਇਹ ਬੰਨੋ ਬੀੜ ਦੀ ਕਾਪੀ ਹੈ, ਇਸ 'ਤੇ ਪਾਠਗਤ ਨਿਰਣਾ ਹੋਣਾ ਚਾਹੀਦਾ ਹੈ। ਇਸੇ ਗੱਲ ਨੂੰ ਬਰਕਲੇ ਕਾਨਫਰੰਸ ਵਿਚ ਵੀ ਦੁਹਰਾਇਆ। |
| ਸੀ.ਐਚ. ਲੋਲਨ | 1979 | ਬਰਕਲੇ ਕਾਨਫਰੰਸ ਵਿਚ ਜੋਧ ਸਿੰਘ ਨਾਲ ਸਹਿੰਦੀ ਸਹਿੰਦੀ ਸਹਿਮਤੀ ਵਿਖਾਈ। |
| ਹੀਊ ਮਕਲਾਊਡ | 1979 | ਬਰਕਲੇ ਕਾਨਫਰੰਸ ਵਿਚ ਆਪਣੀ ਪਹਿਲੀ ਗੱਲ 'ਤੇ ਅੜਿਆ ਰਿਹਾ। |
| ਦਿਲਜੀਤ ਸਿੰਘ | 1987 | ਕ.ਬ. ਤੇ ਖੋਜ ਪੱਤਰ ਲਿਖ ਕੇ ਜੋਧ ਸਿੰਘ ਨਾਲ ਸਹਿਮਤੀ ਪ੍ਰਗਟ ਕੀਤੀ। |
| ਸੀ.ਐਚ. ਲੋਲਨ | 1987 | ਇਕ ਮਨਘੜਤ ਖ਼ਤ (ਜੋ ਕਿਸੇ ਹੋਰ ਨੇ ਲੋਲਨ ਦੇ ਨਾਂ ਹੇਠ ਛਾਪਿਆ) ਰਾਹੀਂ 1966 ਦੇ ਨਿਰਣੇ ਸਹੀ ਦੱਸੇ। |
| ਹੀਊ ਮਕਲਾਊਡ | 1989 | ਬੰਨੋ ਬੀੜ ਪ੍ਰਮਾਣਕ ਹੈ ਅਤੇ ਕ.ਬ. ਇਸਦੀ ਕਾਪੀ ਹੈ। |
| ਹੀਊ ਮਕਲਾਊਡ | 1990 | ਵਿਦਵਾਨਾਂ ਦੀਆਂ ਰਾਵਾਂ ਅੱਗੇ ਸਿਰ ਝੁਕਾ ਕੇ ਆਖ਼ਰ ਨੂੰ ਮੰਨ ਗਿਆ ਕਿ ਕ.ਬ. ਪ੍ਰਮਾਣਕ ਹੈ। |

ਮਕਲਾਊਡ ਆਪਣੀਆਂ ਇਨ੍ਹਾਂ ਮਨਘੜਤ ਦਲੀਲਾਂ ਨੂੰ ਪੁਸਤਕਾਂ ਵਿਚ ਅਤੇ ਕਾਨਫਰੰਸਾਂ ਵਿਚ ਉਸ ਵਕਤ ਤੱਕ ਦੁਹਰਾਉਂਦਾ ਰਿਹਾ ਜਦ ਤੱਕ ਭਾਈ ਜੋਧ ਸਿੰਘ ਨੇ ਕਰਤਾਰਪੁਰੀ ਬੀੜ ਦਾ ਵਰਕਾ-ਵਰਕਾ ਵਾਚ ਕੇ ਪੁਸਤਕ 'ਕਰਤਾਰਪੁਰੀ ਬੀੜ ਦੇ ਦਰਸ਼ਨ' ਛਾਪੀ। ਆਪਣੀ ਪੁਸਤਕ ਵਿਚ ਭਾਈ ਸਾਹਿਬ ਨੇ ਮਕਲਾਊਡ ਦੇ ਸਾਰੇ ਸ਼ੰਕੇ ਦੂਰ ਕਰ ਦਿੱਤੇ। ਆਖ਼ਰ ਨੂੰ ਮਕਲਾਊਡ ਨੇ ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਨੂੰ ਜੀਭ ਟੁੱਕ ਕੇ ਮੰਨ ਲਿਆ। ਪਰ ਇਕ ਹੋਰ ਸਵਾਲ ਖੜ੍ਹਾ ਕਰ ਦਿੱਤਾ ਕਿ ਕਰਤਾਰਪੁਰੀ ਬੀੜ ਲਿਖਣ ਲਈ ਪੰਜਵੇਂ ਗੁਰੂ ਨੇ ਹੋਰ ਖਰੜਿਆਂ ਦਾ ਆਸਰਾ ਲਿਆ, ਜਿਨ੍ਹਾਂ ਵਿਚ ਗੁਰੂ ਹਰਿਸਹਾਏ ਪੋਥੀ, ਗੋਇੰਦਵਾਲ ਪੋਥੀਆਂ ਅਤੇ ਇਕ ਨਵਾਂ ਲੱਭਿਆ ਖਰੜਾ ਨੰਬਰ 1245 ਸ਼ਾਮਲ ਹਨ। ਖਰੜਿਆਂ ਦਾ ਪਰਪੰਚ ਆਪਣੇ ਝੰਡਾ ਬਰਦਾਰ ਵਿਦਿਆਰਥੀਆਂ ਦੇ ਥੀਸਿਜਜ਼ ? ਰਾਹੀਂ ਰਚਾਇਆ। ਪਿਸ਼ੌਰਾ ਸਿੰਘ ਅਤੇ ਗੁਰਿੰਦਰ ਸਿੰਘ ਮਾਨ ਨੇ ਖਿਚ-ਧੂਹ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਨ੍ਹਾਂ ਖਰੜਿਆਂ ਨੇ ਕਰਤਾਰਪੁਰੀ ਬੀੜ

ਦੀ ਸਥਾਪਨਾ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਇਨ੍ਹਾਂ ਦੀ ਖੋਜ ਦਾ ਮੂਲ ਆਧਾਰ ਵੀ ਇਹੋ ਸੀ ਕਿ ਗੁਰੂਆਂ ਦੀ ਬਾਣੀ ਲਿਖਤੀ ਰੂਪ ਵਿਚ ਨਹੀਂ ਮਿਲਦੀ। ਇਸ ਲਈ ਇਹ ਖਰੜੇ ਹੀ 'ਗੁਰੂ ਗ੍ਰੰਥ' ਦੀ ਸਥਾਪਨਾ ਲਈ ਅਹਿਮ ਕੜੀ ਸਮਝੇ ਜਾਣੇ ਚਾਹੀਦੇ ਹਨ। ਮਕਲਾਊਡ ਐਂਡ ਪਾਰਟੀ ਨੇ ਜਾਣ ਬੁਝ ਕੇ ਸਿੱਖ ਧਰਮ ਮਰਯਾਦਾ ਨੂੰ ਦਾਗੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੀ ਖੋਜ ਨੂੰ ਅਕਾਦਮਿਕ ਪੱਧਰ ਦੀ ਗਰਦਾਨ ਕੇ ਆਪਣੇ ਦੁਆਲੇ ਅਕਾਦਮਿਕ ਕਾਕੂਨ ਬਣਾ ਲਿਆ ਹੈ, ਕਿਉਂਕਿ ਜਦ ਕੋਈ ਵਿਦਵਾਨ ਇਨ੍ਹਾਂ ਦੀ ਖੋਜ ਰੱਦ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਇਹ ਆਤਮ ਘੋਸ਼ਿਤ ਵਿਦਵਾਨ ਉਨ੍ਹਾਂ ਦਾ ਕੋਈ ਉੱਤਰ ਤੱਕ ਦੇਣਾ ਜ਼ਰੂਰੀ ਨਹੀਂ ਸਮਝਦੇ। ਮੁਕਾਬਲੇ ਤੇ ਜੇ ਕਿਤੇ ਕਿਸੇ ਅਕਾਦਮਿਕ ਖੇਤਰ ਵਿਚ ਕੋਈ ਵਿਗਿਆਨੀ ਆਪਣੀ ਖੋਜ 'ਤੇ ਹੋਈ ਟੀਕਾ-ਟਿੱਪਣੀ ਦਾ ਉੱਤਰ ਤਕ ਨਾ ਦੇਵੇ ਤਾਂ ਉਹ ਸਾਇੰਸਦਾਨਾਂ ਦੀ ਕਮਿਊਨਿਟੀ 'ਚੋਂ ਆਪਣੇ ਆਪ ਛੇਕੇ ਜਾਂਦੇ ਹਨ।

ਮਕਲਾਊਡ ਦੀਆਂ ਸਾਰੀਆਂ ਮਨੌਤਾਂ ਦਾ ਆਧਾਰ ਪਹਿਲੇ ਗੁਰੂ ਨਾਨਕ ਦੇਵ ਤੋਂ ਲੈ ਕੇ ਪੰਜਵੇਂ ਗੁਰੂ ਤੱਕ ਗੁਰਬਾਣੀ ਦਾ ਲਿਖਤੀ ਰੂਪ ਵਿਚ ਨਾ ਮਿਲਣਾ ਹੈ। ਜੇ ਅਸੀਂ ਇਹ ਸਿੱਧ ਕਰ ਦੇਈਏ ਕਿ ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਬਾਣੀ ਲਿਖੀ ਵੀ ਜਾਂਦੀ ਸੀ ਤਾਂ ਮਕਲਾਊਡ ਅਤੇ ਉਸਦੇ ਝੰਡਾ ਬਰਦਾਰਾਂ ਦੀਆਂ ਸਾਰੀਆਂ ਮਨੌਤਾਂ 'ਤੇ ਪਾਣੀ ਫਿਰ ਜਾਵੇਗਾ। ਇਸ ਲੇਖ ਦਾ ਇਹੋ ਮੂਲ ਮਨੋਰਥ ਹੈ। ਕਰਤਾਰਪੁਰੀ ਬੀੜ ਦੀ ਪ੍ਰਮਾਣਿਕਤਾ ਬਾਰੇ ਅਸੀਂ ਕੁਝ ਅਜਿਹੇ ਪ੍ਰਮਾਣ ਪੇਸ਼ ਕਰਾਂਗੇ, ਜਿਨ੍ਹਾਂ ਦਾ ਆਧਾਰ ਵਿਗਿਆਨਕ ਵੀ ਹੈ ਅਤੇ ਇਤਿਹਾਸਕ ਤੱਥ ਇਨ੍ਹਾਂ ਦੀ ਪੁਸ਼ਟੀ ਵੀ ਕਰਦੇ ਹਨ।

**(ੳ) ਪਹਿਲਾ ਪ੍ਰਮਾਣ :**

**ਗੁਰੂ ਨਾਨਕ, ਲਿਪੀ ਅਤੇ ਵਰਣਮਾਲਾ**

ਕਿਸੇ ਬੋਲੀ ਵਿਚ ਲਿਖਤੀ ਸਾਹਿਤ ਦੇ ਵਿਚਰਨ ਲਈ ਉਸ ਬੋਲੀ ਦੀ ਉਚਿਤ ਵਰਣਮਾਲਾ ਹੋਣੀ ਚਾਹੀਦੀ ਹੈ। ਸੰਪੂਰਨ ਵਰਣਮਾਲਾ ਵਿਚ ਵਿਅੰਜਨ ਅਤੇ ਸੂਰ ਦੋਵੇਂ ਗਿਣੇ ਜਾਂਦੇ ਹਨ। ਗੁਰੂ ਨਾਨਕ ਦੇਵ ਵੇਲੇ (1469-1539 ਈ.) ਤਕ ਪੰਜਾਬੀ ਦੇ ਬਹੁਤੇ ਸਾਰੇ ਅੱਖਰ ਹੋਂਦ ਵਿਚ ਆ ਚੁੱਕੇ ਸਨ। ਪਰ ਉਨ੍ਹਾਂ ਦੀਆਂ ਧੁਨੀਆਂ ਅਤੇ ਸੰਬੰਧਿਤ ਲਗਾਂ ਮਾਤ੍ਰਾਂ (ਸੂਰਾਂ) ਨਿਸ਼ਚਿਤ ਨਹੀਂ ਸਨ। ਜਿਵੇਂ 'ਸੱਸਾ' ਤਿੰਨ ਪ੍ਰਕਾਰ ਦਾ ਸੀ (ਇਕ ਦੇਵਨਾਗਰੀ ਦੀ ਸ਼ਕਲ ਦਾ)। 'ਵਾਵਾ' ਵੀ ਤਿੰਨ ਪ੍ਰਕਾਰ ਦਾ ਸੀ। ਇਸੇ ਤਰ੍ਹਾਂ 'ਲੱਲਾ' ਦੇ ਵੀ ਤਿੰਨ ਰੂਪ ਸਨ, 'ਦੱਦਾ' ਤੇ 'ਹਾਹੇ' ਦੇ ਵੀ ਦੋ-ਦੋ ਰੂਪ ਸਨ। ਸੂਰਾਂ ਦੇ ਰੂਪ ਵੀ ਭਿੰਨ-ਭਿੰਨ ਸਨ ਅਤੇ ਆਮ ਕਰਕੇ ਲੰਡਿਆਂ ਦੇ ਪ੍ਰਭਾਵ ਹੇਠ ਵਰਤੇ ਵੀ ਨਹੀਂ ਸਨ ਜਾਂਦੇ। ਅਨੁਨਾਸਕ ਧੁਨੀ ਲਈ ਕੇਵਲ ਬਿੰਦੀ ਹੀ ਵਰਤੀ ਜਾਂਦੀ ਸੀ ਪਰ ਟਿੱਪੀ ਵਰਗਾ ਚਿੰਨ੍ਹ ਵੀ ਮਿਲਦਾ ਸੀ। ਕਈ ਧੁਨੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਲਈ ਕੋਈ ਅੱਖਰ ਮੌਜੂਦ ਨਹੀਂ ਸੀ। ਸਾਰੰਸ਼ ਇਹ ਕਿ ਗੁਰੂ ਨਾਨਕ ਦੇਵ ਜੀ ਵੇਲੇ ਪੰਜਾਬੀ ਬੋਲੀ ਲਈ ਕੋਈ ਪ੍ਰਮਾਣਿਕ ਅਤੇ ਸੰਪੂਰਨ ਲਿਪੀ ਦਰਕਾਰ ਨਹੀਂ ਸੀ। ਫਲਸਰੂਪ, ਗੁਰੂ ਨਾਨਕ ਦੇਵ ਜੀ



ਨੇ ਸਭ ਤੋਂ ਪਹਿਲਾਂ ਪੰਜਾਬੀ ਵਰਣਮਾਲਾ ਦੀ ਸੁਧਾਈ ਵੱਲ ਧਿਆਨ ਦਿੱਤਾ। ਇਸ ਸੁਧਾਈ ਵਿਚ ਪ੍ਰਥਮ ਤੌਰ 'ਤੇ ਗੁਰੂ ਨਾਨਕ ਦਾ ਹੱਥ ਹੈ ਪਰ ਗੁਰੂ ਅੰਗਦ ਦੇਵ ਨੂੰ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਲਿਪੀ ਦੇ ਸੁਧਾਰ ਲਈ ਗੁਰੂ ਨਾਨਕ/ਗੁਰੂ ਅੰਗਦ ਨੇ ਹੇਠ ਲਿਖੀਆਂ ਸੁਧਾਈਆਂ ਕੀਤੀਆਂ।

(ੳ) ਅੱਖਰ ਙ, ਝ ਅਤੇ ਞ ਦਾ ਨਵਾਂ ਰੂਪਾਂਤਰਨ ਕੀਤਾ ਅਤੇ ੜ ਅੱਖਰ ਨਵਾਂ ਸਾਜਿਆ।

(ਅ) ਸੰਸਕ੍ਰਿਤ ਮੂਲ ਦੀਆਂ ਧੁਨੀਆਂ ਜੋ ਨਿਰਾਰਥਕ ਬਣ ਚੁੱਕੀਆਂ ਸਨ, ਖ਼ਤਮ ਕਰ ਦਿੱਤੀਆਂ ਜਿਵੇਂ ਕਸ਼ਾ, ਸ਼, ਰਿ, ਰੀ, ਲਿ ਅਤੇ ਲੀ।

(ੲ) ਪੰਜਾਬੀ ਦੀ ਇਕੱਲੀ-ਇਕੱਲੀ ਧੁਨੀ ਲਈ ਕੇਵਲ ਇਕ ਇਕ ਚਿੰਨ੍ਹ ਨਿਸ਼ਚਿਤ ਕੀਤਾ। ਜਿਵੇਂ ਮਹਾਂਪ੍ਰਾਣ ਧੁਨੀਆਂ (ਘ, ਝ, ਢ, ਧ, ਭ) ਲਈ ਦੋ ਅੱਖਰਾਂ ਦੀ ਥਾਂ ਇਕੱਲਾ-ਇਕੱਲਾ ਅੱਖਰ ਨਿਯਤ ਕੀਤਾ। ਉਸ ਵੇਲੇ ਦੇਵਨਾਗਰੀ 'ਚ ਇਹ ਅੱਖਰ ਦੋ ਅੱਖਰਾਂ ਤੋਂ ਬਣਾਏ ਜਾਂਦੇ ਸਨ।

(ਸ) ਸੂਰਾਂ ਵਿਚ ਦੁਲਾਵਾਂ, ਹੋੜਾਂ, ਕਨੌੜਾ ਦੇ ਨਵੇਂ ਚਿੰਨ੍ਹ ਮਿਲਾਏ।

(ਹ) ਸੂਰਾਂ ਦੀਆਂ ਸ਼ਕਲਾਂ ਅਤੇ ਧੁਨੀਆਂ ਨੂੰ ਨਿਸਚਿਤ ਕੀਤਾ।

(ਕ) ਸੂਰਾਂ ਵਿਚ ਤਿੰਨ ਮੁੱਢਲੀਆ ਧੁਨੀਆਂ ੳ, ਅ, ੲ ਨਿਯਤ ਕੀਤੀਆਂ।

(ਖ) ਪੈਂਤੀ ਅੱਖਰਾਂ ਦੇ ਨਵੇਂ ਰੂਪ ਨਿਸਚਿਤ ਕਰਕੇ ਇਨ੍ਹਾਂ ਨੂੰ ਟਵਰਗਾਂ ਅਰਥਾਤ ਪੰਜ-ਪੰਜ ਅੱਖਰਾਂ ਦੀਆਂ ਪਾਲਾਂ ਵਿਚ ਵੰਡਿਆ। ਚ-ਚਵਰਗ ਤੋਂ ਲੈ ਕੇ ਪ-ਟਵਰਗ ਤੱਕ ਅੱਖਰਾਂ ਦੀਆਂ ਪਾਲਾਂ ਪੁਰਾਣੇ ਸਮੇਂ ਤੋਂ ਸਥਾਪਿਤ ਹੋ ਚੁੱਕੀਆਂ ਸਨ। ਪਹਿਲੀ ਅਤੇ ਦੂਜੀ ਪਾਲ ਦੀ ਅਦਲਾ-ਬਦਲੀ ਜ਼ਰੂਰੀ ਸੀ। ਗੁਰੂ ਨਾਨਕ ਦੀ 'ਪੱਟੀ ਲਿਖੀ' ਬਾਣੀ ਵਿਚ ਸ, ੲ, ੳ ਸ਼ੁਰੂ ਵਿਚ ਹਨ ਅਤੇ ਹ, ਅ ਅਖ਼ੀਰ ਵਿਚ ਆਉਂਦੇ ਹਨ। ਇਨ੍ਹਾਂ ਨੂੰ ਮੁੜ ਕੇ ਤਰਤੀਬ ਦੇ ਕੇ ੳ, ਅ, ੲ, ਸ, ਹ ਟਵਰਗ ਬਣਾਇਆ। ਙ ਨੂੰ ਚੁੱਕ ਕੇ ਘ ਦੇ ਪਿੱਛੇ ਲਾ ਕੇ ਕ-ਟਵਰਗ ਬਣਾਇਆ। ਪਾਠਕਾਂ ਦੀ ਸਹੂਲੀਅਤ ਲਈ ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਗੁਰੂ ਨਾਨਕ ਦੀ ਬਾਣੀ 'ਪੱਟੀ ਲਿਖੀ' ਵਿਚ ਪੈਂਤੀ ਦੇ ਸਾਰੇ ਅੱਖਰ ਮੌਜੂਦ ਸਨ। ਪਰ ਤਰਤੀਬ ਪਹਿਲਾਂ ਦੀਆਂ ਪ੍ਰਚਲਿਤ ਲਿੱਪੀਆਂ ਵਾਲੀ ਹੈ

(ਗ) ਲਗਾਂ ਦੀ ਵਰਤੋਂ ਲਾਜ਼ਮੀ ਹੋ ਗਈ ਕਿਉਂਕਿ ਇਨ੍ਹਾਂ ਦੇ ਆਧਾਰ ਉੱਤੇ ਰਾਗਾਂ ਅਤੇ ਕਾਵਿ-ਛੰਦਾਂ ਦੀ ਵਿਉਂਤਬੰਦੀ ਅਤੇ ਬਣਤਰ ਨਿਰਭਰ ਕਰਦੀ ਹੈ।

(ਘ) ਅਨੁਨਾਸਿਕ ਚਿੰਨ੍ਹਾਂ ਦੀ ਵਰਤੋਂ ਲਾਜ਼ਮੀ ਕਰ ਦਿੱਤੀ।

(ਙ) ਸ਼ਬਦ-ਜੋੜ, ਉਚਾਰਨ ਦੇ ਮੁਤਾਬਕ ਕਰ ਦਿੱਤੇ।

ਸਵਾਲ ਪੈਦਾ ਹੁੰਦਾ ਹੈ ਕਿ ਸਾਡੇ ਪਾਸ ਕੀ ਸਬੂਤ ਹੈ ਜੋ ਉਪਰੋਕਤ ਸੁਧਾਈਆਂ ਦੀ ਹਾਮੀ ਭਰਦਾ ਹੋਵੇ?

ਭਾਸ਼ਾ ਅਤੇ ਵਿਚਾਰ (Language and Thought) ਦਾ ਆਪਸੀ ਰਿਸ਼ਤਾ ਜਿੰਨਾ ਡੂੰਘਾ ਅਤੇ ਅਨੁਭਵੀ ਹੋਵੇਗਾ, ਓਨਾ ਹੀ ਅਸਰਦਾਇਕ ਹੋਵੇਗਾ। ਵਿਚਾਰ ਸ਼ਬਦਾਂ ਦੀ ਭਾਸ਼ਾ ਹੈ। ਉਚਿਤ ਸ਼ਬਦਾਂ ਰਾਹੀਂ ਵਿਚਾਰ ਉੱਘੜਦੇ ਹਨ। ਸ਼ਬਦ ਵਿਚਾਰਾਂ

ਦਾ ਲਿਬਾਸ ਹਨ। ਸੁੰਦਰ ਲਿਬਾਸ ਕਈ ਵਾਰੀ ਕੱਚਘਰੜ ਵਿਚਾਰਾਂ ਨੂੰ ਵੀ ਭਾਵਪੂਰਤ ਬਣਾ ਦਿੰਦਾ ਹੈ। ਸਹੀ ਅਰਥ ਦੇਣਾ ਸ਼ਬਦ ਦਾ ਧਰਮ ਹੈ। ਇਸ ਲਈ ਕਿਸੇ ਵੀ ਭਾਸ਼ਾ ਵਿਚ ਸ਼ਬਦਾਂ ਦੀ ਵਿਸ਼ਾਲਤਾ, ਉਸਦੇ ਸਾਹਿਤ ਦੀ ਗੌਰਵਤਾ ਅਤੇ ਵਡੱਤਣ ਦੀ ਸੂਚਕ ਹੋਇਆ ਕਰਦੀ ਹੈ। ਸ਼ਬਦ ਕੀ ਹਨ? ਢੁੱਕਵੀਂ ਲਿਪੀ ਵਿਚ ਲਿਖੇ ਸਾਰਥਿਕ ਅਰਥਾਂ ਦੀਆਂ ਸੰਯੁਕਤ ਇਕਾਈਆਂ, ਜਿਨ੍ਹਾਂ ਵਿਚ ਅੱਖਰਾਂ ਦੀਆਂ ਧੁਨੀਆਂ ਰਚੀਆਂ ਹੋਈਆਂ ਹਨ। ਇਹ ਧੁਨੀਆਂ ਓਨੀਆਂ ਹੀ ਅਰਥ ਭਰਪੂਰ ਅਤੇ ਕੰਨ-ਰਸੀ ਹੋਣਗੀਆਂ, ਜਿੰਨੇ ਨਿਸਚਿਤ ਅੱਖਰਾਂ ਦੇ ਧੁਨੀਗ੍ਰਾਮ ਹੋਣਗੇ। ਇਸ ਲਈ ਕਿਸੇ ਬੋਲੀ/ਭਾਸ਼ਾ ਵਿਚ ਸ਼ਕਤੀਸ਼ਾਲੀ ਵਿਚਾਰਾਂ ਦਾ ਵਿਅਕਤ ਹੋਣਾ ਉਸ ਬੋਲੀ ਦੀ ਲਿਪੀ ਦੀ ਸੰਪੂਰਨਤਾ 'ਤੇ ਨਿਰਭਰ ਹੈ। ਇਸ ਵਿਚ ਤਾਂ ਕੋਈ ਸੰਦੇਹ ਨਹੀਂ ਕਿ ਗੁਰੂ ਨਾਨਕ ਦੇਵ ਦੇ ਵਿਚਾਰ ਉਤਕ੍ਰਿਸ਼ਟ ਅਤੇ ਸ਼ਕਤੀਸ਼ਾਲੀ ਹਨ। ਇਸ ਲਈ ਇਨ੍ਹਾਂ ਦੇ ਸਾਕਾਰਨ ਅਤੇ ਪ੍ਰਸਾਰਣ ਲਈ ਉਚਿਤ ਸ਼ਬਦਾਵਲੀ ਦਾ ਹੋਣਾ ਵੀ ਜ਼ਰੂਰੀ ਸੀ। ਸ਼ਬਦਾਵਲੀ ਲਈ ਢੁੱਕਵੀਂ ਲਿਪੀ ਦੀ ਜ਼ਰੂਰਤ ਸੀ। ਉਸ ਵੇਲੇ ਭਾਵੇਂ ਪੰਜਾਬੀ ਦੇ ਬਹੁਤ ਸਾਰੇ ਅੱਖਰ ਅਤੇ ਸੂਰ ਮੌਜੂਦ ਸਨ ਪਰ ਉਨ੍ਹਾਂ ਦੀਆਂ ਸ਼ਕਲਾਂ ਅਤੇ ਧੁਨੀਆਂ ਨੂੰ ਨਿਸਚਿਤ ਅਤੇ ਸਾਰਥਿਕ ਰੂਪ ਦੇਣ ਦੀ ਲੋੜ ਸੀ। ਇਹ ਕੰਮ ਗੁਰੂ ਨਾਨਕ ਨੇ ਜਾਂ ਉਨ੍ਹਾਂ ਦੀ ਅਗਵਾਈ ਹੇਠ ਅੰਗਦ ਦੇਵ ਜੀ ਨੇ ਕੀਤਾ। ਇਹ ਲੋੜ ਉਸ ਵੇਲੇ ਪਈ ਜਾਪਦੀ ਹੈ ਜਦ ਗੁਰੂ ਨਾਨਕ ਦੇਵ ਆਪਣੀ ਬਾਣੀ ਦੂਸਰੇ ਗੁਰੂ ਨੂੰ ਲਿਖਤੀ ਰੂਪ ਵਿਚ ਸੌਂਪਣਾ ਚਾਹੁੰਦੇ ਹਨ। ਬਾਣੀ ਖਾਸ ਰਾਗਾਂ ਅਤੇ ਛੰਦਾਂ ਵਿਚ ਰਚੀ ਹੋਈ ਹੈ। ਰਾਗਾਂ ਦੇ ਸੁਰ ਅਤੇ ਛੰਦਾਂ ਦੀਆਂ ਮਾਤਰਾਂ, ਹਿਸਾਬ ਵਾਂਗ ਨਿਸਚਿਤ ਹਨ। ਇਸ ਲਈ ਬਾਣੀ ਕੇਵਲ ਲਿਖਤੀ ਰੂਪ ਵਿਚ ਹੀ ਸੌਂਪੀ ਜਾ ਸਕਦੀ ਸੀ। ਸੰਗੀਤਕ ਅਤੇ ਕਾਵਿਕ ਪੱਖ 'ਤੇ ਵਿਚਾਰ ਕਰਨ ਤੋਂ ਪਹਿਲਾਂ ਆਉ ਦੇਖੀਏ ਕਿ ਲਿਪੀ ਦੀ ਸੁਧਾਈ ਬਾਰੇ ਇਤਿਹਾਸਕ ਗਵਾਹੀ ਕੀ ਕਹਿੰਦੀ ਹੈ?

**ਇਤਿਹਾਸਕ ਗਵਾਹੀ (Historical Testimony)**

ਸਭ ਤੋਂ ਪਹਿਲਾਂ ਸੰਕੇਤ ਗੋਇੰਦਵਾਲ ਪੋਥੀਆਂ ਵਿਚ ਅੰਕਿਤ ਹੈ।

*ਗੁਰੂ ਅੰਗਦ ਗੁਰਮੁਖੀ ਅੱਖਰ ਬਨਾਏ ਬਾਬੇ ਦੇ ਅੱਗੇ ਸਬਦੁ ਭੇਟ ਕੀਤਾ।*
*-ਗੋਇੰਦਵਾਲ ਪੋਥੀ ਨੰਬਰ-2*

ਦਿਲਚਸਪ ਗੱਲ ਇਹ ਹੈ ਕਿ ਜਿਵੇਂ-ਜਿਵੇਂ ਤੁਸੀਂ ਇਤਿਹਾਸ ਵਿਚ ਅੱਗੇ ਵਧੀ ਜਾਂਦੇ ਹੋ, ਗੁਰਮੁਖੀ ਲਿਪੀ ਦੇ ਬਣਾਉਣ ਦੀ ਕਹਾਣੀ ਇਤਿਹਾਸਕ ਤੌਰ 'ਤੇ ਪਿੱਛੇ ਨੂੰ ਤੁਰੀ ਜਾਂਦੀ ਹੈ। ਦੂਜਾ ਸੰਕੇਤ ਜਿਸਦਾ ਜ਼ਿਕਰ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਨੇ ਕੀਤਾ ਹੈ, ਕੰਕਨ ਨਾਮੀ ਕਵੀ ਦੇ ਅਣਛਪੇ ਖਰੜਾ ਨੰਬਰ ਬ-226 (ਪਬਲਿਕ ਲਾਇਬ੍ਰੇਰੀ, ਲਾਹੌਰ) ਵਿਚੋਂ ਉਪਲਬਧ ਹੁੰਦਾ ਹੈ।

*ਏਹ ਕੀਆ ਉਪਕਾਰ ਬੜਾ ਗੁਰ ਅੱਛਰ ਬੇਦਨ ਕੇ ਪਲਟਾਏ॥*
*ਗੁਰਮਖਿ ਅਖਯਰ ਕੀਨੇ ਤਬੈ ਜਬ ਕੈ ਸਿਉ ਕੇ ਨਰ ਕਸ਼ਟ ਨਾ ਪਾਏ॥*



*ਐਸੀ ਹੁਤੀ ਜਗੇ ਮੈ ਨ ਕਦਾਚਿਤ ਮੋ ਸੇ ਗਰੀਬ ਕੇ ਕੌਨ ਸਿਖਾਏ॥*
*ਖਸਦ ਹੀ ਮਾਸ ਹੈ ਹੋਤ ਪ੍ਰਾਪਤਿ ਬੁਧਿ ਬਿਹੀਨ ਕੇ ਕੌਨ ਬਤਾਏ॥*

*ਦੋਹਰਾ : ਧਨ ਧਨ ਨਾਨਕ ਗੁਰੂ ਕੀਨਾ ਪਰਉਪਕਾਰ*
*ਅਛਰ ਕਾ ਪੁਲ ਬਾਂਧ ਕੇ ਸਿਸਟਿ ਉਤਾਰੀ ਪਾਰ॥9॥*

ਇਸ ਕਥਾ ਵਿਚ ਗੁਰਮੁਖੀ ਦੇ ਅੱਖਰ (ਅਛਰ) ਗੁਰੂ ਨਾਨਕ ਦੇਵ ਜੀ ਨੇ ਬਣਾਏ ਹੋਏ ਦਰਸਾਏ ਗਏ ਹਨ।

ਤੀਜਾ ਸੰਕੇਤ ਭਾਈ ਕੇਸਰ ਸਿੰਘ ਛਿੱਬਰ ਨੇ ਪੇਸ਼ ਕੀਤਾ ਹੈ, ਜੋ ਇਸ ਪ੍ਰਕਾਰ ਹੈ:

*ਜੈਸੇ ਸਾਹਿਬ ਸ੍ਰੀ ਚੰਦ ਜੀ ਅਖਰ ਗੁਰਮੁਖੀ ਬਣਾਹੇ*
*ਅਗੇ ਸਾਸਤ੍ਰੀ, ਪਾਰਸੀ, ਟਾਕਰੇ ਆਹੇ* *-ਬੰਸਾਵਲੀ ਨਾਮਾ*

ਛਿੱਬਰ ਨੇ ਗੁਰਮੁਖੀ ਦੇ ਅੱਖਰ ਬਣਾਉਣ ਦੀ ਗੱਲ ਹੋਰ ਵੀ ਪਿੱਛੇ ਪਾ ਦਿੱਤੀ। ਉਸ ਅਨੁਸਾਰ ਇਹ ਅੱਖਰ ਬਾਬਾ ਨਾਨਕ ਦੇ ਪੁੱਤ ਸ੍ਰੀ ਚੰਦ ਨੇ ਬਣਾਏ। ਕੁਝ ਵਿਦੇਸ਼ੀ ਇਤਿਹਾਸਕਾਰ ਜਿਵੇਂ ਜੀ.ਏ. ਗ੍ਰੀਅਰਸਨ ਅਤੇ ਮੈਕਸ ਆਰਥਰ ਮਕਾਲਿਫ਼ ਨੇ ਪੰਜਾਬੀ ਲਿਪੀ ਦੇ ਨਿਰਮਾਣ ਲਈ ਗੁਰੂ ਅੰਗਦ ਨੂੰ ਪਹਿਲ ਦਿੱਤੀ ਹੈ। ਮਕਾਲਿਫ਼ ਨੇ ਤਾਂ ਸਾਫ਼ ਸ਼ਬਦਾਂ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੀ ਬਾਣੀ ਨੂੰ ਲਿਖਣ ਲਈ ਗੁਰੂ ਅੰਗਦ ਨੇ ਲਿਪੀ ਦੀ ਸੁਧਾਈ ਵਲ ਧਿਆਨ ਦਿੱਤਾ। ਕਿਉਂਕਿ ਬਾਣੀ ਲਿਖਤੀ ਰੂਪ ਵਿਚ ਸੌਂਪੀ ਗਈ। ਇਸ ਲਈ ਸਿੱਧ ਹੈ ਕਿ ਖ਼ੁਦ ਗੁਰੂ ਨਾਨਕ ਦੀ ਸੰਗੀਤਮਈ ਅਤੇ ਸੁਰਬੱਧ ਬਾਣੀ ਨੂੰ ਲਿਖਣ/ਲਿਖਾਉਣ ਲਈ ਖ਼ੁਦ ਗੁਰੂ ਨਾਨਕ ਦੇਵ ਜੀ ਦਾ ਅਹਿਮ ਹੱਥ ਹੋਵੇਗਾ। ਸਾਰੰਸ਼ ਇਹ ਹੋਇਆ ਕਿ ਗੁਰੂ ਨਾਨਕ ਵੇਲੇ ਗੁਰਮੁਖੀ ਦੇ ਬਹੁਤ ਸਾਰੇ ਅੱਖਰ ਮੌਜੂਦ ਸਨ ਪਰ ਲਿਪੀ ਨਹੀਂ ਸੀ। ਅੱਖਰ ਲਿਪੀ ਦੀ ਸਮੱਗਰੀ ਹਨ, ਜਿਨ੍ਹਾਂ ਨੂੰ ਧੁਨੀਆਂ ਦੇ ਅਨੁਸਾਰ ਵਿਉਂਤਣ ਤੋਂ ਬਾਅਦ ਲਿਪੀਬੱਧ ਕੀਤਾ ਜਾਂਦਾ ਹੈ। ਗੁਰੂ ਨਾਨਕ/ਅੰਗਦ ਨੇ ਰਲ-ਮਿਲ ਕੇ ਗੁਰਮੁਖੀ ਲਿਪੀ ਨੂੰ 'ਸੰਪੂਰਨ ਪੈਂਤੀ' ਵਿਚ ਸਕੀਮਬੱਧ ਕੀਤਾ। ਇਸ ਵਿਚ ਜਿਹੜੇ ਅੱਖਰਾਂ ਦੀ ਸ਼ਕਲ ਸੰਵਾਰਨ ਵਾਲੀ ਸੀ ਉਹ ਸੰਵਾਰੀ, ਕੁਝ ਲੋੜੀਂਦੇ ਅੱਖਰ ਆਪ ਸਿਰਜੇ ਅਤੇ ਇਸੇ ਤਰ੍ਹਾਂ ਲਗਾਂ-ਮਾਤਰਾਂ ਦੀ ਸੁਧਾਈ ਵੀ ਕੀਤੀ।

**(ਅ) ਦੂਜਾ ਪ੍ਰਮਾਣ :**

**ਰਾਗ ਅਤੇ ਗੁਰਬਾਣੀ**

ਗੁਰਬਾਣੀ ਰਾਗਾਂ ਵਿਚ ਲਿਖੀ ਹੋਈ ਹੈ। ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਹਨ। ਸਾਰੇ ਰਾਗ ਸਪਤਮ ਅਰਥਾਤ ਸੱਤ ਸੁਰਾਂ ਦੇ ਕਰਮਪਰਵਰਤਨ (Permutation Combination) ਤੋਂ ਬਣਦੇ ਹਨ। ਸੱਤ ਸੁਰਾਂ (ਸਪਤਮ) ਨੂੰ ਸਾ, ਰੇ, ਗਾ, ਮਾ, ਪਾ, ਧਾ, ਨੀ ਕਿਹਾ ਜਾਂਦਾ ਹੈ। ਰਾਗ, ਸ਼ੁੱਧ, ਕੋਮਲ ਜਾਂ ਤੀਬਰ ਸੁਰਾਂ ਦੇ ਸੰਗਮ ਨਾਲ ਵਖਰਾਏ

ਜਾਂਦੇ ਹਨ। ਵੈਸੇ ਤਾਂ 22 ਸੁਰਾਂ ਮੰਨੀਆਂ ਗਈਆਂ ਹਨ ਪਰ ਇਨ੍ਹਾਂ ਵਿਚ ਸੱਤ ਮੁੱਖ ਸੁਰਾਂ ਹਨ। ਸੁਰ ਦੋ ਪ੍ਰਕਾਰ ਦੇ ਹਨ-ਸ਼ੁੱਧ ਅਤੇ ਵਿਕਰਤ। ਵਿਕਰਤ ਸੁਰ ਦੋ ਭਾਗਾਂ ਵਿਚ ਵੰਡੇ ਹੋਏ ਹਨ-ਕੋਮਲ ਅਤੇ ਤੀਵਰ।

ਸ਼ੁੱਧ ਸੁਰ- ਸ, ਰ, ਗ, ਮ, ਪ, ਧ, ਨੀ ਹਨ।

ਕੋਮਲ ਸੁਰ- ਸ਼ੁੱਧ ਸੁਰਾਂ ਤੋਂ ਨੀਵੇਂ ਬੋਲਣ ਵਾਲੇ ਸੁਰਾਂ ਨੂੰ ਕੋਮਲ ਕਿਹਾ ਜਾਂਦਾ ਹੈ ਜਿਵੇਂ ਰੇ, ਗਾ, ਧਾ, ਨੀ।

ਤੀਵਰ ਸੁਰ- ਜੋ ਸ਼ੁੱਧ ਸੁਰਾਂ ਤੋਂ ਉੱਚਾ ਬੋਲਦੇ ਹਨ, ਉਹ ਤੀਵਰ ਸੁਰ ਹਨ। ਕੇਵਲ 'ਮ' ਹੀ ਤੀਵਰ ਸੁਰ ਮੰਨਿਆ ਗਿਆ ਹੈ। ਗੁਰਬਾਣੀ ਦੇ ਸਾਰੇ ਰਾਗ ਉਪਰੋਕਤ ਸੁਰਾਂ ਦੇ ਤਾਲਮੇਲ ਤੋਂ ਸਾਜੇ ਗਏ ਹਨ। ਜਿਵੇਂ :

**ਮਾਝ ਰਾਗ** :

ਆਰੋਹੀ : ਸਾ ਰੇ ਮਾ ਪਾ ਨੀ ਸਾ (ਗਾ ਅਤੇ ਧਾ ਵਰਜਿਤ ਹਨ)

ਅਵਰੋਹੀ : ਸਾਂ ਨੀ ਧਾ ਪਾ, ਧਾ ਨੀ ਧਾ, ਪਾ, ਮਾ, ਗਾ, ਰੇ, ਸਾ

**ਰਾਗ ਆਸਾ** :

ਆਰੋਹੀ : ਸਾ ਰੇ ਮਾ ਪਾ ਧਾ ਸਾ

ਅਵਰੋਹੀ : ਸਾ, ਨੀ ਧਾ ਪਾ ਮਾ ਗਾ ਰੇ ਸਾ

**ਸਿਰੀ ਰਾਗ** :

ਆਰੋਹੀ : ਸਾ ਰੇ ਰੇ ਮਾ ਪਾ, ਪਾ ਨੀ ਸਾਂ

ਅਵਰੋਹੀ : ਸਾਂ ਨੀ ਧੁ ਪਾ, ਮਾ ਧਾ ਮਾ ਗਾ ਰੇ, ਰੇ ਰੇ ਪਾ,
ਰੇ ਗਾ ਗਾ ਰੇ ਸਾ

**ਰਾਗ ਧਨਾਸਰੀ** :

ਆਰੋਹੀ : ਸਾ ਗਾ ਮਾ ਪਾ ਨੀ ਸਾਂ

ਅਵਰੋਹੀ : ਸਾਂ ਨੀ ਧਾ ਪਾ ਮਾ ਗਾ ਰੇ ਸਾ

ਗੁਰੂ ਨਾਨਕ ਨੇ 19 ਰਾਗਾਂ ਵਿਚ ਬਾਣੀ ਰਚੀ ਹੈ, ਜਿਨ੍ਹਾਂ ਵਿਚ ਉਪਰੋਕਤ ਰਾਗ ਸ਼ਾਮਲ ਹਨ। ਉਪਰੋਕਤ ਉਦਾਹਰਣਾਂ ਦੇਣ ਦਾ ਮਕਸਦ ਇਹ ਹੈ ਕਿ ਵੱਖ-ਵੱਖ ਰਾਗਾਂ ਵਿਚ ਸੁਰਾਂ ਦਾ ਸੁਮੇਲ ਵੱਖਰਾ-ਵੱਖਰਾ ਹੈ। ਕਈ ਰਾਗ ਸ਼ੁੱਧ ਸਰਗਮ ਵਿਚ ਗਾਏ ਜਾਂਦੇ ਹਨ ਅਤੇ ਕਈਆਂ ਵਿਚ ਤੀਬਰ ਅਤੇ ਕੋਮਲ ਸੁਰਾਂ ਦਾ ਖਾਸ ਸੁਮੇਲ ਹੈ। ਜਿਵੇਂ ਰਾਗ ਆਸਾ, ਰਾਗ ਬਿਲਾਵਲ ਅਤੇ ਰਾਗ ਭੁਪਾਲੀ ਵਿਚ ਸਾਰੇ ਸੁਰ ਸ਼ੁਧ ਹਨ। ਰਾਗ ਭੈਰਵ ਵਿਚ ਰੇ, ਧ ਕੋਮਲ ਬਾਕੀ ਦੇ ਸਾਰੇ ਸ਼ੁੱਧ; ਰਾਗ ਧਨਾਸਰੀ ਵਿਚ ਗ ਅਤੇ ਨੀ ਕੋਮਲ ਤੇ ਬਾਕੀ ਸ਼ੁੱਧ (ਰੇ ਅਤੇ ਧ ਆਰੋਹ ਵਿਚ) ਰਾਗ ਤੋੜੀ (ਟੋਡੀ) ਵਿਚ ਰੇ, ਗ, ਧ ਕੋਮਲ, ਮ ਤੀਬਰ ਅਤੇ ਬਾਕੀ ਸ਼ੁੱਧ। ਭਾਵ ਇਹ ਕਿ ਰਾਗਾਂ ਦੇ ਸੁਰਾਂ ਵਿਚ ਵਿਗਿਆਨਕ ਨਿਸ਼ਚਿਤਤਾ ਹੈ ਜੋ ਉਚਿਤ ਸੁਰਾਂ ਦੇ ਸੁਮੇਲ ਨਾਲ ਹੀ ਰੂਪਮਾਨ ਹੋ ਸਕਦੀ ਹੈ। ਪੁਰਾਣੇ ਵਕਤਾਂ ਵਿਚ ਗੁਰੂ-ਚੇਲਾ ਦੀ ਪ੍ਰਥਾ ਰਾਹੀਂ ਰਾਗ ਮੂੰਹ ਜ਼ੁਬਾਨੀ ਸਿਖਾਏ, ਕੰਠ ਕਰਾਏ ਅਤੇ ਅਭਿਆਸ ਨਾਲ ਪਕਾਏ ਜਾਦੇ ਹਨ। ਚੇਲਾ ਆਪਣੇ



ਗੁਰੂ ਦੇ ਸਾਹਮਣੇ ਬਹਿ ਕੇ ਸੁਰ-ਸਾਧਨਾ ਕਰਦਾ ਸੀ, ਜਿਸਨੂੰ ਨੌਂ ਰਾਗ ਕੰਠ ਹੋ ਜਾਂਦੇ ਹਨ, ਉਸਨੂੰ ਗੰਧਰਵ ਕਿਹਾ ਜਾਂਦਾ ਸੀ। ਤਾਨਸੈਨ ਅਤੇ ਬੈਜੂ ਬਾਵਰਾ ਇਸ ਸਫ਼ ਵਿਚ ਗਿਣੇ ਜਾਂਦੇ ਹਨ। ਸਮਕਾਲੀਆਂ ਵਿਚ ਪੰਡਤ ਭੀਮ ਸੈਨ ਜੋਸ਼ੀ ਹੋਰਾਂ ਨੂੰ ਇਸ ਕਤਾਰ ਵਿਚ ਗਿਣਿਆ ਜਾ ਸਕਦਾ ਹੈ। ਗੁਰੂਆਂ ਵਿਚ ਗੁਰੂ ਨਾਨਕ ਨੇ 19, ਅੰਗਦ ਨੇ 10, ਅਮਰਦਾਸ ਨੇ 17 ਅਤੇ ਰਾਮਦਾਸ ਨੇ 29 ਅਤੇ ਅਰਜਨ ਦੇਵ ਨੇ 30 ਰਾਗਾਂ ਵਿਚ ਬਾਣੀ ਰਚੀ ਹੈ।

ਗੁਰੂ ਤੇਗ ਬਹਾਦਰ ਜੀ ਨੇ 15 ਰਾਗਾਂ ਵਿਚ ਬਾਣੀ ਰਚੀ, ਜੋ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਬਾਅਦ ਵਿਚ ਦਮਦਮਾ ਸਾਹਿਬ ਬੀੜ ਵਿਚ ਦਰਜ ਕੀਤੀ ਗਈ। ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵਾਲੇ ਗੁਰੂਆਂ ਨੇ ਕੇਵਲ 12 ਰਾਗ ਹੋਰ ਦਰਜ ਕੀਤੇ। ਗੁਰੂ ਗ੍ਰੰਥ ਸਾਹਿਬ ਵਿਚ ਕੁੱਲ 31 ਰਾਗ ਹਨ। ਸਿੱਧ ਹੈ ਕਿ ਇਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨੂੰ ਗੰਧਰਵ ਕਿਹਾ ਜਾ ਸਕਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਜੀ ਨੇ ਇਹ ਰਾਗ ਗੁਰੂ ਅੰਗਦ ਦੇਵ ਜੀ ਨੂੰ ਕਿਵੇਂ ਕੰਠ ਕਰਾਏ ? ਯਾਦ ਰਹੇ ਕਿ ਗੁਰੂ ਅੰਗਦ ਪਛੇਤੀ ਉਮਰ ਵਿਚ ਗੁਰੂ ਨਾਨਕ ਦੀ ਤਾਬਿਆ ਵਿਚ ਆਏ ਸਨ।

ਕੀ ਦੂਜੇ ਗੁਰੂ ਨੇ ਗੁਰੂ ਨਾਨਕ ਦੀ ਸਾਰੀ ਬਾਣੀ ਰਾਗਾਂ ਸਮੇਤ ਮੂੰਹ ਜ਼ੁਬਾਨੀ ਕੰਠ ਕੀਤੀ ਹੋਵੇਗੀ ? ਯਾਦ ਰਹੇ ਕਿ ਗੁਰੂ ਨਾਨਕ ਨੇ 974 ਸ਼ਬਦ 19 ਵੱਖ-ਵੱਖ ਰਾਗਾਂ ਵਿਚ ਰਚੇ ਹੋਏ ਹਨ। ਕੀ ਬਾਣੀ ਦੇ ਸੰਚਾਰਨ ਦੀ ਇਹ ਪ੍ਰਥਾ ਸੀਨਾ-ਬ-ਸੀਨਾ ਪੰਜਵੇਂ ਗੁਰੂ ਤੱਕ ਚੱਲਦੀ ਰਹੀ ਹੋਵੇਗੀ। ਇਸਦਾ ਅਰਥ ਇਹ ਹੋਇਆ ਕਿ ਗੁਰੂ ਅਰਜਨ ਨੂੰ ਆਪਣੀ ਬਾਣੀ ਸਮੇਤ 4,840 ਸ਼ਬਦ 31 ਰਾਗਾਂ ਵਿਚ ਮੂੰਹ ਜ਼ੁਬਾਨੀ ਯਾਦ ਹੋਣਗੇ। ਪਾਠਕਾਂ ਤੋਂ ਪੁੱਛਣਾ ਚਾਹਵਾਂਗਾ ਕਿ ਕੀ ਐਨੇ ਸ਼ਬਦ ਖ਼ਾਸ ਕਰਕੇ ਰਾਗਾਂ ਦੀਆਂ ਭਿੰਨ-ਭਿੰਨ ਬੰਦਸ਼ਾਂ ਸਮੇਤ ਮੂੰਹ ਜ਼ੁਬਾਨੀ ਯਾਦ ਕੀਤੇ ਜਾ ਸਕਦੇ ਹਨ। ਪਿੱਛੇ ਅਸੀਂ ਸੰਕੇਤ ਕੀਤਾ ਹੈ ਕਿ ਜਿਸ ਇਨਸਾਨ ਨੂੰ ਨੌਂ ਰਾਗ ਆਉਂਦੇ ਹੋਣ, ਉਸਨੂੰ ਗੰਧਰਵ ਜਾਂ ਸਮਰਾਟ ਕਿਹਾ ਜਾਂਦਾ ਹੈ। ਮੇਰੇ ਵਿਚਾਰ ਵਿਚ ਸਾਰੇ ਸ਼ਬਦਾਂ ਦੀਆਂ ਰਾਗਾਂ ਵਿਚ ਬੰਦਸ਼ਾਂ ਮੂੰਹ ਜ਼ੁਬਾਨੀ ਯਾਦ ਕਰਨੀਆ ਬਹੁਤ ਮੁਸ਼ਕਲ ਹਨ, ਇਸ ਲਈ ਇਹੋ ਸੰਭਵ ਹੈ ਕਿ ਗੁਰੂ ਨਾਨਕ ਤੋਂ ਲੈ ਕੇ ਪੰਜਵੇਂ ਗੁਰੂ ਤੱਕ ਸਾਰੀ ਬਾਣੀ ਲਿਖਤੀ ਰੂਪ ਵਿਚ ਪਹੁੰਚੀ। ਗੁਰਬਾਣੀ ਲਿਖਣ ਲਈ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਨੇ ਗੁਰਮੁਖੀ ਲਿਪੀ ਵਿਚ ਨਿਪੁੰਨਤਾ ਲਿਆਂਦੀ ਅਤੇ ਸਾਰੀ ਬਾਣੀ ਰਾਗਾਂ ਵਿਚ ਅੰਕਿਤ ਕੀਤੀ।

ਉਨ੍ਹਾਂ ਦਿਨਾਂ ਵਿਚ ਰਾਗਾਂ ਨੂੰ ਲਿਖਣ ਲਈ ਰਾਗ-ਲਿਪੀ (Musical Natation) ਅਜੇ ਈਜਾਦ ਨਹੀਂ ਸੀ ਹੋਈ। ਇਹ ਕੰਮ ਉਨ੍ਹਾਂ ਨੇ ਲਗਾਂ-ਮਾਤ੍ਰਾਂ ਜਾਂ ਸੂਰਾਂ ਤੋਂ ਲਿਆ। ਸੂਰਾਂ ਨੂੰ ਪੈਂਤੀ ਦੇ ਅੱਖਰਾਂ ਨਾਲ ਜੋੜ ਕੇ ਰਾਗਾਂ ਦੀ ਭਿੰਨਤਾ ਵੀ ਵਖਰਾਈ ਅਤੇ ਕਵਿਤਾ ਦੇ ਛੰਦਾਂ ਨੂੰ ਵੀ ਬਰਕਰਾਰ ਰੱਖਿਆ। ਕਈ ਵਾਰੀ ਇਹ ਕਿਹਾ ਜਾਂਦਾ ਹੈ ਕਿ ਗੁਰਬਾਣੀ ਵਿਚ ਲਗਾਂ-ਮਾਤ੍ਰਾਂ ਵਾਧੂ ਜਿਹੀਆਂ ਲਾਈਆਂ ਹੋਈਆਂ ਹਨ। ਇਹ ਵਾਧੂ ਨਹੀਂ ਵਰਤੀਆਂ ਹੋਈਆਂ, ਇਨ੍ਹਾਂ ਦਾ ਖ਼ਾਸ ਮਹੱਤਵ ਹੈ। ਇਸ ਪੱਖ ਬਾਰੇ ਕੁਝ ਵਿਦਵਾਨਾਂ ਦੀ ਰਾਇ ਏਥੇ ਲਾਭਦਾਇਕ ਰਹੇਗੀ।

'ਗੁਰਬਾਣੀ ਦੀ ਭਾਸ਼ਾ ਪ੍ਰਮਾਣਿਕ ਹੋਣ ਦੇ ਨਾਲ-ਨਾਲ ਕਾਫੀ ਹੱਦ ਤੱਕ ਵਿਭਕਤੀ-ਮੂਲਕ (Inflecting Language) ਸਰੂਪ ਵੀ ਸੰਭਾਲ ਕੇ ਰੱਖ ਰਹੀ ਹੈ। ਪੰਜਾਬ ਦੀ ਮੌਖਿਕ (Oral) ਪੰਜਾਬੀ ਬੋਲੀ ਵਿਚ ਭਾਵੇਂ ਕਿਤੇ-ਕਿਤੇ ਵਿਭਕਤੀ-ਮੂਲਕ ਅੰਸ਼ ਉਪਲਬਧ ਹੁੰਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ-ਭਾਸ਼ਾ ਦਾ ਸਰੂਪ ਕਾਫੀ ਹੱਦ ਤੱਕ ਵਿਭਕਤੀ-ਮੂਲਕ ਸਿੱਧ ਹੁੰਦਾ ਹੈ।'

*-ਡਾ. ਪ੍ਰੇਮ ਪ੍ਰਕਾਸ਼ ਸਿੰਘ*

"Sacred Language of the Sikhs is a quite highly inflected language."

*-Dr. Christopher Shackle*

'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਦੇ ਅੰਤ 'ਤੇ ਕੁਝ ਲਗਾਂ-ਮਾਤ੍ਰਾ ਵਾਧੂ ਜਿਹੀਆਂ ਵਰਤੀਆਂ ਗਈਆਂ ਹਨ ਪਰ ਅਸਲ ਵਿਚ ਇਹ ਬਹੁਤ ਜ਼ਰੂਰੀ ਵਿਭਕਤੀ-ਚਿੰਨ੍ਹ ਹਨ। ਇਹ ਲਗਾਂ-ਮਾਤ੍ਰਾ ਇਕ ਵਿਸ਼ੇਸ਼ ਵਿਧਾਨ ਬਣਾਣ (ਬਣਾਉਣ) ਵਿਚ ਸਹਾਈ ਹੁੰਦੀਆਂ ਹਨ, ਇਸ ਤਰ੍ਹਾਂ ਇਹ ਗੁਰਬਾਣੀ ਦੇ ਉਚਾਰਣ ਅਤੇ ਅਰਥਾਂ ਨੂੰ ਸਮਝਣ ਦੀ ਕੁੰਜੀ ਹੈ।'

*-ਪ੍ਰੋ. ਕ੍ਰਿਸ਼ਨ ਲਾਲ ਸ਼ਰਮਾ*

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਦਾ ਸਾਰੰਸ਼ ਇਹ ਹੈ ਕਿ ਸੁਰਾਂ ਪੱਖੋਂ ਗੁਰਬਾਣੀ ਦੀ ਭਾਸ਼ਾ ਬੜੀ ਲਚਕਦਾਰ ਹੈ। ਇਹ ਲਚਕੀਲਾਪਨ ਸੂਰਾਂ ਰਾਹੀਂ ਪੈਦਾ ਕੀਤਾ ਜਾਂਦਾ ਹੈ। ਰਾਗਾਂ ਵਿਚ ਸ਼ੁੱਧ, ਕੋਮਲ ਅਤੇ ਤੀਬਰ ਸੂਰਾਂ ਨੂੰ ਦਰਸਾਉਣ ਲਈ ਅਤੇ ਕਵਿਤਾ ਵਿਚ ਲਗਾਂ-ਮਾਤ੍ਰਾਂ ਦੇ ਸੁਮੇਲ ਰਾਹੀਂ ਲੈਅ ਪੈਦਾ ਕਨ ਲਈ। ਇਸਦਾ ਪ੍ਰਮਾਣ ਗੁਰਬਾਣੀ ਵਿਚਲੇ ਉਨ੍ਹਾਂ ਸ਼ਬਦਾਂ ਤੋਂ ਮਿਲਦਾ ਹੈ, ਜਿਨ੍ਹਾਂ ਦੇ ਅਰਥ ਇਕੋ ਹਨ ਪਰ ਸ਼ਬਦ ਰੂਪ ਵੱਖਰੇ-ਵੱਖਰੇ ਹਨ। ਜਿਵੇਂ ਸ਼ਬਦ ਸਚੁ, ਸਚ, ਸਚਿ ਜਾਂ ਸਚਾ, ਸਚੇ, ਸਚੈ, ਸਚੋ ਆਦਿ। ਜਾਂ ਸ਼ਬਦ ਕਹਉ, ਕਹਿਉ, ਕਹਾ, ਕਹਿਓ, ਕਹਿਆ, ਕਹੀਐ, ਕਹਿਐ ਆਦਿ। ਜਾਂ ਸ਼ਬਦ ਅਨੰਦ, ਆਨੰਦੁ, ਆਨੰਦ, ਅਨਦ, ਆਨਦੁ। ਇਸੇ ਤਰ੍ਹਾਂ ਸੁਹਾਗਣਿ, ਸੋਹਾਗਣਿ, ਸੋਹਾਗਨਿ ਜਾਂ ਸ਼ਬਦ ਪਰਗਾਸ, ਪ੍ਰਗਾਸੁ, ਪਰਕਾਸਿਉ, ਪ੍ਰਕਾਸੇ। ਇਸੇ ਤਰ੍ਹਾਂ ਸ੍ਰਿਸਟ, ਸ੍ਰਿਸਟਿ, ਸ੍ਰਿਸਟੀ ਜਾਂ ਸੁਨਿ, ਸੁਨੁ, ਸੁਨੈ, ਸੁਨਹੁ ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦ ਹਨ, ਜਿਨ੍ਹਾਂ ਦੇ ਸ਼ਬਦ ਜੋੜਾਂ ਵਿਚ ਭਿੰਨਤਾ ਹੈ। ਸਿੱਧਾ ਜਿਹਾ ਸਵਾਲ ਹੈ ਕਿ ਗੁਰੂ ਨਾਨਕ ਦੇਵ ਨੂੰ ਕੀ ਲੋੜ ਪਈ ਸੀ ਕਿ ਉਹ ਇਕੋ ਅਰਥ ਵਾਲੇ ਸ਼ਬਦ ਦੇ ਵੱਖਰੇ-ਵੱਖਰੇ ਸ਼ਬਦ ਜੋੜ ਵਰਤਦੇ ? ਉੱਤਰ ਵੀ ਸਿੱਧਾ ਜਿਹਾ ਹੈ ਕਿ ਇਹ ਸ਼ਬਦ ਜੋੜ ਰਾਗਾਂ ਦੀਆਂ ਸੁਰਾਂ ਦੀਆਂ ਭਾਂਤਾਂ ਅਤੇ ਕਵਿਤਾ ਦੇ ਛੰਦਾਂ ਦੀ ਨਿਸ਼ਚਿਤਤਾ ਨੂੰ ਬਰਕਰਾਰ ਰੱਖਣ ਦੇ ਸੂਚਕ ਹਨ। ਜਿੱਥੋਂ ਤੱਕ ਮੇਰੀ ਰਾਗਾਂ ਬਾਰੇ ਸਮਝ ਹੈ (ਜੋ ਬਹੁਤੀ ਪੁਖਤਾ ਨਹੀਂ), ਇਉਂ ਜਾਪਦਾ ਹੈ ਕਿ ਗੁਰੂ ਸਾਹਿਬ ਨੇ ਸਿਹਾਰੀ ਅਤੇ ਔਂਕੜ ਕੋਮਲ ਸੁਰਾਂ ਲਈ ਵਰਤੇ ਹਨ ਅਤੇ ਲਾਵਾਂ ਤੇ ਦੁਲਾਵਾਂ ਤੀਵਰ ਸੁਰਾਂ ਲਈ ਇਸਤੇਮਾਲ ਕੀਤੇ ਹਨ।

ਯਾਦ ਰਹੇ ਕਿ ਸੰਗੀਤਕ ਲਿਪੀ ਵਿਚ ਕੇਵਲ 'ਮ' ਸੁਰ ਹੀ ਤੀਵਰ ਹੁੰਦਾ ਹੈ।



ਆਮ ਕਰਕੇ ਰਾਗਾਂ ਦੀਆਂ ਬੰਦਸ਼ਾਂ ਸ਼ੁੱਧ ਸੁਰਾਂ ਵਿਚ ਹਨ ਜਿਵੇਂ ਰਾਗ ਆਸਾ। ਗੁਰੂ ਨਾਨਕ ਦੇਵ ਜੀ ਦਾ ਸ਼ਬਦ :

*ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ*
*ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ॥*

ਪਹਿਲੀ ਪੰਗਤੀ ਦੀ ਸਕੇਲ ਹੇਠਾਂ ਦਿੱਤੀ ਜਾਂਦੀ ਹੈ।
ਪ ਪਧ ਮਧ ਸਨ ਸ ਪ ਮ ਗ ਰ ਸਰ ਗਸ
ਤੂੰ ਸੁਣਿ ਹਰ ਣਾ ss ਕਾ s ਲਿ ਆ ss
ਰ ਮ ਮ ਪ ਧ ਪਧ ਮ ਗ ਸਰ ਗਸ
ਕੀ s ਵਾ ੜੀ ਐ ਰਾ s ਤਾ ਰਾ ss ਮ s

ਇਸ ਵਿਚ ss ਦਾ ਚਿੰਨ੍ਹ ਲੰਬੀ ਹੇਕ ਦਾ ਸੂਚਕ ਹੈ, ਜੋ ਲਿਖਤੀ ਰੂਪ ਵਿਚ ਸੂਰਾਂ ਨਾਲ ਦਰਸਾਇਆ ਗਿਆ ਹੈ।

ਇਕ ਬੜੀ ਦਿਲਚਪ ਗੱਲ ਹੈ ਕਿ ਗੁਰਬਾਣੀ ਵਿਚ ਕੁਝ ਅੱਖਰ ਅਜਿਹੇ ਮਿਲਦੇ ਹਨ, ਜਿਨ੍ਹਾਂ ਨਾਲ ਦੋ ਸੂਰ ਲੱਗੇ ਹੋਏ ਹਨ। ਜਿਵੇਂ ਲੋੁਭਾਨੁ, ਗੋੁਪਾਲ, ਗੋੁਬਿੰਦ, ਸੋੁਇਨ, ਸੋੁਈ।

| | |
|---|---|
| *ਏਹ ਮਨੋ ਮੂਰਖ ਲੋਭੀਆ ਲੋਭੇ ਲਗਾ ਲੋੁਭਾਨੁ* | *(ਸਿਰੀ ਰਾਗ)* |
| *ਗੁਣ ਗੋੁਪਾਲੁ ਦਿਨੁ ਰੈਨਿ* | *(ਭੈਰਉ)* |
| *ਪ੍ਰਭ ਕਿਰਪਾਲ ਦਇਆਲ ਗੋੁਬਿੰਦ* | *(ਗੌਂਡ)* |
| *ਸੋੁਇਨ ਕਟੋਰੀ ਅੰਮ੍ਰਿਤ ਭਰੀ* | *(ਭੈਰਉ)* |

ਉਪਰੋਕਤ ਦੋ ਸੂਰ (ਹੋੜਾ ਅਤੇ ਔਂਕੜ) ਹੀ ਇਕੱਠੇ ਆਏ ਹਨ, ਹੋਰਾਂ ਸੂਰਾਂ ਦਾ ਕੋਈ ਮੇਲ ਨਹੀਂ ਮਿਲਦਾ। ਇਨ੍ਹਾਂ ਦੋਹਾਂ ਸੂਰਾਂ ਦਾ ਇਕੋ ਅੱਖਰ ਨਾਲ ਲਾਇਆ ਜਾਣਾ ਇਹ ਸੰਕੇਤ ਕਰਦਾ ਹੈ ਕਿ ਗਾਉਣ ਵੇਲੇ ਅੱਖਰ ਦੀ ਡੇੜ੍ਹ-ਮਾਤ੍ਰਾ ਗਿਣੀ ਜਾਵੇਗੀ। 'ਗੋੁ' ਨਾ ਤਾਂ ਹੋੜੇ ਅਤੇ ਨਾ ਹੀ ਔਂਕੜ ਦੀ ਧੁਨੀ ਨਾਲ ਬੱਝਾ ਹੋਇਆ, ਇਹ ਇਨ੍ਹਾਂ ਸੂਰਾਂ ਦੀ ਵਿਚਕਾਰਲੀ ਧੁਨੀ ਦਾ ਸੂਚਕ ਹੈ। ਗਾਇਣ ਕਰਨ ਵੇਲੇ ਇਹ ਵਿਚਕਾਰਲੀ ਧੁਨੀ ਨਾ ਤਾਂ ਸ਼ੁੱਧ ਹੋਵੇਗੀ ਅਤੇ ਨਾ ਤੀਵਰ ਜਾਂ ਕੋਮਲ, ਇਸਦੀ ਆਵਾਜ਼ ਵਿਚਕਾਰਲੀ ਹੋਵੇਗੀ। ਕੋਰਡ-ਸਾਜ (ਹਰਮੋਨੀਅਮ, ਔਰਗਨ ਜਾਂ ਪਿਆਨੋ) ਇਸ ਵਿਚਕਾਰਲੀ ਧੁਨੀ ਨੂੰ ਨਹੀਂ ਪਕੜ ਸਕਦੇ। ਕੇਵਲ ਤਾਰਾਂ ਵਾਲੇ ਸਾਜ (ਰਬਾਬ, ਵੀਣਾ, ਸਿਤਾਰ) ਹੀ ਇਸ ਧੁਨੀ ਨੂੰ ਵਿਅਕਤ ਕਰ ਸਕਦੇ ਹਨ। ਯਾਦ ਰਹੇ ਕਿ ਰਬਾਬੀ ਮਰਦਾਨਾ ਰਬਾਬ ਦਾ ਧਨੀ ਸੀ, ਇਸ ਲਈ ਗੁਰੂ ਨਾਨਕ ਇਨ੍ਹਾਂ ਧੁਨੀਆਂ ਨੂੰ ਸਹੀ ਸੁਰਾਂ ਵਿਚ ਗਾਉਂਦੇ ਹੋਣਗੇ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸੰਗੀਤ ਦੀਆਂ ਇਨ੍ਹਾਂ ਬਾਰੀਕਬੀਨੀਆਂ ਅਤੇ ਮੁਰਕੀਆਂ ਨੂੰ ਮੂੰਹ ਜ਼ੁਬਾਨੀ ਕੰਠ ਕੀਤਾ ਜਾ ਸਕਦਾ ਹੈ? ਇਹ ਤਾਂ ਹੀ ਸੰਭਵ ਹੈ ਜੇ ਕਰ ਇਕ ਗੁਰੂ ਦੂਜੇ ਨੂੰ ਖ਼ੁਦ ਇਨ੍ਹਾਂ ਰਾਗਾਂ ਨੂੰ ਕੰਠ ਕਰਾਏ ਅਤੇ ਇਹ ਪ੍ਰਥਾ ਸੀਨਾ-ਬ-ਸੀਨਾ ਚੱਲਦੀ ਰਹੀ। ਗੁਰੂ ਗ੍ਰੰਥ ਸਾਹਿਬ ਵਿਚ 31 ਸੰਪੂਰਨ ਰਾਗ ਹਨ (ਸ੍ਰੀ ਰਾਗ, ਮਾਝ, ਗੌੜੀ, ਆਸਾ, ਗੂਜਰੀ, ਦੇਵ-ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਗੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ, ਮਾਲੀਗੌੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਾਨੜਾ, ਕਲਿਆਨ, ਪ੍ਰਭਾਤੀ ਅਤੇ ਜੈਜਾਵੰਤੀ)। ਇਨ੍ਹਾਂ ਰਾਗਾਂ ਦੀਆਂ ਅੱਗੇ ਰਾਗਣੀਆਂ ਹਨ (ਆਸਾਵਰੀ, ਰਾਗ ਭੂਪਾਲੀ, ਦੁਰਗਾ, ਬਿਰਾਗ, ਕਾਫੀ, ਖਮਾਜ, ਜੌਨਪੁਰੀ, ਭੈਰਵੀ, ਭੀਮਾ ਪਲਾਸੀ, ਦੇਸ, ਬਾਗੇਸ਼ਰੀ, ਪਟਦੀਪ ਮਾਲਕੰਸ ਆਦਿ)। ਅਗਾਂਹ ਇਨ੍ਹਾਂ ਦੇ ਅਨੇਕ ਪੁੱਤ੍ਰ ਹਨ (ਲਲਿਤ, ਸਾਰੰਗ, ਸਾਰਗ, ਹਮੀਰ, ਕਲ੍ਹਾਨਾ, ਕਮੋਦ ਆਦਿ)। ਰਾਗਾਂ ਦੀ ਭਿੰਨਤਾ ਦੇਖ ਕੇ ਇੰਝ ਮਹਿਸੂਸ ਹੁੰਦਾ ਹੈ ਕਿ ਇਨ੍ਹਾਂ ਸਾਰਿਆਂ ਨੂੰ ਮੂੰਹ ਜ਼ੁਬਾਨੀ ਯਾਦ ਕਰਨਾ ਅਤੇ ਸ਼ੁੱਧ ਸੁਰਾਂ ਵਿਚ ਗਾਉਣਾ ਬੜਾ ਅਸੰਭਵ ਜਾਪਦਾ ਹੈ। ਹਰੇਕ ਗੁਰੂ ਦੇ ਆਪਣੇ ਮਨਭਾਉਂਦੇ ਰਾਗ ਸਨ, ਜਿਨ੍ਹਾਂ ਦਾ ਗਿਆਨ ਅਤੇ ਗਾਇਣ ਉਸ ਗੁਰੂ ਲਈ ਸੰਭਵ ਸੀ। ਪਰ ਹਰੇਕ ਗੁਰੂ ਨੇ ਕੁਝ ਨਵੇਂ ਰਾਗਾਂ ਵਿਚ ਬਾਣੀ ਲਿਖੀ ਅਰਥਾਤ ਪਿਛਲੇ ਗੁਰੂ ਤੋਂ ਅਗਲੇ ਗੁਰੂ ਨੇ ਨਵੇਂ ਰਾਗਾਂ ਵਿਚ ਸ਼ਬਦ ਉਚਾਰੇ। ਪੰਜਵੇਂ ਗੁਰੂ ਤਕ 31 ਰਾਗਾਂ ਅਤੇ ਅਨੇਕ ਰਾਗਣੀਆਂ ਅਤੇ ਪੁੱਤ੍ਰ ਸ਼ਾਮਲ ਹੁੰਦੇ ਗਏ। ਗੁਰੂ ਗ੍ਰੰਥ ਦੀ ਸੰਪਾਦਨਾ ਵੇਲੇ ਇਨ੍ਹਾਂ ਦਾ ਮੌਖਿਕ ਪੱਖ ਬਹੁਤ ਬੋਝਲ ਅਤੇ ਕਠਿਨ ਜਾਪਦਾ ਹੈ। ਇਸ ਲਈ ਵਾਜਿਬ ਅਤੇ ਸੰਭਵ ਨਤੀਜਾ ਇਹੋ ਜਾਪਦਾ ਹੈ ਕਿ ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਸਾਰੀ ਦੀ ਸਾਰੀ ਬਾਣੀ ਲਿਖਤੀ ਰੂਪ ਵਿਚ ਪਹੁੰਚੀ। ਰਾਗ ਲਿਪੀ ਨਾ ਹੋਣ ਕਰਕੇ ਸਾਰੇ ਰਾਗਾਂ ਦੀਆਂ ਬੰਦਸ਼ਾਂ, ਸ਼ੁੱਧ, ਕੋਮਲ ਅਤੇ ਤੀਵਰ ਸੁਰ, ਲਿਖਤੀ ਰੂਪ ਵਿਚ ਲਗਾਂ ਮਾਤ੍ਰਾ ਰਾਹੀਂ ਵੱਖਰਾਈਆਂ ਗਈਆਂ। ਆਪਣੀ ਇਸ ਦਲੀਲ ਦੀ ਪੁਸ਼ਟੀ ਲਈ ਇਕ ਵਿਦਵਾਨ ਭਾਸ਼ਾ ਵਿਗਿਆਨੀ ਦੀ ਰਾਏ ਅੰਕਿਤ ਕਰਦੇ ਹਨ। ਡਾ. ਹਰਕੀਰਤ ਸਿੰਘ ਲਿਖਦੇ ਹਨ-

"ਇਕ ਖ਼ਾਸ ਨੁਕਤਾ ਯਾਦ ਰੱਖਣ ਵਾਲਾ ਹੈ ਕਿ ਬਾਣੀ ਰਾਗਾਂ ਵਿਚ ਲਿਖੀ ਹੋਈ ਹੈ ਅਤੇ ਸੰਗੀਤ ਦੀਆਂ ਬੰਦਸ਼ਾਂ ਤੇ ਸੰਕੇਤਾਂ ਅਨੁਸਾਰ ਵੀ ਸ਼ਬਦਾਂ ਦੀਆਂ ਮਾਤਰਾਵਾਂ ਘੱਟ-ਵੱਧ ਕਰਨੀਆਂ ਪੈਂਦੀਆਂ ਹਨ। ਏਸੇ ਕਾਰਨ ਹੀ ਕਈ ਥਾਈਂ 'ਸ੍ਰਿਸ਼ਟੀ' ਸ਼ਬਦ ਰੂਪ ਵਰਤਿਆ ਹੈ ਤੇ ਕਿਸੇ ਹੋਰ ਥਾਂ ਏਸੇ ਸ਼ਬਦ ਦਾ ਲੰਮੇਰਾ ਰੂਪ 'ਸ੍ਰਿਸਟੀ'...ਗੁਰਬਾਣੀ ਦੇ ਕੁਝ ਸ਼ਬਦਾਂ ਵਿਚ ਇਕੋ ਅੱਖਰ ਨੂੰ ਦੋ-ਦੋ ਲਗਾਂ ਲੱਗੀਆਂ ਮਿਲਦੀਆਂ ਹਨ, ਜਿਵੇਂ ਲੋੁਭਾਨੁ, ਗੋੁਪਾਲ, ਗੋੁਵਿੰਦ ਆਦਿ ਵਿਚ। ਅਜਿਹੇ ਸ਼ਬਦ ਸਿਰਫ਼ ਹੋੜੇ ਤੇ ਔਂਕੜ ਵਾਲੇ ਹੀ ਮਿਲਦੇ ਹਨ ਅਤੇ ਇਹ ਸੰਗੀਤ ਦੀ ਲੋੜ ਅਨੁਸਾਰ ਇੰਝ ਲਿਖੇ ਗਏ ਹਨ। ਉਦਾਹਰਣ ਲਈ ਲੋੁਭਾਨੁ ਤੋਂ ਭਾਵ ਹੈ ਕਿ ਇਸ ਸ਼ਬਦ ਤੋਂ ਪਹਿਲਾਂ ਉਚਾਰ-ਖੰਡ 'ਲੋੁ' ਦਾ ਉਚਾਰਣ ਇੰਝ ਕਰਨਾ ਹੈ ਕਿ 'ਲ' ਨੂੰ ਲੱਗੀ ਮਾਤਰਾ ਦਾ ਲਮਕਾਅ ਹੋੜੇ ਤੇ ਔਂਕੜ ਦੇ ਵਿਚਾਲੇ ਦਾ ਹੋਵੇ। ਇਸਨੂੰ ਡੇਢ ਮਾਤ੍ਰਾ ਦਾ ਉਚਾਰਣ ਮੰਨਿਆ ਜਾਂਦਾ ਹੈ।" ਜੇ ਤੁਸੀਂ ਪਿੱਛੇ ਦਿੱਤੀ



ਹੋਈ 'ਸਿਰੀ ਰਾਗ' ਅਤੇ 'ਰਾਗ ਧਨਾਸਰੀ' ਦੀਆਂ ਸੁਰਾਂ ਵੱਲ ਧਿਆਨ ਮਾਰੋ ਤਾਂ ਦੇਖੋਗੇ ਕਿ ਰੇ, ਧੁ, ਗ੍ਰ ਅਤੇ ਨੀ ਨੂੰ ਦੋ-ਦੋ ਲਗਾਂ ਲੱਗੀਆਂ ਹੋਈਆਂ ਹਨ।

## (ੲ) ਤੀਜਾ ਪ੍ਰਮਾਣ

### ਗੁਰਬਾਣੀ ਅਤੇ ਛੰਦ

ਗੁਰਬਾਣੀ ਵੱਖਰੇ-ਵੱਖਰੇ ਛੰਦ ਰੂਪਾਂ ਵਿਚ ਰਚੀ ਹੋਈ ਹੈ। ਜ਼ਿਆਦਾਤਰ ਮਾਤ੍ਰਿਕ ਛੰਦ ਵਰਤਿਆ ਗਿਆ ਹੈ। ਮਾਤ੍ਰਿਕ ਛੰਦ ਵਿਚ ਮਾਤ੍ਰਾਂ ਗਿਣੀਆਂ ਜਾਂਦੀਆਂ ਹਨ। ਮਾਤ੍ਰਾ ਕੀ ਹੈ? ਕਿਸੇ ਵਰਣ (ਅੱਖਰ) ਦੇ ਉਚਾਰਨ ਵਿਚ ਜਿੰਨਾ ਸਮਾਂ ਲੱਗਦਾ ਹੈ, ਉਸ ਨੂੰ ਮਾਤ੍ਰਾ ਕਹਿੰਦੇ ਹਨ। ਮਾਤ੍ਰਾ ਦੇ ਦੋ ਰੂਪ ਹਨ- ਇਕ ਲਘੂ ਅਤੇ ਦੂਜਾ ਗੁਰੂ। ਲਘੂ ਮਾਤ੍ਰਾ ਦਾ ਅਰਥ ਹੈ-ਸੰਖੇਪ ਜਾਂ ਛੋਟਾ ਉਚਾਰਨ। ਜਿਵੇਂ ਸਾਰੇ ਮੁਕਤਾ (ਕ, ਖ, ਗ, ਘ, ਙ ਆਦਿ) ਅਤੇ ਸੁਰਾਂ ਵਿਚੋਂ ਸਿਹਾਰੀ ਅਤੇ ਔਂਕੜ ਲਘੂ ਮਾਤ੍ਰਾ ਦੇ ਸੂਚਕ ਹਨ। ਉਦਾਹਰਣ ਵਜੋਂ ਪਰਿਵਰਤਨ (ਸਾਰੇ ਮੁਕਤਾ ਅੱਖਰ) ਸ਼ਹਿਰ (ਸਿਹਾਰੀ) ਅਤੇ ਸੁਰਗ (ਔਂਕੜ) ਜਾਂ ਇਕੋ ਸ਼ਬਦ ਵਿਚ ਇਹ ਸਾਰੇ ਪੱਖ ਵੀ ਆ ਸਕਦੇ ਹਨ ਜਿਵੇਂ ਸੁਹਿਰਦ, ਮੁਸ਼ਕਿਲ, ਕੁਦਰਤਿ ਆਦਿ (ਇਨ੍ਹਾਂ ਸ਼ਬਦਾਂ ਵਿਚ ਵਰਣ ਵੀ, ਸਿਹਾਰੀ ਵੀ ਅਤੇ ਔਂਕੜ ਵੀ ਸ਼ਾਮਿਲ ਹਨ।) ਇਨ੍ਹਾਂ ਸਾਰੇ ਸ਼ਬਦਾਂ ਦੇ ਅੱਖਰਾਂ ਅਤੇ ਸਿਹਾਰੀ ਅਤੇ ਔਂਕੜ ਦੀ ਇਕ-ਇਕ ਮਾਤ੍ਰਾ ਗਿਣੀ ਜਾਂਦੀ ਹੈ। ਗੁਰੂ ਮਾਤ੍ਰਾ ਦਾ ਅਰਥ ਹੈ-ਦੋਹਰੀ ਮਾਤ੍ਰਾ ਅਰਥ ਜਿਸ-ਜਿਸ ਅੱਖਰ ਨੂੰ ਉਚਾਰਨ ਵਿਚ ਦੂਣਾ ਸਮਾਂ ਲੱਗੇ। ਇਹ ਕੇਵਲ ਤਾਂ ਹੀ ਹੋ ਸਕਦਾ ਹੈ ਜੇ ਵਰਣ ਨਾਲ ਸੁਰ (ਸਿਹਾਰੀ ਅਤੇ ਔਂਕੜ ਤੋਂ ਬਗ਼ੈਰ) ਜੁੜੇ ਹੋਏ ਹੋਣ। ਜਿਵੇਂ ਕੰਨਾ, ਬਿਹਾਰੀ, ਦੁਲੈਂਕੜੇ, ਲਾਂ, ਦੁਲਾਵਾਂ, ਹੋੜਾ, ਕਨੌੜਾ, ਅੱਧਕ ਅਤੇ ਟਿੱਪੀ ਵਾਲੇ ਸਾਰੇ ਵਰਣ ਗੁਰੂ ਹੋਣਗੇ। ਉਦਾਹਰਣ ਵਜੋਂ ਮਾ (ਕੰਨਾ), ਵੀਰ (ਸਿਹਾਰੀ), ਊਠ (ਦੁਲੈਂਕੜੇ), ਬੇਰ (ਲਾਂ), ਵੈਰੀ (ਦੁਲਾਵਾਂ), ਕੋਇਲ (ਹੋੜਾ), ਕੌਰ (ਕਨੌੜਾ), ਅੱਖ (ਅੱਧਕ) ਅਤੇ ਜੰਗ (ਟਿੱਪੀ)। ਗੁਰਬਾਣੀ ਵਿਚ ਅੱਧਕ ਤੋਂ ਸਿਵਾਏ ਬਾਕੀ ਦੇ ਸਾਰੇ ਸੁਰਾਂ ਦੀ ਵਰਤੋਂ ਕੀਤੀ ਹੋਈ ਹੈ। ਦੁੱਤੀਕਰਨ ਪੰਜਾਬੀ ਲਿਪੀ ਦਾ ਗੁਣ ਵਿਸ਼ੇਸ਼ ਮੰਨਿਆ ਗਿਆ ਹੈ। ਗੁਰੂਆਂ ਦੀ ਬਾਣੀ ਵਿਚ ਭਾਵੇਂ ਅੱਧਕ ਦਾ ਚਿੰਨ੍ਹ ਨਹੀਂ ਵਰਤਿਆ ਗਿਆ ਪਰ ਥਾਂ ਪੁਰ ਥਾਂ ਦੁੱਤੀਕਰਨ ਦੇਖਿਆ ਜਾ ਸਕਦਾ ਹੈ। (ਦੁੱਤੀਕਰਨ ਤੋਂ ਮੁਰਾਦ ਹੈ-ਅੱਧਕ ਦੀ ਵਰਤੋਂ।)

**ਛੰਦ**- ਗੁਰਬਾਣੀ ਵਿਚ ਅਨੇਕ ਪ੍ਰਕਾਰ ਦੇ ਛੰਦ ਵਰਤੇ ਗਾਏ ਹਨ। ਜਿਵੇਂ ਦੋਹਰਾ, ਚੌਪਈ, ਸੋਰਠਾ, ਨਿਸ਼ਾਨੀ ਆਦਿ। ਗੁਰਬਾਣੀ ਵਿਚੋਂ ਛੰਦਾਂ ਦੀਆਂ ਉਦਾਹਰਣਾਂ ਸਮੇਤ ਚਰਚਾ ਕਰਦੇ ਹਾਂ।

**ਦੋਹਰਾ**- ਦੋ ਤੁਕਾਂ ਦਾ ਛੰਦ, ਹਰੇਕ ਤੁਕ ਵਿਚ ਦੋ ਚਰਣ ਹੁੰਦੇ ਹਨ। ਪਹਿਲਾ ਚਰਣ 13 ਮਾਤ੍ਰਾਂ ਦਾ ਅਤੇ ਦੂਜਾ 11 ਮਾਤ੍ਰਾਂ ਦਾ ਹੁੰਦਾ ਹੈ। ਇਕ ਸਤਰ ਵਿਚ ਕੁੱਲ 24 ਮਾਤ੍ਰਾ ਹੋਈਆਂ।

*ਸੋਚੈ ਸੋਚਿ ਨਾ ਹੋਵਈ, ਜੇ ਸੋਚੇ ਲਖ ਵਾਰ (13+11)*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (13=11)*
*-ਜਪੁਜੀ ਸਾਹਿਬ*

ਪਹਿਲੀ ਸਤਰ ਵਿਚ ਸ਼ਬਦ 'ਸੋਚੈ' ਅਤੇ ਸੋਚੇ ਦੋ ਸ਼ਬਦ ਜੋੜਾਂ ਵਿਚ ਆਇਆ ਹੈ ਅਤੇ ਸੋਚਿ ਨਾਲ ਸਿਹਾਰੀ ਲਾਈ ਹੋਈ ਹੈ। ਸੋਚੈ ਅਤੇ ਸੋਚੇ ਵਿਚ ਲਾਂ ਅਤੇ ਦੁਲਾਵਾਂ ਗੁਰੂ ਮਾਤ੍ਰਾ ਦੀਆਂ ਸੂਚਕ ਹਨ। ਪਰ ਸੋਚਿ ਨੂੰ ਸੋਚ ਵੀ ਲਿਖਿਆ ਜਾ ਸਕਦਾ ਸੀ ਅਤੇ ਸੋਚੈ ਨੂੰ ਸੋਚੇ ਅਤੇ ਸੋਚੈ ਵੀ ਲਿਖਿਆ ਜਾ ਸਕਦਾ ਸੀ। ਪਰ ਛੰਦ ਦੀ ਪਾਬੰਦੀ ਅਤੇ ਰਾਗ ਦੀ ਬੰਦਿਸ਼ ਨੂੰ ਕਾਇਮ ਰੱਖਣ ਲਈ ਇਹ ਸ਼ਬਦ ਜੋੜ ਵਰਤੇ ਗਏ ਹਨ। ਜੇ ਇਹ ਤੁਕ ਮੂੰਹ ਜ਼ੁਬਾਨੀ ਯਾਦ ਕਰਨੀ ਹੋਵੇ ਤਾਂ ਲਗਾਂ-ਮਾਤ੍ਰਾਂ ਦਾ ਭੁਲੇਖਾ ਪੈ ਸਕਦਾ ਹੈ, ਜਿਸ ਕਰਕੇ ਉਚਾਰਨ ਵਿਚ ਫ਼ਰਕ ਪੈ ਜਾਵੇਗਾ। ਫਲਸਰੂਪ, ਬਹਿਰ ਅਤੇ ਰਾਗ ਦੀ ਬੰਦਸ਼ ਕਾਣ ਸੂਤੀ ਹੋ ਸਕਦੀ ਹੈ। ਇਸ ਲਈ ਬਾਣੀ ਨੂੰ ਲਿਖਣਾ ਜ਼ਰੂਰੀ ਸੀ। ਜੋ ਗੁਰੂ ਨਾਨਕ ਨੇ ਲਿਖੀ।

**ਸੋਰਠਾ**- ਦੋ ਤੁਕਾਂ ਦਾ ਛੰਦ ਹੈ, ਜਿਸਦੀ ਹਰੇਕ ਤੁਕ ਵਿਚ ਦੋ ਚਰਣ ਹੁੰਦੇ ਹਨ। (ਜਿਵੇਂ ਦੋਹਰਾ ਦੇ) ਪਰ ਪਹਿਲੇ ਚਰਣ ਵਿਚ 11 ਮਾਤ੍ਰਾਂ ਅਤੇ ਦੂਜੇ ਵਿਚ 13 ਮਾਤ੍ਰਾ ਹੁੰਦੀਆਂ ਹਨ। ਕੁਲ ਮਾਤ੍ਰਾ ਹੋਈਆਂ 24।

*ਸਾਲਾਹੀ ਸਾਲਾਹਿ, ਏਤੀ ਸੁਰਤਿ ਨ ਪਾਈਆ। (11+13)*
*ਨਦੀਆ ਅਤੈ ਵਾਹ, ਪਵਹਿ ਸਮੁੰਦਿ ਨ ਜਾਣੀਅਹਿ॥ (11+13)*
*-ਜਪੁਜੀ ਸਾਹਿਬ*

**ਚੌਪਈ**- ਚਾਰ ਤੁਕਾਂ ਦਾ ਛੰਦ ਹੈ। ਪਹਿਲੀਆਂ ਦੋ ਤੁਕਾਂ ਅਤੇ ਅਖੀਰਲੀ ਤੁਕ ਦਾ ਤੁਕਾਂਤ ਮਿਲਦਾ ਹੈ। ਹਰੇਕ ਤੁਕ ਵਿਚ ਦੋ ਚਰਣ ਅਤੇ ਹਰੇਕ ਚਰਣ ਵਿਚ ਸੱਤ ਜਾਂ ਅੱਠ ਮਾਤ੍ਰਾ ਹੁੰਦੀਆਂ ਹਨ। ਤੁਕ ਵਿਚ ਕੁੱਲ ਮਾਤ੍ਰਾ 15 ਜਾਂ 16 ਹੋਈਆਂ।

*ਸੁਣਿਐ ਸਤੁ ਸੰਤੋਖੁ ਗਿਆਨੁ -15*
*ਸੁਣਿਐ ਅਠਸਠਿ ਕਾ ਇਸਨਾਨੁ -15*
*ਸੁਣਿਐ ਪੜਿ ਪੜਿ ਪਾਵਹਿ ਮਾਨੁ -15*
*ਸੁਣਿਐ ਲਾਗੈ ਸਹਿਜ ਧਿਆਨੁ -15* *-ਜਪੁਜੀ ਸਾਹਿਬ*

**ਨਿਸ਼ਾਨੀ ਛੰਦ**- ਇਸ ਛੰਦ ਵਿਚ ਚਾਰ ਤੁਕਾਂ ਹੁੰਦੀਆਂ ਹਨ ਅਤੇ ਹਰੇਕ ਤੁਕ ਵਿਚ ਦੋ ਚਰਣ। ਤੁਕਾਂ ਦੀ ਮਾਤ੍ਰਾ ਦੀ ਗਿਣਤੀ 23 ਜਾਂ 24 ਹੋ ਸਕਦੀ ਹੈ। 23 ਮਾਤ੍ਰਾ



ਵਾਲੀ ਤੁਕ ਦੇ ਪਹਿਲੇ ਚਰਣ ਦੀਆਂ 13 ਅਤੇ ਦੂਜੇ ਦੀਆਂ 10 ਮਾਤ੍ਰਾ ਹੁੰਦੀਆਂ ਹਨ। ਦੋਹਾਂ ਚਰਣਾਂ ਦਾ ਅੰਤ ਗੁਰੂ ਮਾਤ੍ਰਾ ਵਿਚ ਹੁੰਦਾ ਹੈ।

*ਭਲੀ ਸੁਹਾਵੀ ਛਾਪਰੀ, ਜਾਮਹਿ ਗੁਨ ਗਾਏ। (13+10)*
*ਕਿਤਹੀ ਕਾਮ ਨਾ ਧੌਲਹਰ, ਜਿਤੁ ਹਰਿ ਬਿਸਰਾਏ। (13+10)*
*ਅਨਦ ਗਰੀਬੀ ਸਾਧੁ ਸੰਗ, ਜਿਤੁ ਪ੍ਰਭੁ ਚਿਤਿ ਆਏ। (13+10)*
*ਜਲ ਜਾਉ ਇਹ ਬਡਪਨਾ, ਮਾਇਆ ਲਪਟਾਏ। (13+10)*
*-ਗੁਰੂ ਅਰਜਨ ਦੇਵ*

ਉਪਰੋਕਤ ਉਦਾਹਰਣਾਂ ਦੇਣ ਦਾ ਮਤਲਬ ਕੇਵਲ ਸ਼ਬਦਾਂ ਦੇ ਸ਼ਬਦ ਜੋੜਾਂ ਅਤੇ ਲਗਾਂ-ਮਾਤ੍ਰਾ ਦੀ ਨਿਸ਼ਚਿਤਤਤਾ ਅਤੇ ਬਹੁਰੂਪਤਾ ਦਿਖਾਲਣਾ ਸੀ। ਲਗਾਂ-ਮਾਤ੍ਰਾ ਦੀ ਘਾਟ ਵਾਧ ਨਾਲ ਨਾ ਸਿਰਫ਼ ਛੰਦ ਦੀਆਂ ਮਾਤ੍ਰਾ ਨੂੰ ਪੂਰਾ ਰੱਖਿਆ ਗਿਆ ਹੈ ਸਗੋਂ ਰਾਗ ਦੀਆਂ ਬੰਦਸ਼ਾਂ ਦਾ ਖ਼ਿਆਲ ਵੀ ਰੱਖਿਆ ਗਿਆ ਹੈ। ਲਗਾਂ-ਮਾਤ੍ਰਾ ਦੀ ਉਚਿਤ ਵਰਤੋਂ ਲਿਖਤੀ ਰੂਪ ਵਿਚ ਹੀ ਦਰਸਾਈ ਜਾ ਸਕਦੀ ਹੈ। ਮੌਖਿਕ ਤੌਰ 'ਤੇ ਬਾਣੀ ਦੇ ਸੀਨਾ-ਬ-ਸੀਨਾ ਉਪਲੱਬਧ ਹੋਣ ਨਾਲ ਸ਼ਬਦਾਂ ਦੇ ਸ਼ਬਦ ਜੋੜਾਂ ਵਿਚ ਸਹਿਜੇ ਹੀ ਗ਼ਲਤੀਆਂ ਪ੍ਰਵੇਸ਼ ਕਰ ਸਕਦੀਆਂ ਹਨ। ਫਲਸਰੂਪ, ਨਾ ਸਿਰਫ਼ ਛੰਦਾਂ ਦੀਆਂ ਮਾਤ੍ਰਾ ਦੀ ਗਿਣਤੀ ਵਿਚ ਖੋਟ ਆਵੇਗੀ ਸਗੋਂ ਰਾਗਾਂ ਦੀਆਂ ਬੰਦਸ਼ਾਂ ਦੇ ਸੁਰ ਵੀ ਹੇਠ ਉੱਤੇ ਹੋ ਸਕਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਗੁਰੂ ਨਾਨਕ ਤੋਂ ਲੈ ਕੇ ਸਾਰੀ ਬਾਣੀ ਲਿਖਤੀ ਰੂਪ ਵਿਚ ਇਕ ਤੋਂ ਦੂਜੇ ਗੁਰੂ ਨੂੰ ਪ੍ਰਾਪਤ ਹੁੰਦੀ ਰਹੀ।

**(ਸ) ਚੌਥਾ ਪ੍ਰਮਾਣ :**

**ਗੁਰੂ ਨਾਨਕ ਨੇ ਗੁਰਬਾਣੀ ਖ਼ੁਦ ਲਿਖੀ**

ਗੁਰੂ ਨਾਨਕ ਦੀ ਆਪਣੀ ਬਾਣੀ ਅਤੇ ਹੋਰ ਲਿਖਤਾਂ ਵਿਚੋਂ ਇਹ ਗਵਾਹੀ ਭਲੀਭਾਂਤ ਮਿਲਦੀ ਹੈ, ਜਿਸ ਵਿਚ ਇਹ ਦਰਸਾਇਆ ਗਿਆ ਹੈ ਕਿ ਗੁਰੂ ਨਾਨਕ ਆਪਣੀ ਬਾਣੀ ਖ਼ੁਦ ਲਿਖਦੇ ਸਨ ਅਤੇ ਦੂਜਿਆਂ ਨੂੰ ਲਿਖਣ ਲਈ ਕਹਿੰਦੇ ਸਨ। ਕੁਝ ਉਦਾਹਰਣਾਂ ਬਾਣੀ ਵਿਚੋਂ, ਕੁਝ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕੁਝ ਹੋਰ ਧਾਰਮਿਕ ਪੋਥੀਆਂ ਵਿਚੋਂ ਪਾਠਕਾਂ ਨਾਲ ਸਾਂਝੀਆਂ ਕਰਦੇ ਹਾਂ। ਪਰ ਸਭ ਤੋਂ ਪਹਿਲਾਂ ਗੁਰੂ ਨਾਨਕ ਦੀ ਮੁੱਢਲੀ ਵਿਦਿਆ ਬਾਰੇ ਕੁਝ ਪ੍ਰਮਾਣ ਪੇਸ਼ ਕਰਨੇ ਜ਼ਰੂਰੀ ਹਨ।

ਗੁਰੂ ਨਾਨਕ ਦੇਵ ਜੀ ਨੇ ਗੁਰੂ ਚੇਲਾ ਪ੍ਰਥਾ ਅਨੁਸਾਰ ਮੁੱਢਲੀ ਵਿੱਦਿਆ ਪਾਂਧੇ, ਮੌਲਵੀ ਆਦਿ ਤੋਂ ਪ੍ਰਾਪਤ ਕੀਤੀ। 'ਗਿਆਨ ਰਤਨਾਵਲੀ', ਜੋ ਗਿਆਨੀ ਸੂਰਤ ਸਿੰਘ ਨੇ 1730-35 ਈਸਵੀ ਵਿਚ ਲਿਖੀ, ਵਿਚ ਇਕ ਸਾਖੀ ਆਉਂਦੀ ਹੈ, ਜੋ ਇਸ ਪ੍ਰਕਾਰ ਹੈ-

*ਬਾਬੇ ਨੂੰ ਪਾਂਧੇ ਕਹਾ॥ ਤੂ ਪੜ੍ਹ ਸ਼ਾਰਦਾ॥*
*ਓਅੰ ਸੁਆਹਾ ਸੁਅਸਤ॥*

ਇਕ ਹੱਥ ਲਿਖਤ ਖਰੜਾ ਨੰਬਰ-80, ਪੰਜਾਬ ਯੂਨੀਵਰਸਿਟੀ ਚੰਡੀਗੜ ਦੀ ਲਾਇਬ੍ਰੇਰੀ ਵਿਚ ਪਿਆ ਹੈ, ਜਿਸਦਾ ਰਚਨਾ ਕਾਲ ਵੀ 1739 ਈਸਵੀ ਹੈ। ਉਸ ਵਿਚ ਇਕ ਸਾਖੀ ਆਉਂਦੀ ਹੈ :

*ਤਬ ਲਿਆਯ ਬੁਧਕਾ ਲਿਖਤੰ॥*
*ਪੁਬ ਸਾਰਦਾ ਮੰਤ ਪਠਾਵਤ ਭੇ॥*
*ਨਮ ਓਅੰਗ ਸਿਧ ਸ੍ਰਾਹਤ ਥੇ॥*

ਲਿਪੀ ਪੱਖੋਂ ਉਪਰੋਕਤ ਸਾਖੀਆਂ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਦੀ ਪ੍ਰਚੱਲਿਤ ਲਿਪੀ ਸ਼ਾਰਦਾ ਸੀ। ਸ਼ਾਰਦਾ, ਟਾਕਰੀ ਅਤੇ ਨਾਗਰੀ ਆਦਿ ਕਈ ਲਿਪੀਆਂ ਮੌਜੂਦ ਸਨ, ਜਿਨ੍ਹਾਂ ਦਾ ਇਕ ਦੂਜੇ ਨਾਲ ਕਾਫੀ ਰਾਬਤਾ ਸੀ।

ਗੁਰਬਾਣੀ ਵਿਚ ਅਨੇਕ ਸ਼ਬਦਾਂ 'ਚੋਂ ਗੁਰੂ ਨਾਨਕ ਦੇ ਬਾਣੀ ਲਿਖਣ ਬਾਰੇ ਸੰਕੇਤ ਮਿਲਦੇ ਹਨ :

*ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥*
*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥*
*ਲਿਖੁ ਨਾਮ ਸਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥*
*ਬਾਬਾ ਏਹੁ ਲਿਖਿ ਜਾਣੁ॥*
*ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥*

*(ਸਿਰੀ ਰਾਗ-ਗੁਰੂ ਨਾਨਕ)*

*ਪੜ ਪੜ ਪੋਥੀ ਸਿੰਮ੍ਰਿਤਿ ਪਾਠਾ॥*
*ਬੇਦ ਪੁਰਾਣ ਪੜੈ ਸੁਣਿ ਥਾਟਾ॥*

*(ਰਾਗ ਗਉੜੀ-ਗੁਰੂ ਨਾਨਕ)*

*ਗੁਨ ਗਾਇ ਸੁਨਿ ਲਿਖਿ ਦੇਇ॥*
*ਸੋ ਸਰਬ ਫਲ ਹਰਿ ਲੇਇ॥*

*(ਰਾਮ ਬਿਲਾਵਲ-ਗੁਰੂ ਅਰਜਨ)*

*ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥*
*ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥*

*(ਰਾਗ ਰਾਮਕਲੀ-ਗੁਰੂ ਨਾਨਕ)*

*ਧੰਨੁ ਸੁ ਕਾਗਦੁ ਕਲਮ ਧੰਨ ਧਨੁ ਭਾਂਡਾ ਧਨੁ ਮਸੁ॥*
*ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥*

*(ਰਾਗ ਮਲਾਰ-ਗੁਰੂ ਨਾਨਕ)*

*ਨਾਨਕ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ॥*

*(ਰਾਗ ਮਲਾਰ-ਗੁਰੂ ਨਾਨਕ)*



*ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।*
*ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।*

*(ਵਾਰ 32-ਭਾਈ ਗੁਰਦਾਸ)*

ਪੁਰਾਤਨ ਜਨਮ ਸਾਖੀ (ਸੰਪਾਦਕ ਭਾਈ ਵੀਰ ਸਿੰਘ) ਵਿਚ ਕਈ ਬਿਰਤਾਂਤ ਆਏ ਹਨ, ਜਿੱਥੇ ਇਹ ਲਿਖਿਆ ਹੋਇਆ ਮਿਲਦਾ ਹੈ ਕਿ ਗੁਰੂ ਨਾਨਕ ਦੇ ਸਿੱਖਾਂ ਨੇ ਉਨ੍ਹਾਂ ਦੀ ਬਾਣੀ ਦਾ ਉਤਾਰਾ ਕੀਤਾ। ਜਿੱਥੇ 'ਮਾਝ ਦੀ ਵਾਰ' ਅਤੇ 'ਸਿੱਧ ਗੋਸਟਿ' ਦਾ ਉਤਾਰਾ ਸੈਦੋ ਅਤੇ ਸੀਹੋ ਦੋ ਸਿੱਖਾਂ ਨੇ ਕੀਤਾ। ਇਸੇ ਤਰ੍ਹਾਂ 'ਮਲਾਰ ਦੀ ਵਾਰ' ਦਾ ਉਤਾਰਾ ਹਸੂ ਅਤੇ ਸ਼ੀਹਾਂ ਨੇ ਕੀਤਾ। ਭਾਈ ਮਨਸੁਖ, ਲਾਹੌਰ ਦਾ ਇਕ ਵਿਉਪਾਰੀ, ਤਿੰਨ ਸਾਲ ਗੁਰੂ ਨਾਨਕ ਦੇਵ ਦੀ ਸ਼ਰਨ ਵਿਚ ਰਿਹਾ ਤਾਂ ਕਿ ਉਹ ਗੁਰਬਾਣੀ ਦੀ ਪੋਥੀ ਤਿਆਰ ਕਰ ਸਕੇ। ਗੁਰੂ ਕੇ ਸਿੱਖ ਗੁਰੂ ਦੀ ਬਾਣੀ ਨੂੰ ਹੱਥੀਂ ਲਿਖ ਕੇ ਆਪਣੀ ਸ਼ਰਧਾ ਦਾ ਇਜ਼ਹਾਰ ਕਰਦੇ ਸਨ ਅਤੇ ਇਹ ਕਰਤੱਵ ਸਿੱਖ ਧਰਮ ਦੀ ਮਾਨ ਮਰਯਾਦਾ ਵਿਚ ਸ਼ਾਮਲ ਸੀ।

ਸਿੱਖ ਧਰਮ ਦੇ ਵਿਦਵਾਨ ਖੋਜੀ ਪ੍ਰਿੰ. ਸਾਹਿਬ ਸਿੰਘ ਹੋਰਾਂ ਦੀ ਪੁਸਤਕ 'ਆਦਿ ਬੀੜ ਬਾਰੇ' ਅਣਗਿਣਤ ਪ੍ਰਮਾਣਾਂ ਅਤੇ ਦਲੀਲਾਂ ਨਾਲ ਭਰੀ ਪਈ ਹੈ, ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ ਹੇਠ ਲਿਖਿਆ ਨਤੀਜਾ ਕੱਢਿਆ।

"ਗੁਰੂ ਨਾਨਕ ਦੇਵ ਜੀ ਦੇ ਜੀਵਨ-ਇਤਿਹਾਸ ਦੇ ਵਰਕੇ ਫੋਲ ਕੇ ਵੇਖੀ ਚੱਲੋ। ਇਹ ਨਹੀਂ, ਅਨੇਕਾਂ ਸਾਖੀਆਂ ਪੜ੍ਹੋਗੇ, ਜਿੱਥੇ ਰਤਾ ਕੁ ਵੀ ਅਕਲ ਵਰਤਿਆਂ ਇਸ ਸਿੱਟੇ 'ਤੇ ਅੱਪੜੋਗੇ ਕਿ ਹਰ ਸਮੇਂ ਗੁਰੂ ਨਾਨਕ ਸਾਹਿਬ ਆਪਣੀ ਬਾਣੀ ਆਪ ਹੀ ਲਿਖ ਕੇ ਆਪਣੇ ਪਾਸ ਸਾਂਭਦੇ ਗਏ ਸਨ।" -(ਪ੍ਰੋ. ਸਾਹਿਬ ਸਿੰਘ)

**(ਹ) ਪੰਜਵਾਂ ਪ੍ਰਮਾਣ :**

**ਗੁਰੂ ਤੋਂ ਗੁਰੂ ਤੱਕ ਲਿਖਤੀ ਬਾਣੀ ਪਹੁੰਚੀ**

ਗੁਰਬਾਣੀ ਦਾ ਲਿਖਤੀ ਰੂਪ ਵਿਚ ਸੀਨਾ-ਬ-ਸੀਨਾ ਪ੍ਰਾਪਤ ਹੋਣਾ ਬਹੁਤ ਹੀ ਸੁਭਾਵਿਕ ਅਤੇ ਸੰਭਵ ਜਾਪਦਾ ਹੈ। ਇਕ ਗੁਰੂ ਤੋਂ ਅਗਲੇ ਗੁਰੂ ਤੱਕ ਬਾਣੀ ਕਿਵੇਂ ਪਹੁੰਚੀ, ਇਸ ਦੇ ਕੁਝ ਪ੍ਰਮਾਣ ਹੇਠਾਂ ਪੇਸ਼ ਕਰਦੇ ਹਾਂ-

**1. ਗੁਰੂ ਨਾਨਕ ਤੋਂ ਗੁਰੂ ਅੰਗਦ ਤੱਕ :**

ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਹਰਜੀ ਦੀ ਲਿਖਤ ਹੈ, ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਨੂੰ ਆਪਣੀ ਬਾਣੀ ਨੂੰ ਪੋਥੀ ਦੇ ਰੂਪ ਵਿਚ ਇਕੱਤਰ ਕਰਨ ਲਈ ਕਿਹਾ। ਗੁਰੂ ਅੰਗਦ ਦੇਵ ਜੀ ਨੇ ਧਰਮਸ਼ਾਲਾ ਦਾ ਸੰਕਲਪ ਚਲਾਇਆ ਜਿੱਥੇ ਗੁਰਮੁਖੀ ਪੜ੍ਹਾਈ ਜਾਂਦੀ ਸੀ ਅਤੇ ਨਾਲ ਹੀ ਗੁਰਬਾਣੀ ਦਾ ਕੀਰਤਨ ਹੁੰਦਾ ਸੀ। ਗੁਰਗੱਦੀ ਦੇਣ ਬਾਰੇ ਪੁਰਾਤਨ ਜਨਮਸਾਖੀ ਵਿਚ ਲਿਖਿਆ ਹੈ:

*ਨਾਨਕ ਅਹਿਨਿਸ ਰਾਵੈ ਪ੍ਰੀਤਮ ਹਰਿ ਵਰੁ ਥਿਰੁ ਸੁਹਾਗੋ।*
*ਤਿਤੁ ਮਹਲਿ ਜੋ ਸਬਦ ਹੋਆ, ਸੋ ਪੋਥੀ ਗੁਰੂ ਅੰਗਦ ਜੋਗ ਮਿਲੀ।*
*(ਪੁਰਾਤਨ ਜਨਮ ਸਾਖੀ, ਸੰਪਾਦਕ ਭਾਈ ਵੀਰ ਸਿੰਘ)*

'ਪੁਰਾਤਨ ਜਨਮ ਸਾਖੀ' ਇਤਿਹਾਸਕ ਤੌਰ 'ਤੇ ਸਭ ਤੋਂ ਪੁਰਾਣੀ ਹੈ, ਜੋ ਪੰਜਵੀ-ਛੇਵੀਂ ਪਾਤਸ਼ਾਹੀ ਵੇਲੇ ਲਿਖੀ ਗਈ।

**ਗੁਰਬਾਣੀ ਵਿਚ ਸਮਾਨਤਾਵਾਂ** :

ਜੇ ਅਸੀਂ ਗੁਰੂ ਨਾਨਕ ਅਤੇ ਗੁਰੂ ਅੰਗਦ ਦੇਵ ਦੀ ਬਾਣੀ ਦਾ ਟਾਕਰਾ ਕਰੀਏ ਤਾਂ ਕਈ ਸਮਾਨਤਾਵਾਂ (Similarities) ਪ੍ਰਾਪਤ ਹੁੰਦੀਆਂ ਹਨ। ਉਦਾਹਰਨ ਵਜੋਂ :

*ਭੁਖਿਆ ਭੁਖ ਨਾ ਉਤਰੀ, ਜੇ ਬੰਨਾ ਪੁਰੀਆਂ ਭਾਰ। (ਜਪੁ)*
*-ਗੁਰੂ ਨਾਨਕ*

*ਭੁਖਿਆ ਭੁਖ ਨਾ ਉਤਰੈ, ਗਲੀ ਭੁਖ ਨਾ ਜਾਇ। (ਮਾਝ ਕੀ ਵਾਰ)*
*-ਗੁਰੂ ਅੰਗਦ*

*ਅੰਮ੍ਰਿਤ ਵੇਲਾ ਸਚੁ ਨਾਉ, ਵਡਿਆਈ ਵੀਚਾਰੁ।*
*ਕਰਮੀ ਆਵੈ ਕਪੜਾ, ਨਦਰੀ ਮੋਖੁ ਦੁਆਰੁ।*
*ਨਾਨਕ ਏਵੈ ਜਾਣੀਐ, ਸਭੁ ਆਪੇ ਸਚਿਆਰ। (ਜਪੁ)*
*-ਗੁਰੂ ਨਾਨਕ*

*ਦੁਹਾ ਸਿਵਿਆ ਆਪੇ ਖਸਮੁ, ਵੇਖੈ ਕਰਿ ਵਿਉਪਾਇ।*
*ਨਾਨਕ ਏਵੈ ਜਾਣੀਐ, ਸਭ ਕਿਛੁ ਤਿਸੈ ਰਜਾਇ। (ਮਾਝ ਕੀ ਵਾਰ)*
*-ਗੁਰੂ ਅੰਗਦ*

*ਚਾਕੁਰ ਲਗੈ ਚਾਕਰੀ, ਜੇ ਚਲੈ ਖਸਮੈ ਭਾਇ।*
*ਹੁਰਮਤਿ ਤਿਸ ਨੋ ਅਗਲੀ ਓਹ ਵਜਹੁ ਭਿ ਦੂਣਾ ਖਾਇ। (ਆਸਾ ਦੀ ਵਾਰ)*
*-ਗੁਰੂ ਨਾਨਕ*

*ਚਾਕਰੁ ਲਗੈ ਚਾਕਰੀ, ਨਾਲੇ ਗਾਰਬ ਵਾਦੁ।*
*ਗਲਾ ਕਰੇ ਘਲੇਰੀਆਂ, ਖਸਮ ਨਾ ਪਾਏ ਸਾਦ। (ਆਸਾ ਦੀ ਵਾਰ)*
*-ਗੁਰੂ ਅੰਗਦ*

**2. ਗੁਰੂ ਅੰਗਦ ਤੋਂ ਗੁਰੂ ਅਮਰਦਾਸ ਤੱਕ :**

ਗੁਰੂ ਅੰਗਦ ਦੇਵ ਨੇ ਗੁਰੂ ਨਾਨਕ ਦੇਵ ਜੀ ਅਤੇ ਆਪਣੀ ਬਾਣੀ ਗੁਰੂ ਅਮਰਦਾਸ ਨੂੰ ਸੌਂਪੀ। ਇਤਿਹਾਸਕ ਗਵਾਹੀ ਪੇਸ਼ ਕਰਨ ਤੋਂ ਪਹਿਲਾਂ ਗੁਰੂ ਨਾਨਕ ਅਤੇ ਗੁਰੂ ਅਮਰਦਾਸ ਦੀ ਬਾਣੀ ਵਿਚ ਭਾਵ ਸਮਾਨਤਾ ਅਤੇ ਸ਼ਬਦ ਇਕਰੂਪਤਾ ਦਾ ਜਾਇਜ਼ਾ ਲੈਂਦੇ ਹਾਂ। ਗੁਰੂ ਨਾਨਕ ਦੇਵ ਨੇ 31 ਵਿਚੋਂ 19 ਰਾਗਾਂ ਵਿਚ ਬਾਣੀ ਰਚੀ ਹੈ।



ਗੁਰੂ ਅਮਰਦਾਸ ਨੇ ਦੋ ਰਾਗ ਛੱਡ ਕੇ (ਤਿਲੰਗ ਅਤੇ ਤੁਖਾਰੀ) ਉਨ੍ਹਾਂ ਹੀ 17 ਰਾਗਾਂ ਵਿਚ ਬਾਣੀ ਲਿਖੀ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਨੇ ਰਚੀ। ਇੱਥੇ ਹੀ ਬੱਸ ਨਹੀਂ, ਰਾਗਾਂ ਵਿਚਲੇ ਅਨੇਕ ਸ਼ਬਦਾਂ ਦਾ ਆਰੰਭ ਜਾਂ ਸਾਰੰਸ਼ ਵੀ ਦੋਹਾਂ ਗੁਰੂਆਂ ਵਿਚ ਸਾਂਝਾ ਹੈ। ਉਦਾਹਰਣ ਦੇ ਤੌਰ 'ਤੇ ਹੇਠਾਂ ਦੇਖੋ :

**ਸਿਰੀ ਰਾਗ** : ਗੁਰੂ ਨਾਨਕ ਦੇਵ ਜੀ ਦੇ 33 ਸ਼ਬਦਾਂ (Hymns) ਅਤੇ ਗੁਰੂ ਅਮਰਦਾਸ ਜੀ ਦੇ 31 ਸ਼ਬਦਾਂ ਵਿਚ ਅਨੇਕ ਸ਼ਬਦ (Words) ਅਜਿਹੇ ਹਨ, ਜਿਨ੍ਹਾਂ ਦੀਆਂ 'ਰਹਾਉ' ਦੀਆਂ ਤੁਕਾਂ 'ਮਨ ਰੇ', 'ਭਾਈ ਰੇ', 'ਮੇਰੇ ਮਨ', 'ਮੁੰਧੇ' ਸ਼ਬਦਾਂ ਨਾਲ ਆਰੰਭ ਹੁੰਦੀਆਂ ਹਨ ਅਤੇ ਤੁਕਾਂ ਵੀ ਇਕੋ ਜਿਹੀਆਂ ਲੰਬੀਆਂ ਹਨ ਅਰਥਾਤ ਤਕਰੀਬਨ ਇਕੋ ਜਿਹੇ ਕਾਵਿ ਤੋਲ ਦੀਆਂ ਹਨ। ਇਸੇ ਰਾਗ ਵਿਚ ਦੋਹਾਂ ਗੁਰੂਆਂ ਦੀਆਂ ਅਸ਼ਟਪਦੀਆਂ ਅਤੇ ਪਹਿਰੇ ਨਾਮੀ ਕਾਵਿ ਵੰਨਗੀਆਂ ਵਿਚ ਤਿੰਨ ਤੁਕੇ ਅਤੇ ਦੋ ਤੁਕੇ ਬੰਦਾਂ ਵਿਚ ਵੀ ਸਾਂਝ ਹੈ। ਇਹ ਸ਼ੁਰੂ ਵਿਚ ਲਫ਼ਜ਼ 'ਭਾਈ ਰੇ' ਜਾਂ 'ਮਨ ਰੇ' ਨਾਲ ਸ਼ੁਰੂ ਹੁੰਦੀਆਂ ਹਨ ਅਤੇ ਸਤਰਾਂ ਦਾ ਵਜ਼ਨ ਵੀ ਇਕੋ ਜਿਹਾ ਅਰਥਾਤ 'ਦੋਹਰਾ' ਛੰਦ ਵਰਗਾ ਹੈ।

**ਰਾਗ ਮਾਝ** : ਇਸ ਰਾਗ ਵਿਚ ਦੋਹਾਂ ਗੁਰੂਆਂ ਦੀਆਂ ਅਸ਼ਟਪਦੀਆਂ ਦੀ ਵੰਨਗੀ ਵਿਚਾਰਨਯੋਗ ਹੈ। 'ਸਿਰੀ ਰਾਗ' ਦੇ ਮੁਕਾਬਲੇ ਤੇ 'ਰਾਗ ਮਾਝ' ਦੀਆਂ ਅਸ਼ਟਪਦੀਆਂ ਦੀਆਂ ਪਹਿਲੀਆਂ ਦੋ ਤੁਕਾਂ ਚੌਪਈ ਛੰਦ ਨਾਲ ਮਿਲਦੀਆਂ ਹਨ, ਤੀਜੀ ਤੁਕ ਤਕਰੀਬਨ ਦੁਗਣੇ ਵਜ਼ਨ ਦੀ ਹੈ। ਇਕ ਉਦਾਹਰਣ ਨਾਲ ਇਸ ਤੱਥ ਨੂੰ ਸਮਝਾਉਂਦੇ ਹਾਂ :

*ਸਬਦਿ ਰੰਗਾਏ ਹੁਕਮਿ ਸਬਾਏ। ਸਚੀ ਦਰਗਹ ਮਹਲਿ ਬੁਲਾਏ।*
*ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ।*
*(ਗੁਰੂ ਨਾਨਕ)*

*ਕਰਮੁ ਹੋਵੈ ਤਾ ਸਤਿਗੁਰੂ ਮਿਲਾਵੇ। ਸੇਵਾ ਸੁਰਤਿ ਸਬਦਿ ਚਿਤੁ ਲਾਵੇ।*
*ਹਉਮੈ ਮਾਰਿ ਸਦਾ ਸੁਖ ਪਾਇਆ ਮਾਇਆ ਮੋਹੁ ਚੁਕਾਵਣਿਆ।*
*(ਗੁਰੂ ਅਮਰਦਾਸ)*

**ਰਾਗ ਗਉੜੀ** : ਗੁਰੂ ਨਾਨਕ ਅਤੇ ਗੁਰੂ ਅਮਰਦਾਸ ਨੇ ਗਉੜੀ ਪੂਰਬੀ ਵਿਚ ਕਈ ਛੰਦ ਲਿਖੇ ਹਨ, ਜਿਨ੍ਹਾਂ 'ਚ ਸ਼ਬਦਾਂ ਅਤੇ ਅਰਥਾਂ ਦੀ ਸਮਾਨਤਾ ਅਤੇ ਮਾਤ੍ਰਾਂ ਦੀ ਇਕਸਾਰਤਾ ਬਿਲਕੁਲ ਮਿਲਦੀ ਜੁਲਦੀ ਹੈ।

*ਮੁੰਧਿ ਰੈਣਿ ਦੁਹੇਲੜੀਆ ਜੀਉ, ਨੀਂਦ ਨ ਆਵੈ॥ (ਗੁਰੂ ਨਾਨਕ)*
*ਧਨ ਰੈਣਿ ਸੁਹੇਲੜੀਏ ਜੀਉ, ਹਰਿ ਸਿਉ ਚਿਤੁ ਲਾਏ॥ (ਗੁਰੂਅਮਰਦਾਸ)*
*ਮੁੰਧ ਨਿਮਾਨੜੀਆ ਜੀਉ, ਬਿਨੁ ਧਨੀ ਪਿਆਰੇ॥ (ਗੁਰੂ ਨਾਨਕ)*
*ਮਿਲੁ ਮੇਰੇ ਪ੍ਰੀਤਮਾ ਜੀਉ, ਤੁਧੁ ਬਿਨੁ ਖਰੀ ਨਿਮਾਣੀ॥ (ਗੁਰੂਅਮਰਦਾਸ)*

*ਸੁਣਿ ਨਾਹ ਪ੍ਰਭੂ ਜੀਉ, ਏਕਲੜੀ ਬਨ ਮਾਹੇ॥* *(ਗੁਰੂ ਨਾਨਕ)*
*ਧਨ ਏਕਲੜੀ ਜੀਉ, ਬਿਨੁ ਨਾਹ ਪਿਆਰੇ॥* *(ਗੁਰੂ ਅਮਰਦਾਸ)*

**ਰਾਗ ਆਸਾ** : ਇਸ ਰਾਗ ਵਿਚ ਦੋਹਾਂ ਗੁਰੂਆਂ ਨੇ ਛੰਦ ਲਿਖੇ ਹਨ। ਕੁਝ ਉਦਾਹਰਣਾਂ ਬੋਲੀ ਅਤੇ ਲਫ਼ਜ਼ਾਂ ਦੀ ਸਾਂਝ ਦੀਆਂ ਦਿੰਦੇ ਹਾਂ।

*ਹਮ ਘਰਿ ਸਾਚਾ ਸੋਹਿਲੜਾ, ਪ੍ਰਭ ਆਇਅੜੇ ਮੀਤਾ ਰਾਮ।*
*ਧਨ ਪਿਰਹਿ ਮੇਲਾ ਹੋਇ ਸੁਆਮੀ, ਆਪ ਪ੍ਰਭੁ ਕ੍ਰਿਪਾ ਕਰੇ।*
*ਸੇਜਾ ਸੁਹਾਵੀ ਸੰਗਿ ਪਿਰ ਕੈ, ਸਾਤਸਰ ਅੰਮ੍ਰਿਤ ਭਰੇ।*
*(ਗੁਰੂ ਨਾਨਕ)*

ਹੇਠਾਂ ਗੁਰੂ ਅਮਰਦਾਸ ਜੀ ਦੀਆਂ ਸਤਰਾਂ ਪੇਸ਼ ਕਰਦੇ ਹਾਂ, ਜੋ ਉਪਰੋਕਤ ਸਤਰਾਂ ਨਾਲ ਬਹੁਤ ਮੇਲ ਖਾਂਦੀਆਂ ਹਨ :

*ਹਮ ਘਰੇ ਸਾਚਾ ਸੋਹਿਲਾ, ਸਾਚੈ ਸਬਦਿ ਸੁਆਇਆ ਰਾਮ।*
*ਧਨ ਪਿਰ ਮੇਲੁ ਭਇਆ, ਪ੍ਰਭਿ ਆਪਿ ਮਿਲਾਇਆ ਰਾਮ।*
*ਸੇਜ ਸੁਹਾਵੀ ਜਾ ਪਿਰੀ ਰਾਵੀ, ਮਿਲ ਪ੍ਰੀਤਮ ਅਵਗਣ ਨਸੇ।*
*(ਗੁਰੂ ਅਮਰਦਾਸ)*

ਉਪਰੋਕਤ ਰਾਗਾਂ ਤੋਂ ਇਲਾਵਾ ਰਾਗ ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਮਲਾਰ, ਪ੍ਰਭਾਤੀ ਆਦਿ ਰਾਗਾਂ ਵਿਚ ਵੀ ਤੁਕਾਂ ਦੀ ਇਕੋ ਜਿਹੀ ਮਾਤ੍ਰਿਕ ਗਿਣਤੀ, ਸ਼ਬਦਾਂ ਦੀ ਸਾਂਝ ਅਤੇ ਭਾਵਾਂ ਦੀ ਸਮਾਨਤਾ ਦੋਹਾਂ ਗੁਰੂਆਂ ਵਿਚ ਕਾਫੀ ਮਿਲਦੀ ਜੁਲਦੀ ਹੈ। ਦਿਲਚਸਪ ਅਤੇ ਸਲਾਹੁਣ ਵਾਲੀ ਗੱਲ ਇਹ ਹੈ ਕਿ ਜਿਸ ਰਾਗ 'ਚ ਗੁਰੂ ਨਾਨਕ ਨੇ ਪੱਟੀ, ਅਲਾਹਣੀਆਂ ਜਾਂ ਸੋਹਲੇ ਆਦਿ ਕਾਵਿ ਰੂਪਾਂ ਦੀ ਵਰਤੋਂ ਕੀਤੀ, ਉਸੇ ਰਾਗ ਵਿਚ ਗੁਰੂ ਅਮਰਦਾਸ ਜੀ ਨੇ ਵੀ ਉਹੋ ਕਾਵਿ ਰੂਪ ਉਸੇ ਤਰਤੀਬ ਵਿਚ ਵਰਤੇ। ਸਾਰੰਸ਼ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਸਾਰੀ ਬਾਣੀ ਗੁਰੂ ਅਮਰਦਾਸ ਪਾਸ ਸੀ, ਜੋ ਉਨ੍ਹਾਂ ਲਈ ਆਪਣੀ ਬਾਣੀ ਉਚਾਰਨ ਦੀ ਪ੍ਰੇਰਨਾ ਸ੍ਰੋਤ ਬਣੀ। ਇਤਿਹਾਸਕ ਤੌਰ 'ਤੇ ਕੁਝ ਹੋਰ ਤੱਤ ਵੀ ਉਪਰੋਕਤ ਨਤੀਜੇ ਵੱਲ ਇਸ਼ਾਰਾ ਕਰਦੇ ਹਨ। ਜਿਵੇਂ ਗੁਰੂ ਅਮਰਦਾਸ ਜੀ ਦਾ ਇਕ ਸਲੋਕ ਕੱਚੀ ਅਤੇ ਪੱਕੀ ਬਾਣੀ ਦੀ ਸ਼ਨਾਖ਼ਤ ਕਰਦਾ ਹੈ। ਪਹਿਲੇ ਸਲੋਕ ਦੀਆਂ ਕੁਝ ਤੁਕਾਂ ਹੇਠ ਦਿੰਦੇ ਹਾਂ:

*ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ॥*
*ਬਾਣੀ ਤ ਕਚੇ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*
*ਕਹਦੇ ਕੇਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥*



ਇਹ ਸ਼ਬਦ ਗੁਰੂ ਅਮਰਦਾਸ ਜੀ ਨੇ ਉਸ ਵੇਲੇ ਉਚਾਰਿਆ ਲੱਗਦਾ ਹੈ, ਜਦ ਉਨ੍ਹਾਂ ਦੇ ਪੁੱਤਰ ਬਾਬਾ ਮੋਹਨ ਨੇ ਆਪਣੀ ਬਾਣੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਬਾਬਾ ਮੋਹਨ ਦੇ ਨਾਂਅ ਆਮ ਕਰਕੇ 'ਮੋਹਨ ਪੋਥੀਆਂ' ਜਾਂ 'ਗੋਇੰਦਵਾਲ ਪੋਥੀਆਂ' ਲਾਈਆਂ ਜਾਂਦੀਆਂ ਹਨ। ਪਰ ਇਨ੍ਹਾਂ ਵਿਚ ਨਾ ਤਾਂ ਗੁਰੂਆਂ ਦੀ ਸਾਰੀ ਬਾਣੀ ਹੈ ਅਤੇ ਨਾ ਹੀ ਇਹ ਗੁਰੂ ਅਮਰਦਾਸ ਵੇਲੇ ਦੀਆਂ ਲੱਗਦੀਆਂ ਹਨ। ਪਰ ਮਹੱਤਵਪੂਰਨ ਸਵਾਲ ਇਹ ਹੈ ਕਿ ਗੁਰੂ ਅਮਰਦਾਸ ਕੱਚੀ ਅਤੇ ਪੱਕੀ ਬਾਣੀ ਦੀ ਸ਼ਨਾਖ਼ਤ ਕਿਵੇਂ ਕਰਦੇ ਸਨ। ਸਾਦਾ ਜਿਹਾ ਉੱਤਰ ਇਹ ਹੈ ਕਿ ਉਨ੍ਹਾਂ ਪਾਸ ਗੁਰੂ ਨਾਨਕ ਅਤੇ ਗੁਰੂ ਅੰਗਦ ਦੀ ਸਾਰੀ ਬਾਣੀ ਸੀ ਅਤੇ ਜੋ ਬਾਣੀ ਇਨ੍ਹਾਂ ਦੋਹਾਂ ਗੁਰੂਆਂ ਦੀ ਬਾਣੀ ਨਾਲ ਨਹੀਂ ਸੀ ਮਿਲਦੀ, ਉਹ ਕੱਚੀ ਬਾਣੀ ਸੀ।

ਗੁਰੂ ਨਾਨਕ ਤੋਂ ਲੈ ਕੇ ਗੁਰੂ ਅਮਰਦਾਸ ਤਕ ਢੇਰ ਸਾਰੀ ਬਾਣੀ ਬਹੁਤ ਸਾਰੇ ਰਾਗਾਂ ਵਿਚ ਹੋਂਦ ਵਿਚ ਆ ਚੁੱਕੀ ਸੀ। ਪੰਜਾਂ ਗੁਰੂਆਂ ਦੇ 'ਕਰਤਾਰਪੁਰੀ ਬੀੜ' ਵਿਚ ਦਰਜ ਸ਼ਬਦਾਂ ਦਾ ਜੋੜ 4840 ਹੈ। ਇਨ੍ਹਾਂ ਵਿਚੋਂ 1943 ਸ਼ਬਦ ਪਹਿਲੇ ਤਿੰਨ ਗੁਰੂਆਂ ਦੇ ਹਨ। ਬਾਣੀ ਦੀ ਬਹੁਤਾਤ ਨੂੰ ਦੇਖਦਿਆਂ ਗੁਰੂ ਅਮਰਦਾਸ ਨੇ ਕਾਤਿਬ ਦੀ ਪ੍ਰਥਾ ਵੀ ਚਲਾਈ। ਪਾਂਧਾ ਬੂਲਾ ਉਨ੍ਹਾਂ ਦਾ ਪਹਿਲਾ ਕਾਤਿਬ ਸੀ। ਭਾਈ ਗੁਰਦਾਸ ਦੀ ਵਾਰ 11-16 ਵਿਚ ਲਿਖਿਆ ਹੈ :

*ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣ ਲੇਖਾਰੀ*

ਪਾਂਧਾ ਬੂਲਾ ਗੁਰੂਆਂ ਦੀ ਬਾਣੀ ਹੱਥ ਨਾਲ ਲਿਖ ਕੇ ਵੰਡਦਾ ਹੁੰਦਾ ਸੀ। ਹੋ ਸਕਦਾ ਹੈ ਕਿ ਇਕ ਗ੍ਰੰਥ ਉਸ ਨੇ ਗੁਰੂ ਅਮਰਦਾਸ ਨੂੰ ਵੀ ਬਣਾ ਕੇ ਸ਼ਰਧਾ ਵਜੋਂ ਭੇਂਟ ਕੀਤਾ ਹੋਵੇ, ਜੋ ਅਗਲੇ ਗੁਰੂ ਨੂੰ ਸੌਂਪਿਆ ਗਿਆ ਹੋਵੇ।

3. **ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਤੱਕ** :

ਗੁਰੂ ਰਾਮਦਾਸ ਜੀ ਗੁਰੂ ਅਮਰਦਾਸ ਦੇ ਜੁਆਈ ਸਨ। ਉਨ੍ਹਾਂ ਦੀ ਦਿਬ-ਦ੍ਰਿਸ਼ਟੀ ਅਤੇ ਦੂਰ-ਅੰਦੇਸ਼ੀ ਨੂੰ ਦੇਖ ਕੇ ਤੀਜੇ ਗੁਰੂ ਨੇ ਗੁਰਗੱਦੀ ਉਨ੍ਹਾਂ ਨੂੰ ਸੌਂਪੀ। ਪਰਿਵਾਰ ਵਿਚ ਖਿੱਚੋਤਾਣ ਸ਼ੁਰੂ ਹੋ ਗਈ। ਅਮਰਦਾਸ ਦੇ ਪੁੱਤਰ ਆਪਣੇ ਮੱਠ ਚਲਾਉਣ ਲੱਗ ਪਏ ਅਤੇ ਪੱਕੀ ਬਾਣੀ 'ਚ ਕੱਚੀ ਰਲਾਉਣ ਲੱਗ ਪਏ। ਇਸਦਾ ਸੰਕੇਤ ਵੀ ਗੁਰੂ ਰਾਮਦਾਸ ਦੀ ਬਾਣੀ ਵਿਚ ਮਿਲਦਾ ਹੈ :

*ਸਤਿਗੁਰੂ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥*
*ਸਤਿਗੁਰੂ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ*
*ਸੇ ਕੂੜਿਆਰ ਕੂੜੇ ਝੜਿ ਪੜੀਐ॥*
*ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ*
*ਬਿਖੁ ਮਾਇਆ ਨੋ ਝਖਿ ਮਾਰਦੇ ਕੜੀਐ॥*

*ਇਕ ਬਹੁਤ ਪੁਖਤਾ ਸਬੂਤ ਇਹ ਹੈ ਕਿ ਗੁਰੂ ਅਮਰਦਾਸ ਖ਼ੁਦ ਆਪ ਵੀ ਬਾਣੀ ਦਾ ਉਤਾਰਾ ਕਰਦੇ ਸਨ। ਕਰਤਾਰਪੁਰੀ ਬੀੜ ਦੇ ਪੱਤਰੇ 46 'ਤੇ ਲਿਖਿਆ ਹੋਇਆ ਹੈ ਕਿ :*

*ਜਪ ਗੁਰੂ ਰਾਮਦਾਸ ਜੀਉ ਕਿਆ ਦਸਖਤਾ ਕਾ ਨਕਲੁ॥*

ਅਰਥਾਤ ਜਦ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਤੋਂ 'ਕਰਤਾਰਪੁਰੀ ਬੀੜ' ਤਿਆਰ ਕਰਾਈ ਤਾਂ ਜਪੁਜੀ (ਗੁਰੂ ਨਾਨਕ ਦੀ ਬਾਣੀ) ਦਾ ਉਤਾਰਾ ਗੁਰੂ ਅਮਰਦਾਸ ਜੀ ਵਲੋਂ ਤਿਆਰ ਕੀਤੇ ਗਏ ਖਰੜੇ ਤੋਂ ਕੀਤਾ।

ਇਹ ਸਿੱਧ ਹੈ ਕਿ 'ਜਪੁਜੀ' ਗੁਰੂ ਅਮਰਦਾਸ ਨੇ ਆਪਣੇ ਮੁਬਾਰਿਕ ਹੱਥਾਂ ਨਾਲ ਲਿਖਿਆ। ਇਸ ਬਾਰੇ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਨ੍ਹਾਂ ਨੇ ਕੇਵਲ 'ਜਪੁਜੀ' ਹੀ ਲਿਖਿਆ ਜਾਂ ਪਹਿਲੇ ਅਤੇ ਆਪਣੇ ਸਮੇਤ ਸਾਰੇ ਗੁਰੂਆਂ ਦੀ ਬਾਣੀ ਵੀ ਆਪਣੇ ਹੱਥਾਂ ਨਾਲ ਇਕ ਗ੍ਰੰਥ ਵਿਚ ਅੰਕਿਤ ਕੀਤੀ। ਉਨ੍ਹਾਂ ਦੀ ਬਾਣੀ ਵਿਚ ਉਨ੍ਹਾਂ ਹੱਥਾਂ (ਕਾਤਿਬਾਂ) ਦੀ ਸ਼ਲਾਘਾ ਕੀਤੀ ਗਈ ਹੈ, ਜੋ ਗੁਰਬਾਣੀ ਆਪ ਲਿਖਦੇ ਹਨ।

*ਤੇ ਹਸਤ ਪੁਨੀਤ ਪਵਿਤ੍ਰ ਹਰਿ ਮੇਰੀ ਜਿੰਦੁੜੀਏ*
*ਹੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥*

ਗੁਰੂ ਰਾਮਦਾਸ ਜੀ ਨੇ ਮਸੰਦ ਅਤੇ ਮੰਜੀਦਾਰ ਸਥਾਪਤ ਕੀਤੇ। ਇਨ੍ਹਾਂ ਦਾ ਕੰਮ ਸੀ ਗੁਰੂ ਸ਼ਬਦ ਨੂੰ ਪ੍ਰਚਾਰਨਾ ਅਤੇ ਰਸਦ ਆਦਿ ਇਕੱਠਾ ਕਰਨਾ। ਜੇ ਗੁਰੂ ਦਾ ਸ਼ਬਦ ਪ੍ਰਚਾਰਿਆ ਜਾਂਦਾ ਸੀ ਤਾਂ ਹਰ ਮਸੰਦ ਜਾਂ ਮੰਜੀਦਾਰ ਪਾਸ ਗੁਰੂਆਂ ਦੀ ਬਾਣੀ ਦੀ ਪੋਥੀ ਹੋਵੇਗੀ। ਇਸ ਲਈ ਗੁਰੂ ਸਾਹਿਬ ਨੇ ਕਈ ਕਾਤਿਬਾਂ ਤੋਂ ਗੁਰੂਆਂ ਦੀ ਬਾਣੀ ਦੀਆਂ ਪੋਥੀਆਂ ਤਿਆਰ ਕਰਵਾ ਕੇ ਮਸੰਦਾਂ ਅਤੇ ਮੰਜੀਦਾਰਾਂ ਨੂੰ ਵੰਡੀਆਂ ਹੋਣਗੀਆਂ। ਉਪਰੋਕਤ ਸ਼ਬਦ ਉਨ੍ਹਾਂ ਕਾਤਿਬਾਂ ਦੀ ਸਿਫ਼ਤ ਸਲਾਹ ਲਈ ਲਿਖਿਆ ਜਾਪਦਾ ਹੈ। ਜੇ ਇਹ ਪ੍ਰਥਾ ਪ੍ਰਚੱਲਿਤ ਸੀ ਤਾਂ ਸਿੱਧ ਹੈ ਕਿ ਚੌਥੇ ਗੁਰੂ ਨੇ ਸਾਰੀ ਬਾਣੀ ਪੰਜਵੇਂ ਗੁਰੂ ਨੂੰ ਪੋਥੀ ਦੇ ਰੂਪ ਵਿਚ ਸੌਂਪੀ ਹੋਵੇਗੀ।

**4. ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਤੱਕ :**

ਗੁਰੂ ਰਾਮਦਾਸ ਜੀ ਨੇ ਗੁਰਗੱਦੀ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਦੀ ਬਜਾਏ ਛੋਟੇ ਪੁੱਤਰ ਅਰਜਨ ਦੇਵ ਨੂੰ ਸੌਂਪੀ। ਭਰਾਵਾਂ ਵਿਚ ਵਿਰੋਧ ਦਾ ਪੈਦਾ ਹੋ ਜਾਣਾ ਕੁਦਰਤੀ ਸੀ ਕਿਉਂਕਿ ਗੁਰਬਾਣੀ ਗੁਰਗੱਦੀ ਦੀ ਅਧਾਰਸ਼ਿਲਾ ਸੀ, ਇਸਦੀ ਵਿਰਾਸਤ ਬਾਰੇ ਝਗੜਾ ਪੈਦਾ ਹੋਣਾ ਵੀ ਕੁਦਰਤੀ ਸੀ। ਪ੍ਰਿਥੀ ਚੰਦ ਆਪਣੇ ਪਿਤਾ ਗੁਰੂ ਰਾਮਦਾਸ ਜੀ ਨਾਲ ਝਗੜਿਆ, ਜਿਸ ਬਾਰੇ ਗੁਰਬਾਣੀ ਵਿਚੋਂ ਵੀ ਪ੍ਰਮਾਣ ਮਿਲਦਾ ਹੈ :

*ਕਾਹੇ ਪੂਤ ਝਗਰਤ ਹਉ ਸੰਗ ਬਾਪ॥*
*ਜਿਨ ਕੇ ਜਣੇ ਬਡੀਰੇ*
*ਤੁਮ ਹਉ ਤਿਨ ਸਿਉ ਝਗਰਤ ਪਾਪ॥* *–ਗੁਰੂ ਰਾਮਦਾਸ*



ਪ੍ਰਿਥੀ ਚੰਦ ਨੇ ਆਪਣੀ ਜੁਦਾ ਗੁਰਗੱਦੀ ਚਲਾਉਣ ਲਈ ਬਾਣੀ ਇਕੱਠੀ ਕੀਤੀ ਅਤੇ ਆਪਣੇ ਪੁੱਤਰ ਮੇਹਰਬਾਨ, ਜੋ ਕਵੀ ਸੀ, ਤੋਂ ਹੋਰ ਕੱਚੀ ਬਾਣੀ ਲਿਖਵਾ ਕੇ ਇਸ ਪੋਥੀ ਵਿਚ ਅੰਕਿਤ ਕੀਤੀ। ਇਸਦਾ ਪ੍ਰਮਾਣ ਕੇਸਰ ਸਿੰਘ ਛਿੱਬਰ ਦੀ ਪੁਸਤਕ 'ਬੰਸਾਵਲੀਨਾਮਾ ਦਸਮ ਪਾਤਸ਼ਾਹੀਆਂ ਕਾ' ਵਿਚੋਂ ਮਿਲਦਾ ਹੈ।

*ਮਿਹਰਬਾਨ ਪੁਤ ਪ੍ਰਿਥੀਏ ਦਾ ਕਵੀਸ਼ਰੀ ਕਰੇ।*
*ਪਾਰਸੀ ਹਿੰਦਵੀ ਸਹੰਸਕ੍ਰਿਤ ਨਾਲੇ ਗੁਰਮੁਖੀ ਪੜੇ।*
*ਤਿਨ ਭੀ ਬਾਣੀ ਬਹੁਤ ਬਣਾਈ।*

ਭਾਈ ਗੁਰਦਾਸ ਜੀ ਨੇ ਵੀ ਆਪਣੀ ਵਾਰ ਵਿਚ ਲਿਖਿਆ ਹੈ :

*ਮੀਣਾ ਹੋਆ ਪ੍ਰਿਥੀਆ ਕਰਿ ਕਰਿ ਟੇਢਕ ਬਰਨੁ ਚਲਾਇਆ।*
*(ਵਾਰ ਭਾਈ ਗੁਰਦਾਸ 26-33)*

ਉਪਰੋਕਤ ਚਰਚਾ ਤੋਂ ਸਾਡਾ ਭਾਵ ਇਹ ਸੀ ਕਿ ਗੁਰੂ ਅਰਜਨ ਦੇਵ ਵੇਲੇ ਗੁਰਬਾਣੀ ਵਿਚ ਹੋਰ ਵੀ ਮਿਲਾਵਟ ਹੋਣੀ ਸ਼ੁਰੂ ਹੋ ਗਈ ਸੀ। 'ਮੋਹਨ ਪੋਥੀਆਂ' ਅਤੇ 'ਹਰਿ ਸਹਾਏ ਪੋਥੀਆਂ' ਇਨ੍ਹਾਂ ਦਿਨਾਂ 'ਚ ਹੀ ਲਿਖੀਆਂ ਗਈਆਂ। ਯਾਦ ਰਹੇ ਕਿ ਕਈ ਲਿਖਾਰੀਆਂ ਨੇ ਇਨ੍ਹਾਂ ਨੂੰ ਪਹਿਲਾਂ ਦੀਆਂ ਲਿਖੀਆਂ ਹੋਈਆਂ ਦੱਸਿਆ ਹੈ। ਪਰ ਵਿਦਵਾਨਾਂ ਅਨੁਸਾਰ ਇਹ ਗੁਰੂ ਅਰਜਨ ਦੇਵ ਦੇ ਵੇਲੇ ਹੀ ਲਿਖੀਆਂ ਗਈਆਂ ਸਨ। ਗੁਰਬਾਣੀ ਵਿਚ ਮਿਲਾਵਟ ਹੋਣ ਦੇ ਖ਼ਤਰੇ ਨੂੰ ਭਾਂਪਦਿਆਂ, ਪੰਜਵੇਂ ਗੁਰੂ ਨੇ ਆਖਰ ਨੂੰ ਸਾਰੀ ਬਾਣੀ ਨੂੰ ਇਕ ਥਾਂ ਸੰਪਾਦ ਕਰਕੇ ਇਕ ਪੋਥੀ ਦੇ ਰੂਪ ਵਿਚ ਸਿੱਖ ਧਰਮ ਨੂੰ ਦਿੱਤੀ, ਜਿਸਨੂੰ 'ਆਦਿ ਗ੍ਰੰਥ' ਜਾਂ 'ਕਰਤਾਰਪੁਰੀ ਬੀੜ' ਕਹਿੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਹੋਰ ਲਿਖਾਰੀਆਂ ਨੂੰ ਵੀ ਗੁਰਬਾਣੀ ਲਿਖਣ ਲਈ ਉਤਸ਼ਾਹਿਤ ਕੀਤਾ ਅਤੇ ਸਲਾਹਿਆ।

*ਹਰਿ ਜਿਸੁ ਲਿਖਹਿ ਲਾਇ ਭਾਵਨੀ ਸੇ ਹਸਤ ਪਵਿਤਾ।*

ਅਤੇ ਪੋਥੀ ਨੂੰ ਪਰਮੇਸ਼ਵਰ ਦਾ ਰੂਪ ਕਿਹਾ।

ਇਤਿਹਾਸ ਵਿਚ ਵੀ ਅਨੇਕ ਪ੍ਰਮਾਣ ਮਿਲਦੇ ਹਨ, ਜੋ 'ਆਦਿ ਗ੍ਰੰਥ' ਦੀ ਸੰਪਾਦਨਾ ਵੱਲ ਇਸ਼ਾਰਾ ਕਰਦੇ ਹਨ। ਉਦਾਹਰਣ ਵਜੋਂ 'ਗੁਰ ਪਰਤਾਪ ਸੂਰਜ ਗ੍ਰੰਥ' ਵਿਚ ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਬਾਣੀ ਵਿਚ ਹੋ ਰਹੀ ਮਿਲਾਵਟ ਬਾਰੇ ਵੀ ਦੱਸਿਆ ਅਤੇ ਇਕ ਪ੍ਰਮਾਣੀਕ ਪੋਥੀ ਬਣਾਉਣ ਲਈ ਕਿਹਾ। ਉਨ੍ਹਾਂ ਪ੍ਰਿਥੀਏ ਵਲੋਂ ਕੀਤੇ ਜਾਂਦੇ ਘਪਲੇ ਬਾਰੇ ਖਾਸ ਜ਼ਿਕਰ ਕੀਤਾ। ਇਸੇ ਤਰ੍ਹਾਂ

'ਗੁਰਬਿਲਾਸ ਛੇਵੀਂ ਪਾਤਸ਼ਾਹੀ' ਕਿਰਤ ਸੋਹਨ ਵਿਚ ਵੀ ਉਪਰੋਕਤ ਕਹਾਣੀ ਨੂੰ ਦੁਹਰਾਇਆ ਗਿਆ ਹੈ। 'ਮਹਿਮਾ ਪ੍ਰਕਾਸ਼' ਦਾ ਕਰਤਾ ਸਰੂਪ ਦਾਸ ਭੱਲਾ ਵੀ ਗੁਰਬਾਣੀ ਵਿਚ ਹੋ ਰਹੀ ਮਿਲਾਵਟ ਦੇ ਮਸਲੇ ਬਾਰੇ ਇਹੋ ਲਿਖਦਾ ਹੈ ਕਿ ਪੰਜਵੇਂ ਗੁਰੂ ਨੇ ਇਸਨੂੰ ਨਜਿੱਠਣ ਲਈ ਭਾਈ ਗੁਰਦਾਸ ਨੂੰ ਬੁਲਾਇਆ ਅਤੇ 'ਕਰਤਾਰਪੁਰੀ ਬੀੜ' ਦੀ ਸੰਪਾਦਨਾ ਕੀਤੀ। ਇਹ ਬੀੜ ਉਨ੍ਹਾਂ ਨੇ 1604 ਈ. ਵਿਚ ਸੰਪਾਦ ਕਰਕੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤੀ।

**ਕਰਤਾਰਪੁਰੀ ਬੀੜ ਅਤੇ ਬੰਨੋ ਬੀੜ ਦਾ ਰੌਲਾ**

ਮਕਲਾਉਡ (W.H. McLeod) ਨੇ ਪਹਿਲਾਂ ਇਹ ਮਨੌਤ ਪੇਸ਼ ਕੀਤੀ ਕਿ 'ਕਰਤਾਰਪੁਰੀ ਬੀੜ' 'ਬੰਨੋ ਬੀੜ' ਦੀ ਕਾਪੀ ਹੈ। ਇਸ ਲਈ 'ਬੰਨੋ ਬੀੜ' ਦੀ ਸੰਪਾਦਨਾ ਗੁਰੂ ਅਰਜਨ ਦੇਵ ਨੇ ਪਹਿਲਾਂ ਕੀਤੀ। ਦਲੀਲ ਉਸਦੀ ਇਹ ਹੈ ਕਿ 'ਬੰਨੋ ਬੀੜ' ਵਿਚ 'ਕਰਤਾਰਪੁਰੀ ਬੀੜ' ਨਾਲੋਂ ਵਾਧੂ ਬਾਣੀ ਹੈ। ਇਸ ਲਈ ਵਾਧੂ ਬਾਣੀ ਵਾਲੀ ਬੀੜ ਹਮੇਸ਼ਾ ਉਹ ਹੁੰਦੀ ਹੈ, ਜੋ ਪਹਿਲਾਂ ਲਿਖੀ ਗਈ ਹੋਵੇ। ਪਰ ਮਕਲਾਉਡ ਦੀ ਇਹ ਮਨੌਤ ਗ਼ਲਤ ਅਤੇ ਮੂਲੋਂ ਥੋਥੀ ਹੈ। ਇਸਦਾ ਨਤਾਰਾ ਕਰਨ ਲਈ ਪਹਿਲਾਂ 'ਬੰਨੋ ਬੀੜ' ਦੀ ਤਵਾਰੀਖ ਬਾਰੇ ਜਾਨਣਾ ਜ਼ਰੂਰੀ ਹੈ।

**ਬੰਨੋ ਬੀੜ**

ਕਈ ਇਤਿਹਾਸਕਾਰ ਲਿਖਦੇ ਹਨ ਕਿ ਜਦ ਗੁਰੂ ਅਰਜਨ ਦੇਵ ਜੀ ਨੇ 'ਕਰਤਾਰਪੁਰੀ ਬੀੜ' ਤਿਆਰ ਕਰ ਲਈ ਤਾਂ ਇਕ ਮਾਂਗਟ ਪਿੰਡ (ਜ਼ਿਲ੍ਹਾ ਗੁਜਰਾਤ) ਦਾ ਵਾਸੀ ਭਾਈ ਬੰਨੋ ਅੰਮ੍ਰਿਤਸਰ ਬੀੜ ਦੇ ਪ੍ਰਕਾਸ਼ ਉਤਸਵ ਲਈ ਆਇਆ ਪਰ ਬੀੜ ਦੀ ਜਿਲਦ ਬੰਨ੍ਹਣ ਵਾਲੀ ਸੀ। ਭਾਈ ਬੰਨੋ ਨੇ ਗੁਰੂ ਅਰਜਨ ਦੇਵ ਪਾਸ ਅਰਜ ਕੀਤੀ ਕਿ ਉਹ ਲਾਹੌਰ ਤੋਂ ਇਸ ਬੀੜ ਦੀ ਜਿਲਦ ਬੰਨ੍ਹ ਲਿਆਉਂਦਾ ਹੈ। ਨਾਲੇ ਇਹ ਵੀ ਅਰਜ਼ ਕੀਤੀ ਕਿ ਜੇ ਹੁਕਮ ਹੋਵੇ ਤਾਂ ਉਹ ਇਕ ਦਿਨ ਲਈ ਆਪਣੇ ਪਿੰਡ ਮਾਂਗਟ ਦੀ ਸੰਗਤ ਨੂੰ ਇਸ ਬੀੜ ਦੇ ਦਰਸ਼ਨ ਕਰਾ ਲਿਆਵੇ? ਸੋਹਨ, 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਦਾ ਕਰਤਾ ਲਿਖਦਾ ਹੈ :

ਦੋਹਰਾ : *ਗੁਰ ਸਿੱਖ ਬੰਨੋ ਅਧੋ, ਸੰਗਤ ਸਾਥ ਅਪਾਰ।*
*ਮਾਂਗਟ ਵਾਲੀ ਤਾਂਹਿ ਕੀ, ਦਰਸਨ ਗੁਰੂ ਨਿਹਾਰ।*
ਚੌਪਈ : *ਕਾਰ ਭੇਟ ਆਗੇ ਗੁਰ ਧਾਰੀ। ਕਰੀ ਬਿਨਤਿ ਧੁਰ ਅੰਦਰ ਭਾਰੀ।*
*ਸ੍ਰੀ ਗੁਰੂ ਸਭ ਕਾ ਆਦਰ ਕੀਨੋ। ਮਨ ਇੱਛਤ ਸਭ ਕੋ ਵਰ ਦੀਨੋ।*
*ਬੰਨੋ ਕੋ ਨਿਜ ਸਿੱਖ ਗੁਰ ਜਾਨਾ, ਸ੍ਰੀ ਗੁਰੂ ਤਾਕੋ ਬਚਨ ਬਖਾਨਾ।*
*ਲਾਹੌਰ ਬੀਚ ਬੰਨੇ ਤੁਮ ਜਾਵੋ। ਸ੍ਰੀ ਗ੍ਰੰਥ ਕੀ ਜਿਲਦ ਬਨਾਵੋ।*
*ਕਾਰੀਗਰ ਇਹ ਨਾਂ ਅਬ ਨਾਹੀਂ। ਸਮਾ ਪਾਇ ਸਭ ਇਹਾਂ ਰਹਾਹੀਂ।*
*ਹਾਥ ਹੋਰ ਬੰਨੋ ਤਬ ਕਹਾ। ਏਨ ਬੇਨਤੀ ਮੈਂ ਪ੍ਰਭੂ ਆਹਾ।*
*ਹੁਕਮ ਹੋਇ ਤੋਂ ਮਾਂਗਟ ਜਾਵੇ। ਸੰਗਤਿ ਕੋ ਦਰਸ਼ਨ ਕਰਵਾਵੈ।*
*ਗੁਰ ਤਬ ਕਹਾ ਏਕ ਨਿਸ ਬਸਨਾ, ਤਿਨ ਸੋ ਕਰਾ, ਜੋਊ ਗੁਰ ਰਸਨਾ।*



ਰਾਹ ਵਿਚ ਭਾਈ ਬੰਨੋ ਨੂੰ ਖ਼ਿਆਲ ਆਇਆ ਕਿ ਜਿਲਦ ਬੰਨ੍ਹਣ ਉਪਰੰਤ ਇਹ ਬੀੜ ਤਾਂ ਅੰਮ੍ਰਿਤਸਰ ਪ੍ਰਕਾਸ਼ ਕਰ ਦਿੱਤੀ ਜਾਵੇਗੀ ਪਰ ਜੇ ਸੰਗਤ ਨੇ ਇਸਦਾ ਉਤਾਰਾ ਕਰਨਾ ਹੋਵੇ ਤਾਂ ਕਿੱਥੋਂ ਕਰਿਆ ਕਰੇਗੀ? ਇਸ ਲਈ ਭਾਈ ਬੰਨੋ ਨੇ ਰਾਹ ਵਿਚ 'ਆਦਿ ਗ੍ਰੰਥ' ਦੀ ਕਾਪੀ ਕਰ ਲਈ। ਇਸ ਗੱਲ ਦੀ ਤਸਦੀਕ ਗਿਆਨੀ ਗਿਆਨ ਸਿੰਘ ਆਪਣੀ ਪੁਸਤਕ 'ਤਵਾਰੀਖ ਗੁਰੂ ਖ਼ਾਲਸਾ' ਵਿਚ ਵੀ ਕਰਦੇ ਹਨ। ਪਰ 'ਸੂਰਜ ਪ੍ਰਕਾਸ਼' ਦਾ ਲੇਖਕ ਸੰਤੋਖ ਸਿੰਘ ਉਪਰੋਕਤ ਸਾਖੀ ਤੋਂ ਕੁਝ ਵੱਖਰੀ ਦਲੀਲ ਦਿੰਦਾ ਹੈ। ਉਸ ਅਨੁਸਾਰ ਜਦੋਂ ਭਾਈ ਗੁਰਦਾਸ ਨੇ ਗੁਰੂ ਗ੍ਰੰਥ ਜੀ ਦੀ ਸਾਰੀ ਬੀੜ ਮੁਕੰਮਲ ਕਰ ਲਈ ਤਾਂ ਗੁਰੂ ਅਰਜਨ ਦੇਵ ਨੇ ਅੰਮ੍ਰਿਤਸਰ ਵਿਚ ਉਸਦਾ ਪ੍ਰਕਾਸ਼ ਕੀਤਾ। ਪ੍ਰਕਾਸ਼ ਉਤਸਵ 'ਤੇ ਸਿੱਖ ਦੂਰੋਂ ਨੇੜਿਓਂ ਹੁੰਮ-ਹੁੰਮਾ ਕੇ ਪਹੁੰਚੇ, ਜਿਨ੍ਹਾਂ ਵਿਚ ਭਾਈ ਬੰਨੋ ਵੀ ਸਨ। ਭਾਈ ਬੰਨੋ ਨੇ ਬੇਨਤੀ ਕੀਤੀ ਕਿ ਹੁਕਮ ਹੋਵੇ ਤਾਂ ਉਹ ਇਸ ਪਾਵਨ ਬੀੜ ਦੇ ਦਰਸ਼ਨ ਆਪਣੇ ਪਿੰਡ ਵਾਸੀਆਂ ਨੂੰ ਮਾਂਗਟ ਵਿਖੇ ਕਰਾ ਲਿਆਉਣ ਤਾਂ ਜੱਕਾ ਤੱਕ ਕਰਕੇ ਗੁਰੂ ਅਰਜਨ ਦੇਵ ਨੇ ਕੇਵਲ ਇਕ ਰਾਤ ਲਈ ਬੀੜ ਰੱਖਣ ਦਾ ਆਦੇਸ਼ ਦੇ ਕੇ ਬੀੜ ਭਾਈ ਬੰਨੋ ਨੂੰ ਦੇ ਦਿੱਤੀ। ਰਾਹ ਵਿਚ ਭਾਈ ਬੰਨੋ ਨੇ ਇਸ ਬੀੜ ਦਾ ਉਤਾਰਾ ਕਰ ਲਿਆ।

ਪਰ ਪ੍ਰੋ. ਸਾਹਿਬ ਸਿੰਘ ਦੀ ਘੋਰ ਵਿਆਖਿਆ ਦੇ ਅਨੁਸਾਰ ਅਜਿਹਾ ਕੁਝ ਨਹੀਂ ਹੋਇਆ। ਬੀੜ ਅੰਮ੍ਰਿਤਸਰ ਤੋਂ ਕਿਤੇ ਬਾਹਰ ਨਹੀਂ ਗਈ। ਦਲੀਲ ਵਿਚ ਉਹ ਕਹਿੰਦੇ ਹਨ ਕਿ ਸਾਰੀ ਬੀੜ ਦੀ ਕਾਪੀ ਕਰਨ ਲਈ ਕਈ ਦਿਨ ਚਾਹੀਦੇ ਸਨ, ਜੋ ਗੁਰੂ ਸਾਹਿਬ ਨੇ ਉਸਨੂੰ ਨਹੀਂ ਦਿੱਤੇ। ਦੂਜੇ ਬੀੜ ਦੀ ਜਿਲਦ ਪਹਿਲਾਂ ਹੀ ਬੱਝੀ ਹੋਈ ਸੀ, ਇਸ ਲਈ ਉਸਦੇ ਵਰਕੇ ਉਖਾੜ ਕੇ ਰਾਤੋ-ਰਾਤ ਬੀੜ ਦਾ ਉਤਾਰਾ ਕਈ ਸਿੱਖ ਕਾਤਿਬ ਕਰ ਸਕਦੇ ਸਨ। ਇਹ ਗੱਲ ਵੀ ਸੰਭਵ ਨਹੀਂ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬੰਨੋ ਬੀੜ, ਜੋ ਹੁਣ ਸਹਾਰਨਪੁਰ ਵਿਖੇ ਹੈ, ਵਿਚ ਵਾਧੂ ਬਾਣੀ ਸ਼ਾਮਲ ਹੈ, ਜਿਸਦੇ ਆਧਾਰ 'ਤੇ ਮਕਲਾਉਡ ਨੇ ਇਸਨੂੰ 'ਕਰਤਾਰਪੁਰੀ ਬੀੜ' ਨਾਲੋਂ ਪੁਰਾਣੀ ਦੱਸਿਆ ਹੈ। ਭਾਈ ਬੰਨੋ ਨੇ ਵਾਧੂ ਬਾਣੀ ਕਿੱਥੋਂ ਲਈ ਅਤੇ ਕਿਉਂ 'ਆਦਿ ਗ੍ਰੰਥ' ਦੀ ਬੀੜ ਵਿਚ, ਬਗ਼ੈਰ ਗੁਰੂ ਅਰਜਨ ਦੇਵ ਜੀ ਤੋਂ ਪੁੱਛਿਆ, ਅੰਕਿਤ ਕੀਤੀ? ਇਕ ਪਾਸੇ ਤਾਂ ਭਾਈ ਬੰਨੋ ਗੁਰੂ ਸਾਹਿਬ ਦਾ ਪੱਕਾ ਸਿੱਖ ਹੈ ਅਤੇ ਦੂਜੇ ਪਾਸੇ ਗੁਰੂ ਤੋਂ ਪੁਛੇ ਬਗੈਰ ਇਕ ਹੋਰ ਕਾਪੀ ਬਣਾ ਰਿਹਾ ਹੈ। ਇਹ ਗੱਲ ਕੁਝ ਜਚਦੀ ਨਹੀਂ। ਇਤਿਹਾਸਕਾਰਾਂ ਨੇ ਇਸ ਬੰਨੋ ਬੀੜ ਵਾਲੀ ਸਾਖੀ ਨੂੰ ਮਿੱਥ ਤੋਂ ਉਸਾਰਿਆ ਜਾਪਦਾ ਹੈ। ਭਾਵੁਕਤਾ ਹੇਠ ਉਨ੍ਹਾਂ ਨੇ ਭਾਈ ਬੰਨੋ ਦੀ ਅਪਾਰ ਸ਼ਰਧਾ ਨੂੰ ਕਾਵਿਕ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਮਿੱਥ ਦਾ ਪਾਜ ਪ੍ਰੋ. ਸਾਹਿਬ ਸਿੰਘ ਹੋਰਾਂ ਆਪਣੀ ਪੁਸਤਕ 'ਆਦਿ ਬੀੜ ਬਾਰੇ' 'ਚ ਬਾਖੂਬੀ ਖੋਲ੍ਹਿਆ ਹੈ।

**ਅਸਲ ਗੱਲ ਕੀ ਹੈ?**

ਗੁਰੂ ਅਰਜਨ ਦੇਵ ਜੀ ਪਾਸ ਪਿਛਲੇ ਸਾਰੇ ਗੁਰੂਆਂ ਦੀ ਬਾਣੀ ਸੀ। ਜਦ ਬਾਣੀ ਵਿਚ ਰਲਾਅ ਹੋਣ ਲੱਗ ਪਿਆ, ਜੋ ਬਾਬਾ ਮੋਹਨ ਤੋਂ ਲੈ ਕੇ ਪ੍ਰਿਥੀ ਚੰਦ ਤੱਕ ਦੀਰਘ ਰੋਗ ਬਣ ਚੁੱਕਿਆ ਹੈ ਤਾਂ ਪੰਜਵੇਂ ਗੁਰੂ ਨੇ ਸਾਰੀ ਬਾਣੀ ਨੂੰ ਇਕ ਤਰਤੀਬ ਵਿਚ ਸੰਪਾਦ ਕਰਨ ਦੀ ਵਿਉਂਤ ਬਣਾਈ। ਇਸ ਤਰਤੀਬ ਵਿਚ ਉਨ੍ਹਾਂ ਸਿੱਖ ਧਰਮ ਦੇ ਬਾਨੀ

ਗੁਰੂ ਨਾਨਕ ਦੇਵ ਜੀ ਦੇ ਮੂਲ-ਮੰਤਰ ਅਤੇ ਉਸ ਤੋਂ ਬਾਅਦ ਜਪੁਜੀ ਨੂੰ ਮੂਹਰੇ ਰੱਖਿਆ। ਇਸ ਤੋਂ ਬਾਅਦ ਸਾਰੀ ਬਾਣੀ ਰਾਗਾਂ ਵਿਚ ਵੰਡ ਕੇ ਰਾਗਾਂ ਨੂੰ ਖਾਸ ਤਰਤੀਬ ਦਿੱਤੀ। ਪਹਿਲਾਂ ਸਿਰੀ ਰਾਗ ਹੈ ਅਤੇ ਅਖੀਰਲਾ ਜੈਜਾਵੰਤੀ ਹੈ। ਰਾਗਾਂ ਦੇ ਮੁੱਕਣ 'ਤੇ ਸਲੋਕ, ਸਵੱਯੇ ਆਦਿ ਨੂੰ ਅੰਕਿਤ ਕੀਤਾ। ਇਸ ਪ੍ਰਕਾਰ ਉਨ੍ਹਾਂ ਨੇ ਪਿਛਲੇ ਗੁਰੂਆਂ ਦੀ ਹੱਥ ਲਿਖਤ ਬਾਣੀ ਨੂੰ ਇਕ ਵਿਉਂਤ ਵਿਚ ਲੈ ਆਂਦਾ। ਇਹ ਇਕ ਪ੍ਰਕਾਰ ਨਾਲ ਪਹਿਲੀ ਹੱਥ ਲਿਖਤ ਪੋਥੀ ਮੰਨੀ ਜਾਵੇਗੀ। ਇਸ ਪੋਥੀ ਦਾ ਉਤਾਰਾ ਕਰਨ ਲਈ ਭਾਈ ਗੁਰਦਾਸ ਨੂੰ ਕਿਹਾ ਹੋਵੇਗਾ। ਭਾਈ ਗੁਰਦਾਸ ਦੇ ਉਤਾਰੇ ਨੂੰ ਗੁਰੂ ਅਰਜਨ ਦੇਵ ਆਪ ਸੋਧਦੇ ਸਨ। ਜਿੱਥੇ ਕਿਤੇ ਕੋਈ ਉਕਤੀ ਨਜ਼ਰ ਆਉਂਦੀ ਸੀ, ਉਸ ਸੰਬੰਧਤ ਪੱਤਰੇ 'ਤੇ ਲਿਖ ਦਿੰਦੇ ਸਨ ਕਿ 'ਸੁਧ ਕੀਚੇ' ਜਿਸਦਾ ਅਰਥ ਸੀ ਕਿ ਪਹਿਲੀ ਪੋਥੀ ਨੂੰ ਦੇਖ ਕੇ ਸੁਧਾਈ ਕਰੋ। ਭਾਈ ਗੁਰਦਾਸ ਹਦਾਇਤ ਅਨੁਸਾਰ ਪਾਠ ਨੂੰ ਸ਼ੁੱਧ ਕਰ ਲੈਂਦੇ ਸਨ। ਇਸ ਦਲੀਲ ਤੋਂ ਇਹ ਸਿੱਧ ਹੋਇਆ ਕਿ ਗੁਰੂ ਅਰਜਨ ਦੇਵ ਪਾਸ ਦੋ ਪੋਥੀਆਂ ਸਨ-ਇਕ ਜੋ ਸਾਰੇ ਗੁਰੂਆਂ ਦੀ ਪ੍ਰਮਾਣਿਕ ਹੱਥ ਲਿਖਤ ਬਾਣੀ ਦਾ ਸੰਕਲਨ ਸੀ ਅਤੇ ਦੂਜੀ ਜੋ ਇਸ ਪੋਥੀ ਤੋਂ ਭਾਈ ਗੁਰਦਾਸ ਹੋਰਾਂ ਕਾਪੀ ਕੀਤੀ। ਅੰਮ੍ਰਿਤਸਰ ਪ੍ਰਕਾਸ਼ ਕਰਨ ਸਮੇਂ ਭਾਈ ਗੁਰਦਾਸ ਵਾਲੀ ਪੋਥੀ ਦੀ ਜਿਲਦ ਬੱਝ ਚੁੱਕੀ ਸੀ ਕਿਉਂਕਿ ਭਾਈ ਬੰਨੋ ਵਾਲੀ ਮਿੱਥ ਕਈ ਲਿਖਾਰੀਆਂ ਨੇ ਬਿਆਨ ਕੀਤੀ ਹੈ, ਇਸ ਲਈ ਇਹ ਤਾਂ ਸੱਚ ਜਾਪਦਾ ਹੈ ਕਿ ਭਾਈ ਬੰਨੋ ਨੇ ਪੋਥੀ ਦਾ ਇਕ ਉਤਾਰਾ ਕਰਨ ਲਈ ਗੁਰੂ ਅਰਜਨ ਦੇਵ ਨੂੰ ਗੁਜ਼ਾਰਿਸ਼ ਕੀਤੀ ਹੋਵੇਗੀ ਅਤੇ ਗੁਰੂ ਪਾਸੋਂ ਇਜਾਜ਼ਤ ਮਿਲਣ 'ਤੇ ਭਾਈ ਗੁਰਦਾਸ ਵਾਲੀ ਪੋਥੀ ਤੋਂ ਉਸਦੇ ਸਿੱਖਾਂ ਨੇ ਅਖੌਤੀ ਭਾਈ ਬੰਨੋ ਵਾਲੀ ਬੀੜ ਤਿਆਰ ਕੀਤੀ, ਜਿਸਦੀ ਨਿਗਰਾਨੀ ਵੀ ਗੁਰੂ ਸਾਹਿਬ ਨੇ ਆਪ ਖ਼ੁਦ ਕੀਤੀ। ਭਾਈ ਬੰਨੋ ਵਾਲੀ ਬੀੜ ਵਿਚ ਜੋ ਕੁਝ ਵਾਧੂ ਬਾਣੀ ਹੈ, ਉਹ ਗੁਰੂ ਕਾਲ ਦੇ ਵੇਲੇ ਜਾਂ ਬਾਅਦ ਵਿਚ ਸ਼ਰਧਾ ਵਜੋਂ ਅਤੇ ਜਾਂ ਮਿਲਾਵਟ ਕਰਨ ਲਈ ਦਰਜ ਕੀਤੀ ਕਿਉਂਕਿ ਵਾਧੂ ਬਾਣੀ ਦੀ ਹੱਥ ਲਿਖਤ ਪਹਿਲੀ ਹੱਥ ਲਿਖਤ ਨਾਲ ਮੇਲ ਨਹੀਂ ਖਾਂਦੀ। ਇਸ ਲਈ ਇਹ ਝੂਠੀ ਹੈ ਜਾਂ ਗੁਰੂਆਂ ਵਲੋਂ ਨਿਕਾਰੀ ਹੋਈ ਹੈ।

ਭਾਈ ਗੁਰਦਾਸ ਵਾਲੀ ਪੋਥੀ ਨੂੰ ਗੁਰੂ ਗ੍ਰੰਥ ਸਾਹਿਬ ਦਾ ਰੁਤਬਾ ਮਿਲਿਆ ਜੋ ਬਾਅਦ ਵਿਚ ਪ੍ਰਿਥੀ ਚੰਦ ਦੇ ਪਰਿਵਾਰ ਦੇ ਹੱਥ ਲੱਗ ਗਈ ਅਤੇ ਸੀਨਾ-ਬ-ਸੀਨਾ ਇਸ ਘਰਾਣੇ ਵਿਚ ਰਹੀ। ਜਿਸ ਘਰਾਣੇ ਪਾਸ ਇਹ ਪੋਥੀ ਅੱਜਕਲ੍ਹ ਹੈ ਉਹ ਕਰਤਾਰਪੁਰ ਰਹਿੰਦੇ ਸਨ। ਉਪਰੋਕਤ ਚਰਚਾ ਤੋਂ ਸ਼ੰਕਾਗ੍ਰਸਤ ਵਿਦਵਾਨਾਂ ਦੇ ਸਾਰੇ ਸ਼ੰਕੇ ਦੂਰ ਹੋ ਜਾਣੇ ਚਾਹੀਦੇ ਹਨ। ਸੱਚ ਇਹ ਹੈ, 'ਕਰਤਾਰਪੁਰ ਵਾਲੀ ਬੀੜ' ਗੁਰੂ ਅਰਜਨ ਦੇਵ ਨੇ ਖ਼ੁਦ ਤਿਆਰ ਕਰਵਾਈ ਜਿਸ ਦੇ ਵਰਕਿਆਂ 'ਤੇ ਪੰਜਵੇਂ ਪਾਤਸ਼ਾਹ ਦਾ ਨਿਸ਼ਾਨ ਵੀ ਹੈ ਅਤੇ ਛੇਵੇਂ ਪਾਤਸ਼ਾਹ ਦਾ ਨਿਸ਼ਾਨ ਵੀ ਮੌਜੂਦ ਹੈ।

**(ਕ) ਛੇਵਾਂ ਪ੍ਰਮਾਣ**

**ਕਰਤਾਰਪੁਰੀ ਬੀੜ ਦਾ ਇਤਿਹਾਸ**

ਹੇਠਾਂ ਅਸੀਂ ਕਰਤਾਰਪੁਰੀ ਬੀੜ ਦੀ ਸੰਪਾਦਨਾ ਤੋਂ ਲੈ ਕੇ ਅੱਜ ਤੱਕ ਦੀ ਵਿਰਾਸਤ ਬਾਰੇ ਇਕ ਚਾਰਟ ਪੇਸ਼ ਕਰਦੇ ਹਾਂ।



| ਨਾਂਅ | ਤਿਥੀ | ਥਾਂ |
|---|---|---|
| ਗੁਰੂ ਅਰਜਨ ਦੇਵ | 1601-1604 | ਸੰਪਾਦਨਾ |
| ਗੁਰੂ ਅਰਜਨ ਦੇਵ | 1604-1606 | ਅੰਮ੍ਰਿਤਸਰ |
| ਗੁਰੂ ਹਰਿਗੋਬਿੰਦ | 1606-1628 | ਅੰਮ੍ਰਿਤਸਰ |
| ਗੁਰੂ ਹਰਿਗੋਬਿੰਦ | 1628-1634 | ਕਰਤਾਰਪੁਰ |
| ਗੁਰੂ ਹਰਿਗੋਬਿੰਦ | 1634-1644 | ਕੀਰਤਪੁਰ |
| ਧੀਰਮਲ | 1644-1664 | ਬਾਬਾ ਬਕਾਲਾ |
| ਗੁਰੂ ਤੇਗ ਬਹਾਦਰ | 1664- ? | ਬਾਬਾ ਬਕਾਲਾ |
| ਧੀਰਮਲ ਪਰਵਾਰ | 1664-1801 | ਕਰਤਾਰਪੁਰ |
| ਮਹਾਰਾਜਾ ਰਣਜੀਤ ਸਿੰਘ | 1801-1839 | ਲਾਹੌਰ |
| ਸੋਢੀ ਪਰਿਵਾਰ | | ਕਰਤਾਰਪੁਰ |
| ਜੀ.ਐਚ. ਮੈਕਗ੍ਰਾਗਰ | 1850 | ਕਰਤਾਰਪੁਰ |
| ਮਹਾਰਾਜਾ ਪਟਿਆਲਾ | 1860-1863 | ਪਟਿਆਲਾ |
| ਸੋਢੀ ਪਰਿਵਾਰ | 1863-ਹੁਣ ਤੱਕ | ਕਰਤਾਰਪੁਰ |

ਉਪਰੋਕਤ ਚਾਰਟ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਹਰਿਗੋਬਿੰਦ ਤੋਂ ਬਾਅਦ 'ਕਰਤਾਰਪੁਰੀ ਬੀੜ' ਗੁਰੂ ਘਰ ਵਿਚ ਨਹੀਂ ਰਹੀ। ਸਭ ਤੋਂ ਪਹਿਲਾਂ ਧੀਰਮਲ ਨੇ ਮੁਗਲ ਸ਼ਹਿਨਸ਼ਾਹ, ਸ਼ਾਹ ਜਹਾਨ ਦੀ ਮਦਦ ਨਾਲ ਇਸ ਬੀੜ ਨੂੰ ਕਾਬੂ ਕੀਤਾ ਕਿਉਂਕਿ ਸ਼ਾਹੀ ਦਰਬਾਰ ਨੇ ਧੀਰਮਲ ਨੂੰ ਗੁਰੂ ਨਾਨਕ ਦਾ ਉਤਰਾਧਿਕਾਰੀ ਥਾਪ ਕੇ ਗੁਰਗੱਦੀ ਦਾ ਹੱਕਦਾਰ ਬਣਾ ਦਿੱਤਾ ਸੀ। ਸਿੱਖਾਂ ਦੇ ਕਹਿਣ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਬੀੜ ਲਾਹੌਰ ਮੰਗਵਾ ਲਈ ਸੀ। ਪਰ ਸੋਢੀ ਪਰਿਵਾਰ ਦੀ ਹਲੀਮੀ ਅਤੇ ਨਰਮੀ ਸਦਕਾ ਬੀੜ ਨੂੰ ਫੇਰ ਵਾਪਸ ਕਰ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਖ਼ਾਤਮਾ ਹੋਣ ਵੇਲੇ ਬੀੜ ਲਾਹੌਰ ਹੀ ਸੀ ਜਿਸ 'ਤੇ ਕਬਜ਼ਾ ਉਸ ਵੇਲੇ ਦੇ ਲਾਹੌਰ ਦੇ ਡਿਪਟੀ ਕਮਿਸ਼ਨਰ ਨੇ ਕਰ ਲਿਆ। ਜਿਸ ਦਾ ਨਾਂਅ ਸੀ ਮੈਕਗ੍ਰਾਗਰ। ਪਰ ਸੋਢੀ ਪਰਿਵਾਰ ਨੂੰ ਇਹ ਬੀੜ ਇਸ ਸੂਰਤ 'ਤੇ ਮੋੜੀ ਗਈ ਕਿ ਉਹ ਅੰਗਰੇਜ਼ੀ ਸਰਕਾਰ ਨੂੰ ਇਸ ਦੀ ਕਾਪੀ ਕਰਕੇ ਦੇਣਗੇ। ਜੋ ਕਾਪੀ ਕੀਤੀ ਗਈ ਉਹ ਵਾਇਸਰਾਏ ਹਿੰਦ ਨੇ ਰਾਣੀ ਵਿਕਟੋਰੀਆ ਨੂੰ ਭੇਂਟ ਕੀਤੀ ਅਤੇ ਅੱਜਕਲ੍ਹ ਇਹੋ ਕਾਪੀ ਲੰਡਨ ਵਿਖੇ ਇੰਡੀਆ ਲਾਇਬ੍ਰੇਰੀ ਵਿਚ ਮੌਜੂਦ ਹੈ।

**ਸਾਰੰਸ਼**

ਕਿਸੇ ਧਰਮ ਦੀ ਧਰਮ ਮਰਯਾਦਾ ਅਤੇ ਖ਼ਾਸ ਕਰੇ ਉਸ ਦੇ ਧਰਮ ਗ੍ਰੰਥ 'ਤੇ ਜਦ ਕਿੰਤੂ ਪ੍ਰੰਤੂ ਸ਼ੁਰੂ ਹੋਵੇ ਤਾਂ ਉਸ ਧਰਮ ਦੇ ਪੈਰੋਕਾਰਾਂ ਲਈ ਇਹ ਚਿੰਤਾ ਵਾਲੀ ਗੱਲ ਹੋਣੀ ਚਾਹੀਦੀ ਹੈ। ਖ਼ਾਸ ਕਰਕੇ ਉਸ ਧਰਮ ਦੇ ਵਿਦਵਾਨਾਂ ਨੂੰ ਅਜਿਹੇ ਵਾਦ-ਵਿਵਾਦ ਨੂੰ ਦਲੀਲ ਨਾਲ ਨਜਿੱਠਣਾ ਚਾਹੀਦਾ ਹੈ। ਪੱਛਮੀ ਮਿਸ਼ਨਰੀਆਂ ਅਤੇ ਵਿਦਵਾਨਾਂ ਵਲੋਂ ਸਿੱਖ ਧਰਮ ਦੀ ਮਾਣ ਮਰਯਾਦਾ ਅਤੇ 'ਗੁਰੂ ਗ੍ਰੰਥ' 'ਤੇ ਹਮੇਸ਼ਾ ਕੋਈ ਨਾ ਕੋਈ ਵਿਵਾਦ ਵਿੱਢਿਆ ਜਾਂਦਾ ਰਿਹਾ ਹੈ। ਮਕਲਾਉਡ ਇਸ ਦੰਦ ਕਥਾ ਵਿਚ ਵਧੇਰੇ ਉਭਰ ਕੇ

ਸਾਹਮਣੇ ਆਇਆ ਕਿਉਂਕਿ ਉਸ ਨੇ ਸਿੱਖ ਧਰਮ ਨੂੰ ਆਪਣੇ ਅਕਾਦਮਿਕ ਜੀਵਨ ਦਾ ਧੁਰਾ ਬਣਾਇਆ। ਫਲਸਰੂਪ, ਉਸ ਨੇ ਆਪ ਅਤੇ ਆਪਣੇ ਝੰਡਾ ਬਰਦਾਰ ਸਿੱਖ ਵਿਦਿਆਰਥੀਆਂ ਤੋਂ ਕਈ ਪੁਸਤਕਾਂ ਲਿਖੀਆਂ/ਲਿਖਵਾਈਆਂ। ਮਕਲਾਊਡ ਦੀਆਂ ਮਨਘੜਤ ਅਤੇ ਕੱਚਘੜਤ ਮਨੌਤਾਂ ਨੇ ਇਕ ਵਾਰੀ ਤਾਂ ਸਾਰੀ ਦੁਨੀਆਂ ਵਿਚ ਤਰਥੱਲੀ ਮਚਾ ਦਿੱਤੀ। ਜਿਸ ਦੇ ਪ੍ਰਤੀਕਰਮ ਵਜੋਂ ਪੱਛਮੀ ਦੇਸ਼ਾਂ ਦੇ ਵਿਦਵਾਨਾ ਨੇ ਆਪਣਾ ਬਣਦਾ ਯੋਗਦਾਨ ਪਾਇਆ। ਇਨ੍ਹਾਂ ਵਿਦਵਾਨਾਂ ਦਾ ਮੋਹਰੀ ਕੈਲੇਫੋਰਨੀਆ ਦਾ ਡਾ. ਜਸਬੀਰ ਸਿੰਘ ਮਾਨ ਹੈ। ਮਾਨ ਨੇ ਅਨੇਕ ਕਾਨਫਰੰਸਾਂ ਰਾਹੀਂ ਵਿਦਵਾਨਾਂ ਨੂੰ ਇਕੱਠਾ ਕੀਤਾ ਅਤੇ 'ਗੁਰੂ ਗ੍ਰੰਥ' ਬਾਰੇ ਚਲਾਈਆਂ ਗ਼ਲਤ ਧਾਰਨਾਵਾਂ ਦਾ ਖੰਡਨ ਕੀਤਾ। ਮਕਲਾਊਡ ਅਤੇ ਹੋਰ ਵਿਦਵਾਨਾਂ ਦੀਆਂ ਮਨੌਤਾਂ ਦੇ ਖੰਡਨ ਵਿਚ ਕੁਝ ਵਿਦਵਾਨਾਂ ਨੇ ਭਾਵੁਕਤਾ ਤੋਂ ਕੰਮ ਲਿਆ ਪਰ ਕੁਝ ਕੁ ਨੇ ਦਲੀਲ ਨਾਲ ਮਨੌਤਾਂ ਦਾ ਖੰਡਨ ਕੀਤਾ। ਇਨ੍ਹਾਂ ਕਾਨਫਰੰਸਾਂ ਵਿਚ ਮੈਨੂੰ ਵੀ ਸ਼ਾਮਲ ਹੋਣ ਦਾ ਮੌਕਾ ਮਿਲਿਆ। ਹੱਥਲਾ ਪੇਪਰ ਉਨ੍ਹਾਂ ਕਾਨਫਰੰਸਾਂ ਵਿਚ ਵਿਅਕਤ ਕੀਤੇ ਗਏ ਵਿਚਾਰਾਂ ਦਾ ਵੇਰਵਾ ਹੈ। ਇਸ ਪੇਪਰ ਵਿਚ ਪਹਿਲੀ ਵਾਰ ਪੰਜਾਬੀ ਲਿਪੀ, ਰਾਗਾਂ ਅਤੇ ਛੰਦਾਂ ਦੇ ਆਧਾਰ 'ਤੇ ਗੁਰਬਾਣੀ ਦੀ ਲਿਖਤੀ ਪ੍ਰਮਾਣਿਕਤਾ ਬਾਰੇ ਵਿਚਾਰ ਪੇਸ਼ ਕੀਤੇ ਗਏ ਹਨ। ਇਨ੍ਹਾਂ ਵਿਚਾਰਾਂ ਦੇ ਆਧਾਰ 'ਤੇ ਮੈਂ ਉਮੀਦ ਕਰਦਾ ਹਾਂ ਕਿ ਗੁਰਬਾਣੀ ਦੀ ਅਤੇ ਖਾਸ ਕਰਕੇ 'ਗੁਰੂ ਗ੍ਰੰਥ' ਸਾਹਿਬ ਦੀ ਪ੍ਰਮਾਣਿਕਤਾ 'ਤੇ ਕਦੇ ਕੋਈ ਹੋਰ ਵਾਦ-ਵਿਵਾਦ ਖੜ੍ਹਾ ਨਹੀਂ ਹੋਵੇਗਾ।



## ਹਿਊ ਮੈਕਲਾਊਡ ਦੀਆਂ ਮਨਘੜਤ ਮਨੌਤਾਂ ਦਾ ਖੰਡਨ

ਇਸ ਵਿਚ ਕੋਈ ਸ਼ੱਕ ਨਹੀਂ ਕਿ ਹਿਊ ਮੈਕਲਾਊਡ ਇਕ ਸਿੱਖ ਵਿਦਵਾਨ ਹੈ। ਇਸ ਵਿਚ ਕੋਈ ਕਿੰਤੂ-ਪ੍ਰੰਤੂ ਨਹੀਂ ਕਿ ਉਸ ਨੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਬਾਰੇ ਬਹੁਤ ਕੁਝ ਲਿਖਿਆ ਹੈ। ਪਰ ਕੀ ਲਿਖਿਆ ਹੈ, ਕਿਸ ਪੱਖੋਂ ਅਤੇ ਕਿਸ ਮੰਤਵ ਨਾਲ ਲਿਖਿਆ ਹੈ, ਉਸ ਬਾਰੇ ਸ਼ੱਕ ਹੈ। ਉਸ ਨੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਨੂੰ ਜਾਣਬੁੱਝ ਕੇ ਦਾਗੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਕਹਿੰਦਾ ਉਹ ਇਹ ਹੈ ਕਿ ਉਸ ਨੇ ਆਪਣੇ ਸ਼ੰਕੇ ਦੂਰ ਕਰਨ ਲਈ ਕੁਝ ਸਵਾਲ ਉਠਾਏ ਸਨ। ਪਰ ਜੇ ਸਵਾਲ ਹੀ ਗ਼ਲਤ ਹੋਣ ਦਾਂ ਸਹੀ ਉੱਤਰਾਂ ਦੀ ਆਸ ਕਿਵੇਂ ਰੱਖੀ ਜਾ ਸਕਦੀ ਹੈ? ਸਵਾਲ ਉਸ ਨੇ ਸਿੱਧੇ ਨਹੀਂ ਪੁੱਛੇ, ਪ੍ਰੀਕਲਪਤ ਮਨੌਤਾਂ (Hypotheses) ਦੇ ਰੂਪ ਵਿਚ ਘੜੇ ਹਨ। ਸਵਾਲ ਅਤੇ ਮਨੌਤ ਵਿਚ ਫ਼ਰਕ ਹੈ : ਸਵਾਲ ਆਪਣੀ ਸੂਝ ਵਿਚ ਵਾਧਾ ਕਰਨ ਲਈ ਪੁੱਛੇ ਜਾਂਦੇ ਹਨ ਪਰ ਮਨੌਤ ਇਕ ਪ੍ਰੀਕਲਪਤ ਧਾਰਨਾ ਨੂੰ ਸਿਧ ਕਰਨ ਲਈ ਬਣਾਈ ਜਾਂਦੀ ਹੈ। ਵਿਗਿਆਨ ਦੇ ਖੇਤਰ ਵਿਚ ਮਨੌਤਾਂ ਲਈ ਥਾਂ ਹੈ ਕਿਉਂਕਿ ਇਹ ਬਦਲਣਹਾਰ ਭੌਤਿਕ ਸਿਧਾਂਤਾਂ ਦਾ ਆਧਾਰ ਬਣਦੀਆਂ ਹਨ। ਪਰ ਧਰਮ ਮਰਯਾਦਾ ਦੇ ਅਸੂਲ ਨਹੀਂ ਬਦਲਦੇ ਇਸ ਲਈ ਇਸ ਖੇਤਰ ਵਿਚ ਮਨੌਤਾਂ ਲਈ ਕੋਈ ਥਾਂ ਨਹੀਂ। ਹਾਂ, ਉਨ੍ਹਾਂ ਧਰਮਾਂ ਵਿਚ ਤਾਂ ਮਨੌਤਾਂ ਉਸਾਰੀਆਂ ਜਾ ਸਕਦੀਆਂ ਹਨ ਜੋ ਇਤਿਹਾਸਕ ਤੱਥਾਂ 'ਤੇ ਅਧਾਰਤ ਹੋਣ ਜਿਵੇਂ ਇਸਾਈ, ਯਹੂਦੀ ਅਤੇ ਇਸਲਾਮ ਧਰਮ। ਇਨ੍ਹਾਂ ਦੇ ਧਰਮ ਗ੍ਰੰਥ ਸੰਬੰਧਤ ਪੈਰੋਕਾਰਾਂ ਦੇ ਅਕਾਲ ਚਲਾਣੇ ਤੋਂ ਬਾਅਦ ਵਿਚ ਲਿਖੇ ਗਏ। ਪਰ ਗੁਰੂ ਗ੍ਰੰਥ ਸਾਹਿਬ ਦੀ ਹੋਂਦ ਇਤਿਹਾਸ 'ਤੇ ਨਿਰਭਰ ਨਹੀਂ ਕਿਉਂਕਿ ਇਸ ਦਾ ਸੰਕਲਨ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਆਪਣੇ ਦਸਤੇ ਮੁਬਾਰਕ ਨਾਲ ਕੀਤਾ। ਭਾਵੇਂ ਇਹ ਹੁਣ ਜ਼ਰੂਰੀ ਨਹੀਂ ਕਿ ਮੈਕਲਾਊਡ ਪੱਖੀਆਂ ਵਲੋਂ ਉਠਾਏ ਗਏ ਸਵਾਲਾਂ ਦਾ ਉੱਤਰ ਦਿੱਤਾ ਜਾਵੇ ਕਿਉਂਕਿ ਇਨ੍ਹਾਂ ਦਾ ਨਿਪਟਾਰਾ ਪੂਰਬੀ ਅਤੇ ਪੱਛਮੀ ਸਿੱਖ ਵਿਦਵਾਨਾਂ ਵਲੋਂ ਕੀਤਾ ਜਾ ਚੁੱਕਿਆ ਹੈ (See Globalsikhstudies.net)। ਤਾਂ ਵੀ ਮੈਕਲਾਊਡ ਦੀਆਂ ਕੁਝ ਮਨੌਤਾਂ ਨੂੰ ਉਸ ਦੀ ਮੌਲਕ ਭਾਸ਼ਾ ਵਿਚ ਲਿਖ ਕੇ ਉਨ੍ਹਾਂ ਦੇ ਉੱਤਰ ਦੇਣ ਦੀ ਕੋਸ਼ਿਸ਼ ਕਰਾਂਗੇ ਤਾਂ ਕਿ ਪਾਠਕਾਂ ਨੂੰ ਅਸਲੀਅਤ ਦਾ ਪਤਾ ਲੱਗ ਸਕੇ।

### ਮਨੌਤ-1

The Janam-Sakhis of Guru Nanak are, "hagiographic accounts with a very substantial portion of legend and of very little historical value... the Janam-Sakhis are not biographical works." (Guru Nanak

and the Sikh Religion)

ਅਰਥਾਤ, ਗੁਰੂ ਨਾਨਕ ਦੀਆਂ ਜਨਮ ਸਾਖੀਆਂ ਕਥਾ ਕਹਾਣੀਆਂ ਹਨ ਜਿਨ੍ਹਾਂ ਦਾ ਬਹੁਤਾ ਹਿੱਸਾ ਦੰਦ-ਕਥਾਵਾਂ ਤੇ ਅਧਾਰਤ ਹੋਣ ਦੇ ਨਾਤੇ ਤਵਾਰੀਖ ਲਈ ਬਹੁਤ ਘੱਟ ਲਾਭਦਾਇਕ ਹੈ। ਇਨ੍ਹਾਂ ਨੂੰ (ਗੁਰੂ ਨਾਨਕ ਦੇਵ ਜੀ) ਦੀ ਜੀਵਨੀ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ।

### ਤੱਥ

ਮੈਕਲਾਊਡ 124 ਸਾਖੀਆਂ ਵਿਚੋਂ 39 ਨੂੰ ਬਿਲਕੁਲ ਸਵੀਕਾਰ ਨਹੀਂ ਕਰਦਾ, 58 ਨੂੰ ਸ਼ੱਕੀ ਸਮਝਦਾ ਹੈ ਅਤੇ 37 ਨੂੰ ਦੰਦ ਚੱਬ ਕੇ ਯਕੀਨੀ ਮੰਨਦਾ ਹੈ। ਏਥੇ ਅਸੀਂ ਅਸਵੀਕਾਰਤ ਜਨਮ ਸਾਖੀਆਂ ਵਿਚੋਂ ਕੇਵਲ ਦੋ ਦਾ ਜਾਇਜ਼ਾ ਲੈ ਕੇ ਸਿੱਧ ਕਰਾਂਗੇ ਕਿ ਮੈਕਲਾਊਡ ਦੀ ਮਨੌਤ-1 ਕਿੰਨੀ ਝੂਠੀ ਹੈ।

(ੳ) **ਲੰਕਾ ਦੀ ਫੇਰੀ** : ਗੁਰੂ ਨਾਨਕ ਜਦ ਲੰਕਾ ਗਏ ਤਾਂ ਉਥੇ ਸ਼ਿਵ ਭਗਤ ਰਾਜਾ ਸ਼ਿਵਨਾਭ ਦਾ ਰਾਜ ਸੀ। ਉਹ ਜਿਸ ਥਾਂ ’ਤੇ ਠਹਿਰੇ ਉਥੇ ਉਨ੍ਹਾਂ ਦੀ ਯਾਦ ਵਿਚ ਇਕ ਕੁਰੁਕਲ ਮਾਦਪ (ਗੁਰੂ ਦਾ ਪਿੰਡ) ਵਸਿਆ ਹੋਇਆ ਹੈ। ਇਸ ਪਿੰਡ ਦੇ ਵਾਸੀਆਂ ਨੇ ਗੁਰੂ ਨਾਨਕ ਜੀ ਦੀ 500 ਸਾਲਾ ਵਰ੍ਹੇਗੰਢ ਬੜੀ ਧੂਮ-ਧਾਮ ਨਾਲ ਮਨਾਈ ਸੀ। ਇਸ ਤੋਂ ਵੀ ਪੁਖ਼ਤਾ ਪਰਮਾਣ ਇਹ ਹੈ ਕਿ ਲੰਕਾ ਦੇ ਆਰਕਿਉਲੋਜੀਕਲ ਵਿਭਾਗ (ਪੁਰਾਣੀਆਂ ਵਸਤਾਂ ਲੱਭਣ ਵਾਲੇ ਵਿਭਾਗ) ਨੇ ਇਕ ਸ਼ਿਲਾ ਲੇਖ ਲੱਭੀ ਹੈ ਜਿਸ ਉੱਤੇ ਸੰਸਕ੍ਰਿਤ ਵਿਚ ‘ਨਾਨਕ ਅਚਾਰੀਆ’ ਲਿਖਿਆ ਹੋਇਆ ਹੈ ਜੋ ਅੱਜਕਲ੍ਹ ਲੰਕਾ ਦੇ ਅਨੂਰਾਧਾਪੁਰ ਮਿਯੂਜ਼ੀਅਮ ਵਿਚ ਸਾਂਭੀ ਪਈ ਹੈ।

(ਅ) **ਬਗਦਾਦ ਦੀ ਫੇਰੀ** : ਬਗਦਾਦ ਦੀ ਫੇਰੀ ਬਾਰੇ ਦੋ ਪ੍ਰਮਾਣ ਪੇਸ਼ ਕਰਾਂਗੇ। (1) ਭਾਈ ਗੁਰਦਾਸ ਜੀ ਆਪਣੀ ਵਾਰ ਨੰ. 35 ਵਿਚ ਗੁਰੂ ਨਾਨਕ ਦੇ ਬਗਦਾਦ ਜਾਣ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਗੇ ਹਨ :

*ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ*
*ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ*
*ਦਿੱਤੀ ਬਾਂਗਿ ਨਿਵਾਜਿ ਕਰਿ ਸੁੰਨ ਸਮਾਨਿ ਹੋਆ ਜਹਾਨਾ।*
*ਸੁਨ ਮੁਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।*
*ਵੇਖੈ ਧਿਆਨ ਲਗਾਇ ਕਰਿ ਇਕੁ ਫਕੀਰ ਵੱਡਾ ਮਸਤਾਨਾ।*
*ਪੁਛਿਆ ਫਿਰਕੈ ਦਸਤਗੀਰ ਕਉਣ ਫਕੀਰੁ ਕਿਸਕਾ ਘਰਿਹਾਨਾ?*
*ਨਾਨਕ ਕਲਿ ਵਿਚ ਆਇਆ ਰਬੁ ਫਕੀਰੁ ਇਕੋ ਪਹਿਚਾਨਾ।*
*ਧਰਤ ਆਕਾਸ ਚਹੂਦਿਸ ਜਾਨਾ॥35॥*

ਭਾਈ ਗੁਰਦਾਸ ਦਾ ਜਨਮ ਨਾਨਕ ਜਨਮ ਕਾਲ ਦੇ ਅੰਤਲੇ ਸਾਲਾਂ ਦੇ



ਇਰਦ-ਗਿਰਦ ਹੋਇਆ। ਉਹ ਛੋਟੀ ਉਮਰ ਤੋਂ ਹੀ ਗੁਰਬਾਣੀ ਨਾਲ ਜੁੜੇ ਹੋਏ ਸਨ। ਸਿੱਧ ਹੈ ਕਿ ਉਨ੍ਹਾਂ ਨੂੰ ਗੁਰੂ-ਕਾਲ ਬਾਰੇ ਪੂਰੀ ਵਾਕਫ਼ੀਅਤ ਸੀ। ਪਰ ਮੈਕਲਾਊਡ, ਬਿਨਾਂ ਕਿਸੇ ਪ੍ਰਮਾਣ ਦੇ, ਕਹਿੰਦਾ ਹੈ ਕਿ ਭਾਈ ਗੁਰਦਾਸ ਦੀ ਪੌੜੀ ਉਸ ਦੀ ਕਲਪਨਾ ਹੈ। ਇਹ ਉਸੇ ਤਰ੍ਹਾਂ ਦੀ ਗੱਲ ਹੈ ਜਿਵੇਂ ਬੱਚੇ ਦੇ ਜੰਮਣ ਤੋਂ ਬਾਅਦ ਹਸਪਤਾਲ ਵਾਲੇ ਉਸ ਦੀ ਮਾਂ ਨੂੰ ਕਹਿਣ ਕਿ ‘ਇਹ ਤੂੰ ਨਹੀਂ ਜੰਮਿਆ, ਤੇਰੀ ਕਲਪਣਾ ਹੈ’।

(2) ਬਗਦਾਦ ਵਿਚ ਦਸਤਗੀਰ ਪੀਰ ਅਬਦੁਲਕਾਦਰ ਦਾ ਮਕਬਰਾ ਹੈ, ਜਿਸ ਉੱਤੇ ਔਟੋਮਨ ਤੁਰਕੀ ਭਾਸ਼ਾ ਵਿਚ ਇਕ ਕਤਬਾ ਚੌਪਈ ਛੰਦ ਵਿਚ ਲਿਖਿਆ ਹੋਇਆ ਹੈ ਜੋ ਇਸ ਪ੍ਰਕਾਰ ਹੈ।

1. Gor ne murad eyelidi hazrate-I Rabbi-i
(See what the glorious lord proposed)
2. Baba Nanak fakir ols taki mimaret djedid
(Baba Nanak that the bulding should be new)
3. Yediler imdad edub gldi ki tarikhine came.
(The seven having given help, there for the chronogram of it)
4. Yapdi thewab edjr ede ani muridi-I said
(The blessed disciple performed a meritorious work; may He reopense it)

ਇਸ ਚੌਪਈ ਉੱਤੇ ਤਾਰੀਖ ਹਿਜਰੀ 917 (1511 ਈ.) ਲਿਖੀ ਹੋਈ ਹੈ। ਮੈਕਲਾਊਡ ਇਸ ਤੱਥ ਨੂੰ ਰੱਦ ਕਰਨ ਲਈ ਕਈ ਮਨਘੜਤ ਦਲੀਲਾਂ ਪੇਸ਼ ਕਰਦਾ ਹੈ ਉਨ੍ਹਾਂ ਵਿਚੋਂ ਇਸ ਦਾ ਜ਼ਿਕਰ ਕਰਦੇ ਹਾਂ। ਇਸ ਰੁਬਾਈ ਦੀ ਦੂਜੀ ਸਤਰ ਵਿਚ ‘ਬਾਬਾ ਨਾਨਕ’ ਬੜੇ ਸਾਫ਼ ਲਫ਼ਜ਼ਾਂ ਵਿਚ ਲਿਖਿਆ ਹੋਇਆ ਹੈ। ਪਰ ਇਸ ਰੁਬਾਈ ਦੇ ਰੁਕਨਾਂ ਦੇ ਆਧਾਰ ’ਤੇ ਮਲਾਊਡ ਕਹਿੰਦਾ ਹੈ ਕਿ ਸ਼ਬਦ ‘ਬਾਬਾ ਨਾਨਕ’ ਛੰਦ ਦੇ ਲਿਹਾਜ ਨਾਲ ਰੁਕਨ ਵਿਚ ਫਿੱਟ ਨਹੀਂ ਬਹਿੰਦਾ ਇਸ ਲਈ ਮੈਂ ਇਸ ਗਵਾਹੀ ਨੂੰ ਨਹੀਂ ਮੰਨਦਾ। ਇਹ ਦਲੀਲ ਇਕ ਪਰਲੇ ਦਰਜੇ ਦੀ ਹਾਸੋਹੀਣੀ ਗੱਲ ਹੈ। ਜੇਕਰ ਨਾਂ ‘ਬਾਬਾ ਨਾਨਕ’ ਛੰਦ ਵਿਚ ਫਿੱਟ ਨਹੀਂ ਵੀ ਹੁੰਦਾ ਤਾਂ ਕੀ ਕਤਬੇ ਤੇ ਸਾਫ਼ ਲਫ਼ਜ਼ਾਂ ਵਿਚ ਲਿਖਿਆ ਹੋਇਆ ‘ਬਾਬਾ ਨਾਨਕ’ ਦਾ ਨਾਂ ਝੂਠਾ ਹੈ? ਪਰ ਮੈਕਲਾਊਡ ਅਤੇ ਉਸ ਦੇ ਝੰਡਾ ਬਰਦਾਰ ਇਸ ਤਰ੍ਹਾਂ ਦੀਆਂ ਊਟ-ਪਟਾਂਗ ਦਲੀਲਾਂ ਨੂੰ ਉਸ ਦੀ ਵਿਦਵਤਾ ਦਸਦੇ ਹਨ। ਹੋਰ ਵਿਸਥਾਰ ਲਈ ਡਾ. ਤ੍ਰੈਲੋਚਨ ਸਿੰਘ ਦੀ ਪੁਸਤਕ, Earnest Trumpp and W.H. Mcleod : As Scholars of Sikh History and Culture ਵਾਚੀ ਜਾ ਸਕਦੀ ਹੈ।

### ਮਨੌਤ-2

"To Sikhs of subsequent generations Guru Nanak is the founder of Sikh religion. In another sense, however, the term 'founder' is

misleading, for it suggests that Guru Nanak originated not merely a group of followers but also a school of thought, of set of teachings. This can be accepted as true only in a highly qualified sense. If we place Guru Nanak within his own historical context, if we compare his teachings with those of other contemporary of earlier religious figures, we shall at once see that he stands firmly within a well-defined tradition. What Guru Nanak offers us is the clearest and most highly articulated expression of the *nirguna sampradaya* the so-called Sant tradition of Northern India, (The Evolution of the Sikh Community)

**ਸਾਰੰਸ਼** : ਸਾਰੇ ਸਿੱਖ, ਗੁਰੂ ਨਾਨਕ ਨੂੰ ਸਿੱਖ ਧਰਮ ਦਾ ਬਾਨੀ ਮੰਨਦੇ ਹਨ, ਪਰ ਸ਼ਬਦ 'ਬਾਨੀ' ਦੀ ਵਰਤੋਂ ਗੁੰਮਰਾਹਕੁਨ ਹੈ ਕਿਉਂਕਿ ਇਹ ਸ਼ਬਦ ਉਸ ਨੂੰ ਇਕ ਨਿਸਚਿਤ ਵਿਚਾਰਧਾਰਾ ਨਾਲ ਜੋੜਦਾ ਹੈ। ਗੁਰੂ ਨਾਨਕ ਨੂੰ ਸਿੱਖ ਧਰਮ ਦਾ ਬਾਨੀ ਤਾਂ ਹੀ ਮੰਨਿਆ ਜਾ ਸਕਦਾ ਜੇ ਉਸ ਦੀ ਵਿਚਾਰਧਾਰਾ ਨੂੰ ਇਤਿਹਾਸ ਦੇ ਸੰਦਰਭ ਵਿਚ ਰੱਖ ਕੇ ਉੱਤਰੀ ਭਾਰਤ ਦੀ ਸੰਤ ਪ੍ਰੰਪਰਾ ਨਾਲ ਜੋੜ ਕੇ ਵਿਚਾਰੀਏ। ਉਸ ਨੇ ਕੇਵਲ ਸੰਤ ਪ੍ਰਥਾ ਨੂੰ ਸੰਗਠਤ ਕਰਕੇ *ਨਿਰਗੁਨ ਸਮਪਰਦਾਏ* ਦੀ ਨੀਂਹ ਨੂੰ ਮਜ਼ਬੂਤ ਕੀਤਾ।

### ਤੱਥ

ਉਸ ਵੇਲੇ ਤਿੰਨ ਹਿੰਦੂ ਮੱਤ ਸਨ : ਵੈਸ਼ਨਵ, ਵੇਦਾਂਤੀ ਅਤੇ ਨਾਥਵਾਦ। ਜੇ ਇਨ੍ਹਾਂ ਦੀਆਂ ਰੀਤਾਂ ਦਾ ਸਿੱਖ ਧਰਮ ਨਾਲ ਮੁਕਾਬਲਾ ਕਰੀਏ ਤਾਂ ਕੋਈ ਬਹੁਤੀ ਸਾਂਝ ਨਹੀਂ ਹੈ। ਕੁਝ ਪ੍ਰਮੁੱਖ ਅੰਤਰਾਂ ਦਾ ਜਾਇਜ਼ਾ ਲੈਂਦੇ ਹਾਂ।

1. **ਅਦਵੈਤਵਾਦ** : ਸਿੱਖ ਧਰਮ ਵਿਚ ਇਕ ਰੱਬ ਵਿਚ ਵਿਸ਼ਵਾਸ ਰਖਦਾ ਹੈ, ਹਿੰਦੂ ਮੱਤ ਦਵੈਤਵਾਦੀ ਹਨ।
2. **ਬ੍ਰਹਿਮਚਾਰੀ** : ਸਿੱਖ ਧਰਮ ਬ੍ਰਹਿਮਚਾਰੀ ਨਹੀਂ, ਹਿੰਦੂ ਮੱਤ ਇਸ ਵਿਚ ਯਕੀਨ ਰੱਖਦੇ ਹਨ।
3. **ਤਿਆਗਵਾਦ** : ਸਿੱਖ ਧਰਮ ਹਿੰਦੂ ਮੱਤਾਂ ਦੇ ਉਲਟ ਤਿਆਗਵਾਦੀ ਦੀ ਥਾਂ ਜੀਵਨ ਸੰਪੰਨ (Whole life system) ਧਰਮ ਹੈ।
4. **ਜਾਤ-ਪਾਤ** : ਸਿੱਖ ਧਰਮ ਜਾਤ-ਪਾਤ ਵਿਚ ਯਕੀਨ ਨਹੀਂ ਰਖਦਾ ਜਦਕਿ ਹਿੰਦੂ ਮੱਤ ਰਖਦੇ ਹਨ।
5. **ਅਵਤਾਰਵਾਦ** : ਸਿੱਖ ਧਰਮ ਅਵਤਾਰਵਾਦੀ ਨਹੀਂ, ਨਾਥਵਾਦੀਆਂ ਤੋਂ ਛੁੱਟ ਹਿੰਦੂ ਮੱਤ ਅਨੇਕਾਂ ਅਵਤਾਰਾਂ ਦੀ ਪੂਜਾ ਕਰਦੇ ਹਨ।
6. **ਵਿਆਹ-ਸ਼ਾਦੀ** : ਸਿੱਖ ਧਰਮ ਇਸਤਰੀ ਪੁਰਸ਼ ਦੇ ਪਵਿੱਤਰ ਬੰਧਨ ਵਿਚ ਯਕੀਨ ਰਖਦਾ ਹੈ, ਹਿੰਦੂ ਮੱਤ ਵਿਚ ਨਾਰੀ ਦੇ ਪਰਛਾਵੇਂ ਤੋਂ ਵੀ ਬਚਣ ਦੀ ਮੱਤ ਦਿੱਤੀ ਜਾਂਦੀ ਹੈ। ਨਾਥ ਸੰਭੋਗ ਰਾਹੀਂ ਨਿਰਵਾਣ ਪਾਉਂਦੇ ਹਨ।
7. **ਦੇਵ ਪੂਜਾ** : ਹਿੰਦੂ ਮੱਤ ਇਸ ਵਿਚ ਵਿਸ਼ਵਾਸ ਰੱਖਦੇ ਹਨ, ਸਿੱਖ ਧਰਮ ਨਹੀਂ ਰੱਖਦਾ।
8. **ਅਧਿਆਤਮਵਾਦ** : ਸਿੱਖ ਧਰਮ ਦਾ ਅਧਿਆਤਮਵਾਦ ਇਕ ਰੱਬ ਦੇ ਅਸਤਿਤਵ ਵਿਚੋਂ ਉਗਮਦਾ ਹੈ, ਹਿੰਦੂ ਮੱਤ ਦਾ ਦੇਵਵਾਦੀ ਹੈ।
9. **ਮਿਥਿਆ** : ਸਿੱਖ ਧਰਮ ਦੇ ਉਲਟ ਹਿੰਦੂ ਮੱਤ ਮਿਥਿਆ ਵਿਚ ਭਰੋਸਾ ਰਖਦੇ ਹਨ। ਉਨ੍ਹਾਂ ਲਈ ਇਹ ਸੰਸਾਰ ਮਿਥਿਆ ਹੈ ਪਰ ਸਿੱਖ ਧਰਮ ਲਈ ਅਸਲੀਅਤ।
10. **ਕਰਮਕਾਂਡ** : ਸਿੱਖ ਧਰਮ ਕਰਮਕਾਂਡਾਂ ਵਿਚ ਯਕੀਨ ਨਹੀਂ ਰੱਖਦਾ, ਹਿੰਦੂ ਮੱਤ ਇਨ੍ਹਾਂ ਨਾਲ ਭਰਿਆ ਪਿਆ ਹੈ।

ਪਾਠਕ ਆਪ ਹੀ ਨਿਰਣਾ ਕਰ ਲੈਣ ਕਿ ਸਿੱਖ ਧਰਮ, ਜਿਸ ਦੀ ਨੀਂਹ ਗੁਰੂ ਨਾਨਕ ਜੀ ਨੇ ਰੱਖੀ, ਇਕ ਵਖਰਾ ਧਰਮ ਹੈ ਜਾਂ ਮੈਕਲਾਉਡ ਦੇ ਕਹਿਣ ਅਨੁਸਾਰ ਸੰਤ ਪ੍ਰਥਾ ਦੀ ਸ਼ਾਖ਼ ਜਾਂ ਹਿੱਸਾ ਮਾਤਰ ਹੈ।

### ਮਨੌਤ-3

"Guru Arjan's principal source to compile (Adi Granth) was a similar collection which tradition attributes to third Guru, Amar Das. This collection consisted of two volumes, the so called *Goindval pothis.* Thes Volumes included the works of the first three Gurus together with those of Bhagats, and so provided a substantial nucleus. ... The *Goindval pothis* can thus be regarded as first source of the *Adi Granth* and Guru Arjan's collection as an enlarged second recension." (The Evolution of the Sikh Community)

ਅਰਥਾਤ, ਗੁਰੂ ਅਰਜਨ ਦੇਵ ਨੇ 'ਆਦਿ ਗ੍ਰੰਥ' ਲਿਖਣ ਲਈ ਗੋਇੰਦਵਾਲ ਪੋਥੀਆਂ ਦਾ ਸਹਾਰਾ ਲਿਆ, ਜਿਨ੍ਹਾਂ ਨੂੰ ਗੁਰੂ ਅਮਰਦਾਸ ਦੇ ਨਾਂ ਨਾਲ ਜੋੜਿਆ ਜਾਂਦਾ ਹੈ। ਇਹ ਦੋ ਜਿਲਦਾਂ ਵਿਚ ਹਨ ਜਿਨ੍ਹਾਂ ਵਿਚ ਪਹਿਲੇ ਤਿੰਨ ਗੁਰੂਆਂ ਸਮੇਤ ਭਗਤਾਂ ਦੀ ਬਾਣੀ ਵੀ ਦਰਜ ਹੈ। ਇਸ ਲਈ ਇਨ੍ਹਾਂ ਨੂੰ (ਗੁਰੂ ਅਰਜਨ ਦੇਵ ਵਲੋਂ ਸੰਕਲਤ) ਆਦਿ ਗ੍ਰੰਥ ਦਾ ਪਹਿਲਾ ਖਰੜਾ ਮੰਨਿਆ ਜਾ ਸਕਦਾ ਹੈ ਅਤੇ ਗ੍ਰੰਥ ਸਾਹਿਬ ਨੂੰ ਸੋਧਿਆ ਹੋਇਆ ਦੂਜਾ ਸੰਸਕਰਨ।

### ਤੱਥ

1. **ਪੋਥੀਆਂ ਦੀ ਲਿਖਣ ਤਾਰੀਖ** : ਪੋਥੀਆਂ 'ਆਦਿ ਬੀੜ' ਦਾ ਪਹਿਲਾ ਖਰੜਾ ਤਾਂ ਹੀ ਸਿੱਧ ਹੋ ਸਕਦੀਆਂ ਹਨ ਜੇ ਇਹ ਇਸ ਤੋਂ ਪਹਿਲਾਂ ਲਿਖੀਆਂ ਗਈਆਂ ਹੋਣ। ਪਰ ਇਹ ਲਿਖੀਆਂ ਬਾਅਦ ਵਿਚ ਗਈਆਂ ਹਨ। ਇਸ ਤੱਥ ਦੀ ਪ੍ਰਮਾਣਿਕਤਾ ਲਈ ਅਸੀਂ ਖਰੜਾ-ਵਿਗਿਆਨ ਦੇ ਸਮਕਾਲੀ ਵਿਦਵਾਨ ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਹੋਰਾਂ ਦੀ ਖੋਜ ਦਾ ਸਿੱਟਾ ਦਰਜ ਕਰਦੇ ਹਾਂ। ਉਸ ਨੇ ਭਰਪੂਰ ਖੋਜ ਤੋਂ ਬਾਅਦ ਗੋਇੰਦਵਾਲ ਪੋਥੀ ਨੰਬਰ-1, ਜਿਸ ਨੂੰ ਆਹੀਆਪੁਰ ਵਾਲੀ ਪੋਥੀ ਵੀ ਕਿਹਾ ਜਾਂਦਾ ਹੈ, ਦੀ ਲਿਖਣ ਤਾਰੀਖ਼ ਬਾਰੇ ਹੇਠਲੇ ਸਿੱਟੇ ਕੱਢੇ ਹਨ।

(ੳ) ਪੋਥੀ ਦੀ ਗੁਰਬਾਣੀ ਦੇ ਆਰੰਭਕ ਪੱਤਰੇ ’ਤੇ ‘ਵਰ-ਸਰਾਪ’ ਦੀਆਂ ਲਿਖਤਾਂ ਇਕ ਹੱਥ ਦੀਆਂ ਲਿਖੀਆਂ ਹੋਈਆਂ ਹਨ, ਪਰ ਦੋਵੇਂ ਲਿਖਤਾਂ ਹਮ ਉਮਰ ਨਹੀਂ ਹਨ, ਪੱਤਰਾ ਉਮਰ ਵਿਚ ਛੋਟਾ ਹੈ।

(ਅ) ਸੰਮਤ ਜਾਅਲੀ ਹੈ ਤੇ ਇਸ ਦੀ ਜਾਅਲਸਾਜ਼ੀ ਦਾ ਮਕਸਦ ‘ਪੋਥੀ’ ਨੂੰ ਗੁਰੂ ਅਰਜਨ ਦੇਵ ਵਾਲੀ ‘ਆਦਿ ਬੀੜ’ ਤੋਂ ਪਹਿਲਾਂ ਦੀ ਲਿਖਤ ਸਾਬਤ ਕਰਨਾ ਸੀ।

(ੲ) ਜਾਅਲੀ ਸੰਮਤ (1652-1595 ਈ.) ਅਨੁਸਾਰ ਗੁਰੂ ਅਮਰਦਾਸ ਜੀ ਪੂਰੇ ਹੋ ਚੁੱਕੇ ਸਨ। (1574 ਈਸਵੀ ਵਿਚ), ਗੁਰੂ ਰਾਮ ਦਾਸ ਜੀ ਸਮਾ ਚੁੱਕੇ ਸਨ (1581 ਈ.)। ਪਰ ਪੱਤਰੇ ਵਿਚ ਵਰ ਦੇਣ ਵਾਲੇ ਪਹਿਲੇ ਤਿੰਨ ਗੁਰੂਆਂ ਨੂੰ ਹੀ ਦੱਸਿਆ ਗਿਆ ਹੈ, ਚੌਥੇ ਦਾ ਨਾਂ ਨਹੀਂ ਲਿਆ ਗਿਆ। ਓਦੋਂ ਗੁਰੂ ਅਰਜਨ ਦੇਵ ਗੁਰ-ਗੱਦੀ ਉਤੇ ਸਜ ਚੁੱਕੇ ਸਨ, ਪਰ ਪੱਤਰੇ ਨੇ ਇਸ ਸਚਾਈ ਵਲੋਂ ਅੱਖਾਂ ਬੰਦ ਕੀਤੀਆਂ ਹੋਈਆਂ ਹਨ।

(ਸ) ਪੱਤਰੇ ਤੇ ‘ਪੋਥੀ’ ਦਾ ਮੂਲ ਲੇਖਕ ਆਪ ਭੱਲਾ ਗੋਤ ਵਿਚੋਂ ਸੀ ਤੇ ਆਪਣੇ ਗੋਤੀਆਂ ਵਿਚ ਕਾਫੀ ਪਰਭੁਤਾ ਦਾ ਮਾਲਕ ਸੀ।

(ਹ) ਪੱਤਰੇ ਦੀ ਵਾਕ-ਵਿਉਂਤ ਤੇ ਸ਼ੈਲੀ ਉੱਤੇ ਗੁਰਿਆਈ ਦੀ ਅਧਿਵਾਟਿਓਂ ਟੁੱਟੀ ਉਮੰਗ ਵਰਗੀ ਮਾਨਸਿਕਤਾ ਦਾ ਨਿਮ-ਪਸਾਰ ਅਨੁਭਵ ਕਰਨਾ ਔਖਾ ਨਹੀਂ ਹੈ।

2. **ਗੁਰੂਆਂ ਨਾਲ ਸੰਬੰਧਤ ਰਾਗਾਂ ਵਿਚ ਅੰਤਰ** : ਪੋਥੀਆਂ ਅਤੇ ‘ਆਦਿ ਬੀੜ’ ਵਿਚ ਪਹਿਲੇ ਤਿੰਨ ਗੁਰੂਆਂ ਵਲੋਂ ਵਰਤੇ ਗਏ ਰਾਗਾਂ ਦੀਆਂ ਭਾਂਤਾਂ ਅਤੇ ਨਾਵਾਂ ਵਿਚ ਬਹੁਤ ਅੰਤਰ ਹੈ। ਮਿਸਾਲ ਦੇ ਤੌਰ ’ਤੇ ਸੂਹੀ ਰਾਗ ਵਿਚ ਗੁਰੂ ਨਾਨਕ ਦੇ ਦੋ ਸ਼ਬਦ (ਜਪ ਤਪ ਕਾ ਬੰਧੁ ਬੇੜੁਲਾ, ਅਤੇ ਭਾਡਾ ਹਛਾ ਸੋ ਜੋ ਤਿਸੁ ਭਾਵਸੀ) ਅਮਰ ਦਾਸ ਜੀ ਦੇ ਨਾਂ ਲਾਏ ਗਏ ਹਨ। ਰਾਗ ਬਸੰਤ ਵਿਚ ਗੁਰੂ ਨਾਨਕ ਦੇ ਚਾਰ ਸ਼ਬਦ (ਸਗਲ ਭਵਣ ਮੇਰੀ ਮਾਇਆ, ਮੇਰੀ ਸਖੀ ਸਹੇਲੀ ਸੁਨਹੁ, ਆਪੇ ਕੁਦਰਤਿ ਕਰੇ ਸਾਜਿ ਅਤੇ ਮਨ ਭੁਲੋ ਮਰਮਾਸ ਆਇ ਜਾਇ) ਗੁਰੂ ਰਾਮ ਦਾਸ ਜੀ ਦੇ ਨਾਂ ਹੇਠ ਦਰਜ ਹਨ। ਏਥੋਂ ਤੱਕ ਕਿ ਗੁਰੂ ਅਮਰ ਦਾਸ ਜੀ ਦਾ ਰਾਗ ਬਸੰਤ ਵਿਚ ਲਿਖਿਆ ਸ਼ਬਦ, ਰਾਤੇ ਸਚਿ ਨਾਮਿ ਹੋਰਿ, ਗੁਰੂ ਰਾਮ ਦਾਸ ਜੀ ਦੇ ਨਾਂ ਲਾਇਆ ਗਿਆ ਹੈ। ਧਨਾਸਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ, ਨਦਰਿ ਕਰੇ ਤਾ ਸਿਵਰਿਆ ਜਾਇ, ਗੁਰੂ ਅਮਰ ਦਾਸ ਹੋਰਾਂ ਦੇ ਨਾਂ ਹੇਠ ਲਿਖਿਆ ਹੋਇਆ ਹੈ। ਇਸੇ ਤਰ੍ਹਾਂ ਦੀਆਂ ਅਣਗਿਣਤ ਹੋਰ ਵੀ ਕੁਤਾਹੀਆਂ ਪੋਥੀਆਂ ਵਿਚੋਂ ਮਿਲਦੀਆਂ ਹਨ। ਪਰ ਮੈਕਲਾਉਡ ਪੋਥੀਆਂ ਨੂੰ ‘ਆਦਿ ਗ੍ਰੰਥ’ ਦਾ ਪਹਿਲਾ ਸੰਸਕਰਨ ਦੱਸਦਾ ਹੈ। ਯਾਦ ਰਹੇ ਕਿ ਗੋਇੰਦਵਾਲ ਪੋਥੀਆਂ ਗੁਰੂ ਸਾਹਿਬਾਨ ਦੇ ਵਿਰੋਧੀ ਮੀਨਾ ਧੜੇ ਵਲੋਂ ਗੁਰਗੱਦੀ ਤੇ ਹੱਕ ਜਮਾਉਣ ਲਈ ਬਣਾਈਆਂ ਗਈਆਂ ਸਨ।



## ਮਨੌਤ-4

The creation of Khalsa in 1699 "is the traditional interpretation of the founding of the Khalsa. Traditions abound but so too do compulsive tradition relating to the period of Guru Gobind Singh must be, in some considerable measure, set aside. The slate must be wiped clean and must not be reinscribed until we have ascertained just what did take place during the eighteenth century. We may be sure that something certainly happened of that Baisakhi day of 1699, and some of the traditions will evenually turn out to be substantially accurate... however, it is possible to demonstrate that many of the traditions are historigraphical phenomena, features which developed subsequently but which came, in even later interpretations, to be related to the time and intentions of Guru Gobind Singh." (The Evolution of the Sikh Community)

ਸਾਰੰਸ਼ ਇਹ ਕਿ (1699 ਈ. ਵਿਚ) ਖ਼ਾਲਸੇ ਦੀ ਸਥਾਪਨਾ ਇਕ ਪ੍ਰੰਪਰਾ ਨਾਲ ਜੁੜਿਆ ਹੋਇਆ ਵਿਚਾਰ ਹੈ। ਪ੍ਰੰਪਰਾਵਾਂ ਚਲਦੀਆਂ ਰਹਿੰਦੀਆਂ ਹਨ ਪਰ ਇਨ੍ਹਾਂ ਨਾਲ ਸ਼ੰਕਾਵਾਦ ਦੇ ਜ਼ਰੂਰੀ ਤੱਥ ਵੀ ਜੁੜੇ ਰਹਿੰਦੇ ਹਨ। ਤਾਂ ਵੀ ਜੋ ਕੁਝ ਸਾਨੂੰ ਗੁਰੂ ਗੋਬਿੰਦ ਸਿੰਘ ਦੇ ਸਮੇਂ ਦੀ ਪ੍ਰੰਪਰਾ ਬਾਰੇ ਪਤਾ ਹੈ, ਉਸ ਤੋਂ ਭਾਸਦਾ ਹੈ ਕਿ ਇਸ ਨੂੰ ਬਹੁਤਾ ਕਰਕੇ ਲਾਂਭੇ ਕਰ ਦੇਣਾ ਚਾਹੀਦਾ ਹੈ। ਇਤਿਹਾਸ ਦੀ ਫੱਟੀ ਪੋਚ ਕੇ ਉਸ ਤੇ ਉਨਾ ਚਿਰ ਕੁਝ ਵੀ ਦੁਬਾਰਾ ਨਹੀਂ ਲਿਖਣਾ ਚਾਹੀਦਾ ਜਿੰਨਾ ਚਿਰ ਇਹ ਸਥਾਪਤ ਨਹੀਂ ਹੋ ਜਾਵੇ ਕਿ 18ਵੀਂ ਸਦੀ ਵਿਚ ਕੀ ਵਾਪਰਿਆ ਸੀ। ਹੋ ਸਕਦਾ ਹੈ ਕਿ 1699 ਦੀ ਵਿਸਾਖੀ ਵਾਲੇ ਦਿਨ ਕੁਝ ਜ਼ਰੂਰ ਵਾਪਰਿਆ ਹੋਵੇ ਅਤੇ ਅੰਤ ਨੂੰ ਕੁਝ ਪ੍ਰੰਪਰਾਵਾਂ ਸੱਚੀਆਂ ਵੀ ਨਿਕਲਣ। ਤਾਂ ਵੀ ਇਹ ਸਥਾਪਤ ਕਰਨਾ ਸੰਭਵ ਹੈ ਕਿ ਬਹੁਤ ਸਾਰੀਆਂ ਪ੍ਰੰਪਰਾਵਾਂ ਇਤਿਹਾਸਕ (ਸੱਚ ਨਹੀਂ) ਕਥ ਜਾਪਦੀਆਂ ਹਨ। ਅਰਥਾਤ, ਖ਼ਾਲਸੇ ਦੀ ਸਿਰਜਨਾ ਦੇ ਨਕਸ਼ਾਂ ਅਤੇ ਲਖਸ਼ਾਂ ਦਾ ਵਿਕਾਸ ਅਤੇ ਇਨ੍ਹਾਂ ਦੀ ਵਿਆਖਿਆ ਮਗਰੋਂ ਹੋਂਦ ਵਿਚ ਆਏ ਪਰ ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਕਾਲ ਅਤੇ ਉਨ੍ਹਾਂ ਦੇ ਖ਼ਾਲਸਾ ਸਾਜਨਾ ਦੇ ਮਕਸਦ ਨਾਲ ਬਾਅਦ ਵਿਚ ਜੋੜ ਲਿਆ ਗਿਆ।

ਮੈਕਲਾਉਡ ਘੁੰਮ-ਫਿਰਾ ਕੇ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ 1699 ਦੀ ਵਿਸਾਖੀ ਵਾਲੇ ਦਿਨ ਨਿਸਚਿਤ ਤੌਰ ’ਤੇ ਕੁਝ ਨਹੀਂ ਵਾਪਰਿਆ। ਸਿੱਖਾਂ ਨੇ ਖ਼ਾਲਸੇ ਦੀ ਸਿਰਜਣਾ ਨੂੰ ਬਾਅਦ ਵਿਚ ਕਿਆਸ ਕਰਕੇ ਗੁਰੂ ਗੋਬਿੰਦ ਸਿੰਘ ਨਾਲ ਜੋੜ ਲਿਆ ਤਾਂਕਿ ਸਿੱਖ ਪੰਥ ਵਿਚ ਭਾਈਵਾਲਤਾ ਬਣੀ ਰਹੇ। ਹੇਠਾਂ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਅਤੇ ਨਿਕਟ ਵਰਤੀ ਇਤਿਹਾਸਕ ਤੱਥਾਂ ਦੇ ਆਧਾਰ ’ਤੇ ਇਹ ਸਿੱਧ ਕਰਾਂਗੇ ਕਿ ਮੈਕਲਾਉਡ ਦੀ ਇਹ ਧਾਰਨਾ ਕਿੰਨੀ ਗ਼ਲਤ ਹੈ।

1. ਸੈਨਾਪਤਿ ਗੁਰੂ ਸਾਹਿਬ ਦਾ ਅਨਿੰਨ ਸਿੱਖ ਸੀ ਜਿਸ ਨੇ ਗੁਰੂ ਸਾਹਿਬ ਦੇ

ਅਕਾਲ ਚਲਾਣੇ (1708 ਈ.) ਤੋਂ ਤਿੰਨ ਸਾਲ ਬਾਅਦ (1711 ਈ.) ਆਪਣੀ ਪੁਸਤਕ, ਸ੍ਰੀ ਗੁਰ ਸੋਭਾ, ਵਿਚ ਇਸ ਪ੍ਰਕਾਰ ਲਿਖਿਆ :

*ਚੇਤ ਮਾਸ ਬੀਤਿਉ ਸਕਲ ਮੇਲ ਭਯੋ ਅਪਾਰ*
*ਬੈਸਾਖੀ ਕੇ ਦਰਸ ਪੈ ਸਤਿਗੁਰ ਕ੍ਰੀਯੋ ਬਿਚਾਰ ॥5:118 ॥*
*ਸੰਗਤ ਦਰਸ਼ਨ ਕਰਤੁ ਸਬ ਨਗਰ ਬਿਸਥਾਰ।*
*ਹੁਐ ਦਇਆਲ ਦਰਸ਼ਨ ਦੀਓ ਕਰਨਹਾਰ ਕਰਤਾਰ ॥5:119 ॥*
*ਗੋਬਿੰਦ ਸਿੰਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ।*
*ਕੀਓ ਪਰਗਟ ਤਬ ਖ਼ਾਲਸਾ ਚੁਕਿਓ ਸਗਲ ਜੰਜਾਲ ॥5:120 ॥*
*ਸਬ ਸਮੂਹ ਸੰਗਤਿ ਮਿਲੀ ਸ਼ੁਭ ਸਤਿਲੁਦ੍ਰ ਕੇ ਤੀਰ*
*ਕੇਤਕ ਸੁਨ ਭਏ ਖ਼ਾਲਸਾ ਕੇਤਕ ਭਏ ਅਧੀਰ ॥5:121 ॥*
*ਤਜ ਮਸੰਦ ਪ੍ਰਭ ਏਕ ਜਪ ਯਹ ਬਿਬੇਕ ਤਹਾਂ ਕੀਨ।*
*ਸਤਿਗੁਰ ਸੋ ਸੇਵਕ ਮਿਲੇ ਨੀਰ ਮਹਿ ਜੋ ਮੀਨ ॥6:122 ॥*

ਭਾਈ ਨੰਦ ਲਾਲ ਗੁਰੂ ਸਾਹਿਬ ਦੇ ਬਹੁਤ ਹੀ ਗਿਆਨਵਾਨ ਅਤੇ ਸਹੇਤੇ ਸਿੱਖ ਵਿਦਵਾਨ ਸਨ। ਖ਼ਾਲਸੇ ਬਾਰੇ ਉਨ੍ਹਾਂ ਦਾ ਜੋ ਵਿਚਾਰ-ਵਟਾਂਦਰਾ ਗੁਰੂ ਸਾਹਿਬ ਨਾਲ ਹੋਇਆ ਉਸ ਦਾ ਉਲੇਖ ਇਸ ਪਰਕਾਰ ਹੈ।

*ਸੁਣੋ ਨੰਦ ਲਾਲ ਏਹੋ ਸਾਚ*
*ਪਰਗਟ ਕਰਾਊਂ ਆਪਣੇ ਆਪ ॥*
*ਚਾਰ ਬਰਨ ਇਕ ਬਰਨ ਕਰਾਊਂ*
*ਵਾਹਿਗੁਰੂ ਕਾ ਜਾਪ ਜਪਾਊਂ ॥*
*ਚੜ੍ਹੈ ਤੁਰੰਗ ਉੜਾਵੈ ਬਾਜ ॥*
*ਤੁਰਕ ਦੇਖ ਕਰ ਜਾਵੈ ਭਾਜ ॥*
*ਸਵਾ ਲਾਖ ਸੇ ਏਕ ਲੜਾਊਂ*
*ਚੜ੍ਹੈ ਸਿੰਘ ਤਿਸ ਮੁਕਤ ਕਰਾਊਂ ॥*
*ਝੂਲਣ ਨੇਜੇ ਹਸਤੀ ਸਾਜੇ*
*ਦੁਆਰ ਦੁਆਰ ਪਰ ਨੌਬਤ ਬਾਜੇ ॥*
*ਸਵਾ ਲਾਖ ਜਬ ਧੁਖੇ ਪਲੀਤਾ*
*ਤਬ ਖ਼ਾਲਸੇ ਉਦੈ ਅਸਭ ਲੋ ਜੀਤਾ ॥* *(ਤਨਖ਼ਾਹਨਾਮਾ)*

### ਮਨੌਤ-5

"There is question of authority (of bestowing Gurdaddi to Guru Granth Sahib) within the evolving Khalsa. ...tradition attributes a definitive answer to Guru Gobind Singh, one which conferrd personal



authority upon the sacred scripture (Guru Granth Sahib), and the corporate Panth.This may perhaps be a retrospective interpretation, a tradition which owes its origin not to an actual pronouncement of Guru but to an instant need for maintanining the Panth's cohesion during a late period. (The Evolution of the Sikh Community).

ਅਰਥਾਤ, ਖ਼ਾਲਸਾ ਪੰਥ ਵਿਚ ਗੁਰੂ ਗ੍ਰੰਥ ਨੂੰ ਗੁਰਗੱਦੀ ਦੇਣ ਬਾਰੇ ਇਕ ਸਵਾਲ ਖੜ੍ਹਾ ਹੈ। ਪ੍ਰੰਪਰਾ ਤਾਂ ਸੰਪੂਰਨ ਤੌਰ 'ਤੇ ਇਹ ਮੰਨਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਗੁਰੂ ਗ੍ਰੰਥ ਅਤੇ ਸਿੱਖ ਪੰਥ ਨੂੰ ਨਿਵਾਜੀ। ਇਹ ਤੱਥ ਸ਼ਾਇਦ ਗੁਰੂ ਗੋਬਿੰਦ ਸਿੰਘ ਤੋਂ ਬਾਅਦ ਵਿਚ ਲਾਗੂ ਕੀਤਾ ਗਿਆ। ਅਰਥਾਤ ਇਹ ਤੱਥ ਸੱਚਮੁਚ ਗੁਰੂ ਸਾਹਿਬ ਵਲੋਂ ਗੁਰੂ ਗ੍ਰੰਥ ਨੂੰ ਗੁਰਗੱਦੀ ਦੇਣ ਦੀ ਮਰਯਾਦਾ ਨੂੰ ਵਿਅਕਤ ਨਹੀਂ ਕਰਦਾ ਸਗੋਂ ਪੰਥ ਦੀ ਏਕਤਾ ਦੀ ਤੱਤਕਾਲੀ ਲੋੜ ਨੂੰ ਮੁੱਖ ਰਖਦਿਆਂ ਸਿੱਖ ਪੰਥ ਨੇ ਬਾਅਦ ਵਿਚ ਅਪਣਾਇਆ। ਹੇਠਾਂ ਅਸੀਂ ਕੁਝ ਪ੍ਰਮਾਣਾਂ ਸਹਿਤ ਇਹ ਸਿੱਧ ਕਰਾਂਗੇ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਨੂੰ ਗੁਰਗੱਦੀ ਆਪ ਦਿੱਤੀ ਅਤੇ ਆਪਣਾ ਖਾਸ ਰੂਪ ਦੱਸਿਆ।

ਸਭ ਤੋਂ ਪਹਿਲਾ ਤੱਥ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਨੂੰ ਗੁਰਗੱਦੀ ਦੇਣ ਬਾਰੇ ਕੋਈ ਐਲਾਨ ਕਰਨ ਦੀ ਲੋੜ ਨਹੀਂ ਸੀ ਕਿਉਂਕਿ ਇਹ ਸੱਚਾਈ ਸਿੱਖਾਂ ਦੇ ਧਰਮ ਗ੍ਰੰਥ, ਆਦਿ ਬੀੜ, ਵਿਚ ਪਹਿਲਾਂ ਹੀ ਦਰਜ ਹੈ।

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ।*
*ਗੁਰਬਾਣੀ ਕਹੈ ਸੇਵਕ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*(ਅਸ਼ਟਪਦੀ ॥4 ॥5 ॥)*

ਹੇਠਾਂ ਕੁਝ ਗੁਰੂ ਸਾਹਿਬ ਦੇ ਸਮਕਾਲੀ ਅਤੇ ਨਿਕਟਵਰਤੀ ਦਰਬਾਰੀ ਸਿੱਖਾਂ ਦੀ ਗਵਾਹੀ ਪੇਸ਼ ਕਰਦੇ ਹਾਂ।

**ਪਹਿਲਾ ਪ੍ਰਮਾਣ** : ਕਵੀ ਸੈਨਾਪਤਿ ਦੀ ਪੁਸਤਕ, ਸ੍ਰੀ ਗੁਰ ਸੋਭਾ, ਗੁਰੂ ਗੋਬਿੰਦ ਸਿੰਘ ਜੀ ਦੀ ਅਕਾਲ ਚਲਾਣੇ ਤੋਂ ਤਿੰਨ ਸਾਲ ਬਾਅਦ ਵਿਚ ਲਿਖੀ ਗਈ। ਇਸ ਵਿਚੋਂ ਪਹਿਲਾ ਪ੍ਰਮਾਣ ਹੇਠ ਦਿੱਤਾ ਜਾਂਦਾ ਹੈ।

*ਸਤਿਗੁਰ ਹਮਰਾ ਅਪਰ ਅਪਾਰਾ ਸ਼ਬਦ ਬਿਚਾਰਾ ਅਜਰ ਜਰੰ।*
*ਹਿਰਦੈ ਧਰ ਧਿਆਨੀ ਉਚਰੀ ਬਾਨੀ ਪਦ ਨਿਰਬਾਨੀ ਅਪਰ ਪਰੰ।*
*ਗਤਿ ਮਿਤਿ ਅਪਾਰੰ ਬ੍ਰਹੁ ਬਿਸਥਾਰੰ ਵਾਰ ਨ ਪਾਰੰ ਕਿਆ ਕਥਨੰ।*
*ਤਵ ਜੋਤਿ ਪ੍ਰਗਾਸੀ ਸਰਬ ਨਿਵਾਸੀ ਸਰਬ ਉਦਾਸੀ ਤਵ ਸਰਨੰ।*
*( ॥43 ॥808 ॥)*

*ਭਾਵ ਇਹ ਕਿ ਗੁਰਬਾਣੀ ਦਾ 'ਸ਼ਬਦ' ਹੀ ਗੁਰੂ ਹੈ।*

*ਦੂਜਾ ਪ੍ਰਮਾਣ : ਭਾਈ ਨੰਦ ਲਾਲ ਜੀ ਵੀ ਉਪਰੋਕਤ ਪ੍ਰਮਾਣ ਦੀ ਪੁਸ਼ਟੀ ਗੁਰੂ ਸਾਹਿਬ ਨਾਲ ਹੋਈ ਵਾਰਤਾਲਾਪ ਰਾਹੀਂ ਕਰਦੇ ਹਨ ਜੋ 'ਨੰਦ ਲਾਲ ਰਹਿਤਨਾਮਾ' ਵਿਚ ਦਰਜ ਹੈ।*

ਪ੍ਰਸਨ : ਤੁਮ ਜੋ ਕਹਾ ਗੁਰਦੇਵ ਜੀ ਦਰਸਨ ਕਰਿ ਮੋਹਿ ਅਇ,
ਲਖੀਏ ਤੁਮਰਾ ਦਰਸ ਕਹਾਂ ਕਹੋ ਮੋਹਿ ਸਮਝਾਇ।
ਉੱਤਰ : ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ।
ਨਿਰਗੁਣ ਸਰਗੁਣ ਗੁਰ-ਸ਼ਬਦ ਹੈ ਕਹੇ ਤੋਏ ਸਮਝਾਇ।

ਏਕ ਰੂਪ ਤਿਹ ਗੁਣ ਤੇ ਪਰੈ।
ਨੇਤ ਨੇਤ ਜਿਹ ਨਿਗਮ ਉਚਰੈ।
ਘਟ ਘਟ ਬਿਆਪਕ ਅੰਤਰਜਾਮੀ।
ਪੂਰ ਰਹਿਓਂ ਜਿਊਂ ਜਲ ਘਟ ਭਾਨੀ।

ਦੂਸਰਾ ਰੂਪ ਗ੍ਰੰਥ ਜੀ ਜਾਨ।
ਉਨ ਕੇ ਅੰਗ ਮੇਰੋ ਕਰ ਮਾਨ।
ਜੋ ਸਿਖ ਗੁਰ-ਦਰਸਨ ਕੀ ਚਾਹਿ।
ਦਰਸਨ ਕਰੈ ਗ੍ਰੰਥ ਜੀ ਆਹਿ।
ਸ਼ਬਦ ਸੁਣੈ ਗੁਰ ਹਿਤ ਚਿਤ ਲਾਇ।
ਗਿਆਨ ਸ਼ਬਦ ਗੁਰ ਸੁਣੈ ਸੁਣਾਇ।
ਜੋ ਮੁਝ ਬਚਨ ਸੁਣਨ ਕੀ ਚਾਇ।
ਗ੍ਰੰਥ ਜੀ ਪੜ੍ਹੈ ਸੁਣੇ ਚਿਤ ਲਾਇ।
ਮੇਰਾ ਰੂਪ ਗ੍ਰੰਥ ਜੀ ਮਾਨ।
ਇਸ ਮੈ ਭੇਦ ਨਹੀਂ ਕੁਛ ਮਾਨ।

ਤੀਸਰਾ ਰੂਪ ਸਿਖ ਹੈ ਮੋਰ।
ਗੁਰਬਾਣੀ ਰਤਿ ਜਿਹ ਨਿਸ ਭੋਰ।
ਵਿਸਾਹ ਪ੍ਰੀਤ ਗੁਰ ਸ਼ਬਦ ਜੋ ਧਰੈ।
ਗੁਰ ਕਾ ਦਰਸ ਨਿਤ ਉਠ ਕਰੈ।

ਖ਼ਾਲਸੇ ਨੂੰ ਆਪਣਾ ਰੂਪ ਦਸਦਿਆਂ ਉਨ੍ਹਾਂ ਨੇ ਬਕੌਲ ਸੈਨਾਪਤਿ ਇਉਂ ਕਿਹਾ:

ਤਾਹ ਸਮੇ ਗੁਰ ਬੈਨ ਸੁਨਾਯੋ
ਖ਼ਾਲਸਾ ਆਪਨੋ ਰੂਪ ਬਤਾਯੋ
ਖ਼ਾਲਸਾ ਹੀ ਸੈ ਹੈਮਮ ਕਾਮਾ
ਬਖ਼ਸ਼ ਕੀਉ ਖਾਲਸ ਕੋ ਜਾਮਾ। ॥41 ॥806 ॥



ਦੋਹਰਾ
ਖਾਲਸ ਮੇਰੋ ਰੂਪ ਹੈ ਹੋਂ ਖਾਲਸ ਦੇ ਪਾਸਿ
ਆਦਿ ਅੰਤ ਹੀ ਹੋਤ ਹੈ ਖਾਲਸ ਮੈ ਪ੍ਰਗਾਸ।
॥42 ॥807 ॥

## ਅੰਤਿਕਾ

ਮੈਕਲਾਉਡ ਇਕ ਚਲਾਕ ਅਤੇ ਧੜੇਬਾਜ਼ ਵਿਦਵਾਨ ਹੈ। ਉਹ ਕਿਸੇ ਮਨੌਤ ਬਾਰੇ ਕੋਈ ਭਰਮ ਭੁਲੇਖਾ ਜਾਂ ਸ਼ੰਕਾ ਪੈਦਾ ਕਰਨ ਲੱਗਾ ਭਾਸ਼ਾ ਦੀਆਂ ਕਲਾਬਾਜ਼ੀਆਂ ਤੋਂ ਕੰਮ ਲੈਂਦਾ ਹੈ। ਉਹ ਸਵਾਲਾਂ ਵਿਚੋਂ ਸਵਾਲ ਕੱਢ ਕੇ ਭੁਲੇਖੇ ਪਾਉਂਦਾ ਜਾਂਦਾ ਹੈ ਜੋ ਆਖਿਰ ਨੂੰ ਆਪਣੇ ਆਪ ਸ਼ੱਕੀ ਬਣ ਜਾਂਦੇ ਹਨ। ਇਹ ਉਸ ਵਲੋਂ ਕਿਸੇ ਸਿੱਧੇ ਤਕਰਾਰ ਅਤੇ ਆਲੋਚਨਾ ਤੋਂ ਬਚਣ ਦਾ ਵਸੀਲਾ ਹੈ, ਕਿਸੇ ਬਹਿਸ ਵਿਚ ਪੈਣ ਤੋਂ ਭਾਂਜਵਾਦੀ ਵਤੀਰਾ ਹੈ। ਇਸੇ ਕਰਕੇ ਉਹ ਅੱਜ ਤੱਕ ਸਿੱਖ ਵਿਦਵਾਨਾਂ ਵਲੋਂ ਉਸ ਦੀ ਖੋਜ ਬਾਰੇ ਉਠਾਏ ਸਵਾਲਾਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਆਯੋਜਿਤ ਕੀਤੀਆਂ ਗਈਆਂ ਕਾਨਫਰੰਸਾਂ ਜਾਂ ਗੋਸ਼ਟੀਆਂ ਵਿਚ, ਸੱਦੇ ਦੇਣ ਦੇ ਬਾਵਜੂਦ, ਸ਼ਾਮਿਲ ਨਹੀਂ ਹੋਇਆ। ਕਿਉਂਕਿ ਉਹ ਜਾਣਦਾ ਹੈ ਕਿ ਉਸ ਦੇ ਸਵਾਲ ਅਤੇ ਮਨੌਤਾਂ ਮਨਘੜਤ ਹੀ ਨਹੀਂ ਕਚਘਰੜ ਵੀ ਹਨ, ਪ੍ਰੰਪਰਾ ਅਤੇ ਪਰਮਾਨਿਤ ਇਤਿਹਾਸਕ ਸੱਚਾਈ ਤੋਂ ਬਿਲਕੁਲ ਉਲਾਰ ਅਤੇ ਊਣੀਆਂ ਹਨ। ਉਸ ਦਾ ਸਵਾਰਥ ਕੇਵਲ ਆਪਣੇ ਆਪ ਨੂੰ ਅਕਾਦਮਿਕ ਅਦਾਰਿਆਂ ਵਿਚ ਇਕ ਵਿਦਵਾਨ ਦੇ ਤੌਰ 'ਤੇ ਸਥਾਪਤ ਕਰਨਾ ਸੀ ਜਿਸ ਲਈ ਉਸ ਨੇ ਸਿੱਖ ਧਰਮ ਨੂੰ ਨਿਸ਼ਾਨਾ ਬਣਾ ਕੇ ਆਪਣਾ ਉੱਲੂ ਸਿੱਧਾ ਕਰ ਲਿਆ। ਪਰ ਇਤਿਹਾਸ ਨਾ ਤਾਂ ਅੰਨ੍ਹਾ ਹੈ ਅਤੇ ਨਾ ਹੀ ਬੋਲਾ, ਉਹ ਅਜੇਹੇ ਗ਼ੈਰਜ਼ਿੰਮੇਦਾਰ ਵਿਦਵਾਨਾਂ ਨੂੰ, ਬਿਨਾਂ ਸ਼ੱਕ, ਅੰਤ ਵਿਚ ਲੰਬੇ ਹੱਥੀਂ ਲੈ ਲੈਂਦਾ ਹੈ। ਅਰਨਿਸਟ ਟ੍ਰੰਪ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬਾਰੇ ਗ਼ਲਤ ਗੱਲਾਂ ਕਹਿਣ ਕਰਕੇ ਜੋ ਹਸ਼ਰ ਉਸ ਦਾ ਅਕਾਦਮਿਕ ਅਦਾਰਿਆਂ ਵਿਚ ਹੋਇਆ, ਉਹ ਸਭ ਨੂੰ ਯਾਦ ਹੋਣਾ ਚਾਹੀਦਾ ਹੈ।

ਅਕਾਦਮਿਕ ਖੋਜ ਦੇ ਨਾਂ 'ਤੇ ਮੈਕਲਾਉਡ ਨੇ ਕੁਝ ਸਿੱਖ ਵਿਦਿਆਰਥੀਆਂ ਨੂੰ ਪੀ.ਐਚ.ਡੀ. ਦੀਆਂ ਡਿਗਰੀਆਂ ਦਾ ਲਾਲਚ ਦੇ ਕੇ ਉਨ੍ਹਾਂ ਤੋਂ ਆਪਣੀਆਂ ਮਨੌਤਾਂ ਦੀ ਪੁਸ਼ਟੀ ਕਰਾਈ। ਜਦ ਇਸ ਟੋਲੇ ਦੀ ਅਖੌਤੀ ਖੋਜ ਦੀ ਪ੍ਰਮਾਣਿਕਤਾ ਬਾਰੇ ਸਿੱਖ ਵਿਦਵਾਨਾਂ ਨੇ ਦਲੀਲਾਂ ਸਹਿਤ ਅਕਾਦਮਿਕ ਪੱਧਰ ਤੇ ਸਵਾਲ ਖੜ੍ਹੇ ਕੀਤੇ ਤਾਂ ਇਕ ਦਿਆਨਤਦਾਰ ਖੋਜੀ ਦੀ ਤਰ੍ਹਾਂ ਇਨ੍ਹਾਂ ਦੇ ਉੱਤਰ ਦੇਣ ਦੀ ਬਜਾਏ, ਮੈਕਲਾਉਡ ਅਤੇ ਉਸ ਦੇ ਚੇਲਿਆਂ ਨੇ ਬਹਿਸ ਨੂੰ ਧਾਰਮਿਕ ਰੰਗਣ ਦੇ ਕੇ ਲਾਂਭੇ ਕਰ ਦਿੱਤਾ। ਅਰਥਾਤ, ਇਹ ਕਹਿ ਕੇ ਗੱਲ ਟਾਲ ਦਿੱਤੀ ਕਿ ਸਿੱਖਾਂ ਵਿਦਵਾਨਾਂ ਵਲੋਂ ਉਸ ਦੀਆਂ ਮਨੌਤਾਂ ਦੀ ਟੀਕਾ-ਟਿੱਪਣੀ ਧਾਰਮਿਕ ਭਾਵੁਕਤਾ ਹੇਠ ਕੀਤੀ ਜਾ ਰਹੀ ਹੈ। ਉੱਤੇ ਅਸੀਂ ਉਸ ਦੀਆਂ ਮਨੌਤਾਂ ਨੂੰ ਹੂ-ਬ-ਹੂ ਲਿਖ ਕੇ ਉਨ੍ਹਾਂ ਦਾ ਖੰਡਨ ਕਰਨ ਲਈ ਗੁਰਬਾਣੀ ਵਿਚੋਂ ਅਤੇ ਗੁਰੂ ਕਾਲ ਨਾਲ ਜੁੜੇ ਹੋਏ ਸਿੱਖਾਂ/ਵਿਦਵਾਨਾਂ ਦੀਆਂ ਦਲੀਲਾ ਪੇਸ਼ ਕੀਤੀਆਂ ਹਨ। ਕੀ ਇਨ੍ਹਾਂ ਦਲੀਲਾਂ ਦਾ ਆਧਾਰ ਧਾਰਮਿਕ ਭਾਵੁਕਤਾ ਹੈ ਜਾਂ ਇਤਿਹਾਸਕ ਸੱਚਾਈ ਦੇ

ਆਧਾਰ 'ਤੇ ਕੀਤੀ ਹੋਈ ਅਕਾਦਮਿਕ ਖੋਜ ਦੇ ਸਿੱਟੇ ਹਨ? ਇਸ ਦਾ ਨਿਰਣਾ ਪਾਠਕ ਆਪ ਹੀ ਭਲੀਭਾਂਤ ਕਰ ਲੈਣ। ਮੈਕਲਾਊਡ ਅਤੇ ਉਸ ਦੇ ਝੰਡਾਬਰਦਾਰਾਂ ਦੀ ਅਖਾਉਤੀ ਖੋਜ ਦੀ ਅਸਲੀਅਤ ਬਾਰੇ ਹੋਰ ਜਾਨਣ ਲਈ ਅਸੀਂ ਪਾਠਕਾਂ ਨੂੰ Globalsikhstudies.net ਨੂੰ ਵਾਚਣ ਦੀ ਤਾਈਦ ਕਰਦੇ ਹਾਂ। ਖ਼ਾਸ ਕਰੇ ਜਨਮ ਸਾਖੀਆਂ ਬਾਰੇ ਡਾ. ਕਿਰਪਾਲ ਸਿੰਘ ਦੀ ਪੁਸਤਕ 'ਜਨਮ ਸਾਖੀ ਪ੍ਰੰਪਰਾ : ਇਤਿਹਾਸਕ ਦ੍ਰਿਸ਼ਟੀਕੋਣ ਤੋਂ' ਅਤੇ ਗੋਇੰਦਵਾਲ ਪੋਥੀਆਂ ਬਾਰੇ ਪ੍ਰੋ. ਪ੍ਰੀਤਮ ਸਿੰਘ ਦੀ ਪੁਸਤਕ 'ਆਹੀਆਪੁਰ ਵਾਲੀ ਪੋਥੀ' ਅਤੇ ਡਾ. ਬਲਵੰਤ ਸਿੰਘ ਦੀ ਪੁਸਤਕ, "Early Sikh Scriptural Tradition : Myth and Reality". ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਆਪਣੇ ਆਪੇ ਨਿਖਰ ਕੇ ਸਾਹਮਣੇ ਆ ਜਾਵੇਗਾ।



## ਇਕ ਥੀਸਿਸ ਦਾ ਅਕਾਦਮਿਕ ਅਧਿਐਨ
## (ਡਾ. ਪਿਸ਼ੌਰਾ ਸਿੰਘ ਦੀ ਪੀ. ਐਚ. ਡੀ.)

ਪਸ਼ੌਰਾ ਸਿੰਘ ਨੇ ਟੋਰਾਂਟੋ ਵਿਸ਼ਵ ਵਿਦਿਆਲਾ ਤੋਂ 1991 ਵਿਚ ਇਕ ਥੀਸਿਸ "ਆਦਿ ਗ੍ਰੰਥ ਦਾ ਮੂਲ ਕਥਨ ਅਤੇ ਭਾਵਾਰਥ" ਦੇ ਸਿਰਲੇਖ ਹੇਠ ਲਿਖ ਕੇ ਪੀ.ਐਚ.ਡੀ. ਦੀ ਉਪਾਧੀ ਹਾਸਲ ਕੀਤੀ। ਇਸ ਥੀਸਿਸ ਰਾਹੀਂ ਉਨ੍ਹਾਂ ਨੇ ਸਿੱਖਾਂ ਦੇ ਪਾਵਨ ਗ੍ਰੰਥ ਦੀ ਸੰਪਾਦਨਾ, ਇਸ ਵਿਚਲੀ ਕੁਝ ਬਾਣੀ ਦੀ ਪ੍ਰਮਾਣਿਕਤਾ ਅਤੇ ਬਾਣੀ ਦੇ ਇਲਹਾਮੀ ਪੱਖ ਬਾਰੇ ਕੁਝ ਕਿੰਤੂ ਉਠਾਏ। ਫਲਸਰੂਪ ਇਸ ਥੀਸਿਸ ਦੀ ਧਾਰਮਿਕ ਵਿਚਾਰਧਾਰਾ ਅਤੇ ਇਸ ਵਿਚਲੀ ਹੋਰ ਸਮੱਗਰੀ ਬਾਰੇ ਅਨੇਕ ਵਿਦਵਾਨਾਂ ਨੇ ਆਪਣੇ ਆਪਣੇ ਮਤਭੇਦਾਂ ਦਾ ਇਜ਼ਹਾਰ ਕੀਤਾ। ਇਸ ਲੇਖ ਰਾਹੀਂ ਅਸੀਂ ਪਸ਼ੌਰਾ ਸਿੰਘ ਦੇ ਥੀਸਿਸ ਦੀ ਮੌਲਿਕਤਾ ਅਤੇ ਪ੍ਰਮਾਣਿਕਤਾ ਦਾ ਲੇਖਾ-ਜੋਖਾ ਕਰਾਂਗੇ। ਸਭ ਤੋਂ ਪਹਿਲਾਂ ਇਹ ਵਿਚਾਰਨ ਦੀ ਲੋੜ ਹੈ ਕਿ ਪੀ.ਐਚ.ਡੀ. ਦੇ ਥੀਸਿਸ ਲਈ ਖੋਜ ਦੇ ਮੂਲ ਤੱਤ ਕੀ ਹਨ ਅਤੇ ਇਨ੍ਹਾਂ ਦੀ ਪੂਰਤੀ ਲਈ ਅਕਾਦਮਿਕ ਅਧਾਰਸ਼ਿਲਾ ਕੀ ਹੈ?

### ਪੀ.ਐਚ.ਡੀ. ਦੀ ਅਕਾਦਮਿਕ ਅਧਾਰਸ਼ਿਲਾ

ਪੀ.ਐਚ.ਡੀ. ਅਰਥਾਤ ਫਿਲਾਸਫੀ ਦੀ ਡਾਕਟਰੇਟ (Doctor of Philosophy) ਵਿਗਿਆਨ, ਧਰਮ, ਸਾਹਿਤ ਅਤੇ ਹੋਰ ਸਮਾਜਿਕ ਖੇਤਰਾਂ ਵਿਚ ਦਿੱਤੀ ਜਾਂਦੀ ਹੈ। ਇਹ ਉਪਾਧੀ (Degree) ਕਿਸੇ ਵਿਸ਼ੇ ਦੀ ਮੌਲਿਕ ਖੋਜ (Original research) ਦੇ ਆਧਾਰ ਤੇ ਇਕ ਵਿਸ਼ਵ ਵਿਦਿਆਲਾ ਜਾਂ ਖੋਜ ਕੇਂਦਰ ਤੋਂ ਪ੍ਰਾਪਤ ਕੀਤੀ ਜਾਂਦੀ ਹੇ। ਇਸ ਉਪਾਧੀ ਦੀ ਮੂਲ ਅਵੱਸ਼ਕਤਾ ਕੇਵਲ ਇਹ ਹੈ ਕਿ ਖੋਜ ਮੌਲਿਕ ਹੋਵੇ ਅਰਥਾਤ ਅਜਿਹੀ ਖੋਜ ਨਾ ਤਾਂ ਪਹਿਲਾਂ ਕਿਸੇ ਨੇ ਕੀਤੀ ਹੋਵੇ ਅਤੇ ਨਾ ਹੀ ਸਾਮਿਅਕ ਤੌਰ 'ਤੇ ਪ੍ਰਕਾਸ਼ਤ ਹੋ ਚੁੱਕੀ ਹੋਵੇ। ਖੋਜ ਵਿਚ ਉਹ ਤੱਤ ਹੋਣੇ ਚਾਹੀਦੇ ਹਨ, ਜਿਨ੍ਹਾਂ ਰਾਹੀਂ ਮਾਨਵਤਾ ਦਾ ਕਿਸੇ ਨਾ ਕਿਸੇ ਪੱਖੋਂ ਭਲਾ ਹੋ ਸਕੇ। ਪਦਾਰਥਕ, ਸਮਾਜਿਕ ਜਾਂ ਰੂਹਾਨੀ ਤੌਰ 'ਤੇ ਮਾਨਵਤਾ ਦਾ ਕਲਿਆਣ ਖੋਜ ਰਾਹੀਂ ਹਮੇਸ਼ਾ ਹੁੰਦਾ ਆਇਆ ਹੈ। ਪਹੀਏ, ਬਿਜਲੀ, ਟੈਲੀਫ਼ੋਨ ਦੀ ਕਾਢ, ਜੀਵ-ਵਿਗਿਆਨ ਰਾਹੀਂ ਮਨੁੱਖਾਂ ਦੀਆਂ ਜਮਾਂਦਰੂ ਅਤੇ ਛੂਤਛਾਤ ਦੀਆਂ ਬੀਮਾਰੀਆਂ ਦੀ ਰੋਕਥਾਮ, ਦਿਮਾਗੀ ਸੋਚ ਵਿਚਾਰ ਅਤੇ ਮਨੋਵਿਗਿਆਨ ਗਤੀ-ਵਿਧੀਆਂ ਦਾ ਨਿਰੀਖਣ, ਇਲਹਾਮੀ ਤੌਰ 'ਤੇ ਗ੍ਰਹਿਣ ਕੀਤੀ ਰੱਬੀ ਸ਼ਕਤੀ ਰਾਹੀਂ ਮਨ ਦੀ ਸ਼ਾਂਤੀ ਅਤੇ ਦੁੱਖ-ਸੁੱਖ ਨਿਹਾਰਨ ਦਾ ਬਲ ਆਦਿ ਸਾਰੀਆਂ ਪ੍ਰਾਪਤੀਆਂ ਵੱਖ-ਵੱਖ ਖੋਜ ਖੇਤਰਾਂ ਰਾਹੀਂ ਵਿਗਿਆਨੀਆਂ ਨੇ ਪ੍ਰਾਪਤ ਕੀਤੀਆਂ ਹਨ। ਅਜਿਹੀਆਂ ਖੋਜਾਂ ਦੀ ਪ੍ਰਾਪਤੀ ਲਈ ਖੋਜਕਾਰ ਆਪਣੀ ਖੋਜ ਲਈ ਇਕ ਖਾਸ ਢਾਂਚਾ ਉਲੀਕਦੇ ਹਨ। ਇਸ ਢਾਂਚੇ ਦੇ ਮੂਲ ਤੱਤ ਹੁੰਦੇ ਹਨ, ਖੋਜ ਸਮੱਗਰੀ (Material) ਕਾਰਜ ਪ੍ਰਣਾਲੀ

(Methodology or procedure), ਤੱਥ (Data), ਸਿੱਟੇ (Results), ਵਿਚਾਰ (Discussion) ਅਤੇ ਨਿਚੋੜ (Conclusions)। ਵਿਸ਼ੇ ਅਤੇ ਖੋਜ-ਖੇਤਰ ਦੇ ਆਧਾਰ 'ਤੇ ਇਨ੍ਹਾਂ ਮੂਲ ਤੱਤਾਂ ਵਿਚ ਥੋੜ੍ਹੀ-ਬਹੁਤ ਅਦਲਾ-ਬਦਲੀ ਤਾਂ ਹੋ ਸਕਦੀ ਹੈ ਪਰ ਥੀਸਿਸ ਦੀ ਮੌਲਿਕਤਾ ਹਮੇਸ਼ਾ ਬਰਕਰਾਰ ਰਹਿੰਦੀ ਹੈ। ਨਿਸ਼ਚਿਤ ਵਿਗਿਆਨ ਖੇਤਰਾਂ ਜਿਵੇਂ ਕਿ ਗਣਿਤ (Mathematics, Chemistry) ਆਦਿ ਅਤੇ ਅਨਿਸ਼ਚਿਤ ਵਿਗਿਆਨ ਖੇਤਰ ਜਿਵੇਂ ਕਿ ਸਾਹਿਤ ਅਤੇ ਧਰਮ (Literature and Religion) ਆਦਿ ਵਿਚ ਤੱਥ (Data) ਆਦਿ ਇਕੱਠਾ ਕਰਨ ਦੇ ਤਰੀਕੇ ਵੱਖਰੇ ਹੋ ਸਕਦੇ ਹਨ, ਪਰ ਖੋਜ ਦੀ ਮੌਲਿਕਤਾ ਦਾ ਹੋਣਾ ਬਹੁਤ ਜ਼ਰੂਰੀ ਹੈ।

## ਪਸ਼ੌਰਾ ਸਿੰਘ ਦੇ ਥੀਸਿਸ ਦੀ ਵਿਉਂਤਬੰਦੀ

**ਥੀਸਿਸ ਦੀ ਖੋਜ ਸਮੱਗਰੀ (Materials)** : ਆਦਿ ਗ੍ਰੰਥ ਦੀ ਬੀੜ (ਕਰਤਾਰਪੁਰੀ ਬੀੜ) ਦਾ ਨਿਕਾਸ, ਵਿਕਾਸ ਅਤੇ ਪ੍ਰਮਾਣਿਕਤਾ। ਇਸ ਵਿਚਲੀ ਬਾਣੀ ਦਾ ਅਧਿਐਨ।

**ਥੀਸਿਸ ਦੀ ਕਾਰਜ ਪ੍ਰਣਾਲੀ (Methodology of procedure)** : ਕਾਰਜ ਪ੍ਰਣਾਲੀ ਥੀਸਿਸ ਦੇ ਸਫ਼ਾ 18 ਉੱਤੇ ਦਿੱਤੀ ਗਈ ਹੈ, ਜੋ ਇਸ ਪ੍ਰਕਾਰ ਹੈ :

1. ਵੰਨਗੀ ਵਿਧੀ (Sampling Method) : ਜੋ ਲੇਖਕ ਅਨੁਸਾਰ ਆਦਿ ਗ੍ਰੰਥ ਦੇ ਪਹਿਲੇ ਖਰੜਿਆਂ (ਮੋਹਨ ਪੋਥੀਆਂ ਅਤੇ ਖਰੜਾ ਨੰਬਰ 1245) ਦੇ ਨਿਰੀਖਣ ਲਈ ਵਰਤੀ ਗਈ।

2. ਪਡ਼੍ਹਤ-ਵਿਸ਼ਲੇਸ਼ਣ (Textual analysis) : ਜੋ ਆਦਿ ਗ੍ਰੰਥ ਦੀ ਪ੍ਰਮਾਣਿਕਤਾ ਅਤੇ 'ਧੁਰ ਕੀ ਬਾਣੀ' ਦੀ ਅਦਲਾ ਬਦਲੀ (ਜੋ ਪਸ਼ੌਰਾ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਸੰਪਾਦਨਾ ਦੌਰਾਨ ਕੀਤੀ) ਲਈ ਵਰਤਿਆ ਗਿਆ।

ਸਾਰਾ ਥੀਸਿਸ ਸੱਤ ਕਾਂਡਾਂ ਵਿਚ ਵੰਡਿਆ ਹੋਇਆ ਹੈ :

ਪਹਿਲਾ ਕਾਂਡ : ਜਾਣ ਪਹਿਚਾਣ (Introduction)

ਦੂਜਾ ਕਾਂਡ : ਆਦਿ ਗ੍ਰੰਥ ਦਾ ਖਰੜਾ (Manuscript of Adi Granth)

ਤੀਜਾ ਕਾਂਡ : ਆਦਿ ਗ੍ਰੰਥ ਦਾ ਨਿਕਾਸ (Origin of the Adi Granth Tradition)

ਚੌਥਾ ਕਾਂਡ : ਪੜ੍ਹਤ-ਵਿਸ਼ਲੇਸ਼ਣ (Textual analysis)

ਪੰਜਵਾਂ ਕਾਂਡ : ਗੁਰੂ ਅਰਜਨ ਦੇਵ ਦੀ ਸੰਪਾਦਨ ਨੀਤੀ (Editorial policy of Guru Arjan)

ਛੇਵਾਂ ਕਾਂਡ : ਆਦਿ ਗ੍ਰੰਥ ਦਾ ਭਾਵਾਰਥ (The meaning of the Adi Granth)

ਸੱਤਵਾਂ ਕਾਂਡ : ਸਿੱਟੇ (Conclusions)

ਪਹਿਲੇ ਕਾਂਡ ਵਿਚ ਥੀਸਿਸ ਦੇ ਪਸਾਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਥੱਲੇ ਦਿੱਤੇ ਨੁਕਤੇ ਵਰਨਣਯੋਗ ਹਨ :



(ੳ) ਆਦਿ ਗ੍ਰੰਥ ਸਿੱਖਾਂ ਦਾ ਪਵਿੱਤਰ ਧਰਮ ਗ੍ਰੰਥ ਹੈ।

(ਅ) ਆਦਿ ਗ੍ਰੰਥ ਦੀ ਸੰਪਾਦਨਾ ਦੇ ਬੀਜ ਗੁਰੂ ਨਾਨਕ ਦੇ ਸਮੇਂ ਤੋਂ ਹੀ ਬੋਏ ਜਾ ਚੁੱਕੇ ਸਨ।

(ੲ) ਗੁਰੂ ਨਾਨਕ ਦੇਵ ਜੀ ਨੂੰ ਇਸ ਗੱਲ ਦਾ ਧਿਆਨ ਸੀ ਕਿ ਬਾਣੀ ਜ਼ੁਬਾਨੀ ਜਾਂ ਲਿਖਤੀ ਰੂਪ ਵਿਚ ਸਾਂਭੀ ਜਾਵੇ।

(ਸ) ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਅਕਾਲ ਪੁਰਖ ਦਾ ਪ੍ਰਵਕਤਾ (Mouthpiece) ਸਮਝਦੇ ਸਨ। (ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ।)

(ਹ) ਸਿੱਖਾਂ ਲਈ ਗੁਰੂ ਵਾਕ ਸਿਮਰਨ ਅਤੇ ਇਲਾਹੀ ਬਾਣੀ ਦਾ ਸਤਿਕਾਰ ਕਰਨਾ ਆਮ ਸੀ।

(ਕ) ਕੱਚੀ ਬਾਣੀ ਦੇ ਪਸਾਰ ਨੂੰ ਰੋਕਣ ਲਈ ਗੁਰੂ ਅਮਰ ਦਾਸ ਜੀ ਨੇ ਪ੍ਰਮਾਣਿਕ ਬਾਣੀ ਇਕੱਠੀ ਕੀਤੀ ਅਤੇ ਗੋਇੰਦਵਾਲ ਪੋਥੀਆਂ ਦਾ ਸੰਕਲਨ ਕੀਤਾ ਜਾਂ ਕਰਵਾਇਆ।

### (ਟਿੱਪਣੀ)

ਗੋਇੰਦਵਾਲ ਪੋਥੀਆਂ (ਮੋਹਨ ਪੋਥੀਆਂ) ਜਿਨ੍ਹਾਂ ਨੂੰ ਪਸ਼ੌਰਾ ਸਿੰਘ ਨੇ ਆਦਿ ਗ੍ਰੰਥ ਦੇ ਪਹਿਲੇ ਖਰੜਿਆਂ ਵਿਚੋਂ ਦੱਸਿਆ ਹੈ ਅਤੇ ਜੋ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਘੋਖੀਆਂ ਵਿਚਾਰੀਆਂ, ਬਾਰੇ ਪਹਿਲੇ ਕਾਂਡ ਵਿਚ ਭਰਪੂਰ ਚਰਚਾ ਹੈ। ਇਸ ਦਾ ਕਾਰਨ ਇਹ ਹੈ ਕਿ ਪਸ਼ੌਰਾ ਸਿੰਘ ਨੇ ਇਨ੍ਹਾਂ ਨੂੰ ਆਦਿ ਗ੍ਰੰਥ ਦੀ ਸੰਪਾਦਨਾ ਦਾ ਮੂਲ ਸਰੋਤ ਦੱਸਿਆ ਹੈ। ਇਸ ਲਈ ਇਨ੍ਹਾਂ ਬਾਰੇ ਵਧੇਰੇ ਚਾਨਣਾ ਪਾਉਣਾ ਬਣਦਾ ਹੈ। ਪਰ ਇਨ੍ਹਾਂ ਬਾਰੇ ਪਹਿਲੇ ਕਾਂਡ ਵਿਚ ਐਨੀ ਵਿਆਖਿਆ ਬੇਲੋੜੀ ਜਾਪਦੀ ਹੈ। ਚੰਗਾ ਹੁੰਦਾ ਜੇ ਇਹ ਵਿਆਖਿਆ ਦੂਜੇ ਕਾਂਡ ਵਿਚ ਖਰੜਾ ਨੰਬਰ 1245 ਦੇ ਨਾਲ ਹੀ ਕੀਤੀ ਜਾਂਦੀ। (ਖਰੜਾ ਨੰਬਰ 1245 ਆਦਿ ਗ੍ਰੰਥ ਦਾ ਮੂਲ ਸਰੋਤ ਹੈ।)

(ਖ) ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਆਰੰਭਣ ਤੋਂ ਪਹਿਲਾਂ ਕਈ ਖਰੜੇ ਵਾਚੇ ਅਤੇ ਉਨ੍ਹਾਂ ਖਰੜਿਆਂ ਦੇ ਆਧਾਰ 'ਤੇ ਬਾਣੀ ਦੀ ਤਰਤੀਬ ਹੀ ਨਹੀਂ ਤਿਆਰ ਕੀਤੀ ਸਗੋਂ ਕਈ ਥਾਈਂ ਬਾਣੀ ਦੀ ਸੁਧਾਈ ਜਾਂ ਕੱਟ ਵੱਢ ਕਰਕੇ ਆਦਿ ਗ੍ਰੰਥ ਵਿਚ ਸ਼ਾਮਲ ਕੀਤਾ।

(ਗ) ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਤਿਆਰ ਕਰਨ ਸਮੇਂ ਬਾਣੀ ਦੀ (ਜਿਵੇਂ ਕਿ ਮੂਲ ਮੰਤਰ ਆਦਿ) ਸੁਧਾਈ ਇਸ ਲਈ ਕੀਤੀ ਤਾਂ ਕਿ ਸਿੱਖ ਪ੍ਰੰਪਰਾ (Tradition) ਨੂੰ ਨਤਾਰ (Crystalization) ਕੇ ਪੇਸ਼ ਕੀਤਾ ਜਾ ਸਕੇ।

### (ਟਿੱਪਣੀ)

ਪਸ਼ੌਰਾ ਸਿੰਘ ਅਨੁਸਾਰ ਬਾਣੀ ਨੂੰ ਨਿਤਾਰਨ ਦੀ ਲੋੜ ਸਿੱਖ ਗੁਰੂਆਂ ਵੇਲੇ ਸਮਾਜਿਕ ਅਤੇ ਰਾਜਨੀਤਿਕ ਅਦਲਾ ਬਦਲੀਆਂ ਹੋਣ ਕਰਕੇ ਪਈ। ਇਸ ਦਾ ਮਤਲਬ

ਇਹ ਹੋਇਆ ਕਿ ਇਲਹਾਮੀ ਬਾਣੀ ਸਮਾਜਿਕ ਜਾਂ ਰਾਜਨੀਤਿਕ ਪ੍ਰਭਾਵਾਂ ਅਧੀਨ ਬਦਲਦੀ ਰਹਿੰਦੀ ਹੈ। ਇਹ ਵਿਚਾਰ ਕੇਵਲ ਸਿੱਖ ਧਰਮ ਦਾ ਹੀ ਨਹੀਂ ਸਾਰੇ ਧਰਮਾਂ ਦੀ ਮੂਲ ਸਚਾਈ ਜਾਂ ਵਿਚਾਰਧਾਰਾ ਦਾ ਖੰਡਨ ਕਰਦਾ ਹੈ। ਇਸੇ ਕਰਕੇ ਕਈ ਵਿਦਵਾਨਾਂ ਨੇ ਪਸ਼ੌਰਾ ਸਿੰਘ ਦੀ ਬਹਿਸ ਨੂੰ ਧਰਮ-ਨਿੰਦਾ ਕਰਾਰ ਦਿੱਤਾ ਹੈ।

(ਘ) ਗੁਰੂ ਅਰਜਨ ਦੇਵ ਪਾਸ ਆਦਿ ਗ੍ਰੰਥ ਤਿਆਰ ਕਰਨ ਸਮੇਂ ਅਨੇਕ ਖਰੜੇ ਸਨ ਜਿਨ੍ਹਾਂ ਦੇ ਆਧਾਰ 'ਤੇ ਉਨ੍ਹਾਂ ਨੇ ਆਦਿ ਗ੍ਰੰਥ ਦੀ ਬੀੜ ਭਾਈ ਗੁਰਦਾਸ ਜੀ ਤੋਂ ਤਿਆਰ ਕਰਵਾਈ, ਲਿਖਾਈ। ਏਥੇ ਪਸ਼ੌਰਾ ਸਿੰਘ ਭਾਈ ਬੁੱਢਾ ਜੀ ਦਾ ਹਵਾਲਾ ਵੀ ਦਿੰਦਾ ਹੈ, ਜਿਨ੍ਹਾਂ ਨੇ ਆਦਿ ਗ੍ਰੰਥ ਦੀ ਬਾਣੀ ਦੀ ਪ੍ਰਮਾਣਿਕਤਾ ਸਥਿਰ ਕਰਨ ਲਈ ਮਦਦ ਕੀਤੀ।

## ਪਹਿਲੇ ਕਾਂਡ ਦੀ ਸਮੱਗਰੀ ਬਾਰੇ ਟਿੱਪਣੀ

ਇਸ ਕਾਂਡ ਵਿਚ ਪਸ਼ੌਰਾ ਸਿੰਘ ਨੇ ਆਪਣੀ ਖੋਜ ਦੇ ਮੂਲ ਮਨੋਰਥ ਨੂੰ ਬੜੇ ਰੌਚਕ ਢੰਗ ਨਾਲ ਪੇਸ਼ ਕੀਤਾ ਹੈ। ਇਹ ਕਾਂਡ ਉਸ ਨੇ ਦਿਲਚਸਪ ਢੰਗ ਨਾਲ ਲਿਖਿਆ ਹੋਇਆ ਹੈ। ਇਸ ਕਾਂਡ ਵਿਚ ਉਸ ਨੇ ਆਪਣੇ ਅਗਲੇ ਕਾਂਡਾਂ ਬਾਰੇ ਜ਼ਮੀਨ ਤਿਆਰ ਕੀਤੀ ਹੈ ਜਿਸ ਵਿਚ ਉਹ ਸਫ਼ਲ ਰਿਹਾ ਹੈ। ਸਾਰੇ ਕਾਂਡ ਵਿਚ ਢੁਕਵੀਂ ਪੁਸਤਕ ਸੂਚੀ ਵੀ ਸ਼ਾਮਲ ਹੈ। ਇਸ ਪੁਸਤਕ ਸੂਚੀ ਵਿਚ ਪੰਜਾਬੀ ਵਿਦਵਾਨਾਂ ਦੇ ਨਾਲ-ਨਾਲ ਪੱਛਮੀ ਵਿਦਵਾਨਾਂ ਦੇ ਹਵਾਲੇ ਵੀ ਦਿੱਤੇ ਹਨ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਉਸ ਦੇ ਨਿਗਰਾਨ (Supervisor) ਡਾ. ਮੈਕਲਾਊਡ ਅਤੇ ਦੂਸਰੇ ਸਿੱਖ ਧਰਮ ਦੇ ਵਿਦਵਾਨਾਂ ਡਾ. ਆਰਚਰ, ਡਾ. ਸ਼ੈਕਲ ਅਤੇ ਡਾ. ਸਮਿੱਥ ਦੇ ਨਾਂ ਵਰਣਨਯੋਗ ਹਨ। ਜਿਵੇਂ ਕਿ ਪਹਿਲਾਂ ਲਿਖ ਚੁੱਕੇ ਹਾਂ, ਪਸ਼ੌਰਾ ਸਿੰਘ ਦੇ ਥੀਸਿਸ ਦਾ ਮੁੱਖ ਆਸ਼ਾ ਇਹ ਹੈ ਕਿ ਆਦਿ ਗ੍ਰੰਥ ਦੀ ਸੰਪਾਦਨਾ ਗੁਰੂ ਸਾਹਿਬ ਨੇ ਸਿੱਖ ਪ੍ਰੰਪਰਾ ਨੂੰ ਨਿਤਾਰ (Crystallization) ਕੇ ਪੇਸ਼ ਕਰਨ ਲਈ ਕੀਤੀ। ਇੱਥੇ ਇਹ ਗੱਲ ਵਿਚਾਰਨਯੋਗ ਹੈ ਕਿ ਸ਼ਬਦ Crystallization (ਜਿਵੇਂ ਪਸ਼ੌਰਾ ਸਿੰਘ ਵੀ ਮੰਨਦਾ ਹੈ) ਵਿਲਫਰਡ ਕੈਂਟਵਿਲ ਸਮਿੱਥ ਦੀ ਧਰਮਾਂ ਬਾਰੇ ਚਰਚਾ ਵਿਚੋਂ ਆਇਆ ਹੈ। ਇਸ ਬਾਰੇ ਚਰਚਾ ਅੱਗੇ ਚੱਲ ਕੇ ਕਰਾਂਗੇ। ਇੱਥੇ ਇੰਨਾ ਦੱਸਣਾ ਹੀ ਉਚਿਤ ਹੋਵੇਗਾ ਕਿ ਇਸ ਸ਼ਬਦ ਦੀ ਵਰਤੋਂ ਆਦਿ ਗ੍ਰੰਥ ਦੇ ਸੰਬੰਧ ਵਿਚ ਕੁਥਾਈਂ ਅਤੇ ਅਢੁਕਵੀਂ ਹੈ। ਡਾ. ਸਮਿੱਥ ਸ਼ਬਦ Crystallization ਪੱਛਮੀ ਧਰਮਾਂ ਅਤੇ ਕੁਰਾਨ ਦੇ ਸੰਬੰਧ ਵਿਚ ਵਰਤਦਾ ਹੈ। ਸਿੱਖ ਧਰਮ ਤੋਂ ਬਗ਼ੈਰ ਬਾਕੀ ਸਾਰੇ ਧਰਮ ਗ੍ਰੰਥ ਉਨ੍ਹਾਂ ਦੇ ਪੈਗੰਬਰਾਂ ਜਾਂ ਅਨੁਆਈਆਂ ਦੇ ਮ੍ਰਿਤੂਕਾਲ ਤੋਂ ਕਈ ਸਦੀਆਂ ਬਾਅਦ ਵਿਚ ਰਚੇ ਗਏ। ਉਨ੍ਹਾਂ ਦੇ ਸੰਬੰਧ ਵਿਚ Crystallization ਤਾਂ ਉਚਿਤ ਹੈ ਪਰ ਸਿੱਖ ਧਰਮ ਦੇ ਗ੍ਰੰਥ ਦੀ ਸੰਪਾਦਨਾ ਜਾਂ ਵਿਚਾਰਧਾਰਾ ਉਤੇ ਲਾਗੂ ਨਹੀਂ ਹੁੰਦਾ, ਕਿਉਂਕਿ ਆਦਿ ਗ੍ਰੰਥ ਦੀ ਸੰਪਾਦਨਾ ਖ਼ੁਦ ਗੁਰੂਆਂ ਨੇ ਆਪ ਕੀਤੀ ਹੈ। ਇਸਾਈ ਜਾਂ ਇਸਲਾਮੀ ਧਰਮਾਂ ਦੇ ਧਾਰਮਿਕ ਗ੍ਰੰਥ (ਬਾਈਬਲ ਅਤੇ ਕੁਰਾਨ) ਉਨ੍ਹਾਂ ਦੇ ਪਾਦਰੀਆਂ ਜਾਂ ਮੌਲਵੀਆਂ ਨੇ ਬਾਅਦ ਵਿਚ ਸੀਨਾ-ਬ-ਸੀਨਾ ਤੁਰੀਆਂ ਆਉਂਦੀਆਂ ਇਲਹਾਮੀ ਬਾਣੀ ਦੀਆਂ ਯਾਦਦਾਸ਼ਤਾਂ ਦੇ ਆਧਾਰ 'ਤੇ ਸੰਪਾਦਤ ਕੀਤੇ। ਇਸ ਲਈ ਉਨ੍ਹਾਂ ਧਾਰਮਿਕ ਗ੍ਰੰਥਾਂ ਦਾ ਨਿਤਾਰਾ (Crystallization)



ਜ਼ਰੂਰੀ ਸੀ। ਪੱਛਮੀ ਜਾਂ ਇਸਲਾਮੀ ਧਰਮਾਂ ਦੀ ਸੰਪਾਦਨਾ ਦੇ ਆਧਾਰ (Basis) ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਤੇ ਲਾਗੂ ਕਰਕੇ ਪਸ਼ੌਰਾ ਸਿੰਘ ਆਪਣੇ ਥੀਸਿਸ ਦੇ ਮੂਲ ਮਨੋਰਥ ਤੋਂ ਉਕ ਗਿਆ ਹੈ। ਇਹ ਉਕਾਈ ਉਸ ਨੇ ਪੱਛਮੀ ਵਿਦਵਾਨਾਂ, ਖਾਸ ਕਰਕੇ ਆਪਣੇ ਨਿਗਰਾਨ (ਡਾ. ਮੈਕਲਾਊਡ) ਦੇ ਪ੍ਰਭਾਵ ਹੇਠ ਕੀਤੀ ਹੈ। ਹੋ ਸਕਦਾ ਹੈ ਕਿ ਜੇ ਉਸ ਨੂੰ ਪੀ.ਐਚ.ਡੀ. ਡਿਗਰੀ ਦੀ ਲਾਲਸਾ ਨਾ ਹੁੰਦੀ ਤਾਂ ਸ਼ਾਇਦ ਉਹ ਆਪਣੇ ਸਿੱਖਤਵ ਦੇ ਪੱਥ ਨੂੰ ਨਾ ਭੁਲਦਾ।

ਅਗਲੇ ਕਾਂਡਾਂ ਵਿਚ ਪਸ਼ੌਰਾ ਸਿੰਘ ਨੇ ਆਪਣੇ ਮੂਲ ਮਨੋਰਥ ਦੀ ਖੋਜ ਰਾਹੀਂ ਪ੍ਰੋੜ੍ਹਤਾ ਕੀਤੀ ਹੈ। ਪਲ ਭਰ ਲਈ ਚਲੋ ਮੰਨ ਲੈਂਦੇ ਹਾਂ ਕਿ ਉਸ ਦਾ ਮਨੋਰਥ ਠੀਕ ਹੈ। ਹੁਣ ਦੇਖਣਾ ਇਹ ਹੈ ਕਿ ਇਸ ਮਨੋਰਥ ਦੀ ਪੂਰਤੀ ਲਈ ਉਸ ਨੇ ਖੋਜ ਦੀ ਮੌਲਿਕਤਾ ਨੂੰ ਕਿੱਥੋਂ ਤੱਕ ਬਰਕਰਾਰ ਰੱਖਿਆ ਹੈ ਅਤੇ ਇਸ ਦੀ ਅਕਾਦਮਿਕ ਮਹੱਤਤਾ ਕੀ ਹੈ?

## ਦੂਜੇ ਕਾਂਡ ਦਾ ਅਕਾਦਮਿਕ ਨਿਰੀਖਣ

ਇਸ ਕਾਂਡ ਦੇ ਦੋ ਮੁੱਖ ਮਨੋਰਥ ਹਨ :

(1) ਆਦਿ ਗ੍ਰੰਥ ਦੀ ਸੰਪਾਦਨਾ ਦਾ ਇਤਿਹਾਸਕ ਪੱਖ।

(2) ਆਦਿ ਗ੍ਰੰਥ ਤੋਂ ਪਹਿਲਾਂ ਦੀਆਂ ਪੋਥੀਆਂ (Recensions) ਅਥਵਾ ਬੀੜਾਂ ਦਾ ਲੇਖਾ-ਜੋਖਾ।

ਪਸ਼ੌਰਾ ਸਿੰਘ ਦਾ ਪਹਿਲੇ ਮਨੋਰਥ ਦਾ ਸਵਾਲ ਇਸ ਕਲਪਨਾ ਉਤੇ ਆਧਾਰਤ ਹੈ ਕਿ ਆਦਿ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਗੁਰੂ ਅਰਜਨ ਦੇਵ ਦੇ ਸਮੇਂ ਤੋਂ ਬਹੁਤ ਪਹਿਲਾਂ ਆਰੰਭ ਹੋ ਚੁਕਿਆ ਸੀ ਅਤੇ ਉਨ੍ਹਾਂ ਦੇ ਕਾਲ ਤੋਂ ਬਾਅਦ ਵਿਚ ਵੀ ਚਲਦਾ ਰਿਹਾ। ਇਸ ਦਾ ਅਰਥ ਪਸ਼ੌਰਾ ਸਿੰਘ ਇਹ ਕੱਢਦਾ ਹੈ ਕਿ ਆਦਿ ਗ੍ਰੰਥ ਤੋਂ ਪਹਿਲਾਂ ਬਾਣੀ ਦੇ ਕਈ ਖਰੜੇ ਸਨ, ਜਿਨ੍ਹਾਂ ਦੇ ਆਧਾਰ 'ਤੇ ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰੀ ਬੀੜ ਜਾਂ ਆਦਿ ਗ੍ਰੰਥ ਨੂੰ ਤਿਆਰ ਕੀਤਾ। ਇਨ੍ਹਾਂ ਖਰੜਿਆਂ ਵਿਚੋਂ ਉਹ ਦੋ ਖਰੜਿਆਂ ਨੂੰ ਖਾਸ ਮਹੱਤਤਾ ਦਿੰਦਾ ਹੈ, ਕਿਉਂਕਿ ਇਹ ਦੋ ਖਰੜੇ ਉਸ ਦੇ ਮੁਤਾਬਿਕ ਆਦਿ ਗ੍ਰੰਥ ਦੀ ਸੰਪਾਦਨਾ ਦਾ ਮੂਲ ਸਰੋਤ ਬਣੇ। ਇਹ ਖਰੜੇ ਹਨ :

(1) ਗੋਇੰਦਵਾਲ ਪੋਥੀਆਂ।

(2) ਗੁਰੂ ਨਾਨਕ ਦੇਵ ਵਿਸ਼ਵ ਵਿਦਿਆਲਾ ਵਾਲਾ 1245 ਨੰਬਰ ਖਰੜਾ।

ਇਨ੍ਹਾਂ ਖਰੜਿਆਂ ਨੂੰ ਆਦਿ ਗ੍ਰੰਥ ਤੋਂ ਪਹਿਲਾਂ ਦੇ ਸਿੱਧ ਕਰਨ ਲਈ ਪਸ਼ੌਰਾ ਸਿੰਘ ਨੇ ਕਿਹੜੇ ਸਬੂਤ ਪੇਸ਼ ਕੀਤੇ ਹਨ ਅਤੇ ਇਨ੍ਹਾਂ ਸਬੂਤਾਂ ਦੀ ਮੌਲਿਕਤਾ ਕੀ ਹੈ?

## ਗੋਇੰਦਵਾਲ ਪੋਥੀਆਂ

ਇਨ੍ਹਾਂ ਪੋਥੀਆਂ ਦੀ ਲਿਖਣ ਤਿਥੀ ਬਾਰੇ ਕੋਈ ਠੋਸ ਸਬੂਤ ਨਹੀਂ। ਪ੍ਰੰਪਰਾਗਤ ਤੌਰ 'ਤੇ ਬਾਵਾ ਪ੍ਰੇਮ ਸਿੰਘ ਮੁਤਾਬਿਕ ਇਹ ਪੋਥੀਆਂ 1570-72 ਈਸਵੀ ਵਿਚ ਲਿਖੀਆਂ ਗਈਆਂ। ਪਰ ਆਹੀਆਪੁਰ ਵਾਲੀ ਪੋਥੀ (ਪੋਥੀ ਨੰਬਰ 1) ਉੱਤੇ ਲਿਖਣ ਤਾਰੀਖ 1595 ਈਸਵੀ ਲਿਖੀ ਹੋਈ ਹੈ। ਪਰ ਇਹ ਤਾਰੀਖ ਗਿਆਨੀ ਗੁਰਦਿੱਤ ਸਿੰਘ ਅਨੁਸਾਰ ਬਾਅਦ ਵਿਚ ਲਿਖ ਕੇ ਪਹਿਲੇ ਸਫ਼ੇ ਨਾਲ ਚਿਪਕਾਈ ਹੋਈ ਹੈ। ਅਰਥਾਤ ਇਨ੍ਹਾਂ ਪੋਥੀਆਂ ਦੀ

ਲਿਖਣ ਤਿਥੀ ਬਾਰੇ ਕਿੰਤੂ ਹੈ।

ਪਸ਼ੌਰਾ ਸਿੰਘ ਨੇ ਪੋਥੀਆਂ ਦੀ ਲਿਖਣ-ਤਿਥੀ ਬਾਰੇ ਦੋ ਸੁਝਾਅ ਦਿੱਤੇ ਹਨ :

1. ਪੋਥੀਆਂ ਦੀ ਅੰਦਰੂਨੀ ਵਿਆਖਿਆ ਤੋਂ ਪਤਾ ਲਗਦਾ ਹੈ ਕਿ ਇਹ ਗੁਰੂ ਅਮਰ ਦਾਸ ਜੀ ਨੇ ਲਿਖਵਾਈਆਂ।

2. ਪੋਥੀਆਂ ਨੂੰ ਤਿੰਨਾਂ ਪੀੜ੍ਹੀਆਂ ਦਾ ਵਰਦਾਨ ਸੀ। (ਇਹ ਭੂਤਕਾਲ, ਵਿਚ ਲਿਖਿਆ ਹੋਇਆ ਹੈ) ਇਸ ਤੋਂ ਵੀ ਪਤਾ ਲਗਦਾ ਹੈ ਕਿ ਇਹ ਗੁਰੂ ਅਮਰ ਦਾਸ ਵੇਲੇ ਲਿਖੀਆਂ ਗਈਆਂ।

ਅੱਗੇ ਜਾ ਕੇ ਪਸ਼ੌਰਾ ਸਿੰਘ ਆਪਣੇ ਇਨ੍ਹਾਂ ਸੁਝਾਵਾਂ ਨੂੰ ਇਹ ਕਹਿ ਕੇ ਗੰਧਲਾ ਵੀ ਕਰ ਦਿੰਦਾ ਹੈ ਕਿ ਇਨ੍ਹਾਂ ਦੋ ਪੋਥੀਆਂ ਵਿਚ ਤਿੰਨਾਂ ਗੁਰੂਆਂ ਦੀ ਪੂਰੀ ਬਾਣੀ ਦਰਜ ਨਹੀਂ। ਇਸ ਗੱਲ 'ਤੇ ਪਰਦਾ ਪਾਉਣ ਲਈ ਉਹ ਇਹ ਕਿਆਸ ਕਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਇਨ੍ਹਾਂ ਦੋ ਪੋਥੀਆਂ ਤੋਂ ਬਗ਼ੈਰ ਹੋਰ ਦੋ ਪੋਥੀਆਂ ਵੀ ਉਪਲਬਧ ਸਨ ਜਿਨ੍ਹਾਂ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ 'ਤਵਾਰੀਖ ਗੁਰੂ ਖ਼ਾਲਸਾ' ਵਿਚ ਕੀਤਾ ਹੈ। ਪ੍ਰੰਤੂ ਉਹ ਦੋ ਪੋਥੀਆਂ ਅੱਜਕਲ੍ਹ ਉਪਲਬਧ ਨਹੀਂ ਹਨ।

## ਟਿੱਪਣੀ

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਿੱਧ ਹੋਇਆ ਕਿ ਗੋਇੰਦਵਾਲ ਪੋਥੀਆਂ ਬਾਰੇ ਉਨ੍ਹਾਂ ਦੇ ਪੁਰਾਤਨ ਹੋਣ ਦਾ ਕੋਈ ਠੋਸ ਸਬੂਤ ਨਹੀਂ ਅਤੇ ਪਸ਼ੌਰਾ ਸਿੰਘ ਨੇ ਵੀ ਉਨ੍ਹਾਂ ਦੀ ਪੁਰਾਤਨਤਾ ਬਾਰੇ ਜਾਂ ਤਾਂ ਦੂਸਰਿਆਂ ਦੀਆਂ ਗੱਲਾਂ ਦਾ ਹਵਾਲਾ ਦਿੱਤਾ ਹੈ ਅਤੇ ਜਾਂ ਪੋਥੀਆਂ ਵਿਚਲੀ ਲਿਖਤੀ ਸਚਾਈ ਦੀ ਵਿਆਖਿਆ ਦਾ ਆਸਰਾ ਲਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਪਸ਼ੌਰਾ ਸਿੰਘ ਨੇ ਪੋਥੀਆ ਦੀ ਪੁਰਾਤਨਤਾ ਬਾਰੇ ਕੋਈ ਮੌਲਿਕ ਖੋਜ ਰਾਹੀਂ ਸਚਾਈ ਪੇਸ਼ ਨਹੀਂ ਕੀਤੀ। ਭਾਵ ਇਨ੍ਹਾਂ ਦੀ ਪੁਰਾਤਨਤਾ ਬਾਰੇ ਉਸ ਨੇ ਆਪ ਕੁਝ ਵੀ ਸ਼ਾਮਲ ਨਹੀਂ ਕੀਤਾ।

ਚਾਹੀਦਾ ਇਹ ਸੀ ਕਿ ਉਹ ਭਾਸ਼ਾ ਵਿਗਿਆਨ ਦੇ ਸਿਧਾਂਤਾਂ (Linguistics), ਖਰੜੇ ਦੀ ਮਾਲਕੀ ਪ੍ਰਥਾ (History of ownership), ਪੜ੍ਹਤ ਵਿਸ਼ਲੇਸ਼ਣ (Textual analysis) ਅਤੇ ਪੰਨਾ-ਦਰ-ਪੰਨਾ ਨਿਰੀਖਣ ਆਦਿ ਕਾਰਜ ਪ੍ਰਣਾਲੀਆਂ ਦਾ ਆਸਰਾ ਲੈਂਦਾ। ਇਕ ਥਾਂ ਉਹ ਭਾਸ਼ਾ ਵਿਗਿਆਨ ਦੇ ਸਿਧਾਂਤਾਂ ਦੀ ਨਿਰਮੂਲ ਜਿਹੀ ਵਰਤੋਂ ਜ਼ਰੂਰ ਕਰਦਾ ਹੈ। ਕਹਿੰਦਾ ਹੈ ਕਿ ਗੁਰਮੁਖੀ ਦੀ ਸੈਂਚੀ ਤੋਂ ਇਉਂ ਲਗਦਾ ਹੈ ਕਿ ਇਹ ਪੋਥੀਆਂ ਸੋਲ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਲਿਖੀਆਂ ਗਈਆਂ। ਗੁਰਮੁਖੀ ਲਿਪੀ ਵਿਚਲੇ ਸ੍ਵਰ ਅੱਖਰ (Vowel) ਅਜੇ ਚੰਗੀ ਤਰ੍ਹਾਂ ਪ੍ਰਫੁੱਲਤ ਨਹੀਂ ਹੋਏ ਜਾਪਦੇ ਅਤੇ ਅੱਖਰ ਅਜੇ ਟਾਕਰੀ ਦੀ ਬਣਤਰ ਨਾਲ ਮਿਲਦੇ-ਜੁਲਦੇ ਹਨ। ਪਸ਼ੌਰਾ ਸਿੰਘ ਦਾ ਇੰਨਾ ਕੁ ਉਦਮ ਸ਼ਲਾਘਾਯੋਗ ਤਾਂ ਹੈ, ਪਰ ਸਚਾਈ ਤੋਂ ਥੋੜ੍ਹਾ ਊਣਾ ਹੈ। ਜੇ ਪੋਥੀਆਂ ਦੀ ਲਿਖਣ ਤਿਥੀ 1570-72 ਵੀ ਮੰਨ ਲਈਏ ਤਾਂ 32-34 ਸਾਲਾਂ ਵਿਚ (ਆਦਿ ਗ੍ਰੰਥ ਲਿਖਣ ਸਮੇਂ ਤੱਕ) ਗੁਰਮੁਖੀ ਪੈਂਤੀ ਅਤੇ ਅੱਖਰਾਂ ਵਿਚ ਐਨਾ ਫ਼ਰਕ ਪੈਣਾ ਅਸੰਭਵ ਹੈ। ਬੋਲੀਆਂ ਦੇ ਵਿਕਾਸ ਲਈ ਸਦੀਆਂ ਚਾਹੀਦੀਆਂ ਹਨ, ਕੁਝ ਕੁ ਸਾਲ ਨਹੀਂ। ਸਚਾਈ ਤਾਂ ਇਹ ਹੈ ਕਿ ਪੋਥੀਆਂ ਦੀ



ਬੋਲੀ ਜਾਂ ਬਣਤਰ ਵਿਚ ਆਦਿ ਗ੍ਰੰਥ ਦੀ ਬੋਲੀ ਜਾਂ ਬਣਤਰ ਵਲੋਂ ਬਹੁਤਾ ਸਾਖਿਆਤ ਫ਼ਰਕ ਨਹੀਂ। ਜੋ ਥੋੜ੍ਹਾ ਬਹੁਤ ਫ਼ਰਕ ਹੈ, ਉਹ ਲੋਕ ਬੋਲੀ (Colloquial) ਕਰਕੇ ਹੈ ਜਾਂ ਸ਼ਬਦ ਜੋੜਾਂ ਦਾ ਹੈ।

## ਖਰੜਾ ਨੰਬਰ 1245

ਖਰੜਾ ਨੰਬਰ 1245 ਦੂਜਾ ਖਰੜਾ ਹੈ ਜੋ ਪਸ਼ੌਰਾ ਸਿੰਘ ਅਨੁਸਾਰ ਆਦਿ ਗ੍ਰੰਥ ਦੀ ਸੰਪਾਦਨਾ ਵਿਚ ਸਹਾਈ ਹੋਇਆ। ਇਸ ਖਰੜੇ ਉਤੇ ਕੋਈ ਲਿਖਣ ਤਿਥੀ ਨਹੀਂ ਦਿੱਤੀ ਹੋਈ। ਇੱਥੇ ਫੇਰ ਕਾਰਜ ਪ੍ਰਣਾਲੀਆਂ ਰਾਹੀਂ ਇਸ ਖਰੜੇ ਨੂੰ ਆਦਿ ਗ੍ਰੰਥ ਤੋਂ ਪਹਿਲਾਂ ਦਾ ਸਿੱਧ ਕਰਨ ਦੀ ਲੋੜ ਹੈ। ਪਸ਼ੌਰਾ ਸਿੰਘ ਨੇ ਪੜ੍ਹਤ ਵਿਸ਼ਲੇਸ਼ਣ (Textual analysis) ਅਤੇ ਭਾਸ਼ਾ ਵਿਗਿਆਨ ਦੇ ਸਿਧਾਂਤ ਵਰਤੇ ਹਨ। ਪੜ੍ਹਤ ਵਿਸ਼ਲੇਸ਼ਣ ਦੇ ਦੋ ਨਿਯਮ ਪਸ਼ੌਰਾ ਸਿੰਘ ਨੇ ਵਰਤੇ ਹਨ :

1. ਸੰਖੇਪਤਾ, ਵਿਸਥਾਰਤਾ ਤੋਂ ਪਹਿਲਾ ਆਉਂਦੀ ਹੈ, (The Shorter reading is to be preferred to the longer one) ਅਰਥਾਤ ਦੋ ਖਰੜਿਆਂ ਵਿਚੋਂ ਜਿਸ ਵਿਚ ਘੱਟ ਵਿਸਥਾਰ ਹੋਵੇ, ਉਹ ਪੁਰਾਣਾ ਸਮਝਿਆ ਜਾਂਦਾ ਹੈ। ਪਸ਼ੌਰਾ ਸਿੰਘ ਅਨੁਸਾਰ ਖਰੜਾ ਨੰਬਰ 1245 ਵਿਚ ਕਰਤਾਰਪੁਰੀ ਬੀੜ ਨਾਲੋਂ ਘੱਟ ਵਿਸਥਾਰ ਹੈ, ਇਸ ਲਈ ਇਹ ਖਰੜਾ ਪੁਰਾਣਾ ਹੈ।

2. ਔਖੀ ਲਿਖਤ, ਸੌਖੀ ਲਿਖਤ ਤੋਂ ਪਹਿਲਾਂ ਆਉਂਦੀ ਹੈ, (The more difficult reading is generally preferable) ਅਰਥਾਤ ਜੇ ਦੋ ਖਰੜਿਆਂ ਵਿਚੋਂ ਇਕ ਔਖਾ ਪੜ੍ਹਨਾ ਹੋਵੇ ਤਾਂ ਉਹ ਪੁਰਾਣਾ ਸਮਝਿਆ ਜਾਂਦਾ ਹੈ, ਜਿਵੇਂ ਖਰੜਾ ਨੰਬਰ 1245 ਵਿਚ ਬੋਲੀ ਦਾ ਔਖਾ ਪ੍ਰਗਟਾਉ ਹੈ ਇਸ ਲਈ ਇਹ ਆਦਿ ਗ੍ਰੰਥ ਨਾਲੋਂ ਪੁਰਾਣਾ ਹੈ।

## ਟਿੱਪਣੀ

ਪਸ਼ੌਰਾ ਸਿੰਘ ਨੇ ਇਨ੍ਹਾਂ ਦੀ ਵਰਤੋਂ ਕਰਕੇ ਆਪਣੇ ਗਿਆਨ ਦਾ ਵਿਖਾਵਾ ਤਾਂ ਕੀਤਾ ਹੈ ਪਰ ਇਸ ਦੀ ਉਚਿਤ ਅਤੇ ਭਰਪੂਰ ਵਰਤੋਂ ਨਹੀਂ ਕੀਤੀ। ਚੰਗਾ ਹੁੰਦਾ ਜੇ ਉਹ ਖਰੜਾ ਨੰਬਰ 1245 ਵਿਚੋਂ ਉਦਾਹਰਣਾਂ ਲੈ ਕੇ ਆਦਿ ਗ੍ਰੰਥ ਨਾਲ ਤੁਲਨਾ ਕਰਦਾ। ਇਹ ਠੀਕ ਹੈ ਕਿ ਖਰੜਾ ਨੰਬਰ 1245 ਵਿਚ ਭਗਤਾਂ ਦੀ ਬਾਣੀ ਨਹੀਂ, ਇਸ ਲਈ ਸੰਖੇਪ ਹੈ। ਇਸ ਕਰਕੇ ਪੜ੍ਹਤ ਵਿਸ਼ਲੇਸ਼ਣ ਦੇ ਪਹਿਲੇ ਨਿਯਮ ਦੀ ਪਾਲਣਾ ਕਰਦਾ ਹੈ। ਪਰ 1245 ਦੀ ਬੋਲੀ ਕੋਈ ਔਖੀ ਨਹੀਂ ਸਗੋਂ ਆਦਿ ਗ੍ਰੰਥ ਦੀ ਬੋਲੀ ਵਰਗੀ ਹੀ ਹੈ ਅਤੇ ਪਸ਼ੌਰਾ ਸਿੰਘ ਅਨੁਸਾਰ ਖਰੜਾ ਨੰਬਰ 1245 ਦੀ ਸ਼ੈਲੀ ਆਮ ਕਰਕੇ ਆਦਿ ਗ੍ਰੰਥ ਨਾਲ ਮਿਲਦੀ-ਜੁਲਦੀ ਹੈ। ਭਾਸ਼ਾ ਵਿਗਿਆਨ ਪੱਖੋਂ ਖਰੜਾ ਨੰਬਰ 1245 ਵਿਚ ਕੰਨੇ ਦੀ ਥਾਂ ਨੁਕਤਾ (Dot) ਵਰਤਿਆ ਗਿਆ ਹੈ, ੳ ਦੀ ਥਾਂ ਓ ਵਰਤਿਆ ਗਿਆ ਹੈ ਅਤੇ ਛ ਅਜੇ ਵੀ ਸਾਰਦਾ ਨਾਲ ਮੇਲ ਖਾਂਦਾ ਹੈ। ਇਸ ਤਰ੍ਹਾਂ ਦਾ ਵਿਸ਼ਲੇਸ਼ਣ ਸ਼ਲਾਘਾਯੋਗ ਹੈ, ਪਰ ਭਰਪੂਰਤਾ ਤੋਂ ਊਣਾ ਹੈ। ਅਜਿਹੇ ਪੇਤਲੇ ਪੱਧਰ 'ਤੇ ਵਿਸ਼ਲੇਸ਼ਣ ਦੀ ਵਰਤੋਂ ਮੌਲਿਕ ਖੋਜ ਨਾਲ ਨਿਆਂ ਨਹੀਂ ਕਰਦੀ।

## ਟਿੱਪਣੀ

ਖਰੜਾ ਨੰਬਰ 1245 ਦੀ ਅੰਦਰਲੀ ਵਿਆਖਿਆ ਤੋਂ ਪਤਾ ਲਗਦਾ ਹੈ ਕਿ ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਲਿਖਿਆ ਗਿਆ ਹੈ ਕਿਉਂਕਿ ਇਸ ਵਿਚ ਪਹਿਲੇ ਪੰਜ ਗੁਰੂਆਂ ਦੀਆਂ ਜੋਤੀ ਜੋਤ ਸਮਾਉਣ ਦੀਆਂ ਤਾਰੀਖਾਂ ਇਕ ਹੱਥ ਲਿਖਤ ਵਿਚ ਲਿਖੀਆਂ ਹੋਈਆਂ ਹਨ। ਪਰ ਪਸ਼ੌਰਾ ਸਿੰਘ ਇਹ ਜਾਣਦਿਆਂ ਹੋਇਆਂ ਵੀ ਇਸ ਤੱਥ ਨੂੰ ਇਹ ਕਹਿ ਕੇ ਉਰੇ-ਪਰੇ ਕਰ ਦਿੰਦਾ ਹੈ ਕਿ ਪੰਜਵੇਂ ਗੁਰੂ ਦੀ ਸ਼ਹੀਦੀ ਦੀ ਤਾਰੀਖ ਮਗਰੋਂ ਪਰ ਉਸੇ ਕਾਤਬ ਨੇ ਲਿਖੀ। ਇਸ ਖਰੜੇ ਉਤੇ ਗੁਰੂ ਹਰ ਗੋਬਿੰਦ ਸਿੰਘ ਜੀ ਦੇ ਦਸਤਿ-ਮੁਬਾਰਕ ਨਾਲ ਲਿਖੇ ਹਸਤਾਖਸ਼ਰ ਵੀ ਦੱਸੇ ਜਾਂਦੇ ਹਨ, ਪਰ ਪਸ਼ੌਰਾ ਸਿੰਘ ਇਸ ਗੱਲ ਨੂੰ ਇਹ ਕਹਿ ਕੇ ਤਿਆਗ ਦਿੰਦਾ ਹੈ ਕਿ ਦਸਤਖ਼ਤ ਵਾਲਾ ਸਫ਼ਾ ਬਾਅਦ ਵਿਚ ਜੋੜਿਆ ਗਿਆ ਹੈ। ਪਸ਼ੌਰਾ ਸਿੰਘ ਅਨੁਸਾਰ ਇਸ ਖਰੜੇ ਵਿਚ ਭਾਈ ਬੁੱਢਾ ਜੀ ਦਾ ਇਕ ਸਲੋਕ ਹੈ। ਹੋ ਸਕਦਾ ਹੈ ਉਸਦੇ ਉਤਰਅਧਿਕਾਰੀਆਂ ਪਾਸ ਇਹ ਖਰੜਾ ਰਿਹਾ ਹੋਵੇ ਪਰ ਬੁੱਢਾ ਜੀ ਦੇ ਉਤਰਅਧਿਕਾਰੀਆਂ ਨੇ ਮੰਨਿਆ ਹੈ ਕਿ ਭਾਈ ਬੁੱਢਾ ਜੀ ਨੇ ਕਦੇ ਕੋਈ ਸਲੋਕ ਨਹੀਂ ਰਚਿਆ। ਅਖੀਰ ਵਿਚ ਪਸ਼ੌਰਾ ਸਿੰਘ ਇਕ ਹੋਰ ਹਾਸੋਹੀਣੀ ਦਲੀਲ ਵੀ ਦਿੰਦਾ ਹੈ ਕਿ ਹੋ ਸਕਦਾ ਹੈ ਕਿ ਇਹ ਖਰੜਾ ਵੀ ਭਾਈ ਗੁਰਦਾਸ ਜੀ ਨੇ ਲਿਖਿਆ ਹੋਵੇ ਅਤੇ ਆਦਿ ਗ੍ਰੰਥ ਦੇ ਲਿਖਣ ਤੱਕ ਉਨ੍ਹਾਂ ਨੇ ਆਪਣੀ ਹੱਥ ਲਿਖਤ ਸੁਧਾਰ ਲਈ ਹੋਵੇ।

ਇੰਝ ਜਾਪਦਾ ਹੈ ਕਿ ਪਸ਼ੌਰਾ ਸਿੰਘ ਇਹ ਜਾਣਦਿਆਂ ਹੋਇਆਂ ਵੀ ਕਿ ਖਰੜਾ ਨੰਬਰ 1245 ਆਦਿ ਗ੍ਰੰਥ ਤੋ ਪਿੱਛੋਂ ਦੀ ਲਿਖਤ ਹੈ, ਪਰ ਪੂਰਾ ਜ਼ੋਰ ਇਹ ਸਿੱਧ ਕਰਨ ਲਈ ਲਾਈ ਜਾ ਰਿਹਾ ਹੈ ਕਿ ਇਹ ਆਦਿ ਗ੍ਰੰਥ ਤੋਂ ਪਹਿਲਾਂ ਦਾ ਖਰੜਾ ਹੈ। ਇੰਝ ਕਰਦਿਆਂ ਉਹ ਸਾਖਿਆਤ ਸਚਾਈ ਨੂੰ ਅੱਖੋਂ ਪਰੋਖੇ ਹੀ ਨਹੀਂ ਕਰਦਾ ਸਗੋਂ ਪੜ੍ਹਤ-ਵਿਸ਼ਲੇਸ਼ਣ ਅਤੇ ਭਾਸ਼ਾ ਵਿਗਿਆਨ ਦੇ ਨਿਯਮਾਂ ਦੀ ਦੁਰਵਰਤੋਂ ਵੀ ਕਰਦਾ ਹੈ। ਇਸ ਦੁਰਵਰਤੋਂ ਤੋਂ ਬਾਅਦ ਵੀ ਉਸ ਦੀ ਖੋਜ ਦੀ ਮੌਲਿਕਤਾ ਤਾਂ ਇਕ ਪਾਸੇ ਰਾਹੀ, ਉਸ ਦੀਆਂ ਦਲੀਲਾਂ ਵੀ ਮਨਘੜਤ ਅਤੇ ਓਪਰੀਆਂ-ਓਪਰੀਆਂ ਲਗਦੀਆਂ ਹਨ। ਇੰਝ ਜਾਪਦਾ ਹੈ ਕਿ ਪਸ਼ੌਰਾ ਸਿੰਘ ਨੇ ਸਿੱਟੇ ਪਹਿਲਾਂ ਕੱਢ ਰੱਖੇ ਹਨ ਅਤੇ ਇਨ੍ਹਾਂ ਦੀ ਪ੍ਰੋੜਤਾ ਲਈ ਤੱਥ (Data) ਬਾਅਦ ਵਿਚ ਲੱਭਦਾ ਫਿਰਦਾ ਹੈ।

## ਤੀਜੇ ਕਾਂਡ ਦੀ ਵਿਆਖਿਆ

ਇਸ ਕਾਂਡ ਵਿਚ ਪਸ਼ੌਰਾ ਸਿੰਘ ਆਦਿ ਗ੍ਰੰਥ ਦੀ ਵਿਉਂਤਬੰਦੀ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਰਧਾ ਦੇ ਫੁਲ ਚਾੜ੍ਹਦਾ ਹੈ ਅਤੇ ਮੰਨਦਾ ਹੈ ਕਿ ਗੁਰੂ ਸਾਹਿਬ ਦੀ ਸੰਪਾਦਨਾ ਵਿਧੀ ਅਦੁੱਤੀ ਸੀ। ਆਦਿ ਗ੍ਰੰਥ ਦੀ ਸਥਾਪਨਾ ਤੋਂ ਬਾਅਦ ਕਈ ਮਿਸਲਾਂ ਖੜੀਆਂ ਹੋਈਆਂ, ਜਿਨ੍ਹਾਂ ਵਿਚ ਲਾਹੌਰ ਮਿਸਲ, ਬੰਨੋ ਮਿਸਲ ਅਤੇ ਦਮਦਮਾ ਮਿਸਲ ਪ੍ਰਸਿੱਧ ਹਨ। ਇਨ੍ਹਾਂ ਮਿਸਲਾਂ ਬਾਰੇ ਪਸ਼ੌਰਾ ਸਿੰਘ ਨੇ ਭਰਪੂਰ ਚਰਚਾ ਕੀਤੀ ਹੈ ਜੋ ਬਿਰਤਾਂਤਿਕ ਜ਼ਿਆਦਾ ਅਤੇ ਵਿਸ਼ਲੇਸ਼ਨਾਤਮਿਕ ਘੱਟ ਹੈ।

## ਚੌਥੇ ਕਾਂਡ ਦੀ ਵਿਆਖਿਆ

ਇਸ ਕਾਂਡ ਵਿਚ ਪਸ਼ੌਰਾ ਸਿੰਘ ਨੇ ਆਦਿ ਗ੍ਰੰਥ ਦੀਆਂ ਕੁਝ ਬਾਣੀਆਂ ਦਾ



ਪੜ੍ਹਤ-ਵਿਸ਼ਲੇਸ਼ਣ ਕੀਤਾ ਹੈ। ਇਸ ਵਿਸ਼ਲੇਸ਼ਣ ਰਾਹੀਂ ਉਸ ਨੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸੰਪਾਦਨਾ ਸਮੇਂ ਦੋ ਖਰੜਿਆਂ ਦਾ ਆਸਰਾ ਲਿਆ। ਇਸ ਕਾਰਜ ਦੌਰਾਨ ਉਨ੍ਹਾਂ ਨੇ ਬਾਣੀ ਦੀ ਸੁਧਾਈ ਵੀ ਕੀਤੀ ਅਤੇ ਉਸ ਨੂੰ ਮਾਂਜਿਆ ਸਵਾਰਿਆ ਵੀ। ਇਸ ਵਿਚਾਰ ਦੀ ਪ੍ਰੋੜਤਾ ਉਸ ਨੇ ਹੇਠ ਲਿਖੀਆਂ ਪੰਜ ਬਾਣੀਆਂ ਦੇ ਤੁਲਨਾਤਮਿਕ ਅਧਿਐਨ ਦੁਆਰਾ ਕੀਤੀ ਹੈ :

1. ਮੂਲ ਮੰਤਰ।
2. ਜਪੁਜੀ-ਰਹਿਰਾਸ ਵਿਆਖਿਆ।
3. ਗੁਰੂ ਨਾਨਕ ਰਚਿਤ ਸੂਹੀ ਰਾਗ ਦੇ ਸ਼ਬਦ।
4. ਗੁਰੂ ਅਰਜਨ ਰਚਿਤ ਤਿਲੰਗ ਰਾਗ ਦੇ ਸ਼ਬਦ।
5. ਗੁਰੂ ਅਰਜਨ ਰਚਿਤ ਰਾਮਕਲੀ ਰਾਗ ਦੇ ਸ਼ਬਦ।

ਇਨ੍ਹਾਂ ਬਾਣੀਆਂ ਸੰਬੰਧੀ ਪੜ੍ਹਤ-ਵਿਸ਼ਲੇਸ਼ਣ ਦੀ ਵਿਆਖਿਆ ਕਰਨ ਤੋਂ ਪਹਿਲਾਂ ਕੁਝ ਪੜ੍ਹਤ-ਵਿਸ਼ਲੇਸ਼ਣ ਦੇ ਨਿਯਮਾਂ ਬਾਰੇ ਕਹਿਣਾ ਇੱਥੇ ਕੁਥਾਂ ਨਹੀਂ ਹੋਵੇਗਾ।

## ਪੜ੍ਹਤ-ਵਿਸ਼ਲੇਸ਼ਣ (Textual Analysis)

ਐਕਸੇਜੀਸਿਜ਼ (Exegesis) ਯੂਨਾਨੀ ਭਾਸ਼ਾ ਦਾ ਸ਼ਬਦ ਹੈ, ਜਿਸਦੀ ਉਤਪਤੀ ਤੇ ਵਿਕਾਸ ਪੁਰਾਣੇ ਅਤੇ ਨਵੇਂ ਟੈਸਟਾਮੈਂਟਾਂ (Testaments) ਦੀ ਵਿਆਖਿਆ ਅਧੀਨ ਹੋਇਆ। ਇਸ ਦਾ ਸ਼ਾਬਦਿਕ ਅਰਥ 'ਖੁਰਾ ਕੱਢਣਾ' ਜਾਂ 'ਵਿਆਖਿਆ' ਕਰਨਾ ਹੈ, ਖਾਸ ਕਰਕੇ ਧਰਮ ਵਿਆਖਿਆ। ਧਰਮ ਵਿਆਖਿਆ ਵਿਚ ਧਾਰਮਿਕ ਪੁਸਤਕ ਦੇ ਕਾਤਬ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ, ਇਸ ਲਈ ਕਾਤਬ ਬਾਰੇ ਖੋਜ ਨੂੰ ਵੀ ਇਸ ਸ਼ਬਦ ਦੀ ਪੜ੍ਹਤ-ਵਿਸ਼ੇਸ਼ਣ (Textual Analysis) ਕਿਹਾ ਜਾਂਦਾ ਹੈ, ਪਰ ਫ਼ਰਕ ਸਿਰਫ਼ ਐਨਾ ਹੈ ਕਿ ਪੜ੍ਹਤ-ਵਿਸ਼ਲੇਸ਼ਣ ਸਾਹਿਤ ਦਾ ਵੀ ਹੋ ਸਕਦਾ ਹੈ ਅਤੇ ਧਰਮ-ਪੁਸਤਕਾਂ ਦਾ ਵੀ।

ਆਧੁਨਿਕ ਪੜ੍ਹਤ-ਵਿਸ਼ਲੇਸ਼ਣ 19ਵੀਂ ਸਦੀ ਦੀ ਪੈਦਾਵਾਰ ਹੈ। ਇਸ ਦਾ ਅਕਾਦਮਿਕ ਅਧਾਰ ਮਨੋਕਲਪਿਤ ਨਾ ਹੁੰਦਿਆਂ ਹੋਇਆਂ ਹੁਣ ਵਿਗਿਆਨਕ ਤੱਥਾਂ 'ਤੇ ਵਧੇਰੇ ਜ਼ੋਰ ਦਿੱਤਾ ਹੈ। ਖ਼ਾਸ ਕਰਕੇ ਕਿਸੇ ਧਰਮ ਪੁਸਤਕ ਦਾ ਪੜ੍ਹਤ ਵਿਸ਼ਲੇਸ਼ਣ ਕਰਨ ਲਈ ਕਈ ਖੇਤਰਾਂ ਅਰਥਾਤ ਪੁਰਾਤੱਤਵ (Archaeology), ਦਰਸ਼ਨ (Philosophy), ਇਤਿਹਾਸ (History), ਭਾਸ਼ਾ ਵਿਗਿਆਨ (Linguistics) ਅਤੇ ਪੜ੍ਹਤ ਆਲੋਚਨਾ (Textual criticism) ਦਾ ਪ੍ਰਯੋਗ ਕੀਤਾ ਜਾਂਦਾ ਹੈ।

ਆਧੁਨਿਕ ਪੜ੍ਹਤ-ਵਿਸ਼ਲੇਸ਼ਣ ਵਿਚ ਉਪਰੋਕਤ ਖੇਤਰਾਂ ਦੇ ਨਾਲ-ਨਾਲ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਗਿਆ ਹੈ ਕਿ ਰੱਬੀ ਸ਼ਬਦ (ਇਲਹਾਮੀ ਬਾਣੀ) ਦੀ ਧਾਰਮਿਕ ਮਹੱਤਤਾ ਨੂੰ ਹਮੇਸ਼ਾ ਬਰਕਰਾਰ ਰੱਖਣਾ ਚਾਹੀਦਾ ਹੈ। ਜੇ ਨਾ ਰੱਖੋਗੇ ਤਾਂ ਧਰਮ ਦੇ ਅਨੁਆਈਆਂ ਵਲੋਂ ਸਖ਼ਤ ਪ੍ਰਤੀਕਰਮ ਹੋ ਸਕਦਾ ਹੈ ਅਤੇ ਧਰਮ ਵਿਆਖਿਆ ਜਾਂ ਪੜ੍ਹਤ-ਵਿਸ਼ਲੇਸ਼ਣ ਕੁਰਾਹੇ ਵੀ ਪੈ ਸਕਦਾ ਹੈ।

## ਮੂਲ ਮੰਤਰ

ਮੂਲ ਮੰਤਰ ਆਦਿ ਗ੍ਰੰਥ ਦਾ ਪ੍ਰਮੁੱਖ ਗਿਆਨ ਹੈ। ਇਸ ਵਿਚ ਮੁੱਖ ਤੌਰ 'ਤੇ ਅਕਾਲ ਪੁਰਖ ਦੇ ਗੁਣਾਂ ਦੀ ਸੰਖੇਪ ਚਰਚਾ ਹੈ। ਸਿੱਖ ਧਰਮ ਵਿਚ ਇਸ ਦੀ ਬਹੁਤ ਵੱਡੀ ਮਹੱਤਤਾ ਮੰਨੀ ਗਈ ਹੈ। ਕਾਰਨ ਇਹ ਹੈ ਕਿ ਮੂਲ ਮੰਤਰ ਜਪੁਜੀ ਸਾਹਿਬ ਦਾ ਨਿਚੋੜ ਮੰਨਿਆ ਗਿਆ ਹੈ ਅਤੇ ਜਪੁਜੀ ਸਾਹਿਬ ਗੁਰੂ ਗ੍ਰੰਥ ਸਾਹਿਬ ਦਾ ਸਾਰੰਸ਼ ਮੰਨਿਆ ਗਿਆ ਹੈ। ਮੂਲ ਮੰਤਰ ਅਤੇ ਜਪੁਜੀ ਸਾਹਿਬ ਦੋਵੇਂ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਹਨ।

ਪਸ਼ੌਰਾ ਸਿੰਘ ਅਨੁਸਾਰ ਮੂਲ ਮੰਤਰ ਦਾ ਸਭ ਤੋਂ ਪਹਿਲਾ ਲਿਖਤੀ ਰੂਪ ਗੋਇੰਦਵਾਲ ਵਾਲੀਆਂ ਪੋਥੀਆਂ ਵਿਚੋਂ ਮਿਲਦਾ ਹੈ ਜੋ ਇਸ ਪ੍ਰਕਾਰ ਹੈ :

*੧ੳ ਸਤਿਗੁਰੁ ਪਰਸਾਦੁ*
*ਸਚੁ ਨਾਮੁ ਕਰਤਾਰੁ ਨਿਰਭਉ ਨਿਰੀਕਾਰੁ ਅਕਾਲ*
*ਮੂਰਤਿ ਅਜੂਨੀ ਸੰਭਉ (੧)*

ਇਸ ਮੂਲ ਮੰਤਰ ਦਾ ਵਿਕਾਸ ਖਰੜਾ ਨੰਬਰ 1245 ਵਿਚ ਮਿਲਦਾ ਹੈ, ਜੋ ਇਸ ਪ੍ਰਕਾਰ ਹੈ :

*੧ੳ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ*
*ਮੂਰਤਿ ਅਜੂਨੀ ਸੈਭੰ ਸਤਿਗੁਰੂ ਪਰਸਾਦਿ।*

ਇਸ ਮੂਲ ਮੰਤਰ ਦਾ ਵਿਕਾਸ ਆਦਿ ਗ੍ਰੰਥ ਵਿਚ ਵੀ ਇਸ ਪ੍ਰਕਾਰ ਹੈ :

*੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪਰਸਾਦਿ।*

ਖਰੜਾ ਨੰਬਰ 1245 ਵਿਚ ਦਿੱਤੇ ਮੂਲ ਮੰਤਰ ਅਤੇ ਆਦਿ ਗ੍ਰੰਥ ਵਿਚਲੇ ਮੂਲ ਮੰਤਰ ਵਿਚ ਬਹੁਤ ਥੋੜ੍ਹਾ ਫ਼ਰਕ ਹੈ। ਖਰੜਾ ਨੰਬਰ 1245 ਵਿਚ ਸਿਰਫ਼ 'ਸਤਿ' (ਸਤਿਗੁਰੂ) ਵਾਧੂ ਹੈ, ਬਾਕੀ ਦੋਹਾਂ ਮੂਲ ਮੰਤਰਾਂ ਵਿਚ ਕੁਝ ਸ਼ਬਦ-ਜੋੜਾਂ (Spelling) ਤੋਂ ਸਿਵਾਏ ਹੋਰ ਕੋਈ ਫ਼ਰਕ ਨਹੀਂ। ਸ਼ਬਦ-ਜੋੜਾਂ ਦਾ ਫਰਕ ਵੀ ਲੋਕਾਈ (Colloquial) ਜਾਂ ਬੋਲ-ਚਾਲ ਦੀ ਬੋਲੀ ਕਾਰਨ ਹੈ। ਨਾਲੇ ਉਸ ਸਮੇਂ ਤਕ ਪੰਜਾਬੀ ਬੋਲੀ ਨੇ ਅਜੇ ਟਕਸਾਲੀ ਰੂਪ ਨਹੀਂ ਸੀ ਧਾਰਿਆ, ਇਸ ਲਈ ਲੋਕ ਜਿਵੇਂ ਬੋਲਦੇ ਸਨ ਉਵੇਂ ਲਿਖਦੇ ਸਨ। ਪਸ਼ੌਰਾ ਸਿੰਘ ਨੇ ਵੀ ਇਨ੍ਹਾਂ ਦੋਹਾਂ ਮੂਲ ਮੰਤਰਾਂ ਨੂੰ ਆਪਣੇ ਪੜ੍ਹਤ-ਵਿਸ਼ਲੇਸ਼ਣ ਦਾ ਵਿਸ਼ਾ ਨਹੀਂ ਬਣਾਇਆ। ਯਾਦ ਰਹੇ, ਅਸੀਂ ਪਹਿਲਾਂ ਲਿਖ ਚੁੱਕੇ ਹਾਂ ਕਿ ਖਰੜਾ ਨੰਬਰ 1245 ਛੇਵੇਂ ਪਾਤਸ਼ਾਹੀ ਦੇ ਵੇਲੇ ਤੋਂ ਵੀ ਸ਼ਾਇਦ ਪਿੱਛੋਂ ਦੀ ਲਿਖਤ ਹੈ।



ਗੋਇੰਦਵਾਲ ਪੋਥੀਆਂ ਅਤੇ ਆਦਿ ਗ੍ਰੰਥ ਦੇ ਮੂਲ ਮੰਤਰਾਂ ਵਿਚ ਥੱਲੇ ਦਿੱਤੇ ਭੇਦ ਹਨ:

| **ਗੋਇੰਦਵਾਲ ਪੋਥੀਆਂ** | **ਆਦਿ ਗ੍ਰੰਥ** |
|---|---|
| ਸਚੁਨਾਮੁ | ਸਤਿਨਾਮ |
| ਕਰਤਾਰੁ | ਕਰਤਾਪੁਰਖੁ |
| ਨਿਰੀਕਾਰੁ | ਨਿਰਵੈਰ |
| ਸੰਭਉ | ਸੈਭੰ |
| ਸਤਿਗੁਰ ਪਰਸਾਦੁ | ਗੁਰ ਪਰਸਾਦਿ |

ਇਨ੍ਹਾਂ ਸ਼ਬਦਾਂ ਦੇ ਨਿਕਾਸ, ਵਿਕਾਸ ਅਤੇ ਵਿਆਪਕਤਾ ਬਾਰੇ ਵਿਚਾਰ ਜ਼ਰੂਰੀ ਹੈ।

ਗੁਰੂ ਨਾਨਕ ਦੇਵ ਦੀ ਬਾਣੀ ਵਿਚ 'ਸਚੁ ਅਤੇ 'ਸਤਿ' ਦੋਹਾਂ ਸ਼ਬਦਾਂ ਦਾ ਜ਼ਿਕਰ ਹੈ।

1. ਸਾਚਾ ਸਾਹਿਬ ਸਾਚਿ ਨਾਇ।
2. ਆਦਿ ਸਚੁ ਜੁਗਾਦਿ ਸਚੁ।
3. ਸਚੁ ਬਿਨੁ ਸਾਖੀ ਮੂਲੋ ਨ ਬਾਕੀ।
4. ਸਚੁ ਕੀ ਬਾਣੀ ਨਾਨਕੁ ਆਖੈ।
5. ਸਚੁ ਮਿਲੇ ਸਚੁ ਉਪਜੈ।
6. ਸਚੁ ਤਾਂ ਪਰ ਜਾਣੀਐ ਜਾ ਰਿਦੈ ਸਚਾ ਹੋਇ।

ਕੁਝ ਉਦਾਹਰਣਾਂ 'ਸਤ' ਜਾਂ 'ਸਤਿ' ਦੀਆਂ ਵੀ ਦੇਖੋ।

1. ਰਜ ਤਮ ਸਤ ਕਲ ਤੇਰੀ ਛਾਇਆ।
2. ਸਤਿ ਨਾਮੁ ਕਰਤਾ ਪੁਰਖ।
3. ਨਾ ਸਤਿ ਮੂੰਡਿ ਮੁਡਾਈ ਕੇਸੀ, ਨ ਸਤਿ ਪੜ੍ਹਿਆ ਦੇਸ ਫਿਰਹਿ।

### ਟਿੱਪਣੀ

ਗੁਰਬਾਣੀ ਖਾਸ ਕਰਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਭਾਵੇਂ 'ਸਚੁ', 'ਸਤਿ' ਨਾਲੋਂ ਵਧੇਰੇ ਵਾਰੀ ਆਇਆ ਹੈ, ਪਰ ਇਕ ਗੱਲ ਯਾਦ ਰੱਖਣ ਵਾਲੀ ਹੈ ਕਿ 'ਸਚ' ਦੀ ਵਰਤੋਂ ਦੁਨਿਆਵੀ ਕਾਰਜ ਕਰਮਾਂ ਤਹਿਤ ਹੋਈ ਹੈ ਅਤੇ 'ਸਤਿ' ਦੀ ਵਰਤੋਂ ਪ੍ਰਮਾਤਮਾ ਜਾਂ ਰੱਬ ਦੇ ਸੰਬੰਧ ਵਿਚ ਵਧੇਰੇ ਹੋਈ ਹੈ ਮੂਲ ਮੰਤਰ ਪ੍ਰਮਾਤਮਾ ਦੀ ਹੀ ਸਿਫ਼ਤ ਸਲਾਹ ਹੈ। ਇਸੇ ਲਈ ਇਹ ਕੁਦਰਤੀ ਸੀ ਕਿ ਅਜਿਹਾ ਉਚਿਤ ਸ਼ਬਦ ਵਰਤਿਆ ਜਾਂਦਾ, ਜੋ ਪ੍ਰਮਾਤਮਾ ਦੀ ਸ਼ੋਭਾ ਵਧਾ ਸਕਦਾ। ਗੁਰੂ ਨਾਨਕ ਦੇਵ ਸਿਆਣੇ ਅਤੇ ਪਹੁੰਚੇ ਹੋਏ ਪੁਰਸ਼ ਸਨ, ਜਿਸ ਲਈ ਉਨ੍ਹਾਂ ਲਈ 'ਸਚੁ' ਨਾਲੋਂ 'ਸਤਿ' ਦੀ ਵਰਤੋਂ ਪ੍ਰਮਾਤਮਾ ਦੇ ਸੰਬੰਧ ਵਿਚ ਵਧੇਰੇ ਅਨੁਕੂਲ ਹੋਵੇਗੀ। ਸਤਿਨਾਮੁ, ਸਤਿ ਕਰਤਾਰੁ, ਸਤਿਗੁਰੂ, ਸਤਿਗੁਰ ਪ੍ਰਸਾਦਿ ਆਦਿ ਸ਼ਬਦ ਪ੍ਰਮਾਤਮਾ ਦੀ ਹੀ ਸਿਫ਼ਤ ਕਰਦੇ ਹਨ। ਮੂਲ ਮੰਤਰ ਵਿਚ 'ਸਚੁ' ਦੀ ਨਹੀਂ ਸਗੋਂ 'ਸਤਿ' ਦੀ ਵਧੇਰੇ ਮਹੱਤਤਾ ਹੈ। ਇਸ ਲਈ ਇਹੀ ਗੁਰੂ ਨਾਨਕ ਦੇਵ ਜੀ ਨੇ ਵਰਤਿਆ। ਪਸ਼ੌਰਾ ਸਿੰਘ ਨੇ ਇਸ ਬਾਰੇ ਕੋਈ ਵਿਚਾਰ ਪੇਸ਼ ਨਹੀਂ ਕੀਤਾ ਹਾਲਾਂਕਿ

ਮੂਲ ਮੰਤਰ ਦੀ ਉਤਪਤੀ ਦੇ ਵਿਕਾਸ ਲਈ 'ਸਚੁ' ਅਤੇ 'ਸਤਿ' ਦਾ ਨਿਤਾਰਾ ਵੀ ਕਰਨਾ ਚਾਹੀਦਾ ਸੀ।

ਅਗਲਾ ਸ਼ਬਦ ਹੈ 'ਕਰਤਾਰੁ' ਅਤੇ 'ਕਰਤਾਪੁਰਖ'। ਪਸ਼ੌਰਾ ਸਿੰਘ ਅਨੁਸਾਰ ਸ਼ਬਦ 'ਪੁਰਖ' ਗੁਰੂ ਅਰਜਨ ਦੇਵ ਜੀ ਨੇ ਪਿੱਛੋਂ ਜੋੜਿਆ। ਇਸ ਦਾ ਕਾਰਨ ਉਹ ਦੱਸਦਾ ਹੈ ਕਿ ਪ੍ਰਮਾਤਮਾ ਦੀ ਮਨੁੱਖਵਾਦੀ ਰੂਪਕ ਸਾਂਝਾਂ ਦੀ ਮਹੱਤਤਾ ਗੁਰੂ ਨਾਨਕ ਦੇਵ ਦੇ ਨਿਰੰਕਾਰੀ (ਆਕਾਰ ਰਹਿਤ) ਰੂਪ ਨਾਲੋਂ ਵਧੇਰੇ ਸੀ। ਅਰਥਾਤ 'ਪੁਰਖ' ਦੀ ਵਰਤੋਂ ਨਾਲ ਪ੍ਰਮਾਤਮਾ ਦਾ ਮਨੁੱਖ ਨਾਲ ਸਿੱਧਾ ਨਾਤਾ ਜੁੜ ਜਾਂਦਾ ਹੈ। ਇਹ ਪ੍ਰਮਾਤਮਾ ਅਤੇ ਆਤਮਾ ਦੀ ਅਭੇਦਤਾ ਦੀ ਗੱਲ ਵਲ ਸੰਕੇਤ ਹੈ। ਪਸ਼ੌਰਾ ਸਿੰਘ ਮੁਤਾਬਿਕ ਅਜਿਹਾ ਪ੍ਰਮਾਤਮਾ (ਕਰਤਾ) ਅਤੇ ਆਤਮਾ (ਪੁਰਖੁ) ਦਾ ਸੁਮੇਲ ਗੁਰੂ ਨਾਨਕ ਦੀ ਵਿਚਾਰਧਾਰਾ ਦਾ ਅੰਗ ਨਹੀਂ।

### ਟਿੱਪਣੀ

'ਕਰਤਾਰੁ' ਜਾਂ 'ਕਰਤਾ' ਪਦਾਂ ਵਿਚ ਅਰਥ ਦੀ ਕੋਈ ਸਮਸਿਆ ਨਹੀਂ, ਦੋਵੇਂ ਪ੍ਰਮਾਤਮਾ ਲਈ ਵਰਤੇ ਜਾਂਦੇ ਹਨ। ਇਹ ਦੋਵੇਂ ਸ਼ਬਦ ਗੁਰੂ ਨਾਨਕ ਦੀ ਬਾਣੀ ਵਿਚੋਂ ਮਿਲ ਜਾਂਦੇ ਹਨ। ਕਰਤਾਪੁਰਖ ਪ੍ਰਮਾਤਮਾ ਦਾ ਹੀ ਰੂਪਮਾਤਰ ਹੈ। ਇਹ ਸ਼ਬਦ ਪ੍ਰਮਾਤਮਾ ਨੂੰ ਸ੍ਰਿਸ਼ਟੀ ਦਾ ਸੰਚਾਲਕ ਨਿਰਧਾਰਤ ਕਰਦਾ ਹੈ। ਗੁਰੂ ਨਾਨਕ ਦੀ ਬਾਣੀ ਦਾ ਬਹੁਤਾ ਹਿੱਸਾ ਰੱਬ ਅਤੇ ਪ੍ਰਕਿਰਤੀ ਦੇ ਸੰਬੰਧ ਅਤੇ ਇਸ ਵਿਚ ਮਨੁੱਖ ਦੀ ਹਸਤੀ ਨੂੰ ਸਥਿਰ ਕਰਨ ਵਲ ਜ਼ੋਰ ਦਿੰਦਾ ਹੈ। ਵੈਸੇ ਵੀ ਸਿੱਖ ਧਰਮ ਵਿਚ ਪੁਰਖੁ ਨੂੰ ਪ੍ਰਮਾਤਮਾ ਦੇ ਰੂਪ ਵਿਚ ਚਿਤਵਿਆ ਗਿਆ ਹੈ। ਇਹ ਵਿਚਾਰਧਾਰਾ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਰਾਹੀਂ ਪ੍ਰਚੱਲਤ ਕੀਤੀ। ਇਸ ਦਲੀਲ ਦੀ ਪੁਸ਼ਟੀ ਬਾਣੀ ਵਿਚ ਵਰਤੇ ਅਨੇਕ ਸ਼ਬਦ, ਜਿਨ੍ਹਾਂ ਦਾ ਪਦ 'ਪੁਰਖੁ' ਅਨਿੱਖੜਵਾਂ ਅੰਗ ਹੈ, ਵਰਤੇ ਗਏ ਹਨ ਜਿਵੇਂ ਕਿ ਕਰਤਾ ਪੁਰਖੁ, ਆਦਿ ਪੁਰਖੁ, ਅਕਾਲ ਪੁਰਖੁ, ਸਤਿ ਪੁਰਖੁ ਆਦਿ। ਕੁਝ ਨਾਨਕ ਬਾਣੀ ਦੀਆਂ ਉਦਾਹਰਣਾਂ ਦੇਖੋ :

1. *ਜਿਸੁ ਸਤਗੁਰੁ ਪੁਰਖੁ ਨ ਭੇਟਿਓ,*
   *ਸੋ ਭਉਜਲਿ ਪਚੈ ਪਚਾਇ।*
2. *ਬਿਨ ਪਿਰ ਪੁਰਖੁ ਨਾ ਜਾਣਈ, ਸਾਚੇ*
   *ਗੁਰ ਕੈ ਹੇਤਿ ਪਿਆਰਿ।*

ਉਪਰੋਕਤ ਚਰਚਾ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਹੀ ਕਰਤਾਪੁਰਖ ਮੂਲ ਮੰਤਰ ਵਿਚ ਵਰਤਿਆ।

ਪਸ਼ੌਰਾ ਸਿੰਘ ਨੇ ਪੜ੍ਹਤ-ਵਿਸ਼ਲੇਸ਼ਣ ਦੀ ਵਰਤੋਂ ਕਰਕੇ ਇਤਿਹਾਸਕ ਪੱਖ ਵੱਲ 'ਪੁਰਖ' ਪਦ ਦੀ ਉਤਪਤੀ ਗੁਰੂ ਅਰਜਨ ਦੇਵ ਜੀ ਵੇਲੇ ਦੀ ਦੱਸੀ ਹੈ। ਇਹ ਸ਼ਲਾਘਾਯੋਗ ਉਦਮ ਹੈ। ਪਰ ਚਾਹੀਦਾ ਇਹ ਸੀ ਕਿ ਉਹ 'ਪੁਰਖੁ' ਸ਼ਬਦ ਦੀ ਭਾਸ਼ਾ ਵਿਗਿਆਨ ਰਾਹੀਂ ਉਤਪਤੀ ਅਤੇ ਵਿਕਾਸ ਦੀ ਚਰਚਾ ਕਰਦਾ। ਇਸ ਪਦ ਦੀ ਹੋਰ ਧਰਮਾਂ 'ਚੋਂ ਉਦਾਹਰਣਾਂ



ਰਾਹੀਂ, ਧਾਰਮਿਕ ਪਧਤੀ ਸਿੱਧ ਕਰਦਾ। ਗੁਰੂ ਨਾਨਕ ਦੇ ਕਾਲ ਵਿਚ ਇਸ ਸ਼ਬਦ ਦੀ ਹੋਂਦ ਅਤੇ ਮਹੱਤਤਾ ਬਾਰੇ ਚਰਚਾ ਕਰਦਾ ਵਿਸ਼ੇਸ਼ ਕਰਕੇ ਜੇ ਇਹ ਪਦ ਗੁਰੂ ਨਾਨਕ ਦੀ ਬਾਣੀ ਵਿਚ ਆਇਆ ਸੀ ਤਾਂ ਉਸ ਦੀ ਦਾਰਸ਼ਨਿਕ ਵਿਚਾਰਧਾਰਾ ਦਾ ਲੇਖਾ-ਜੋਖਾ ਕਰਦਾ, ਪਰ ਇਨ੍ਹਾਂ ਅਕਾਦਮਿਕ ਨਿਯਮਾਂ ਦੀ ਪਾਲਣਾ ਦੀ ਘਾਟ ਕਰਕੇ ਉਹ ਇਹ ਸਿੱਧ ਨਹੀਂ ਕਰ ਸਕਿਆ, ਪਰ 'ਪੁਰਖੁ' ਆਦਿ ਗ੍ਰੰਥ ਦੇ ਮੂਲ ਮੰਤਰ ਵਿਚ ਗੁਰੂ ਨਾਨਕ ਦੇਵ ਜੀ ਦੀ ਦੇਣ ਨਹੀਂ।

ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਸ਼ਬਦ 'ਨਿਰੀਕਾਰੁ' ਆਉਂਦਾ ਹੈ। ਇਸ ਸ਼ਬਦ ਨੂੰ ਗੁਰੂ ਰਾਮਦਾਸ ਜੀ ਨੇ 'ਨਿਰਵੈਰ' ਵਿਚ ਬਦਲਿਆ। ਇਹ ਉਨ੍ਹਾਂ ਦੇ ਆਪਣੇ ਵਿਰੋਧੀਆਂ (ਬਾਬਾ ਮੋਹਨ ਆਦਿ ਦੇ ਵਧਦੇ ਵੈਰ ਭਾਵ ਦੇ ਪ੍ਰਤੀਕ੍ਰਮ ਵਜੋਂ) ਦਇਆ ਧਰਮ ਨੂੰ ਮਹੱਤਤਾ ਦੇਣ ਲਈ ਕੀਤਾ। ਯਾਦ ਰਹੇ ਕਿ ਗੁਰੂ ਅਮਰਦਾਸ ਜੀ ਨੇ ਗੁਰਗੱਦੀ ਆਪਣੇ ਪੁੱਤਰਾਂ ਨੂੰ ਛੱਡ ਕੇ (ਬਾਬਾ ਮੋਹਨ ਅਤੇ ਬਾਬਾ ਮੋਹਰੀ) ਆਪਣੇ ਜੁਆਈ ਰਾਮਦਾਸ ਜੀ ਨੂੰ ਦੇ ਦਿੱਤੀ ਸੀ। ਇਸ ਕਰਕੇ ਗੁਰਗੱਦੀ ਲਈ ਕੀਨਾ ਵਿਰੋਧ ਤਾਂ ਸੀ, ਪਰ ਇਸ ਵਿਰੋਧ ਨੂੰ ਸੰਗਤ ਤੇ ਸੰਦਰਭ ਵਿਚ ਰੱਖ ਕੇ 'ਨਿਰਵੈਰ' ਪਦ ਨੂੰ ਮੂਲ ਮੰਤਰ ਵਿਚ ਜੋੜਨਾ ਕੋਈ ਬਹੁਤੀ ਪ੍ਰਭਾਵਸ਼ਾਲੀ ਦਲੀਲ ਨਜ਼ਰ ਨਹੀਂ ਆਉਂਦੀ।

### ਟਿੱਪਣੀ

ਗੋਇੰਦਵਾਲ ਪੋਥੀਆਂ ਵਿਚਲਾ 'ਨਿਰੀਕਾਰੁ' (ਨਿਰ+ਆਕਾਰ) ਦਾ ਅਰਥ ਹੈ ਆਕਾਰ-ਰਹਿਤ, ਜਿਸ ਨੂੰ ਨਿਰਗੁਣ ਸਰੂਪ ਵੀ ਕਹਿੰਦੇ ਹਨ। ਜੇ ਗੌਹ ਨਾਲ ਦੇਖਿਆ ਜਾਵੇ ਤਾਂ 'ਨਿਰੀਕਾਰੁ' ਅਤੇ ਮੂਲ ਮੰਤਰ ਦੇ ਅਗਲੇ ਦੋ ਸ਼ਬਦ 'ਅਕਾਲ ਮੂਰਤਿ' ਅਤੇ 'ਅਜੂਨੀ' ਵੀ ਦਾਰਸ਼ਨਿਕ ਤੌਰ 'ਤੇ 'ਨਿਰੀਕਾਰੁ' ਦਾ ਹੀ ਅਰਥੀ ਦੁਹਰਾਉ ਹੈ। ਨਿਰਵੈਰ ਸਿੱਖ ਧਰਮ ਵਿਚ ਸ਼ਾਇਦ ਦੂਸਰੇ ਧਰਮਾਂ ਦੇ ਆਪਸੀ ਵਿਰੋਧ ਦੇ ਪ੍ਰਤੀਕਰਮ ਵਜੋਂ ਆਇਆ। ਗੁਰੂ ਨਾਨਕ ਦੇਵ ਜੀ ਹਿੰਦੂ, ਇਸਲਾਮ ਅਤੇ ਈਸਾਈ ਧਰਮਾਂ ਵਿਚਲੀਆਂ ਖਾਮੀਆਂ ਨੂੰ ਸਿੱਖ ਧਰਮ ਵਿਚੋਂ ਸੁਚੇਤ ਤੌਰ 'ਤੇ ਖਾਰਜ ਕਰਨਾ ਚਾਹੁੰਦੇ ਸਨ। ਇਸ ਲਈ 'ਨਿਰਵੈਰ' ਸ਼ਬਦ ਦੀ ਮਹੱਤਤਾ ਉਨ੍ਹਾਂ ਲਈ ਸਗੋਂ ਵਧੇਰੇ ਹੋਣੀ ਸੀ। ਮੂਲ ਮੰਤਰ ਵਿਚ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਹੀ ਲੱਗਦਾ ਹੈ ਨਾ ਕਿ ਗੁਰੂ ਰਾਮਦਾਸ ਜੀ ਦਾ। ਗੁਰਬਾਣੀ ਵਿਚ ਨਿਰਭਉ ਅਤੇ ਨਿਰਵੈਰ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। (ਬਸਿਓ ਨਿਰਵੈਰ ਨਿਰੰਤਰ)। ਅਜਿਹੇ ਸ਼ਬਦ ਦਾ ਗੁਰੂ ਨਾਨਕ ਦੇ ਮੂਲ ਮੰਤਰ ਵਿਚ ਹੋਣਾ ਸੁਭਾਵਿਕ ਹੀ ਹੈ।

ਪਸ਼ੌਰਾ ਸਿੰਘ ਨੇ 'ਨਿਰਵੈਰ' ਪਦ ਨੂੰ ਸਮਾਜਿਕ ਪੱਖੋਂ ਮੂਲ ਮੰਤਰ ਵਿਚ ਵੀ ਆਇਆ ਦਰਸਾਇਆ ਹੈ। ਇਹ ਪੜ੍ਹਤ-ਵਿਸ਼ਲੇਸ਼ਣ ਦਾ ਅਹਿਮ ਗੁਣ ਹੈ, ਪਰ ਗੁਰੂ ਰਾਮਦਾਸ ਜੀ ਵੇਲੇ ਦੇ ਸਮਾਜਿਕ ਪੱਖ ਨੂੰ ਗੁਰੂ ਨਾਨਕ ਦੇਵ ਜੀ ਭਲੀਭਾਂਤ ਜਾਣਦੇ ਸਨ। ਪਸ਼ੌਰਾ ਸਿੰਘ ਅਨੁਸਾਰ ਗੁਰੂ ਰਾਮਦਾਸ ਦੇ ਵਿਰੋਧੀ ਤਾਂ ਘਰ ਦੇ ਸਨ, ਪਰ ਗੁਰੂ ਨਾਨਕ ਦੇ ਵਿਰੋਧੀ ਸੰਸਾਰਕ ਸਨ, ਜਿਨ੍ਹਾਂ ਵਿਚ ਸਮਾਜ ਵਿਰੋਧੀ, ਕੱਟੜਪੰਥੀਏ ਆਦਿ ਸਨ। ਗੁਰੂ ਨਾਨਕ ਦੀ ਬਾਣੀ ਵਿਚ ਨਿਰਵੈਰੁ ਸ਼ਬਦ ਦਾ ਹੋਣਾ ਅਸੁਭਾਵਿਕ ਜਾਪਦਾ

ਹੈ। ਜਿਵੇਂ ਪਹਿਲਾਂ ਕਹਿ ਚੁੱਕੇ ਹਾਂ ਕਿ ਸ਼ਬਕ 'ਨਿਰੰਕਾਰ' ਦੇ ਨਾਲ 'ਅਕਾਲ ਮੂਰਤਿ' ਅਤੇ 'ਅਜੂਨੀ' ਸ਼ਬਦਾਂ ਦਾ ਹੋਣਾ ਦੁਵੱਲਾ ਭਾਵ ਪੈਦਾ ਕਰਦਾ ਹੈ ਜਦੋਂ ਕਿ ਮੂਲ ਮੰਤਰ (Basic tenents) ਦਾ ਤਾਂ ਇਕੱਲਾ-ਇਕੱਲਾ ਸ਼ਬਦ ਪ੍ਰਮਾਤਮਾ ਦੀ ਉਪਮਾ ਪ੍ਰਤੀ ਅਰਥਾਂ ਵਿਚ ਸੀਮਤ ਹੋਣਾ ਚਾਹੀਦਾ ਹੈ। ਆਦਿ ਗ੍ਰੰਥ ਦੇ ਮੂਲ ਮੰਤਰ ਵਿਚ ਇਹ ਵਡਿਆਈ ਹੈ, ਪਰ ਗੋਇੰਦਵਾਲ ਵਾਲੀਆਂ ਪੋਥੀਆਂ ਦੇ ਮੂਲ ਮੰਤਰ ਵਿਚ ਕੁਝ ਸ਼ਬਦਾਂ ਦੇ ਦੂਹਰੇ ਅਰਥ ਲੁਭਾਏਮਾਨ ਹੋਏ ਹਨ।

ਯਾਦ ਰਹੇ ਕਿ ਬਾਬਾ ਮੋਹਨ ਆਪਣੇ ਪਿਤਾ ਅਮਰਦਾਸ ਨਾਲ ਗੁਰਗੱਦੀ ਨਾ ਮਿਲਣ ਕਰਕੇ ਨਾਰਾਜ਼ ਸਨ। ਉਨ੍ਹਾਂ ਨੇ ਆਪਣੇ ਪਿਤਾ ਦੇ ਧਰਮ (ਸਿੱਖ ਧਰਮ) ਵਿਰੁੱਧ ਆਪਣਾ ਮੱਤ ਚਲਾਉਣਾ ਚਾਹਿਆ ਅਤੇ ਮੋਹਨ ਪੋਥੀਆਂ (ਗੋਇੰਦਵਾਲ ਪੋਥੀਆਂ) ਆਪਣੇ ਪੁੱਤਰ ਸਹੰਸ ਰਾਮ ਤੋਂ ਲਿਖਵਾਈਆਂ। ਇਸ ਤਰ੍ਹਾਂ ਦੇ ਵਿਰੋਧਾ ਭਾਵ ਰੱਖਣ ਕਾਰਨ ਹੋ ਸਕਦਾ ਹੈ ਕਿ ਉਨ੍ਹਾਂ ਨੇ ਗੁਰੂਆਂ ਦੀ ਕੁਝ ਬਾਣੀ ਵਿਚ ਅਦਲਾ-ਬਦਲੀਆਂ ਲਿਆਂਦੀਆਂ ਹੋਣ। ਮੂਲ ਮੰਤਰ ਵਿਚਲੀਆਂ ਅਦਲਾ-ਬਦਲੀਆਂ ਵੀ ਸ਼ਾਇਦ ਇਸ ਵਿਰੋਧਤਾ ਦਾ ਹੀ ਸਿੱਟਾ ਹੋਣ।

ਸ਼ਬਦ 'ਸੰਭਉ' ਦੀ ਥਾਂ ਆਦਿ ਗ੍ਰੰਥ ਦੇ ਮੂਲ ਮੰਤਰ ਵਿਚ 'ਸੈਭੰ' ਵਰਤਿਆ ਗਿਆ ਹੈ। ਇਸ ਬਾਰੇ ਪਸ਼ੌਰਾ ਸਿੰਘ ਆਪਣੇ ਥੀਸਿਸ ਵਿਚ ਚੁੱਪ ਹੈ। ਗੁਰਮੁਖੀ ਲਿਪੀ ਵਿਚ 'ਆਉ' ਦੀ ਵਰਤੋਂ ਪਹਿਲੋਂ ਪਹਿਲ ਪ੍ਰਚੱਲਤ ਸੀ। ਇਹ ਹੋ ਸਕਦਾ ਹੈ ਕਿ ਬਾਅਦ ਵਿਚ ਇਹ ਮਾਮੂਲੀ ਜਿਹੀ (ਬਗ਼ੈਰ ਅਰਥਾਂ ਦੇ ਬਦਲਿਆਂ) ਸ਼ਬਦ-ਸੋਧ 'ਸੰਭਉ' ਤੋਂ ਸੈਭੰ ਵਿਚ ਕੀਤੀ ਹੋਵੇ ਜਿਸ ਦਾ ਅਰਥ 'ਅੰਤਹਕਰਣ ਵਿਚ ਪ੍ਰਕਾਸ਼' ਕਰਕੇ ਕੀਤਾ ਹੈ। ਇਹ ਮੂਲ ਮੰਤਰ ਦੀ ਮੂਲ ਧਾਰਾ ਦਾ ਅੰਗ ਵੀ ਜਾਪਦਾ ਹੈ।

ਅਗਲਾ ਮੂਲ ਮੰਤਰ ਦਾ ਸ਼ਬਦ ਹੈ 'ਸਤਿਗੁਰੁ ਪਰਸਾਦੁ' (ਖਰੜਾ ਨੰਬਰ 1245 ਗੋਇੰਦਵਾਲ ਪੋਥੀਆਂ) ਅਤੇ 'ਗੁਰ ਪ੍ਰਸਾਦਿ' (ਆਦਿ ਗ੍ਰੰਥ) ਇਸ ਬਾਰੇ ਵੀ ਪਸ਼ੌਰਾ ਸਿੰਘ ਨੇ ਆਪਣਾ ਪੜ੍ਹਤ-ਵਿਸ਼ਲੇਸ਼ਣ ਕੀਤਾ ਹੈ। ਉਸ ਅਨੁਸਾਰ ਗੁਰੂ ਅਰਜਨ ਦੇਵ ਨੇ 'ਸਤਿਗੁਰ' ਨੂੰ 'ਗੁਰ' ਵਿਚ ਬਦਲ ਦਿੱਤਾ ਹੈ। ਪਸ਼ੌਰਾ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇੰਜ ਮੂਲ ਮੰਤਰ ਵਿਚ ਇਕਸਾਰਤਾ ਅਤੇ ਸਰਲਤਾ ਲਿਆਉਣ ਲਈ ਕੀਤਾ। ਨਾਲੇ ਗੁਰੂ ਅਰਜਨ ਦੇਵ ਅਨੁਸਾਰ ਸ਼ਬਦ 'ਗੁਰੂ' ਇਲਾਹੀ ਸਿਧਾਂਤ ਨਾਲ ਵਧੇਰੇ ਮੇਲ ਖਾਂਦਾ ਹੈ ਅਤੇ ਇਸ ਨਾਲ ਪ੍ਰਭੂਸੱਤਾ (Sovereign) ਦੀ ਮਹੱਤਤਾ ਵਧਦੀ ਹੈ। ਪਰ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਇਨ੍ਹਾਂ ਦੋਹਾਂ ਸ਼ਬਦਾਂ ਦੀ ਵਰਤੋਂ ਹੁੰਦੀ ਹੈ।

## ਟਿੱਪਣੀ

ਪਸ਼ੌਰਾ ਸਿੰਘ ਦਾ ਇਹ ਨਿਰੀਖਣ ਅਕਾਦਮਿਕ ਤਾਂ ਜ਼ਰੂਰ ਲੱਗਦਾ ਹੈ, ਪਰ ਸੋਚ ਵਿਚਾਰ ਅਧੀਨ ਇਸ ਵਿਸ਼ੇ ਲਈ ਪ੍ਰਭਾਵਸ਼ਾਲੀ ਪ੍ਰਤੀਤ ਨਹੀਂ ਹੁੰਦਾ। ਜਿਵੇਂ ਕਿ ਪਹਿਲਾਂ ਉਪਰ ਲਿਖ ਚੁੱਕੇ ਹਾਂ ਕਿ ਸ਼ਬਦ 'ਸਤਿਗੁਰ' ਜਾਂ 'ਗੁਰ' ਵਿਚ ਕੋਈ ਡੂੰਘਾ ਮੱਤ ਭੇਦ ਨਹੀਂ, ਦੋਵੇਂ ਸ਼ਬਦ ਸ਼ਾਇਦ ਤੋਲ ਤੁਕਾਂਤ ਨੂੰ ਬਰਕਰਾਰ ਰੱਖਣ ਲਈ ਗੁਰਬਾਣੀ ਵਿਚ ਥਾਂ-ਥਾਂ ਵਰਤੇ ਗਏ ਹਨ। ਇਨ੍ਹਾਂ ਵਿਚ ਕੋਈ ਸਿਧਾਂਤਕ ਵਿਖਰੇਵਾ ਪ੍ਰਤੀਤ ਨਹੀਂ ਹੁੰਦਾ। ਜੇ ਗੁਰੂ



ਅਰਜਨ ਦੇਵ ਮੂਲ ਮੰਤਰ ਵਿਚ ਇਕਸਾਰਤਾ ਲਿਆਉਣ ਲਈ 'ਸਤਿਗੁਰ' ਨੂੰ 'ਗੁਰ' ਵਿਚ ਬਦਲ ਸਕਦੇ ਹਨ ਤਾਂ ਗੁਰੂ ਨਾਨਕ ਦੇਵ ਜੀ ਵੀ ਏਦਾਂ ਕਰ ਸਕਦੇ ਹਨ। ਪਸ਼ੌਰਾ ਸਿੰਘ ਨੇ ਇਕ-ਪਾਸੜ ਦਲੀਲ ਸਿਰਫ਼ ਆਪਣੇ ਮਨੋਰਥ ਨੂੰ ਪੂਰਾ ਕਰਨ ਲਈ ਦਿੱਤੀ ਜਾਪਦੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ 'ਚੋਂ ਕੁਝ ਉਦਾਹਰਣਾਂ ਦੇਖੋ :

1. ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ
2. ਸਿਖੀ ਸਿਖਿਆ ਗੁਰ ਵੀਚਾਰਿ।
3. ਗੁਰ ਪ੍ਰਸਾਦੀ ਜਾਣੀਐ ਤਉ ਅਨਭਉ ਪਾਵੈ।
4. ਨਾਨਕ ਸਤਿਗੁਰ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ।

ਭਾਵ ਇਹ ਕਿ 'ਸਤਿਗੁਰ' ਅਤੇ 'ਗੁਰ' ਸ਼ਬਦਾਂ ਵਿਚ ਕੋਈ ਸਿਧਾਂਤਕ ਅੰਤਰ ਨਹੀਂ।

ਖਰੜਾ ਨੰਬਰ 1245 ਵਿਚ ਪੂਰਾ ਮੂਲ ਮੰਤਰ ਪੰਜ ਥਾਵਾਂ 'ਤੇ ਮਿਲਦਾ ਹੈ। ਬਾਕੀ ਥਾਵਾਂ 'ਤੇ ਇਸ ਦਾ ਛੋਟਾ ਰੂਪ 'ਸਤਿਗੁਰ ਪ੍ਰਸਾਦਿ' ਮਿਲਦਾ ਹੈ। ਏਥੇ ਸਾਡਾ ਖਰੜਾ ਨੰਬਰ 1245 ਨਾਲ ਕੋਈ ਮੱਤਭੇਦ ਨਹੀਂ, ਕਿਉਂਕਿ ਇਹ ਖਰੜਾ ਆਦਿ ਗ੍ਰੰਥ ਤੋਂ ਮਗਰੋਂ ਛੇਵੀ ਪਾਤਸ਼ਾਹੀ ਵੇਲੇ ਲਿਖਿਆ ਗਿਆ ਸੀ।

## ਜਪੁਜੀ ਅਤੇ ਰਹਿਰਾਸ ਵਿਆਖਿਆ

ਜਪੁਜੀ : ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਜਪੁਜੀ ਸਾਹਿਬ ਦੀ ਬਾਣੀ ਅੰਕਿਤ ਨਹੀਂ ਅਤੇ ਖਰੜਾ ਨੰਬਰ 1245 ਵਿਚ ਥੋੜ੍ਹੇ ਸ਼ਬਦ-ਜੋੜਾਂ ਦੀ ਭਿੰਨਤਾ ਤੋਂ ਉਪਰੰਤ ਇਹ ਬਾਣੀ ਦਰਜ ਹੈ। ਪਸ਼ੌਰਾ ਸਿੰਘ ਇਹ ਕਿਆਸ ਕਰਦਾ ਹੈ ਕਿ ਜਪੁਜੀ ਸਾਹਿਬ ਉਨ੍ਹਾਂ ਦੋ ਗੋਇੰਦਵਾਲ ਪੋਥੀਆਂ ਵਿਚ ਦਰਜ ਸੀ ਜੋ ਗੁਆਚ ਚੁੱਕੀਆਂ ਹਨ। ਜਪੁਜੀ ਸਾਹਿਬ ਗੁਰੂ ਗ੍ਰੰਥ ਸਾਹਿਬ ਦਾ ਮੁਖੜਾ ਹੈ ਅਤੇ ਇਸ ਦਾ ਗੋਇੰਦਵਾਲ ਪੋਥੀਆਂ ਵਿਚ ਅੰਕਿਤ ਨਾ ਹੋਣਾ ਵੀ ਇਹੋ ਦੱਸਦਾ ਹੈ ਕਿ ਇਹ ਪੋਥੀਆਂ ਵਿਰੋਧੀ ਧੜੇ ਵਲੋਂ ਰਚੀਆਂ ਗਈਆਂ। ਇਨ੍ਹਾਂ ਪੋਥੀਆਂ ਨੂੰ ਆਦਿ ਗ੍ਰੰਥ ਦਾ ਖਰੜਾ ਮੰਨਣਾ ਇਕ ਬੇਲੋੜੀ ਗੱਲ ਜਾਪਦੀ ਹੈ।

ਹੁਣ ਜਪੁਜੀ ਸਾਹਿਬ ਦਾ ਵਾਦ ਵਿਵਾਦ ਖਰੜਾ ਨੰਬਰ 1245 ਅਤੇ ਆਦਿ ਗ੍ਰੰਥ ਵਾਲੀ ਬਾਣੀ ਤਕ ਹੀ ਮਹਿਦੂਦ ਰਹਿ ਜਾਂਦਾ ਹੈ। ਖਰੜਾ ਨੰਬਰ 1245 ਵਿਚ ਮੂਲ ਮੰਤਰ ਤੋਂ ਬਾਅਦ ਵਿਚ ਜਪੁ॥ ਮਹਲ॥੧॥ ਪਹਿਲੀ ਸਤਰ ਵਿਚ ਲਿਖਿਆ ਹੈ। ਦੂਜੀ ਸਤਰ ਵਿਚ ਜਪੁਜੀ ਦੀ ਪਹਿਲੀ ਪਉੜੀ 'ਸੋਚੈ ਸੋਚ ਨਾ ਹੋਵਈ' ਜੇ ਸੋਚੀ ਲਖਵਾਰ। ਚੁਪੈ ਚੁਪ ਨਾ ਹੋਵਈ ਜੇਇ ਲਾਇ ਰਹਾ ਲਿਵਤਾਰ' ਹੈ। ਧਿਆਨਯੋਗ ਗੱਲ ਇਹ ਹੈ ਕਿ ਇਸ ਖਰੜੇ ਵਿਚ ਮੁੱਢਲਾ ਸ਼ਲੋਕ 'ਆਦਿ ਸਚੁ ਜੁਗਾਦ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ਅੰਕੜਾ (੧) ਨਹੀਂ ਹੈ। ਆਦਿ ਗ੍ਰੰਥ ਵਿਚ ਇਹ ਸ਼ਲੋਕ ਹੈ। ਪਸ਼ੌਰਾ ਸਿੰਘ ਅਨੁਸਾਰ ਇਹ ਸਲੋਕ ਗੁਰੂ ਅਰਜਨ ਦੇਵ ਜੀ ਦਾ ਹੈ। ਇਸ ਦੀ ਪੁਸ਼ਟੀ ਲਈ ਉਹ ਇਹ ਦਲੀਲ ਦਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਹ ਸਲੋਕ ਸੁਖਮਨੀ ਸਾਹਿਬ ਦੀ ਸਤਾਰਵੀ ਅਸ਼ਟਪਦੀ ਦੇ ਮੁੱਢ ਵਿਚ ਵਰਤਿਆ ਹੈ, ਜੋ ਪਸ਼ੋਰਾ ਸਿੰਘ ਅਨੁਸਾਰ ਇਸ ਪ੍ਰਕਾਰ ਹੈ, 'ਆਦਿ ਸਚੁ ਜੁਗਾਦੁ ਸਚੁ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ।'

## ਟਿੱਪਣੀ

ਆਦਿ ਗ੍ਰੰਥ ਵਿਚਲਾ ਜਪੁਜੀ ਮੁਢਲੇ ਸਲੋਕ ਗੁਰੂ ਰਾਮਦਾਸ ਜੀ ਤੋਂ ਨਕਲ ਕੀਤਾ ਗਿਆ। ਇਸ ਬਾਰੇ ਗੁਰੂ ਅਰਜਨ ਦੇਵ ਨੇ ਕਰਤਾਰਪੁਰੀ ਬੀੜ ਵਿਚ ਪ੍ਰਤੱਖ ਲਿਖਿਆ ਹੈ, 'ਜਪੁ ਗੁਰੂ ਰਾਮਦਾਸ ਜੀ ਕੇ ਨਕਲ ਕਾ ਨਕਲ।' ਇਸ ਦਾ ਮਤਲਬ ਇਹ ਹੋਇਆ ਕਿ ਉਸ ਵੇਲੇ ਕੁਝ ਹੋਰ ਜਪੁਜੀ ਸਾਹਿਬ ਦੀਆਂ ਨਕਲਾਂ ਵੀ ਪ੍ਰਚਲਤ ਹੋਣਗੀਆਂ। ਅਜਿਹੀਆਂ ਨਕਲਾਂ ਨਿਸ਼ਚੇ ਹੀ ਹੋਰ ਬੀੜਾਂ ਵਿਚ ਵੀ ਦਰਜ ਹੋਣਗੀਆਂ। ਖਰੜਾ ਨੰਬਰ 1245 ਵੀ ਉਨ੍ਹਾਂ ਬੀੜਾਂ ਵਿਚੋਂ ਜਾਪਦਾ ਹੈ। ਪਸ਼ੌਰਾ ਸਿੰਘ ਦੇ ਪੜ੍ਹਤ ਵਿਸ਼ਲੇਸ਼ਣ ਦੀ ਮਾਮੂਲੀ ਜਿਹੀ ਝਾਤ ਉਸ ਦੇ ਇਹ ਕਹਿਣ ਵਿਚੋਂ ਮਿਲਦੀ ਹੈ ਕਿ ਮੁਢਲਾ ਸਲੋਕ ਨਿਸ਼ਚੇ ਹੀ ਗੁਰੂ ਅਰਜਨ ਦੇਵ ਜੀ ਦਾ ਹੈ, ਕਿਉਂਕਿ ਇਹੀ ਸਲੋਕ ਉਨ੍ਹਾਂ ਆਪਣੀ ਰਚਨਾ ਸੁਖਮਨੀ ਵਿਚ ਭੀ ਵਰਤਿਆ। ਪਰ ਉਹ ਜਾਣ-ਬੁਝ ਕੇ ਜਾਂ ਅਣਗਹਿਲੀ ਕਰਕੇ ਇਕ ਟਪਲਾ ਖਾ ਗਿਆ। ਸੁਖਮਨੀ ਸਾਹਿਬ ਵਾਲੇ ਸਲੋਕ ਵਿਚ ਸ਼ਬਦ 'ਸਚੁ' ਦੀ ਵਰਤੋਂ ਨਹੀਂ ਕੀਤੀ ਗਈ, ਸਗੋਂ 'ਸਤਿ' ਸ਼ਬਦ ਦੀ ਵਰਤੋਂ ਕੀਤੀ ਹੈ। ਜੇ ਗੁਰੂ ਨਾਨਕ ਦੀ ਬਾਣੀ ਨੂੰ ਪੜਚੋਲੀਏ ਤਾਂ ਆਮ ਕਰਕੇ ਸ਼ਬਦ 'ਸਚੁ' ਦੀ ਹੀ ਵਧੇਰੇ ਵਰਤੋਂ ਹੋਈ ਹੈ। ਇਹ ਸ਼ਲੋਕ ਠੀਕ ਪਹਿਲੇ ਗੁਰੂ ਦਾ ਹੀ ਹੈ, ਹਾਂ ਇਹ ਤਾਂ ਹੋ ਸਕਦਾ ਹੈ ਕਿ ਗੁਰੂ ਅਰਜਨ ਦੇਵ ਨੇ ਇਸ ਨੂੰ ਅੰਕਿਤ ਆਪਣੀ ਸੰਪਾਦਨ ਵਿਧੀ ਰਾਹੀਂ ਜਪੁਜੀ ਤੋਂ ਪਹਿਲਾਂ ਕੀਤਾ ਹੋਵੇ। ਪਸ਼ੌਰਾ ਸਿੰਘ ਨੂੰ ਇੰਝ ਜਾਪਦਾ ਹੈ, ਸ਼ਬਦ 'ਸਚੁ' ਅਸ਼ਟਪਦੀ ਦੇ ਸਲੋਕ ਦੇ ਵਿਚ ਜਾਣ-ਬੁਝ ਕੇ ਦਰਜ ਕੀਤਾ ਤਾਂ ਕਿ ਉਹ ਆਪਣੇ ਸਿਧਾਂਤ ਦੀ ਪੁਸ਼ਟੀ ਕਰ ਸਕੇ। ਇਹ ਬਦਨਿਆਤਦਾਰੀ ਹੀ ਨਹੀਂ ਸਗੋਂ ਬਾਣੀ ਦੀ ਵੀ ਬੇਅਦਬੀ ਹੈ। ਅਜਿਹੀ ਖੋਜ ਪੀ.ਐਚ.ਡੀ. ਦੇ ਥੀਸਿਸ ਦੀ ਸ਼ੋਭਾ ਨਹੀਂ ਬਣ ਸਕਦੀ, ਸਗੋਂ ਇਸ ਉਪਾਧੀ ਦੀ ਹੇਠੀ ਹੈ।

ਖਰੜਾ ਨੰਬਰ 1245 ਅਤੇ ਆਦਿ ਗ੍ਰੰਥ ਦੀ ਬੋਲੀ ਵਿਚ ਜਾਂ ਅਰਥਾਂ ਵਿਚ ਕੋਈ ਭੇਦ ਨਹੀਂ, ਜੇ ਕੋਈ ਭੇਦ ਹੈ ਤਾਂ ਸ਼ਬਦ-ਜੋੜਾਂ ਵਿਚ ਹੈ। ਆਦਿ ਗ੍ਰੰਥ ਦੀ ਬੋਲੀ ਸਰਲ ਹੈ ਅਤੇ ਸ਼ਬਦ ਜੋੜ ਮੌਲਿਕ ਬੋਲੀ ਨਾਲ ਵਧੇਰੇ ਮਿਲਦੇ ਹਨ। ਸ਼ਬਦ-ਜੋੜਾਂ ਵਿਚ ਵਿਭਿੰਨਤਾ ਰਚੇਤਾ ਦੀ ਪਸੰਦ ਜਾ ਉਚਾਰਣ ਵਿਧੀ ਕਰਕੇ ਜਾਪਦੀ ਹੈ। ਗੁਰੂ ਅੰਗਦ ਦੇਵ ਜੀ ਨੇ ਬੋਲੀ ਦੇ ਅੱਖਰਾਂ ਦੀ ਤਰਤੀਬ ਵਿਚ ਹਿੱਸਾ ਪਾਇਆ। ਪਰ ਲਗਾਂ ਮਾਤਰਾਂ ਦੀ ਵਿਭਿੰਨਤਾ ਉਚਾਰਣ ਨਾਲ ਸੰਬੰਧਤ ਹੈ। ਇਸ ਲਈ ਬੋਲੀ ਦੇ ਆਧਾਰ 'ਤੇ ਜਾਂ ਸ਼ਬਦ-ਜੋੜਾਂ ਦੇ ਆਧਾਰ 'ਤੇ ਖਰੜਾ ਨੰਬਰ 1245 ਨੂੰ ਪਹਿਲੋਂ ਲਿਖਿਆ ਹੋਇਆ ਸਿੱਧ ਨਹੀਂ ਕੀਤਾ ਜਾ ਸਕਦਾ, ਪਰ ਇਕ ਗੱਲ ਮੰਨਣਯੋਗ ਹੈ ਕਿ ਪਸ਼ੌਰਾ ਸਿੰਘ ਨੇ ਬੋਲੀ ਦੀ ਵਿਭਿੰਨਤਾ ਬਾਰੇ ਪ੍ਰਭਾਵਸ਼ਾਲੀ ਚਰਚਾ ਕੀਤੀ ਹੈ।

ਪਸ਼ੌਰਾ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੇ ਰਾਮਕਲੀ ਸ਼ਬਦ ਬਾਰੇ ਜੋ ਭੁਲੇਖਾ ਸੀ, ਉਸ ਨੂੰ ਕਾਫੀ ਪ੍ਰਭਾਵਸ਼ਾਲੀ ਢੰਗ ਨਾਲ ਨਿਪਟਾਇਆ ਹੈ। ਇਹ ਉਸ ਦੇ ਥੀਸਿਸ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ।

## ਆਦਿ ਗ੍ਰੰਥ ਅਤੇ ਖਰੜਾ ਨੰ. 1245 ਦੇ ਲਿਖਣ ਕਾਲ

ਜਿਵੇਂ ਅਸੀਂ ਪਹਿਲਾਂ ਹੀ ਸਿੱਧ ਕਰ ਚੁੱਕੇ ਹਾਂ ਕਿ ਖਰੜਾ ਨੰਬਰ 1245, ਆਦਿ



ਗ੍ਰੰਥ ਦੀ ਲਿਖਣ ਤਿਥੀ (1604 ਈਸਵੀ) ਤੋਂ ਬਾਅਦ ਵਿਚ ਲਿਖਿਆ ਗਿਆ। ਭਾਵੇਂ ਇਸ ਪਰ ਸਾਖਿਆਤ ਤੌਰ 'ਤੇ ਕੋਈ ਲਿਖਣ ਤਿਥੀ ਨਹੀਂ ਦਿੱਤੀ ਹੋਈ, ਪਰ ਅੰਦਰਲੇ ਨਿਰੀਖਣ ਤੋਂ ਸਿੱਧ ਹੋ ਜਾਂਦਾ ਹੈ ਕਿ ਇਹ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਕੁਝ ਸ਼ਰਧਾਲੂਆਂ ਨੇ ਆਦਿ ਗ੍ਰੰਥ ਵਰਗਾ ਗ੍ਰੰਥ ਤਿਆਰ ਕਰਨ ਦੀ ਲਾਲਸਾ ਅਧੀਨ ਸੰਪਾਦਤ ਕੀਤਾ। ਇਹ ਨਤੀਜਾ ਥੱਲੇ ਦਿੱਤੇ ਨੁਕਤਿਆਂ 'ਤੇ ਨਿਰਭਰ ਹੈ :

1. ਆਦਿ ਗ੍ਰੰਥ ਦੀ ਸੰਪਾਦਨਾ ਵਿਚ ਸ਼ਬਦ 'ਸੁਧ' ਜਾਂ 'ਸੁਧ ਕੀਚੈ' ਹੈ, ਖਰੜਾ ਨੰਬਰ 1245 ਵਿਚ ਨਹੀਂ ਹੈ।

2. ਆਦਿ ਗ੍ਰੰਥ ਵਿਚ ਵਾਰਾਂ ਤੇ ਸਲੋਕਾਂ ਨਾਲ ਮਹੱਲੇ ਦਰਜ ਕੀਤੇ ਗਏ ਹਨ, ਤਾਂ ਕਿ ਹਰ ਗੁਰੂ ਦੀ ਬਾਣੀ ਵਿਲੱਖਣ ਤੌਰ 'ਤੇ ਦਰਸਾਈ ਜਾ ਸਕੇ। ਖਰੜਾ ਨੰਬਰ 1245 ਵਿਚ ਅਜਿਹਾ ਨਹੀਂ।

3. ਪੰਜਵੇਂ ਗੁਰੂ ਦੀ ਵਾਧੂ ਬਾਣੀ ਖਰੜਾ ਨੰਬਰ 1245 ਵਿਚ ਹੈ, ਜਿਵੇਂ ਕਿ ਆਸਾ ਮਹਲਾ 5 ਵਿਚ ਗੁਰੂ ਅਰਜਨ ਦੇਵ ਦੇ 162 ਚਉਪਦਿਆਂ ਤੋਂ ਉਪਰੰਤ ਤਿੰਨ ਹੋਰ ਨਵੇਂ ਚਉਪਦੇ ਦਰਜ ਹਨ। ਇਸੇ ਤਰ੍ਹਾਂ ਕਈ ਹੋਰ ਰਾਗਾਂ ਵਿਚ ਵੀ ਗੁਰੂ ਅਰਜਨ ਦੇਵ ਦੀ ਵਾਧੂ ਬਾਣੀ ਦਰਜ ਹੈ। (ਰਾਗ ਸੋਰਠਿ, ਰਾਤ ਤਿਲੰਗ ਆਦਿ)। ਇਸ ਤਰ੍ਹਾਂ ਦੇ ਫ਼ਰਕ ਹੋਰ ਗੁਰੂਆਂ ਦੀਆਂ ਬਾਣੀਆਂ ਵਿਚੋਂ ਵੀ ਉਪਲਬਧ ਹੋਏ ਹਨ।

4. ਆਨੰਦ ਸਾਹਿਬ, ਜੋ ਸਿੱਖ ਧਰਮ ਵਿਚ ਬਹੁਤ ਮਹੱਤਤਾ ਰੱਖਦਾ ਹੈ, ਵਿਚ ਵੀ ਪਾਠਾਂ ਦੇ ਬਹੁਤ ਭੇਦ ਹਨ, ਦੇਖੋ ਪਉੜੀ 26 ਅਤੇ 27।

5. ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਖਰੜਾ ਨੰਬਰ 1245 ਵਿਚ ਪੰਜਾਂ ਗੁਰੂਆਂ ਦੇ ਜੋਤੀ ਜੋਤ ਸਮਾਉਣ ਦੀਆਂ ਤਾਰੀਖਾਂ ਇਕੋ ਲਿਖਾਰੀ ਨੇ ਇਕੋ ਸਿਆਹੀ ਨਾਲ ਲਿਖੀਆਂ ਹੋਈਆਂ ਹਨ। ਪਰ ਪਸ਼ੌਰਾ ਸਿੰਘ ਇਸ ਸਚਾਈ ਨੂੰ ਜਾਣਦਿਆਂ ਹੋਇਆਂ ਵੀ ਇਹ ਕਹਿ ਕੇ ਰੱਦ ਕਰ ਦਿੰਦਾ ਹੈ ਕਿ ਪੰਜਵੇਂ ਗੁਰੂ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਬਾਅਦ ਵਿਚ ਲਿਖੀ ਗਈ।

6. ਖਰੜਾ ਨੰਬਰ 1245 ਵਿਚ ਭਗਤਾਂ ਦੀ ਬਾਣੀ ਨਹੀਂ। ਅਜਿਹਾ ਨਾ ਹੋਣਾ ਸਿੱਖ ਮੱਤ ਅਤੇ ਧਰਮ 'ਤੇ ਸਿੱਧੀ ਚੋਟ ਹੈ, ਕਿਉਂਕਿ ਸਿੱਖ ਧਰਮ ਵਿਚ ਜਾਤ-ਪਾਤ ਦਾ ਕੋਈ ਭੇਦ ਭਾਵ ਨਹੀਂ ਹੈ। ਹਰ ਵਿਅਤੀ ਦੀ ਬਾਣੀ ਨੂੰ ਸਿੱਖ ਧਰਮ ਦੇ ਅਸੂਲਾਂ ਨੂੰ ਮੁੱਖ ਰੱਖ ਕੇ ਹੀ ਗੁਰੂ ਗ੍ਰੰਥ ਸਾਹਿਬ ਵਿਚ ਚਾੜ੍ਹਿਆ ਗਿਆ। ਇਹ ਅਭਾਵ ਤਾਂ ਇਹੋ ਸਿੱਧ ਕਰਦਾ ਹੈ ਕਿ ਖਰੜਾ ਨੰਬਰ 1245 ਦਾ ਸੰਪਾਦਕ ਸ਼ਾਇਦ ਸਿੱਖ ਧਰਮ ਦੀ ਮੁੱਖ ਧਾਰਾ ਨਾਲ ਜੁੜਿਆ ਹੋਇਆ ਨਹੀਂ ਹੈ। ਹੋ ਸਕਦਾ ਹੈ ਕਿ ਉਸ ਦਾ ਹਿੱਤ ਰਾਮਰਾਏ ਜਾਂ ਮਿਹਰਬਾਨ ਸੰਪ੍ਰਦਾਇ ਨਾਲ ਹੋਵੇ।

## ਪੰਜਵੇਂ ਕਾਂਡ ਬਾਰੇ

ਇਸ ਕਾਂਡ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪਾਦਨ ਕਲਾ ਬਾਰੇ ਚਰਚਾ ਹੈ। ਪਸ਼ੌਰਾ ਸਿੰਘ ਪੰਜਵੇਂ ਪਾਤਸ਼ਾਹ ਦੀ ਸੰਪਾਦਨ ਚਤੁਰਾਈ ਤੇ ਬਹੁਤ ਸੰਤੁਸ਼ਟ ਹੈ ਅਤੇ ਆਦਿ ਗ੍ਰੰਥ ਨੂੰ ਕਲਾ-ਕਿਰਤ ਮੰਨਦਾ ਹੈ। ਇਹ ਗੱਲ ਸੰਪੂਰਨ ਤੌਰ 'ਤੇ ਹੈ ਵੀ ਸੱਚੀ।

ਸੰਪਾਦਨ ਕਲਾ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਉਪਰੰਤ ਅੱਜ ਤੱਕ ਕੋਈ ਵੀ ਪੁਸਤਕ ਅਦੁੱਤੀ ਨਹੀਂ ਕਹੀ ਜਾ ਸਕਦੀ। ਸੰਤ ਸਿੰਘ ਸੇਖੋਂ ਨੂੰ ਇਕ ਵਾਰੀ ਪੰਜਾਬ ਵਿਸ਼ਵ ਵਿਦਿਆਲਾ ਨੇ ਕੋਈ ਪੁਸਤਕ ਸੰਪਾਦਨ ਕਰਨ ਲਈ ਕਿਹਾ। ਉਨ੍ਹਾਂ ਦਾ ਜੁਆਬ ਸੀ ਕਿ ਗੁਰੂ ਗ੍ਰੰਥ ਦੀ ਸੰਪਾਦਨਾ ਮਗਰੋਂ ਮੈਂ ਕੀ ਸੰਪਾਦਨ ਕਰ ਸਕਦਾ ਹਾਂ, ਮੇਰੇ ਤੋਂ ਕੋਈ ਮੌਲਿਕ ਸਾਹਿਤ ਦੀ ਪੁਸਤਕ ਲਿਖਵਾ ਲਓ। ਆਦਿ ਗ੍ਰੰਥ ਦੀ ਸੰਪਾਦਨਾ ਸਚਮੁਚ ਹੀ ਸੰਸਾਰ ਦੀਆਂ ਪੁਸਤਕਾਂ ਵਿਚੋਂ ਇਕ ਵੱਡੀ ਕਲਾ ਕਿਰਤ ਹੈ। ਇਸ ਵਿਚ ਜਿਵੇਂ ਪਸ਼ੌਰਾ ਸਿੰਘ ਮੰਨਦਾ ਹੈ, ਗੁਰੂ ਅਰਜਨ ਦੇਵ ਜੀ ਨੇ ਸਿਧਾਂਤਿਕ ਦਰਸ਼ਨ ਦੀ ਇਕਸਾਰਤਾ, ਗੁਰਤਾ ਦੀ ਏਕਤਾ, ਭਾਵ ਦੀ ਅਖੰਡਤਾ ਆਦਿ ਦਾ ਬੜੀ ਸਿਆਣਪ ਨਾਲ ਖ਼ਿਆਲ ਰੱਖਿਆ ਹੈ। ਸਭ ਤੋਂ ਵੱਧ ਵਡਿਆਈ ਵਾਲੀ ਗੱਲ ਇਹ ਹੈ ਕਿ ਗੁਰਬਾਣੀ ਨੂੰ ਰਾਗਾਂ ਅਨੁਸਾਰ ਤਰਤੀਬ ਦੇ ਕੇ ਨਾਲ ਹੀ ਬਾਣੀ ਦੀ ਦਾਰਸ਼ਨਿਕ ਮਹੱਤਤਾ ਨੂੰ ਵੀ ਬਰਕਰਾਰ ਰੱਖਿਆ ਗਿਆ ਹੈ।

ਭਾਵਾਰਥ ਵਜੋਂ ਗੁਰੂ ਸਾਹਿਬ ਨੇ ਸੱਚੀ ਮੁੱਚੀ ਜ਼ਿੰਦਗੀ 'ਤੇ ਜ਼ੋਰ ਹੀ ਨਹੀਂ ਦਿੱਤਾ ਸਗੋਂ ਸਿੱਖ ਧਰਮ ਦੇ ਸਿਧਾਂਤਾਂ ਦੇ ਆਧਾਰ 'ਤੇ ਚੜ੍ਹਦੀ ਕਲਾ ਦਾ ਪੱਖ ਵੀ ਕਾਇਮ ਰੱਖਿਆ।

## ਟਿੱਪਣੀ

ਪਸ਼ੌਰਾ ਸਿੰਘ ਇਸ ਕਾਂਡ ਵਿਚ ਵੀ ਗੁਰੂ ਅਰਜਨ ਦੇਵ ਜੀ ਦੀ ਸੰਪਾਦਨਾ ਦੌਰਾਨ ਬਾਣੀ ਦੀ ਸੁਧਾਈ 'ਤੇ ਜ਼ੋਰ ਦਿੰਦਾ ਹੈ, ਪਰ ਆਪਣੇ ਮੂਲ ਮਨੋਰਥ ਵਿਚ ਕਾਮਯਾਬ ਰਿਹਾ ਹੈ। ਇਸ ਕਾਂਡ ਵਿਚ ਉਸ ਨੇ ਆਦਿ ਗ੍ਰੰਥ ਨੂੰ ਗੁਰੂ ਅਰਜਨ ਦੇਵ ਰਾਹੀਂ 1604 ਈਸਵੀ ਵਿਚ ਸੰਪਾਦਨ ਕੀਤਾ ਹੋਇਆ ਹੀ ਨਹੀਂ ਮੰਨਿਆ ਸਗੋਂ ਇਸਦੀ ਉਤਕ੍ਰਿਸ਼ਟਤਾ ਬਾਰੇ ਵੀ ਭਰਪੂਰ ਚਰਚਾ ਕੀਤੀ ਹੈ। ਇਸ ਕਾਂਡ ਵਿਚ ਪੜ੍ਹਤ-ਵਿਸ਼ੇਸ਼ਣ ਦਾ ਉਪਯੋਗ ਕੋਈ ਬਹੁਤੀ ਮਹੱਤਤਾ ਨਹੀਂ ਰੱਖਦਾ, ਇਸ ਲਈ ਇਹ ਸਾਡੀ ਵਿਆਖਿਆ ਦਾ ਆਧਾਰ ਨਹੀਂ ਬਣਿਆ।

ਇੱਥੇ ਪਸ਼ੌਰਾ ਸਿੰਘ ਦੇ ਭਗਤਾਂ ਦੀ ਬਾਣੀ ਬਾਰੇ ਅਤੇ ਉਸ ਦੀ ਸੰਪਾਦਨਾ ਵਿਧੀ ਬਾਰੇ ਕਹਿਣਾ ਜ਼ਰੂਰੀ ਬਣਦਾ ਹੈ। ਪਸ਼ੌਰਾ ਸਿੰਘ ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਨੂੰ ਪਹਿਲਾਂ ਤਰਜੀਹ ਦਿੱਤੀ, ਇਹ ਦਲੀਲ ਠੀਕ ਵੀ ਹੋ ਸਕਦੀ ਹੈ। ਭਗਤਾਂ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਦਰਜ ਕਰਨ ਦਾ ਕਾਰਨ ਭਗਤਾਂ ਦੇ ਚੇਲਿਆਂ ਦਾ ਸਿੱਖ ਧਰਮ ਦਾ ਮੁਰੀਦ ਬਣਾਨਾ ਸੀ, ਇਕ ਗ਼ਲਤ ਨਤੀਜਾ ਹੈ। ਬਾਣੀ ਦੀ ਸੰਪਾਦਨਾ ਸਮੇਂ ਬਾਣੀ ਦੀ ਮੂਲ ਵਿਚਾਰਧਾਰਾ (ਜੋ ਸਿੱਖ ਧਰਮ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ) ਨੂੰ ਹੀ ਧਿਆਨ ਵਿਚ ਰੱਖਿਆ ਗਿਆ, ਬਾਣੀ ਦੇ ਲਿਖਣਹਾਰੇ ਨੂੰ ਨਹੀਂ। ਇਹ ਠੀਕ ਹੈ ਕਿ ਆਦਿ ਗ੍ਰੰਥ ਵਿਚ ਭਗਤਾਂ ਦੀ ਬਾਣੀ ਨੂੰ ਸੰਪਾਦਨਾ ਸਮੇਂ ਸੰਪਾਦਨ ਕੀਤਾ ਗਿਆ, ਪਰ ਇਹ ਸੰਪਾਦਨ ਸਿੱਖ ਧਰਮ ਦੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਹੀ ਕੀਤਾ ਗਿਆ। ਜਿਵੇਂ ਵੈਸ਼ਨਵ ਮੱਤ ਸਿੱਖ ਧਰਮ ਨਾਲ ਟਾਕਰਾ ਖਾਂਦਾ ਹੈ, ਜਾਂ ਬੁੱਤ ਪੂਜਾ ਜਾਂ ਵਿਅਕਤੀ ਪੂਜਾ ਦਾ ਸਿੱਖ ਧਰਮ ਵਿਚ ਕੋਈ ਅਸਥਾਨ ਨਹੀਂ ਅਤੇ



ਜਿਣਸੀ ਪਿਆਰ ਭਾਵਨਾ ਵੀ ਸਿੱਖ ਧਰਮ ਵਿਚ ਕੋਈ ਮਹੱਤਤਾ ਨਹੀਂ ਰੱਖਦੀ। ਜਿਨ੍ਹਾਂ ਸ਼ਬਦਾਂ ਵਿਚ ਅਜਿਹੇ ਵਿਚਾਰ ਸਨ, ਉਹ ਗੁਰੂ ਅਰਜਨ ਦੇਵ ਨੇ ਆਦਿ ਗ੍ਰੰਥ ਵਿਚ ਦਰਜ ਨਹੀਂ ਕੀਤੇ। ਪਸ਼ੌਰਾ ਸਿੰਘ ਦਾ ਇਹ ਨਿਰਣਾ ਕਿ ਕਈ ਅਪਰਵਾਣਿਤ ਭਗਤਾਂ ਦੇ ਸ਼ਬਦ ਬਾਅਦ ਵਿਚ ਲਿਖੀਆਂ ਬੀੜਾਂ ਵਿਚ ਦਰਜ ਕਰ ਲਏ ਗਏ (ਇਹ ਉਨ੍ਹਾਂ ਦੇ ਵਿਰੋਧੀਆਂ ਨੇ ਕੀਤਾ) ਠੀਕ ਜਾਪਦਾ ਹੈ। ਪੰਥ ਵਿਰੋਧੀ ਕਈ ਧਾਰਾਵਾਂ ਚੱਲਦੀਆਂ ਰਹੀਆਂ ਹਨ ਅਤੇ ਕਈ ਮਿਸਲਾਂ ਦਾ ਆਰੰਭ ਇਸ ਗੱਲ ਦੀ ਪੁਸ਼ਟੀ ਕਰਦਾ ਹੈ।

ਗੁਰੂ ਗ੍ਰੰਥ ਦੀ ਸੰਪਾਦਨਾ ਆਪਣੇ ਆਪ ਵਿਚ ਅਦੁੱਤੀ ਪ੍ਰਾਪਤੀ ਸੀ। ਇਸ ਪ੍ਰਾਪਤੀ ਨੂੰ ਸਹਿਣ ਨਾ ਕਰਦਿਆਂ ਕਈ ਹੋਰ ਧਰਮ ਵਿਰੋਧੀ ਜਾਂ ਗੁਰੂ ਅਰਜਨ ਦੇਵ ਜੀ ਦੇ ਵਿਰੋਧੀ ਅੰਸ਼ਾਂ ਨੇ ਕਈ ਬੀੜਾਂ ਤਿਆਰ ਕਰਵਾਈਆਂ ਹੋਣਗੀਆਂ। ਅਜਿਹੀ ਭਾਵਨਾ ਦਾ ਉਤਪੰਨ ਹੋਣਾ ਕੋਈ ਅਣਹੋਣੀ ਗੱਲ ਨਹੀਂ ਸਮਝੀ ਜਾਣੀ ਚਾਹੀਦੀ। ਇਨ੍ਹਾਂ ਬੀੜਾਂ ਵਿਚ ਆਦਿ ਗ੍ਰੰਥ ਵਿਚ ਕੁਝ ਵੱਖਰਾ ਕੁਝ ਘੱਟ ਜਾਂ ਵੱਧ ਅੰਕਿਤ ਕਰਨਾ ਸੁਭਾਵਿਕ ਗੱਲ ਹੀ ਸੀ।

## ਛੇਵੇਂ ਕਾਂਡ ਦੀ ਵਿਆਖਿਆ

ਇਸ ਕਾਂਡ ਵਿਚ ਪਸ਼ੌਰਾ ਸਿੰਘ ਨੇ ਆਦਿ ਗ੍ਰੰਥ ਦੀ ਬਾਣੀ ਦੇ ਭਾਵਾਰਥ ਬਾਰੇ ਪੜਚੋਲ ਕੀਤੀ ਹੈ। ਆਦਿ ਗ੍ਰੰਥ ਅਨੰਤਕਾਲੀ ਗੁਰਬਾਣੀ ਦਾ ਮੁਜੱਸਮਾ ਹੈ। ਇਸੇ ਕਰਕੇ ਇਹ ਸਿੱਖ ਧਰਮ ਵਿਚ 'ਗੁਰੂ ਗ੍ਰੰਥ ਸਾਹਿਬ' ਕਰਕੇ ਜਾਣਿਆ ਜਾਂਦਾ ਹੈ। 'ਸ਼ਬਦ' ਜਾਂ 'ਗੁਰੂ ਸ਼ਬਦ' ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ, ਜੋ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਵਿਚਰਦਾ ਹੈ। ਸ਼ਬਦ ਦੀ ਮਹੱਤਤਾ ਨੂੰ ਮੁੱਖ ਰੱਖ ਕੇ ਹੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਭਾਰਤੀ ਵਿਚਾਰਧਾਰਾ ਅਨੁਸਾਰ ਧਰਮ ਗ੍ਰੰਥਾਂ ਦੀ ਵਿਆਖਿਆ ਚਾਰ ਵਿਧੀਆਂ ਅਨੁਸਾਰ ਕੀਤੀ ਜਾ ਸਕਦੀ ਹੈ :

1. ਸ਼ਬਦਾਰਥ (Meaning of the word)
2. ਟੀਕਾ (Commentary)
3. ਵਿਆਖਿਆ (Exegesis)
4. ਪ੍ਰਮਾਰਥ (Sublime meaning)

ਸ਼ਬਦਾਰਥ ਵਿਧੀ ਵਿਚ 'ਸ਼ਬਦ' (Word) ਦੇ ਅਰਥ ਉੱਤੇ ਵਧੇਰੇ ਜ਼ੋਰ ਦਿੱਤਾ ਜਾਂਦਾ ਹੈ। ਇਕ ਸ਼ਬਦ ਦਾ ਵੱਖਰੇ-ਵੱਖਰੇ ਸ਼ਬਦਾਂ (Hymns) ਵਿਚ ਅਰਥ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਟੀਕਾ ਵਿਧੀ ਰਾਹੀਂ ਸਾਰੇ ਸ਼ਬਦ (Hymn) ਦਾ ਸਮੁੱਚਾ ਅਰਥ ਸਮਝਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਵਿਆਖਿਆ ਵਿਧੀ ਰਾਹੀਂ ਕਿਸੇ ਇਕ ਸ਼ਬਦ (Hymn) ਦੀ ਕਿਸੇ ਖਾਸ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਜਾਂਦੀ ਹੈ।

ਪ੍ਰਮਾਰਥ ਵਿਧੀ ਅਨੁਸਾਰ ਸ਼ਬਦ (Hymn) ਦਾ ਅਧਿਆਤਮਿਕ ਪੱਖ ਪੜਚੋਲਿਆ

ਜਾਂਦਾ ਹੈ।

ਗੁਰੂ ਗ੍ਰੰਥ ਗਿਆਨ ਦਾ ਅਥਾਹ ਸੋਮਾ ਹੈ। ਵੱਖ-ਵੱਖ ਵਿਧੀਆਂ ਰਾਹੀਂ ਇਸ ਦੀ ਵਿਆਖਿਆ ਇਸ ਸੋਮੇ ਨੂੰ ਘੋਖਣ ਵਿਚਾਰਣ ਦਾ ਕਾਰਜ ਹੀ ਕਿਹਾ ਜਾ ਸਕਦਾ ਹੈ। ਗੁਰਬਾਣੀ ਵਿਆਖਿਆ ਮੂੰਹ ਜ਼ੁਬਾਨੀ (Oral) ਜਾਂ ਲਿਖਤੀ ਭਾਵ (Written) ਵਿਚ ਕੀਤੀ ਜਾ ਸਕਦੀ ਹੈ। ਮੂੰਹ-ਜ਼ੁਬਾਨੀ ਬਾਣੀ ਪੜ੍ਹਨਾ, ਗਾਉਣਾ, ਵਿਚਾਰਨਾ ਜਾਂ ਵਾਕ ਲੈਣਾ ਸਿੱਖ ਧਰਮ ਵਿਚ ਆਮ ਹੈ। ਡਾ. ਤਾਰਨ ਸਿੰਘ ਨੇ ਜਿਵੇਂ ਪਸ਼ੌਰਾ ਸਿੰਘ ਮੰਨਦਾ ਹੈ, ਗੁਰਬਾਣੀ ਵਿਆਖਿਆ ਨੂੰ ਸੱਤ ਵੱਖਰੀਆਂ-ਵੱਖਰੀਆਂ ਪ੍ਰਣਾਲੀਆਂ ਵਿਚ ਵੰਡਿਆ ਹੈ। ਇਹ ਹਨ : ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ, ਪ੍ਰਮਾਰਥ ਪ੍ਰਣਾਲੀ, ਉਦਾਸੀ ਪ੍ਰਣਾਲੀ, ਨਿਰਮਲਾ ਪ੍ਰਣਾਲੀ, ਗਿਆਨੀ ਪ੍ਰਣਾਲੀ ਅਤੇ ਸਿੰਘ ਸਭਾ ਪ੍ਰਣਾਲੀ। ਇਨ੍ਹਾਂ ਸਾਰੀਆਂ ਪ੍ਰਣਾਲੀਆਂ ਦਾ ਆਸ਼ਾ ਪਸ਼ੌਰਾ ਸਿੰਘ ਨੇ ਡਾ. ਤਾਰਨ ਸਿੰਘ ਦੀ ਵਿਆਖਿਆ ਤੋਂ ਉਧਾਰ ਲਿਆ ਹੈ।

## ਟਿੱਪਣੀ

ਇਹ ਕਾਂਡ ਬਿਰਤਾਂਤਿਕ ਵੱਧ ਅਤੇ ਅਲੋਚਨਾਤਮਿਕ ਘੱਟ ਹੈ। ਇਸ ਕਾਂਡ ਦੀ ਸਮੱਗਰੀ ਧਰਮ ਗ੍ਰੰਥਾਂ ਬਾਰੇ ਮਿਲਦੀਆਂ ਪੁਸਤਕਾਂ ਵਿਚੋਂ ਉਪਲਬਧ ਹੈ। ਪਸ਼ੌਰਾ ਸਿੰਘ ਦਾ ਸਿਵਾਏ ਇਸ ਗੱਲ ਦੇ ਕਿ ਅੱਜਕਲ੍ਹ ਆਦਿ ਗ੍ਰੰਥ 'ਤੇ ਸਾਹਿਤਕ ਪੱਖੋਂ ਵਿਚਾਰ ਹੋ ਰਹੀ ਹੈ, ਆਪਣਾ ਕੁਝ ਨਹੀਂ। ਚੰਗਾ ਹੁੰਦਾ ਜੇ ਉਹ ਆਪਣੇ ਪੜ੍ਹਤ-ਵਿਸ਼ਲੇਸ਼ਣ ਰਾਹੀਂ ਆਦਿ ਗ੍ਰੰਥ ਦੀ ਵਿਆਖਿਆ ਕਰਦਾ, ਅਰਥਾਤ ਆਪਣੇ ਵਿਚਾਰ ਹਰ ਪ੍ਰਣਾਲੀ ਦੇ ਸੰਬਧ ਵਿਚ ਦਰਸਾਉਂਦਾ। ਕਿਤੇ-ਕਿਤੇ ਉਸ ਦੇ ਆਪਣੇ ਵਿਚਾਰਾਂ ਦੀ ਝਲਕ ਜਿਹੀ ਜ਼ਰੂਰ ਪੈਂਦੀ ਹੈ। ਅਖੀਰ ਵਿਚ ਉਸਦਾ ਇਹ ਵਿਚਾਰ ਕਿ ਸਾਹਿਤਕ ਪ੍ਰਣਾਲੀ ਆਦਿ ਗ੍ਰੰਥ ਨੂੰ ਵਿਆਖਿਆ ਰਾਹੀਂ ਸੰਸਾਰ ਦੇ ਧਰਮਾਂ ਦੇ ਮੁਕਾਬਲੇ ਤੇ ਖੜ੍ਹਾ ਕਰ ਸਕਦੀ ਹੈ, ਵਰਨਣ ਯੋਗ ਹੈ।

## ਸਿੱਟੇ (Conclusions)

ਪਸ਼ੌਰਾ ਸਿੰਘ ਦੇ ਥੀਸਿਸ 'ਆਦਿ ਗ੍ਰੰਥ ਦਾ ਮੂਲ-ਕਥਨ ਅਤੇ ਭਾਵਾਰਥ' ਬਾਰੇ ਅਸੀਂ ਵਿਚਾਰ ਕੀਤੀ ਹੈ। ਇਸ ਵਿਚ ਪਸ਼ੌਰਾ ਸਿੰਘ ਨੇ ਤਿੰਨ ਅਹਿਮ ਮਸਲੇ ਉਠਾਏ ਹਨ:

1. ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਗੁਰੂ ਅਰਜਨ ਦੇਵ ਜੀ ਨੇ ਦੋ ਖਰੜਿਆਂ ਦਾ ਆਸਰਾ ਲਿਆ। ਇਹ ਹਨ : ਗੋਇੰਦਵਾਲ ਪੋਥੀਆਂ ਅਤੇ ਖਰੜਾ ਨੰਬਰ 1245।

2. ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਖਰੜਿਆਂ ਵਿਚੋਂ ਚੁਣ-ਚੁਣ ਕੇ ਬਾਣੀ ਇਕੱਤਰ ਕੀਤੀ ਅਤੇ ਇਸ ਨੂੰ ਆਦਿ ਗ੍ਰੰਥ ਵਿਚ ਸੰਪਾਦਨ ਕੀਤਾ। ਕਈ ਥਾਈਂ ਬਾਣੀ ਦੀ ਕੱਟ ਵੱਢ ਕੀਤੀ ਅਤੇ ਕਈ ਥਾਈਂ ਸੁਧਾਈ ਕੀਤੀ। ਇਹ ਉਨ੍ਹਾਂ ਨੇ ਸਿੱਖ ਪ੍ਰੰਪਰਾ ਅਤੇ ਵਿਚਾਰਧਾਰਾ ਨੂੰ ਨਿਤਾਰਨ (Crystalization) ਖਾਤਰ ਕੀਤਾ।

3. ਭਗਤ ਬਾਣੀ ਉਨ੍ਹਾਂ ਨੇ ਬਾਅਦ ਵਿਚ ਜਗਤ ਜਨਾਂ ਦੀ ਸ਼ਰਧਾ ਦੇਖ ਕੇ ਦਰਜ ਕੀਤੀ।

ਬਾਕੀ ਸਾਰੇ ਥੀਸਿਸ ਵਿਚ ਮੰਗਵਾਂ ਬਿਰਤਾਂਤਿਕ ਜ਼ਿਕਰ ਹੈ।

ਉਪਰੋਕਤ ਤਿੰਨ ਮਸਲਿਆਂ ਦੇ ਪ੍ਰਤੀਕਰਮ ਵਜੋਂ ਸਿੱਖ ਜਗਤ ਵਿਚ ਤਿੱਖਾ



ਵਾਦ-ਵਿਵਾਦ ਸ਼ੁਰੂ ਹੋਇਆ ਹੈ। ਅਨੇਕ ਸਿੱਖ ਵਿਦਵਾਨਾਂ ਦੇ ਵਿਚਾਰ ਅੰਗਰੇਜ਼ੀ ਅਤੇ ਪੰਜਾਬੀ ਦੇ ਅਖ਼ਬਾਰਾਂ ਵਿਚ ਛਪੇ ਹੋਏ ਹਨ।

ਇਨ੍ਹਾਂ ਸਾਰੇ ਵਿਦਵਾਨਾਂ ਨੇ ਪਸ਼ੌਰਾ ਸਿੰਘ ਦੇ ਉਪਰੋਕਤ ਤਿੰਨ ਅਹਿਮ ਮਸਲਿਆਂ ਬਾਰੇ ਸਾਰਥਿਕ ਤੌਰ 'ਤੇ ਆਪਣੇ-ਆਪਣੇ ਵਿਚਾਰ ਪ੍ਰਗਟਾਏ ਹਨ। ਇਨ੍ਹਾਂ ਸਾਰੇ ਲੇਖਾਂ ਵਿਚ ਵਿਚਾਰ ਨੂੰ ਅਕਾਦਮਿਕ ਪੱਧਰ ਉਤੇ ਹੀ ਰੱਖਿਆ ਗਿਆ ਹੈ। ਭਾਵੇਂ ਕਿਤੇ-ਕਿਤੇ ਭਾਵੁਕ ਮਨੋਭਾਵਾਂ ਦਾ ਝੌਲਾ ਵੀ ਪੈਂਦਾ ਹੈ। ਸਾਰੇ ਲੇਖਕ ਇਕ ਗੱਲ 'ਤੇ ਰਜ਼ਾਮੰਦ ਹਨ ਕਿ ਪਸ਼ੌਰਾ ਸਿੰਘ ਨੇ ਆਦਿ ਗ੍ਰੰਥ ਦੇ ਇਲਹਾਮੀ ਪੱਖ 'ਤੇ ਸੱਟ ਮਾਰੀ ਹੈ।

ਮੈਂ ਇਸ ਲੇਖ ਵਿਚ ਪਸ਼ੌਰਾ ਸਿੰਘ ਦੇ ਥੀਸਿਸ ਦੀ ਪੜਚੋਲ ਪੱਧਤੀ, ਖੋਜ ਦਾ ਮਿਆਰ ਅਤੇ ਇਸ ਦੇ ਵਿਗਿਆਨ ਪੱਖ ਨੂੰ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਇੱਥੇ ਮੇਰਾ ਆਸ਼ਾ ਸਿਰਫ਼ ਇਹ ਪਰਖਣ ਦਾ ਸੀ ਕਿ ਕੀ ਪਸ਼ੌਰਾ ਸਿੰਘ ਦਾ ਥੀਸਿਸ ਇਕ ਪੀ.ਐਚ.ਡੀ. ਦੀ ਉਚ ਉਪਾਧੀ ਦੇ ਮਿਆਰ ਦਾ ਹੈ? ਮੇਰੇ ਸਿੱਟੇ ਇਸ ਪ੍ਰਕਾਰ ਹਨ :

1. ਆਦਿ ਗ੍ਰੰਥ ਦੀ ਸੰਪਾਦਨਾ ਲਈ ਵਰਤੇ ਗਏ ਖਰੜਿਆਂ ਦੀ ਪ੍ਰਮਾਨਿਕਤਾ।

(ੳ) **ਗੋਇੰਦਵਾਲ ਪੋਥੀਆਂ** : ਦੋ ਉਪਲਬਧ ਪੋਥੀਆਂ ਉਤੇ ਕੋਈ ਪ੍ਰਮਾਨਿਕ ਲਿਖਤ ਤਿਥੀ ਨਹੀਂ ਹੈ ਜੋ ਇਨ੍ਹਾਂ ਨੂੰ ਨਿਰਸੰਦੇਹ ਆਦਿ ਗ੍ਰੰਥ ਤੋਂ ਪੁਰਾਣੀਆਂ ਸਿੱਧ ਕਰ ਸਕੇ। ਜੇ ਤਰੀਕ ਉਪਰ ਮਿਲਦੀ ਵੀ ਹੈ ਉਹ 1595 ਈਸਵੀ ਹੈ, ਜਿਸ ਮੁਤਾਬਿਕ ਇਹ ਆਦਿ ਗ੍ਰੰਥ ਦੇ ਸੰਪਾਦਨਾ ਕਾਲ ਵਿਚ ਹੀ ਰਚੀਆਂ ਗਈਆਂ। ਪਸ਼ੌਰਾ ਸਿੰਘ ਕੋਈ ਢੁਕਵੀਂ ਖੋਜ ਪ੍ਰਣਾਲੀ ਰਾਹੀਂ ਇਨ੍ਹਾਂ ਨੂੰ ਪੁਰਾਣੀਆਂ ਸਿੱਧ ਨਹੀਂ ਕਰ ਸਕਿਆ।

(ਅ) **ਖਰੜਾ ਨੰਬਰ 1245** : ਇਸ ਖਰੜੇ ਉੱਤੇ ਕੋਈ ਲਿਖਣ ਤਿਥੀ ਮੂਲੋਂ ਹੀ ਨਹੀਂ ਹੈ। ਇਸ ਦੀ ਅੰਦਰਲੀ ਵਿਆਖਿਆ ਤੋਂ ਇਹ ਭਲੀਭਾਂਤ ਸਿੱਧ ਹੋ ਜਾਂਦਾ ਹੈ ਕਿ ਇਹ ਛੇਵੀਂ ਅਤੇ ਨੌਂਵੀਂ ਪਾਤਸ਼ਾਹੀ ਦੇ ਸਮੇਂ ਵਿਚ ਲਿਖਿਆ ਗਿਆ ਹੈ। ਪੰਜਾਂ ਗੁਰੂਆਂ ਦੀ ਜੋਤੀ ਜੋਤ ਸਮਾਉਣ ਦੀ ਤਰੀਕ ਦਾ ਹੋਣਾ ਅਤੇ ਨੌਂਵੇਂ ਪਾਤਸ਼ਾਹ ਦੇ ਨਿਸ਼ਾਨ ਦਾ ਹੋਣਾ ਇਹੀ ਸਿੱਧ ਕਰਦਾ ਹੈ। ਇਸ ਸੱਚ ਤੋਂ ਜਾਣੂ ਪਸ਼ੌਰਾ ਸਿੰਘ ਵੀ ਹੈ, ਪਰ ਆਪਣੀਆਂ ਕੱਚੀਆਂ ਜਿਹੀਆਂ ਦਲੀਲਾਂ ਰਾਹੀਂ ਇਸ ਖਰੜੇ ਨੂੰ ਆਦਿ ਗ੍ਰੰਥ ਤੋਂ ਪਹਿਲਾਂ ਦਾ ਸਿਰਫ਼ ਇਸ ਕਰਕੇ ਦੱਸਦਾ ਹੈ ਤਾਂ ਕਿ ਉਸਦੇ ਥੀਸਿਸ ਦੀ ਜ਼ਮੀਨ ਤਿਆਰ ਹੋ ਸਕੇ। ਏਥੇ ਵੀ ਉਸ ਨੇ ਕੋਈ ਵਿਗਿਆਨਕ ਢੰਗ ਨਾਲ ਇਸ ਖਰੜੇ ਨੂੰ ਆਦਿ ਗ੍ਰੰਥ ਤੋਂ ਪੁਰਾਣਾ ਸਿੱਧ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

2. ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਸੁਧਾਈ ਕੀਤੀ ਅਤੇ ਇਸ ਨੂੰ ਆਦਿ ਗ੍ਰੰਥ ਵਿਚ ਦਰਜ ਕੀਤਾ। ਉਨ੍ਹਾਂ ਇੰਝ ਸਿੱਖ ਪ੍ਰੰਪਰਾ ਨੂੰ ਨਿਤਾਰਨ ਲਈ ਕੀਤਾ।

ਇਸ ਵਿਚਾਰ ਨੇ ਬਾਣੀ ਦੀ ਇਲਹਾਮੀ ਮਹੱਤਤਾ ਘਟਾਈ ਹੈ। ਇਹ ਬੜਾ ਪੀਡਾ ਮਸਲਾ ਹੈ। ਪਰ ਕਿਉਂਕਿ ਇਸ ਦਾ ਆਧਾਰ ਆਦਿ ਕਾਲ ਤੋਂ ਹੀ ਮਾਨਵ ਦੀਆਂ ਮਨੋਭਾਵਨਾਵਾਂ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸ ਨੂੰ ਖੋਜ ਦੇ ਘੇਰੇ ਵਿਚ ਲਿਆਉਣਾ ਅੱਗ ਤੇ ਤੇਲ ਛਿੜਕਣ ਵਾਲੀ ਗੱਲ ਹੈ। ਇੰਝ ਕਰਕੇ ਪਸ਼ੌਰਾ ਸਿੰਘ ਨੇ ਪੜਚੋਲ ਦੀ ਲਾਲਸਾ ਅਧੀਨ, ਆਪਣੀ ਅਧੋਗਤੀ ਦਾ ਖੂਹ ਆਪ ਪੁੱਟਿਆ ਹੈ।

ਮੈਂ ਪਸ਼ੌਰਾ ਸਿੰਘ ਦੀ ਵਿਆਖਿਆ ਤੋਂ ਵੀ ਪ੍ਰਭਾਵਿਤ ਨਹੀਂ ਹੋਇਆ। ਜਿਵੇਂ ਉਨ੍ਹਾਂ ਨੇ ਮੂਲ ਮੰਤਰ ਵਿਚ ਆਏ ਸ਼ਬਦਾਂ ਦੀ ਅਦਲਾ-ਬਦਲੀ ਨੂੰ ਵੀ ਕੋਈ ਠੋਸ ਸਬੂਤਾਂ ਰਾਹੀਂ ਨਹੀਂ ਦਰਸਾਇਆ। ਜੇ ਇਹ ਮੰਨ ਵੀ ਲਈਏ ਕਿ ਸ਼ਬਦਾਂ ਦੀ ਅਦਲਾ-ਬਦਲੀ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਨੇ ਕੀਤੀ, ਪਰ ਅੰਦਰੂਨੀ ਵਿਆਖਿਆ ਤੋਂ ਪਤਾ ਲੱਗਦਾ ਹੈ ਕਿ ਬਦਲੇ ਹੋਏ ਸ਼ਬਦ (ਪੁਰਖ, ਨਿਰਵੈਰ) ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਵੀ ਮਿਲਦੇ ਹਨ ਅਤੇ ਸਤਿਕਾਰੀ ਰੂਪ ਵਿਚ ਥਾਂ-ਥਾਂ ਜੜੇ ਹੋਏ ਹਨ। ਇੰਝ ਜਾਪਦਾ ਹੈ ਕਿ ਇਹ 'ਨਿਤਾਰਨ' ਦਾ ਕਾਰਜ, ਜੋ ਪਸ਼ੌਰਾ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੇ ਸਿਰ ਮੜ੍ਹਿਆ ਹੈ, ਵੀ ਪਸ਼ੌਰਾ ਸਿੰਘ ਦੀ ਦਿਮਾਗੀ ਕਾਢ ਹੀ ਹੈ। ਇਹ ਕਾਢ ਉਸ ਨੇ ਆਪਣੇ ਥੀਸਿਸ ਦਾ ਮਸਾਲਾ ਇਕੱਠਾ ਕਰਨ ਲਈ ਕੱਢੀ।

3. ਭਗਤਾਂ ਦੀ ਬਾਣੀ ਬਾਅਦ ਵਿਚ ਭਗਤ ਜਨਾਂ ਦੀ ਸ਼ਰਧਾ ਦੇਖ ਕੇ ਅੰਕਿਤ ਕੀਤੀ ਗਈ।

ਇਹ ਮਸਲਾ ਸਿੱਖ ਵਿਚਾਰਧਾਰਾ ਦੀ ਮੁਢਲੀ ਪ੍ਰੰਪਰਾ 'ਤੇ ਸੱਟ ਮਾਰਦਾ ਹੈ। ਬਾਣੀ ਸਿੱਖ ਵਿਚਾਰਧਾਰਾ ਜਾਂ ਦਾਰਸ਼ਨਿਕ ਪੱਧਰ ਉਤੇ ਪਰਖ ਕੇ ਹੀ ਆਦਿ ਗ੍ਰੰਥ ਵਿਚ ਦਰਜ ਕੀਤੀ ਗਈ ਹੈ ਨਾ ਕਿ ਕਿਸੇ ਮਨੁੱਖਵਾਦੀ ਜਾਂ ਰਾਜਨੀਤਕ ਪ੍ਰਭਾਵਾਂ ਅਧੀਨ।

ਇਕ ਗੱਲ ਪਸ਼ੌਰਾ ਸਿੰਘ ਦੇ ਹੱਕ ਵਿਚ ਜਾਂਦੀ ਹੈ ਕਿ ਉਸਦੇ ਥੀਸਿਸ ਨੂੰ ਪੜ੍ਹਿਆ ਇੰਝ ਜਾਪਦਾ ਹੈ ਕਿ ਇਹ ਬੜੀ ਮਿਹਨਤ ਅਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਲਿਖਿਆ ਹੋਇਆ ਹੈ, ਪਰ ਜੇ ਇਕ ਪੀ.ਐਚ.ਡੀ. ਦੇ ਪੱਧਰ ਦੀ ਖੋਜ ਇਸ ਵਿਚੋਂ ਲੱਭੀਏ ਤਾਂ ਇਸ ਉਪਾਧੀ ਦੇ ਹਾਣ ਦੀ ਖੋਜ ਦੀ ਇਸ ਵਿਚ ਘਾਟ ਹੈ।

ਵਿਚਾਰਨਯੋਗ ਗੱਲ ਇਹ ਹੈ ਕਿ ਪਸ਼ੌਰਾ ਸਿੰਘ ਨੇ ਆਪਣੇ ਆਪ ਨੂੰ ਗੁਰੂ ਦਾ ਸਿੱਖ ਮੰਨਦਿਆਂ ਹੋਇਆਂ ਅਜਿਹਾ ਕਿਉਂ ਕੀਤਾ। ਮੇਰੇ ਵਿਚਾਰ ਵਿਚ ਇਹ ਉਸ ਨੇ ਪੀ.ਐਚ.ਡੀ. ਦੀ ਉਪਾਧੀ ਦੀ ਪੱਛਮੀ ਵਿਦਵਾਨਾਂ ਵਲੋਂ ਦਿੱਤੀ ਗਈ ਲਾਲਸਾ ਅਧੀਨ ਕੀਤਾ ਹੈ। ਇਸ ਦਾ ਪ੍ਰਮਾਣ ਉਸ ਦੇ ਥੀਸਿਸ ਵਿਚ ਥਾਂ-ਥਾਂ ਇਹ ਮੰਨਣਾ ਕਿ 'ਆਦਿ ਗ੍ਰੰਥ' ਹੀ ਸਿੱਖਾਂ ਦੀ ਪ੍ਰਮਾਣਿਕ ਬੀੜ ਹੈ, ਵਿਚੋਂ ਮਿਲਦਾ ਹੈ। ਮੇਰੇ ਵਿਚਾਰ ਅਨੁਸਾਰ ਪੱਛਮੀ ਵਿਦਵਾਨਾਂ ਨੇ ਪਸ਼ੌਰਾ ਸਿੰਘ ਨੂੰ ਇਕ ਹੱਥ-ਕੰਡਾ ਬਣਾਇਆ ਹੈ ਤਾਂ ਕਿ ਉਹ ਆਪਣੀ ਵਿਚਾਰਧਾਰਾ ਕਿਸੇ ਸਿੱਖ ਵਿਦਿਆਰਥੀ ਰਾਹੀਂ ਸਿੱਖ ਮੱਤ ਉਪਰ ਠੋਸ ਸਕਣ। ਇਹ ਸਿੱਖ ਵਿਦਿਆਰਥੀ ਦਾ ਦੁਰਭਾਗ ਹੈ। ਪਰ ਸਵਾਲ ਇਹ ਉਠਦਾ ਹੈ ਕਿ ਇਸ ਦੁਨੀਆਂ ਵਿਚ ਕਿੰਨੇ ਕੁ ਵਿਅਕਤੀ ਐਸੇ ਹੋਣਗੇ ਜੋ ਧਰਮ ਖਾਤਰ ਆਪਣੀ ਰੋਜ਼ੀ ਦੇ ਸਾਧਨਾਂ ਨੂੰ ਲੱਤ ਮਾਰ ਦੇਣ? ਇਸ ਸਵਾਲ ਦਾ ਉਤਰ ਲੱਭਣ ਲਈ ਸਾਨੂੰ ਆਪਣੇ ਅੰਦਰ ਡੂੰਘੀ ਨਜ਼ਰ ਮਾਰਨੀ ਪਵੇਗੀ, ਪਰ ਗੁਰੂ ਕੇ ਅਸਲੀ ਸਿੱਖ ਸ਼ਾਇਦ ਸਿੱਖ ਧਰਮ ਦੇ ਅਸੂਲਾਂ ਨੂੰ ਹੀ ਮਹੱਤਤਾ ਦੇਣ।



## ਮੂਲਮੰਤਰ ਦੀ ਵਿਆਖਿਆ
## (ਗੁਰਿੰਦਰ ਸਿੰਘ ਮਾਨ ਦੀ ਪੀ. ਐਚ. ਡੀ.)

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ*

ਇਸ ਲੇਖ ਦਾ ਮੰਤਵ ਮੂਲਮੰਤਰ ਦੇ ਸ਼ਬਦਾਂ ਦੀ ਨਿਰੁਕਤੀ ਅਤੇ ਫ਼ਿਲਾਸਫ਼ੀ ਬਾਰੇ ਸੰਖੇਪ ਜਿਹੀ ਜਾਣਕਾਰੀ ਦੇਣਾ ਹੈ ਅਤੇ ਇਸ ਦੇ ਨਾਲ ਹੀ ਮੂਲਮੰਤਰ ਬਾਰੇ ਪਾਏ ਭੁਲੇਖਿਆਂ ਬਾਰੇ ਵਿਚਾਰ ਕਰਨਾ ਹੀ ਸਾਡਾ ਉਦੇਸ਼ ਹੈ। ਮੂਲਮੰਤਰ ਦੀ ਮੌਲਿਕਤਾ ਬਾਰੇ ਸਭ ਤੋਂ ਪਹਿਲਾਂ ਮੀਣਿਆਂ ਨੇ ਭੁਲੇਖੇ ਪਾਏ। ਯਾਦ ਰਹੇ ਮੀਣਿਆਂ ਦਾ ਪੰਥ ਸਿੱਖ ਧਰਮ ਦੀ ਮੂਲ ਵਿਚਾਰਧਾਰਾ ਨਾਲੋਂ ਈਰਖਾ ਕਰਕੇ ਟੁੱਟਿਆ ਹੋਇਆ ਇਕ ਫਿਰਕੇ ਮਾਤਰ ਹੀ ਸੀ ਜਿਸ ਦੇ ਸੰਚਾਲਕ ਉਹ ਸਨ ਜੋ ਜਮਾਂਦਰੂ ਹੱਕ ਤਹਿਤ ਗੁਰਗੱਦੀ ਦੇ ਮਾਲਕ ਨਾ ਬਣ ਸਕੇ। ਇਸ ਫਿਰਕੇ ਦੇ ਸੰਚਾਲਕਾਂ ਵਿਚੋਂ ਪ੍ਰਿਥੀਚੰਦ ਦਾ ਨਾਂ ਉਭਰ ਕੇ ਸਾਹਮਣੇ ਆਉਂਦਾ ਹੈ। ਮੀਣਾ ਸ਼ਬਦ ਭਾਈ ਗੁਰਦਾਸ ਜੀ ਨੇ ਇਸ ਫ਼ਿਰਕੇ ਬਾਰੇ ਵਰਤਿਆ ਸੀ। ਉਹ ਲਿਖਦੇ ਹਨ :

ਸਤਿਗੁਰੂ ਸੱਚਾ ਪਾਤਸ਼ਾਹ, ਮੁਹ ਕਾਲੇ ਮੀਣਾ। 'ਮੀਣਾ' ਦਾ ਸ਼ਾਬਦਿਕ ਅਰਥ ਹੈ ਕਪਟਵਿਹਾਰ ਕਰਨ ਵਾਲਾ ਇਨਸਾਨ।

ਮੀਣਾ ਪ੍ਰਥਾ ਨੇ ਗੁੱਸੇ ਅਤੇ ਈਰਖਾ ਵਿਚ ਆ ਕੇ ਆਪਣੀ ਵੱਖਰੀ ਗੁਰਗੱਦੀ ਸਥਾਪਤ ਕਰਨੀ ਚਾਹੀ। ਇਸ ਲਾਲਸਾ ਅਧੀਨ ਉਨ੍ਹਾਂ ਨੇ ਸਮੇਂ ਸਮੇਂ ਲੋੜ ਅਨੁਸਾਰ ਪੱਕੀ ਬਾਣੀ ਨੂੰ ਤੋੜ-ਮਰੋੜ ਕੇ 'ਕੱਚੀ ਬਾਣੀ' ਵਿਚ ਤਬਦੀਲ ਵੀ ਕੀਤਾ। ਆਪਣੇ-ਆਪਣੇ ਗ੍ਰੰਥ ਵੀ ਤਿਆਰ ਕਰਾਏ ਜਿਨ੍ਹਾਂ ਵਿਚ 'ਗੋਇੰਦਵਾਲ ਪੋਥੀਆਂ' ਅਤੇ 'ਹਰਸਹਾਏ ਪੋਥੀਆਂ' ਮਸ਼ਹੂਰ ਹਨ। 'ਹਰਸਹਾਏ ਪੋਥੀਆਂ' ਨੂੰ ਗੁਰੂ ਨਾਨਕ ਦੇ ਨਾਂ ਨਾਲ ਮੜ੍ਹਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਅਤੇ 'ਗੋਇੰਦਵਾਲ ਪੋਥੀਆਂ' ਨੂੰ ਗੁਰੂ ਅਮਰ ਦਾਸ ਦੇ ਨਾਂ ਨਾਲ ਜੋੜਿਆ ਗਿਆ। ਇਹ ਖੁਨਾਮੀਆਂ ਬਾਬਾ ਪ੍ਰੇਮ ਸਿੰਘ ਹੋਤੀ ਨੇ ਗੋਇੰਦਵਾਲ ਪੋਥੀਆਂ ਦੇ ਸੰਬੰਧ ਵਿਚ ਅਤੇ ਗਿਆਨੀ ਗੁਰਦਿੱਤ ਸਿੰਘ ਨੇ 'ਹਰਸਹਾਏ ਪੋਥੀਆਂ' ਦੇ ਸੰਬੰਧ ਵਿਚ ਕੀਤੀਆਂ। ਉਨ੍ਹਾਂ ਦੀ ਅਖੌਤੀ ਖੋਜ ਦੇ ਪਿਛਲਗਾਂ ਨੇ ਆਪਣਾ ਉੱਲੂ ਸਿੱਧਾ ਕਰਨ ਲਈ ਇਨ੍ਹਾਂ ਪੋਥੀਆਂ ਨੂੰ 'ਆਦਿ ਬੀੜ' (ਕਰਤਾਰਪੁਰੀ ਬੀੜ) ਤੋਂ ਪਹਿਲਾਂ ਰਚੀਆਂ ਗਈਆਂ ਸਿੱਧ ਕਰਨ ਲਈ ਅਨੇਕ ਪ੍ਰਕਾਰ ਦੀਆਂ ਕਲਾਬਾਜ਼ੀਆਂ ਮਾਰੀਆਂ। ਇਨ੍ਹਾਂ ਵਿਚ ਪਿਸ਼ੌਰਾ ਸਿੰਘ ਅਤੇ ਗੁਰਿੰਦਰ ਸਿੰਘ ਮਾਨ ਦੇ ਨਾਂ ਇਸ ਸੰਬੰਧ ਵਿਚ ਉੱਭਰ ਕੇ

ਸਾਹਮਣੇ ਆਉਂਦੇ ਹਨ। ਡਬਲਿਯੂ. ਐਚ. ਮੈਕਲਾਉਡ ਜਿਸ ਨੇ ਆਪਣੇ ਕਚਘਰੜ ਫ਼ਲਸਫ਼ਿਆਂ ਨੂੰ ਸਿੱਧ ਕਰਨ ਲਈ ਇਨ੍ਹਾਂ ਵਿਦਿਆਰਥੀਆਂ ਨੂੰ ਨੌਕਰੀ ਦਾ ਲਾਲਚ ਦੇ ਕੇ ਪਿੱਛੇ ਲਾ ਲਿਆ। ਡਾਕਟਰ ਪਿਸ਼ੌਰਾ ਸਿੰਘ ਦੇ ਥੀਸਿਸ ਦੀ ਜੋ ਚੀਰਫਾੜ ਹੋਈ ਉਸ ਬਾਰੇ ਬਹੁਤ ਪਾਠਕਾਂ ਨੂੰ ਪਤਾ ਹੈ। (ਦੇਖੋ Planned Attack on Aad Siri Guru Granth Sahib-Academics of Blasphemy (Edit B.S. Giani-1994) ਪਿੱਛੇ ਜਿਹੇ ਗੁਰਿੰਦਰ ਸਿੰਘ ਮਾਨ ਨੇ 'ਹਰਸਹਾਏ ਪੋਥੀਆਂ' ਨੂੰ ਗੁਰੂ ਨਾਨਕ ਦੀ ਬਾਣੀ ਜਾਂ ਬਾਣੀ ਦੀ ਕਾਪੀ ਸਿੱਧ ਕਰਨ ਦਾ ਊਟਪਟਾਂਗ ਉਪਰਾਲਾ ਕੀਤਾ। ਇਸ ਲੇਖ ਦਾ ਮੁੱਖ ਮੰਤਵ ਮੂਲਮੰਤਰ ਅਰਥਾਤ 'ਆਦਿ ਬੀੜ' ਵਿਚਲੇ ਮੂਲਮੰਤਰ ਦੀ ਹਰਸਹਾਏ ਪੋਥੀਆਂ ਅਰਥਾਤ ਆਦਿ ਬੀੜ ਵਿਚਲੇ ਮੂਲਮੰਤਰ ਦੀ ਤੁਲਨਾ ਕਰਨਾ ਹੈ ਅਤੇ ਇਹ ਸਿੱਧ ਕਰਨਾ ਹੈ ਕਿ ਆਦਿ ਬੀੜ ਵਿਚ ਦਰਜ ਮੂਲਮੰਤਰ ਕੇਵਲ ਗੁਰੂ ਨਾਨਕ ਦੇਵ ਜੀ ਦਾ ਹੈ ਅਤੇ 'ਹਰਸਹਾਏ ਪੋਥੀਆਂ' ਵਿਚਲਾ ਮੂਲਮੰਤਰ ਮੀਣਾ ਪ੍ਰਥਾ ਵਲੋਂ ਜਾਣ ਬੁਝ ਕੇ ਵਿਗਾੜਿਆ ਹੋਇਆ ਰੂਪ ਹੈ।

ਗੁਰਿੰਦਰ ਸਿੰਘ ਮਾਨ ਨੇ ਆਪਣੇ ਥੀਸਿਸ ਵਿਚ ਇਹ ਦਾਅਵਾ ਕੀਤਾ ਹੈ ਕਿ 'ਹਰਸਹਾਏ ਪੋਥੀਆਂ' ਵਿਚਲਾ ਮੂਲਮੰਤਰ ਗੁਰੂ ਨਾਨਕ ਦੇਵ ਜੀ ਦਾ ਅਸਲੀ ਮੂਲ ਮੰਤਰ ਹੈ। ਉਹ ਆਪਣੇ ਥੀਸਿਸ The Making of Sikh Scripture-Columbia Univ. New York, 1993 ਵਿਚ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਅਸਲੀ ਜਾਂ ਟਕਸਾਲੀ ਮੂਲਮੰਤਰ ਹਰਸਹਾਏ ਪੋਥੀਆਂ ਵਿਚੋਂ ਮਿਲਦਾ ਹੈ ਜੋ ਗੁਰੂ ਗ੍ਰੰਥ ਸਾਹਿਬ ਦਾ ਸਭ ਤੋਂ ਪੁਰਾਣਾ ਖਰੜਾ ਹੈ। ਅੱਗੇ ਲਿਖਦਾ ਹੈ ਕਿ "ਜੇ ਹਰਸਹਾਏ ਪੋਥੀਆਂ ਜੋ ਹੁਣ ਉਪਲਬਧ ਹਨ, ਅਸਲੀ ਗੁਰੂ ਨਾਨਕ ਦੀਆਂ ਲਿਖਤਾਂ ਨਹੀਂ ਹਨ ਤਾਂ ਇਹ ਗੁਆਚ ਚੁੱਕੀਆਂ ਹੱਥ ਲਿਖਤਾਂ ਦੀਆਂ ਕਾਪੀਆਂ ਜ਼ਰੂਰ ਹਨ, ਜਿਨ੍ਹਾਂ ਦਾ ਸਿੱਧਾ ਸੰਬੰਧ ਗੁਰੂ ਨਾਨਕ ਨਾਲ ਜਾ ਜੁੜਦਾ ਹੈ ਅਤੇ ਇਹ ਸਿੱਖ ਧਰਮ ਦਾ ਧੁਰਾ ਹਨ।" ਉਹ ਆਪਣੇ ਥੀਸਿਸ ਵਿਚ ਮੂਲ ਮੰਤਰ ਬਾਰੇ ਚਾਰ ਆਪ ਹੁਦਰੇ ਨਿਰਣੇ ਦਿੰਦਾ ਹੈ ਜੋ ਥੱਲੇ ਦਿੱਤੇ ਜਾ ਰਹੇ ਹਨ :

1. ਹਰਸਹਾਏ ਪੋਥੀਆਂ ਦੋ ਹਿੱਸਿਆਂ ਵਿਚ ਵੰਡੀਆਂ ਹੋਈਆਂ ਹਨ। ਮੂਲਮੰਤਰ ਦੋਹਾਂ ਹਿੱਸਿਆਂ ਵਿਚੋਂ ਪ੍ਰਾਪਤ ਹੁੰਦਾ ਹੈ। ਪਹਿਲੇ ਹਿੱਸੇ ਦਾ ਮੂਲਮੰਤਰ ਇਸ ਪ੍ਰਕਾਰ ਹੈ:

ੴ ਸਚਨਾਮ ਕਰਤਾਰ।

ਅਤੇ ਦੂਜੇ ਹਿੱਸੇ ਦਾ ਮੂਲਮੰਤਰ ਇਸ ਪ੍ਰਕਾਰ ਹੈ।

ੴ ਸਤਿਗੁਰੂ ਪਰਸਾਦਿ।

2. ਆਦਿ ਗ੍ਰੰਥ ਵਿਚਲੇ ਮੂਲਮੰਤਰ ਨੂੰ ਆਮ ਕਰਕੇ ਹਿੰਦੂ ਧਰਮ ਗ੍ਰੰਥਾਂ ਦੀ ਪਿੱਠਭੂਮੀ ਵਿਚ ਰੱਖ ਕੇ ਵਿਚਾਰਿਆ ਜਾਂਦਾ ਹੈ। ਪਰ ਲਗਦਾ ਇੰਝ ਹੈ ਕਿ ਮੂਲਮੰਤਰ ਦਾ 'ਕੁਰਾਨ' ਦੇ ਪਿਛੋਕੜ ਨਾਲ ਵਧੇਰੇ ਵਾਸਤਾ ਹੈ।

3. ਇਹ ਕਿਤੇ ਵੀ ਗਵਾਹੀ ਜਾਂ ਤਸਦੀਕ ਨਹੀਂ ਮਿਲਦੀ ਕਿ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਦਿੱਤੇ ਮੂਲਮੰਤਰ ਦਾ ਆਦਿ ਗ੍ਰੰਥ ਵਿਚਲੀ ਸਿੱਖ ਧਰਮ ਮਰਯਾਦਾ ਨਾਲ ਕੋਈ ਸਿੱਧਾ ਸੰਬੰਧ ਹੈ।



4. ਮੂਲ ਮੰਤਰ ਦਾ ਪ੍ਰਮੁੱਖ ਮੰਤਵ ਆਦਿ ਗ੍ਰੰਥ ਦੇ ਬਣਤਰੀ ਢਾਂਚੇ ਨਾਲ ਸੰਬੰਧਤ ਹੈ। ਇਹ ਮੁੱਢ ਵਿਚ ਕੇਵਲ ਇਕ ਮੰਗਲਾਚਰਣ ਵਾਂਗ ਹੀ ਵਰਤਿਆ ਗਿਆ ਹੈ। ਇਸ ਦਾ ਸਿੱਖ ਫ਼ਿਲਾਸਫ਼ੀ ਨਾਲ ਕੋਈ ਸੰਬੰਧ ਨਹੀਂ।

ਉਪਰੋਕਤ ਚਾਰ ਮਨੌਤਾਂ ਨੂੰ ਚਾਰ ਪ੍ਰਮੁੱਖ ਸਿਰਲੇਖਾਂ ਵਿਚ ਵੰਡ ਸਕਦੇ ਹਾਂ।

1. ਵਿਧਾਨ (Constitution)
2. ਪ੍ਰਸੰਗ (Context)
3. ਬਣਤਰ (Structure)
4. ਕਰੱਤਵ (Function)

ਹੇਠਾਂ ਅਸੀਂ ਇਕੱਲੇ-ਇਕੱਲੇ ਸਿਰਲੇਖ ਦੀ ਵਿਆਖਿਆ ਕਰਾਂਗੇ।

**ਵਿਧਾਨ (Constitution)**

'ਹਰਸਹਾਏ ਪੋਥੀਆਂ' ਦੇ ਆਧਾਰ 'ਤੇ ਇਹ ਦਾਅਵਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਮੌਲਿਕ ਮੂਲ ਮੰਤਰ ਕੇਵਲ ਪੰਜ ਯੁਜਾਂ ਦਾ ਬਣਿਆ ਹੋਇਆ ਹੈ।

ਇਕ, ਓ, ਸੱਚ, ਨਾਮ, ਕਰਤਾਰ।

ਇਹ ਮੂਲਮੰਤਰ ਗਿਆਨੀ ਗੁਰਦਿੱਤ ਸਿੰਘ ਦੀ ਸੰਪਾਦਿਤ ਕੀਤੀ ਹੋਈ 'ਹਰਸਹਾਏ ਪੋਥੀ ਨੰ.1' ਵਿਚੋਂ ਲਿਆ ਹੈ। ਪਰ ਪੋਥੀ ਨੰਬਰ 1 ਦੇ ਮੂਲਮੰਤਰ ਨੂੰ ਗੌਹ ਨਾਲ ਪੜ੍ਹਿਆਂ ਪਤਾ ਲੱਗਦਾ ਹੈ ਕਿ ਇਸ ਦੀ ਇਬਾਰਤ ਇਸ ਪ੍ਰਕਾਰ ਹੈ :

ਓ ਸਚਨਾਮ ਕਰਤਾਰ ਬਾਬਾ ਨਾਨਕ। ਗਿਆਨੀ ਗੁਰਦਿੱਤ ਸਿੰਘ ਇਸੇ ਨੂੰ ਇੰਝ ਪੜ੍ਹਦਾ ਹੈ :

ੴ ਸਤਿਨਾਮ-ਬਾਬਾ ਨਾਨਕ।

ਦੋਵੇਂ ਜਣੇ, ਇਕ ਪੋਥੀਆਂ ਦਾ ਸੰਪਾਦਕ ਅਤੇ ਦੂਜਾ ਪਾਰਖੂ, ਮੂਲਮੰਤਰ ਨੂੰ ਆਪਣੇ-ਆਪਣੇ ਮੰਤਵਾਂ ਅਨੁਸਾਰ ਪੜ੍ਹਦੇ ਹਨ। ਇਸ ਦਾ ਕੀ ਕਾਰਨ ਹੋ ਸਕਦਾ ਹੈ?

ਇਨ੍ਹਾਂ ਨੇ ਏਕਾ (੧) ਆਪਣੇ ਕੋਲੋਂ ਲਾ ਕੇ ਆਪਣੀ ਬੀੜ ਦੇ ਮੂਲ ਮੰਤਰ ਨਾਲ ਮੇਚਣਾ ਚਾਹਿਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸ਼ਬਦ 'ਸਚਨਾਮ' ਨਾ ਕਿ 'ਸਤਿਨਾਮ' ਗੁਰੂ ਨਾਨਕ ਦਾ ਅਸਲੀ ਵਰਤਿਆ ਹੋਇਆ ਸ਼ਬਦ ਹੈ। ਉਸ ਦੀ ਦਲੀਲ ਇਹ ਹੈ ਕਿ ਸ਼ਬਦ 'ਸਤਿਨਾਮ' ਗੁਰੂ ਨਾਨਕ ਦੀ ਬਾਣੀ ਵਿਚ ਕਿਧਰੇ ਨਹੀਂ ਮਿਲਦਾ। ਇਹ ਠੀਕ ਹੈ ਕਿ ਨਾਨਕ ਬਾਣੀ ਵਿਚ ਸੰਯੁਕਤ ਸ਼ਬਦ 'ਸਤਿਨਾਮ' ਕਿਧਰੇ ਨਹੀਂ ਮਿਲਦਾ ਅਤੇ ਸਚਿਨਾਮ ਕਈ ਥਾਵਾਂ 'ਤੇ ਮਿਲਦਾ ਹੈ। ਪਰ ਵੱਖਰੇ-ਵੱਖਰੇ ਤੌਰ 'ਤੇ ਸ਼ਬਦ 'ਸਤਿ' ਅਤੇ 'ਨਾਮਿ' ਨਾਨਕ ਬਾਣੀ ਵਿਚ ਕਈ ਥਾਈਂ ਆਏ ਹਨ।

ਉਦਾਹਰਣ ਵਜੋਂ :

ਸਤਿ : ਆਪ ਸਤਿਗੁਰ ਸ਼ਬਦ ਹੈ। (ਗਾਉੜੀ ੧)

ਆਪੇ ਸਤਿਗੁਰੂ ਆਪੇ ਸੇਵਕ (ਮਾਰੂ ੧)

ਅਨੇਕ ਥਾਵਾਂ 'ਤੇ 'ਸਤਿ' ਸ਼ਬਦ ਦਾ ਪ੍ਰਯੋਗ 'ਗੁਰੂ' ਸ਼ਬਦ ਨਾਲ ਹੋਇਆ ਅਰਥਾਤ ਉਸ ਧਰਮ ਸ਼ਕਤੀ ਦੇ ਸੰਬੰਧ ਵਿਚ ਕੀਤਾ ਗਿਆ ਹੈ।

ਨਾਮ : ਐਸਾ ਨਾਮ ਨਿਰੰਜਣ ਹੋਏ (ਬਿਲਾਵਲ 1)

ਐਸਾ ਨਾਮੁ ਰਤਨੁ ਨਿਸਿ (ਪ੍ਰਭਾਤੀ 1)

'ਹਰਸਹਾਏ ਪੋਥੀਆਂ ਦੇ ਮੂਲਮੰਤਰ ਵਿਚ ਅੰਕੜੇ ਇਕ (1) ਦਾ ਅਭਾਵ ਅਤੇ ਹੋਰ ਵਿਸ਼ੇਸ਼ਣਾਂ ਜਾਂ ਪ੍ਰਮਾਤਮਾ ਦੀ ਸਿਫ਼ਤ ਸਲਾਹ ਵਿਚ ਕਹੇ ਗਏ ਅਦੁੱਤੀ ਸ਼ਬਦਾਂ ਦੀ ਘਾਟ (ਕਰਤਾ, ਪੁਰਖੁ, ਨਿਰਭਉ, ਨਿਰਵੈਰ, ਅਕਾਲ, ਮੂਰਤਿ, ਅਜੂਨੀ, ਸੈਭੰ) ਅਤੇ ਗੁਰੂ ਨਾਨਕ ਦਾ ਨਿੱਜੀ ਨਾਂ (ਬਾਬਾ ਨਾਨਕ) ਦੇ ਆਧਾਰ 'ਤੇ ਹੇਠ ਦਿੱਤੇ ਨਤੀਜੇ ਸਹਿਜੇ ਹੀ ਕੱਢੇ ਜਾ ਸਕਦੇ ਹਨ।

1. ਗੁਰੂ ਨਾਨਕ ਨੇ ਅਧੂਰਾ ਮੂਲ ਮੰਤਰ ਚਿਤਵਿਆ ਅਤੇ ਪ੍ਰਚਾਰਿਆ।

2. ਆਪਣਾ ਨਿੱਜੀ ਨਾਂ (Name) ਵਰਤ ਕੇ (ਗੁਰੂ ਨਾਨਕ) 'ਗੁਰੂਡਮ' ਦੀ ਪ੍ਰਥਾ ਚਲਾਈ ਜਦਕਿ ਸਿੱਖ ਧਰਮ ਵਿਚ ਆਪਣੇ ਆਪ ਨੂੰ ਗੁਰੂ ਦੀ ਉਪਾਧੀ ਦੇਣਾ ਸਿੱਖ ਧਰਮ ਦੇ ਮੂਲ ਤੱਤਾਂ ਨਾਲ ਮੇਲ ਨਹੀਂ ਖਾਦਾ।

3. ਗੁਰੂ ਗ੍ਰੰਥ ਸਾਹਿਬ ਵਿਚਲਾ ਮੂਲਮੰਤਰ ਸਮੇਂ-ਸਮੇਂ ਬਾਅਦ ਦੇ ਗੁਰੂਆਂ ਰਾਹੀਂ ਸੋਧਿਆ ਜਾਂਦਾ ਰਿਹਾ।

ਗੁਰਿੰਦਰ ਸਿੰਘ ਮਾਨ ਦੇ ਆਪਣੇ ਥੀਸਿਸ ਵਿਚੋਂ ਕੱਢੇ ਉਪਰੋਕਤ ਨਿਰਣਿਆਂ ਦੇ ਆਧਾਰ 'ਤੇ ਸਹਿਜੇ ਹੀ ਇਹ ਵੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਇਕ ਸਾਧਾਰਨ ਬੁੱਧੀ ਦਾ ਮਾਲਕ ਸੀ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਨਾਨਕ ਬਾਣੀ ਦਾ ਸਿੱਖ ਫਿਲਾਸਫੀ ਦੀ ਉਸਾਰੀ ਵਿਚ ਕੋਈ ਗਿਨਣਯੋਗ ਮਹੱਤਵ ਨਹੀਂ। ਯਾਦ ਰਹੇ ਕਿ ਮੂਲ ਮੰਤਰ ਸਿੱਖ ਧਰਮ ਦੀ ਚੂਲ ਹੈ। ਡਾ. ਤਾਰਨ ਸਿੰਘ ਅਨੁਸਾਰ ਮੂਲ ਮੰਤਰ ਦੀ ਵਿਆਖਿਆ ਗੁਰੂ ਨਾਨਕ ਨੇ ਜਪੁਜੀ ਵਿਚ ਕੀਤੀ ਅਤੇ ਜਪੁਜੀ ਦੀ ਵਿਆਖਿਆ ਸਾਰਾ ਗੁਰੂ ਗ੍ਰੰਥ ਸਾਹਿਬ ਹੈ।

ਗੁਰੂ ਨਾਨਕ ਦੀ ਮਿਲਦੀ ਬਾਣੀ ਦੀ ਸਮੱਗਰੀ ਨੂੰ ਘੋਖਿਆਂ ਇਹ ਕਹਿਣ ਵਿਚ ਕੋਈ ਸੰਦੇਹ ਨਹੀਂ ਰਹਿੰਦਾ ਕਿ ਗੁਰੂ ਸਾਹਿਬ ਇਕ ਅਦੁੱਤੀ ਪ੍ਰਤਿਭਾ ਦੇ ਸਵਾਮੀ ਸਨ। ਉਨ੍ਹਾਂ ਦੀ ਬਾਣੀ ਵਿਚੋਂ ਅਨੇਕ ਅਟਲ ਸੱਚਾਈਆਂ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਗਿਆਨਕ ਨਿਰਣੇ ਮਿਲਦੇ ਹਨ ਅਤੇ ਮੂਲ ਰਹੱਸਵਾਦੀ ਗੱਲਾਂ ਦਾ ਗਿਆਨ ਹੁੰਦਾ ਹੈ। ਉਨ੍ਹਾਂ ਦੀ ਦਿੱਭ ਦ੍ਰਿਸ਼ਟੀ ਬ੍ਰਹਿਮੰਡ ਚੇਤਨਾ ਤੋਂ ਵੀ ਪਰੇ ਤੱਕ ਪਸਰੀ ਹੋਈ ਸੀ। ਉਹ ਕੋਈ ਸਨਾਤਨੀ, ਟਕਸਾਲੀ ਜਾਂ ਪਿਛਲੱਗ ਸੋਚਵਾਨ ਨਹੀਂ ਸਨ। ਉਨ੍ਹਾਂ ਹਮੇਸ਼ਾ ਨਵੇਂ ਦਿਸਹੱਦਿਆਂ ਵੱਲ ਕਦਮ ਵਧਾਏ। ਉਨ੍ਹਾਂ ਦੀਆਂ ਅਨੇਕ ਯਾਤਰਾਵਾਂ ਇਸ ਗੱਲ ਦੀ ਗਵਾਹੀ ਹਨ ਕਿ ਜਿੱਥੇ ਕਿਤੇ ਵੀ ਉਨ੍ਹਾਂ ਨਾਲ ਕੋਈ ਵਿਚਾਰ ਗੋਸ਼ਟੀ ਕਰਨ ਵਾਲਾ ਦਿਸਦਾ ਸੀ, ਉਹ ਉਸ ਪਾਸ ਆਪ ਤਰੱਦਦ ਨਾਲ ਚੱਲ ਕੇ ਪਹੁੰਚੇ ਅਤੇ ਗੱਲਬਾਤ ਰਾਹੀਂ ਧਰਮ ਕਰਮ ਦੇ ਕਈ ਨਿਪਟਾਰੇ ਕੀਤੇ। ਉਨ੍ਹਾਂ ਸਮਕਾਲੀ ਧਰਮਾਂ ਦੀਆਂ ਧਰਮ ਪੁਸਤਕਾਂ ਹੀ ਨਹੀਂ ਵਾਚੀਆਂ ਸਗੋਂ ਉਨ੍ਹਾਂ ਦੇ ਪੈਰੋਕਾਰਾਂ ਪਾਸੋਂ ਉਨ੍ਹਾਂ ਦੀ ਸਪੱਸ਼ਟਤਾ ਵੀ ਕਰਵਾਈ। ਉਸ ਸਾਰੇ ਤੁਲਨਾਤਮਕ ਘੋਰ ਗਿਆਨ ਤੋਂ ਬਾਦ ਹੀ ਉਨ੍ਹਾਂ ਆਪਣੇ ਸਿਧਾਂਤਾਂ ਨੂੰ ਨਿਖਾਰਿਆ ਅਤੇ ਧਰਮ ਸ਼ਕਤੀ ਪ੍ਰਮਾਤਮਾ ਦੀ ਹਸਤੀ ਨੂੰ ਮੁੱਖ ਰੱਖ ਕੇ ਸਿੱਖ ਧਰਮ ਫ਼ਿਲਾਸਫ਼ੀ ਦੀ ਨੀਂਹ ਰੱਖੀ। ਸਭ ਤੋਂ ਉੱਤਮ, ਅਦੁੱਤੀ



ਅਤੇ ਲਾਸਾਨੀ ਗਿਆਨ ਉਨ੍ਹਾਂ ਨੇ ਮੂਲਮੰਤਰ ਵਿਚ ਸੰਗਠਿਤ ਕੀਤਾ ਜਿਸ ਨੂੰ ਸਿੱਖ ਫ਼ਿਲਾਸਫ਼ੀ ਦਾ ਧੁਰਾ ਸਮਝਿਆ ਜਾਂਦਾ ਹੈ।

ਪਰਮ ਸ਼ਕਤੀ ਦੀ ਜੋ ਸਿਫ਼ਤ ਸਲਾਹ ਮੂਲਮੰਤਰ ਰਾਹੀਂ ਵਿਅਕਤ ਹੁੰਦੀ ਹੈ, ਉਸ ਦਾ ਹੋਰ ਕਿਤੇ ਵੀ ਕਿਸੇ ਧਰਮ ਵਿਚ ਕੋਈ ਸਾਨੀ ਨਹੀਂ। ਡਾਕਟਰ ਰੂਡੌਲਫ਼ ਔਟੋ ਨੇ ਪਰਮ ਸ਼ਕਤੀ ਦੀ ਸਿਫ਼ਤ ਸਲਾਹ ਆਪਣੀ ਪੁਸਤਕ (The Idea of the Holy) ਵਿਚ ਕਰਨ ਦੀ ਕੋਸ਼ਿਸ਼ ਕੀਤੀ। ਪਰ ਮੇਰਾ ਵਿਚਾਰ ਹੈ ਕਿ ਜੇ ਕਿਤੇ ਔਟੋ ਨੇ ਮੂਲ ਮੰਤਰ ਦਾ ਅਧਿਐਨ ਕੀਤਾ ਹੁੰਦਾ ਤਾਂ ਉਸ ਨੂੰ ਇਹ ਪੁਸਤਕ ਲਿਖਣ ਦੀ ਜ਼ਰੂਰ ਹੀ ਨਹੀਂ ਸੀ ਪੈਣੀ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਗੁਰੂ ਨਾਨਕ ਦਾ ਮੂਲ ਮੰਤਰ ਅਧੂਰਾ ਹੁੰਦਾ ਜਿਵੇਂ ਕਿ ਗੁਰਿੰਦਰ ਸਿੰਘ ਮਾਨ ਅਤੇ ਪਿਸ਼ੌਰਾ ਸਿੰਘ ਕਿਆਸ ਕਰਦੇ ਹਨ, ਤਾਂ ਦੂਸਰੇ ਗੁਰੂ ਸਾਹਿਬਾਨ ਗੁਰੂ ਨਾਨਕ ਦੇ ਨਾਂ ਹੇਠ ਆਪਣੀ ਬਾਣੀ ਦਾ ਉਚਾਰਨ ਨਾ ਕਰਦੇ। ਗੁਰੂ ਨਾਨਕ ਤਾਂ ਗੁਰੂਆਂ ਦਾ ਗੁਰੂ ਅਤੇ ਪੀਰਾਂ ਦਾ ਪੀਰ ਸੀ। ਇਸ ਦੇ ਪ੍ਰਮਾਣ ਸਿੱਖ ਗੁਰੂਆਂ ਦੀ ਬਾਣੀ ਅਤੇ ਫ਼ਿਲਾਸਫ਼ੀ ਵਿਚ ਭਲੀ ਭਾਂਤ ਮਿਲਦੇ ਹਨ।

'ਆਦਿ ਬੀੜ' (ਕਰਤਾਰਪੁਰੀ ਪੋਥੀ) ਵਿਚਲਾ ਮੂਲਮੰਤਰ ਕੇਵਲ ਗੁਰੂ ਨਾਨਕ ਪ੍ਰਤਿਭਾ ਵਾਲਾ ਮਾਨਵ ਹੀ ਵਿਅਕਤ ਕਰ ਸਕਦਾ ਹੈ। ਇਸ ਦੀ ਗਵਾਹੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਭਲੀ ਭਾਂਤ ਮਿਲਦੀ ਹੈ।

ਮੂਲ ਮੰਤਰ ਚੌਦਾਂ ਯੁਜਾਂ ਦਾ ਇਕ ਸੰਯੁਕਤ ਗਿਆਨ ਗੀਤ ਹੈ। ਉਹ ਇਸ ਪ੍ਰਕਾਰ ਹਨ :

(1) ੧, (2) ਓ, (3) ਸਤਿ, (4) ਨਾਮੁ, (5) ਕਰਤਾ, (6) ਪੁਰਖ, (7) ਨਿਰਭਉ, (8) ਨਿਰਵੈਰੁ, (9) ਅਕਾਲ, (10) ਮੂਰਤਿ, (11) ਅਜੂਨੀ, (12) ਸੈਭੰ, (13) ਗੁਰ, (14) ਪ੍ਰਸਾਦਿ।

ਕੁਝ ਵਿਦਵਾਨਾਂ ਨੇ ਇਨ੍ਹਾਂ ਦੀ ਗਿਣਤੀ ਸੱਤ, ਨੌਂ ਅਤੇ ਗਿਆਰਾਂ ਵੀ ਕੀਤੀ ਹੈ। (ਦੇਖੋ, ਭਗਤ ਸਿੰਘ ਵੇਦੀ, ਡਾਕਟਰ ਸ਼ੇਰ ਸਿੰਘ) ਅਸੀਂ ਵਿਆਖਿਆ ਦੀ ਖਾਤਰ ਏਥੇ ਮੂਲ ਮੰਤਰ ਨੂੰ ਨੌਂ ਇਕਹਿਰੇ ਅਤੇ ਸੰਯੁਕਤ ਸ਼ਬਦਾਂ ਦੇ ਆਧਾਰ 'ਤੇ ਵਿਚਾਰਾਂਗੇ।

## (1) ਇਕ (੧)

ਗਣਿਤ ਦੇ ਅੰਕੜੇ ਇਕ (੧) ਤੋਂ ਮੂਲ ਮੰਤਰ ਦਾ ਆਰੰਭ ਕਰਨਾ ਗੁਰੂ ਨਾਨਕ ਦੀ ਦਿੱਬ ਦ੍ਰਿਸ਼ਟੀ ਅਤੇ ਪ੍ਰਪੱਕ ਵਿਗਿਆਨਕ ਸੋਚ ਵੱਲ ਸੰਕੇਤ ਕਰਦਾ ਹੈ। ਇਕੋ ਪਰਮ ਸ਼ਕਤੀ (ਪ੍ਰਮਾਤਮਾ, ਈਸ਼ਵਰ, ਰਹੀਮ, ਗੌਡ (God) ਦੀ ਸਚਾਈ ਨੂੰ ਗਣਿਤ ਦੀ ਨਿਸ਼ਚਿਤ ਸੀਮਾ ਵਿਚ ਬੰਨ੍ਹ ਕੇ ਦੁਵੈਤ ਦੇ ਸੰਕਲਪ ਦਾ ਹਰ ਪਾਸਿਉਂ ਰਾਹ ਵਗਲ ਲਿਆ। ਭਾਸ਼ਾਈ ਸ਼ਬਦ ਇਕ ਵੀ ਵਰਤਿਆ ਜਾ ਸਕਦਾ ਸੀ ਪਰ ਗੁਰੂ ਨਾਨਕ ਨੇ ਇੰਝ ਨਹੀਂ ਕੀਤਾ ਕਿਉਂਕਿ ਉਪਨਿਸ਼ਦਾਂ ਵਿਚ 'ਏਕਮ' ਸ਼ਬਦ ਦੀ ਵਰਤੋਂ ਬ੍ਰਹਮਾ ਦੇ ਸੰਦਰਭ ਵਿਚ ਪਹਿਲਾਂ ਹੀ ਕੀਤੀ ਗਈ ਹੈ। 'ਏਕਮ ਬ੍ਰਹਮਾ ਦਵਿਤੀਓ ਨਾਸਤੀ ਅਰਥਾਤ ਬ੍ਰਹਮਾ ਇਕ ਹੈ, ਦੂਜਾ ਕੋਈ ਨਹੀਂ। ਪਰ ਹਿੰਦੂ ਧਰਮ ਗ੍ਰੰਥਾਂ ਵਿਚ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਨੂੰ ਤਿੰਨ ਵੱਖ-ਵੱਖ ਦੇਵਤੇ ਮੰਨਿਆ ਗਿਆ ਹੈ। ਦੱਖਣੀ ਉਂਕਾਰ ਬਾਣੀ ਵਿਚ ਗੁਰੂ

ਨਾਨਕ ਲਿਖਦੇ ਹਨ :

ਓਅੰਕਾਰਿ ਬ੍ਰਹਮਾ ਉਤਪਤਿ
ਓਅੰਕਾਰੁ ਕੀਆ ਜਿਨਿ ਚਿਤਿ (ਰਾਮਕਲੀ 1)
ਅਰਥਾਤ ਪ੍ਰਮਾਤਮਾ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ।

ਇਸਲਾਮ ਅਤੇ ਇਸਾਈ ਧਰਮ ਦਾ ਅਦਵੈਤਵਾਦ ਭਾਵੇਂ ਇਕ ਪ੍ਰਮਾਤਮਾ ਦੀ ਹਾਮੀ ਭਰਦਾ ਹੈ ਤਾਂ ਵੀ ਏਕਵਾਦ ਬਾਰੇ ਸਪੱਸ਼ਟ ਨਹੀਂ ਜਾਪਦਾ। ਇਸ ਦੇ ਦੋ ਕਾਰਨ ਹਨ। ਪਹਿਲਾ ਦਵੈਤਵਾਦੀ ਭਾਵਨਾ ਕਰਕੇ ਅਤੇ ਦੂਜਾ ਭਾਸ਼ਾ ਕਰਕੇ। ਦਵੈਤਵਾਦ ਇਸਲਾਮ ਦੇ ਕਲਮੇ 'ਤਯੀਯਬ' ਵਿਚ ਉਪਲਬਧ ਹੁੰਦਾ ਹੈ ਜਿਸ ਦੇ ਅਨੁਸਾਰ ਰੱਬ ਇਕ ਹੈ। (ਲਾ ਇਲਾਹਾ ਇੱਲੀਲੱਲਾਹ) ਪਰ ਦੂਸਰੇ ਪਦ ਵਿਚ ਹਜ਼ਰਤ ਮੁਹੰਮਦ ਰੱਬ ਦਾ ਦੂਤ ਹੈ। (ਮੁਹੰਮਤ ਰਸੂਲ ਅੱਲਾ) ਏਥੇ ਮੁਹੰਮਦ ਸਾਹਿਬ ਨੂੰ ਰੱਬ ਦੇ ਰੂਪ ਵਿਚ ਵਿਅਕਤ ਕੀਤਾ ਗਿਆ ਹੈ ਜਿਸ ਕਾਰਨ ਇਸਲਾਮ ਵਿਚ ਦਵੈਤਵਾਦ ਦੇ ਲੱਛਣ ਮੌਜੂਦ ਹਨ ਭਾਵੇਂ ਇਸ ਨੂੰ ਬਹੁਤੇ ਵਿਦਵਾਨ ਕਈ ਹੋਰ ਪੱਖੋਂ ਵੀ ਵਿਚਾਰਦੇ ਹਨ। ਇਸੇ ਪ੍ਰਕਾਰ ਦਾ ਭਾਵ ਇਸਾਈ ਮੱਤ ਵਿਚ ਵੀ ਵਿਅਕਤ ਹੁੰਦਾ ਹੈ। ਈਸਾ ਮਸੀਹ ਆਪਣੇ ਆਪ ਨੂੰ ਰੱਬ ਦਾ ਫ਼ਰਜ਼ੰਦ ਕਹਿੰਦਾ ਹੈ ਅਤੇ ਇਕ ਥਾਂ ਇਹ ਵੀ ਕਹਿੰਦਾ ਹੈ ਕਿ ਮੈਂ ਹੀ ਮੁਕਤੀ ਦਾ ਮਾਰਗ ਹਾਂ। ਸਿੱਖ ਧਰਮ ਵਿਚ ਰੱਬ ਦੇ ਕੇਵਲ ਇਕ ਹੋਣ ਬਾਰੇ ਕੋਈ ਸ਼ੰਕਾ ਜਾਂ ਭੁਲੇਖਾ ਨਹੀਂ।

ਭਾਸ਼ਾ ਦੇ ਪੱਖੋਂ ਵੀ ਸ਼ਬਦ 'ਇਕ' ਜਾਂ 'ਏਕਮ' ਇਸ ਕਰਕੇ ਨਿਸਚਿਤ ਨਹੀਂ ਕਹੇ ਜਾ ਸਕਦੇ ਕਿਉਂਕਿ ਇਹ ਕੇਵਲ ਪ੍ਰਮਾਤਮਾ ਦੇ ਬਾਹਰੀ ਅਰਥਾਂ ਦੇ ਹੀ ਧਾਰਨੀ ਹਨ, ਅੰਦਰੂਨੀ ਭਾਵਨਾ ਵਿਅਕਤ ਨਹੀਂ ਕਰਦੇ। ਕਾਰਨ ਇਹ ਹੈ ਕਿ ਇਨ੍ਹਾਂ ਦਾ ਉਲਟ ਭਾਵੀ ਸ਼ਬਦ Antonym 'ਅਨੇਕ', 'ਏਕ' ਦੇ ਅਰਥਾਂ ਵਿਚ ਅਨਿਸ਼ਚਤਾ ਪੈਦਾ ਕਰਦਾ ਹੈ। ਹਿੰਦੂ ਧਰਮ ਇਕ ਪਾਸੇ ਬ੍ਰਹਮਾ ਨੂੰ ਇਕ ਰੱਬ ਦੇ ਰੂਪ ਵਿਚ ਦੇਖਦਾ ਹੈ ਅਤੇ ਦੂਜੇ ਪਾਸੇ ਵਿਸ਼ਨੂੰ ਅਤੇ ਸ਼ਿਵ ਨੂੰ ਵੀ ਪ੍ਰਮਾਤਮਾ ਦੇ ਵੱਖਰੇ-ਵੱਖਰੇ ਰੂਪਾਂ ਵਿਚ ਸਾਕਾਰ ਕਰਦਾ ਹੈ। ਨਾਲੇ ਇਹ ਵੀ ਮੰਨਦਾ ਹੈ ਕਿ ਇਹ ਤਿੰਨੇ ਦੇਵਤੇ ਪ੍ਰਮਾਤਮਾ ਦੇ ਦੇਹਧਾਰੀ ਚਿੰਨ (Incarnations) ਹਨ। ਸਿੱਧ ਹੈ ਕਿ ਅਨੇਕਵਾਦ ਜੋ ਏਕਵਾਦ ਦਾ ਉਲਟ ਭਾਵੀ ਹੈ, ਪ੍ਰਮਾਤਮਾ ਦੇ ਬਾਹਰੀ ਰੂਪ ਨੂੰ ਕਈ ਇਕਾਈਆਂ ਵਿਚ ਰੂਪਮਾਨ ਕਰਦਾ ਹੈ ਜਿਸ ਕਰਕੇ ਪ੍ਰਮਾਤਮਾ ਦਾ ਸਰਵ ਵਿਆਪੀ ਰੂਪ ਖੰਡਤ ਰੂਪਾਂ ਵਿਚ ਹੀ ਵਿਅਕਤ ਕਰਦਾ ਹੈ। ਜਦ ਅਸੀਂ ਪ੍ਰਮਾਤਮਾ ਦੀ ਇਕਾਈ ਨੂੰ ਦੇਵੀ ਦੇਵਤਿਆਂ ਜਾਂ ਬੁੱਤਾਂ ਦੇ ਰੂਪ ਵਿਚ ਵੰਡ ਲੈਂਦੇ ਹਾਂ ਤਾਂ ਇਹ ਸੱਚਾਈ ਨਹੀਂ ਰਹਿੰਦੀ ਸਗੋਂ ਸਾਡੇ ਪ੍ਰਤੱਖ ਗਿਆਨ ਦੀ ਵਿਚਾਰਸ਼ੀਲ ਇਕਾਈ ਬਣਕੇ ਸਾਹਮਣੇ ਆਉਂਦੀ ਹੈ। ਪਰ ਜਿਵੇਂ ਔਟੋ ਲਿਖਦਾ ਹੈ, ਪ੍ਰਮਾਤਮਾ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਸਾਰੀਆਂ ਸਿੱਧੀਆਂ ਦੀ ਸਿਧੀ ਹੈ। ਜਦ ਅਸੀਂ ਪ੍ਰਮਾਤਮਾ ਨੂੰ ਸਿੱਧ ਕਰਨ ਦੀ ਸੋਚਦੇ ਹਾਂ ਤਾਂ ਸਾਡੀ ਗਿਆਨ ਬਿਰਤੀ ਪ੍ਰਤੱਖ ਗਿਆਨ ਭਾਲਣ ਲੱਗ ਪੈਂਦੀ ਹੈ। ਪ੍ਰਤਖ ਨੂੰ ਤਜਰਬਿਆਂ ਨਾਲ ਸਿੱਧ ਕੀਤਾ ਜਾ ਸਕਦਾ ਹੈ ਜਦ ਕਿ ਪ੍ਰਮਾਤਮਾ ਇਨ੍ਹਾਂ ਪ੍ਰਕਿਰਿਆਵਾਂ ਦੀ ਵਲਗਣ ਤੋਂ ਬਾਹਰ ਵਿਚਰਦਾ ਹੈ। ਅਨੇਕਵਾਦ ਜਾਂ ਦਵੈਤਵਾਦ ਤੋਂ ਪ੍ਰਤੱਖਵਾਦ ਦਾ ਝਉਲਾ ਪੈਂਦਾ ਹੈ ਪਰ ਏਕਵਾਦ ਜਾਂ ਅਦਵੈਤਵਾਦ



ਇਨ੍ਹਾਂ ਘੁੰਮਣਘੇਰੀਆਂ ਤੋਂ ਨਿਰਲੇਪ ਰਹਿੰਦਾ ਹੈ। ਸਿੱਖ ਧਰਮ ਏਕਵਾਦ ਬਾਰੇ ਦੁਚਿੱਤੀ ਦੀ ਗੁੰਜਾਇਸ਼ ਹੀ ਨਹੀਂ ਪੈਦਾ ਹੋਣ ਦਿੰਦਾ ਕਿਉਂਕਿ ਉਸਦਾ ਧਰਮ ਗ੍ਰੰਥ (ਮੂਲ ਮੰਤਰ) ਦਾ ਆਰੰਭ ਹੀ ੧ਓ (ਇਕ ਓਅੰਕਾਰ) ਤੋਂ ਸ਼ੁਰੂ ਹੁੰਦਾ ਹੈ।

ਗੁਰੂ ਨਾਨਕ ਜੀ ਦੀ ਬਾਣੀ ਵਿਚ ਮੂਲ ਮੰਤਰ ਤੋਂ ਉਪਰੰਤ ਗਣਿਤ ਦਾ ਹਿੰਦਸਾ 1 ਹੋਰ ਕਿਤੇ ਵੀ ਨਹੀਂ ਵਰਤਿਆ ਗਿਆ। ਇਕ (੧) ਦੀ ਥਾਵੇਂ ਇਸ ਦੇ ਭਾਸ਼ਾਈ ਸਮਭਾਵੀ ਸ਼ਬਦ ਵੱਖਰੇ-ਵੱਖਰੇ ਰੂਪਾਂ ਵਿਚ ਵਰਤੇ ਗਏ ਹਨ, ਜਿਵੇਂ ਏਕਾ, ਇਕ, ਇਕੋ, ਏਕਸ ਆਦਿ (ਦੇਖੋ ਰਾਗ ਸਿਰੀ, ਮਾਝ, ਤੁਖਾਰੀ ਆਦਿ)। ਸਵਾਲ ਪੈਦਾ ਹੁੰਦਾ ਹੈ ਕਿ ਉਨ੍ਹਾਂ ਅਜਿਹਾ ਕਿਉਂ ਕੀਤਾ?

ਗੁਰਬਾਣੀ ਕਵਿਤਾ ਵਿਚ ਉਚਾਰੀ ਗਈ ਹੈ ਅਤੇ ਰਾਗਾਂ ਦੀਆਂ ਨਿਸ਼ਚਿਤ ਸੁਰਾਂ ਵਿਚ ਬੰਨ੍ਹੀ ਗਈ ਹੈ। ਗੁਰੂ ਨਾਨਕ ਦੀ ਬਾਣੀ ਕੋਈ ਵੀਹ ਰਾਗਾਂ ਵਿਚ ਮਿਲਦੀ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਬਾਣੀ ਵੱਖਰੇ-ਵੱਖਰੇ ਛੰਦ ਪ੍ਰਬੰਧਾਂ ਵਿਚ ਮਿਲਦੀ ਹੈ, ਜਿਵੇਂ ਸੋਰਠਾ, ਚੌਪਈ, ਨਿਸ਼ਾਨੀ ਛੰਦ, ਤ੍ਰਿਭੰਗੀ, ਬੈਂਤ, ਸਿਰਖੰਡੀ, ਸਲੋਕ ਆਦਿ। ਹਰ ਛੰਦ, ਮਾਤਰਾ ਜਾਂ ਵਰਣਾਂ ਦੀ ਗਿਣਤੀ ਮਿਣਤੀ ਵਿਚ ਵਿਚਰਦਾ ਹੈ ਜੋ ਦੋ ਤੁਕਾਂ ਵਿਚ ਵੰਡਿਆ ਜਾਂਦਾ ਹੈ। ਸੋਰਠਾ ਦੀ ਪੰਗਤੀ ਦੇ ਪਹਿਲੇ ਚਰਣ ਵਿਚ 11 ਮਾਤਰਾਂ ਅਤੇ ਦੂਜੇ ਵਿਚ 13 ਮਾਤਰਾਂ ਹੁੰਦੀਆਂ ਹਨ। ਉਚਾਰਣ ਵਜੋਂ-

*ਸਾਲਾਹੀ ਸਲਾਹਾ,*
*ਏਤੀ ਸੁਰਤਿ ਨਾ ਪਾਇਆ॥*
*ਨਦੀਆਂ ਅਤੈ ਵਾਹ,*
*ਪਵਹਿ ਸਮੁੰਦ ਨਾ ਜਾਨੀਅਹਿ॥*

ਚੌਪਈ ਮਾਤਰਿਕ ਛੰਦ ਹੈ। ਇਸ ਦੀਆਂ ਚਾਰ ਤੁਕਾਂ ਅਤੇ ਹਰ ਤੁਕ ਵਿਚ 15 ਜਾਂ 16 ਮਾਤਰਾਂ ਹੁੰਦੀਆਂ ਹਨ। ਜਪੁਜੀ ਦੀ ਬਹੁਤੀ ਛੰਦਬੰਦੀ, ਚੌਪਈ ਵਿਚ ਕੀਤੀ ਗਈ ਹੈ। ਆਉਂ ਦੇਖੀਏ ਕਿ ਗੁਰੂ ਨਾਨਕ ਛੰਦਾਂ ਵਿਚ ਅੰਕੜਾ ੧ ਦੇ ਸਮਅਰਥੀ ਭਾਸ਼ਾਈ ਸ਼ਬਦ ਕਿਸ ਪ੍ਰਕਾਰ ਵਰਤਦਾ ਹੈ। ਜਪੁਜੀ ਵਿਚੋਂ ਕੁਝ ਉਦਾਹਰਣਾਂ ਦੇਖੋ-

| | |
|---|---|
| *ਪੰਚਾਂ ਕਾ ਗੁਰ ਏਕੁ ਧਿਆਨੁ* | *-15 ਮਾਤਰਾਂ* |
| *ਕੀਤਾ ਪਸਾਉ ਏਕੋ ਕਵਾਉ* | *-16 ਮਾਤਰਾਂ* |
| *ਵਾਰਿਆ ਨਾ ਜਾਵਾ ਏਕ ਵਾਰ* | *-16 ਮਾਤਰਾਂ* |
| *ਬੈਤ ਛੰਦ* | |
| *ਏਕਾ ਮਾਈ ਜਗਤਿ ਵਿਆਈ ਤਿਨ ਚੇਲੇ ਪਰਵਾਣੁ* | *-27 ਮਾਤਰਾਂ* |
| *ਇਕ ਸੰਸਾਰੀ ਇਕ ਭੰਡਾਰੀ ਇਕ ਲਾਏ ਦੀਬਾਣ* | *-27 ਮਾਤਰਾਂ* |

ਉਪਰੋਕਤ ਉਦਾਹਰਣਾਂ ਵਿਚ ਗੁਰੂ ਨਾਨਕ ਨੇ ਏਕੁ, ਏਕੋ, ਏਕਾ, ਏਕ, ਸ਼ਬਦ ਵਰਤੇ ਹਨ। ਸਾਰਿਆਂ ਸ਼ਬਦਾਂ ਦਾ ਮਨੋਰਥ ਅੰਕੜਾ ੧ ਨੂੰ ਹੀ ਵਿਅਕਤ ਕਰਨਾ ਹੈ ਪਰ

ਮਾਤਰਾਂ ਦੀ ਗਿਣਤੀ ਪੂਰੀ ਰੱਖਣ ਲਈ ਵੱਖਰੇ-ਵੱਖਰੇ ਸ਼ਬਦ ਜੋੜ (ਸਪੈਲਿੰਗ) ਵਰਤੇ ਹਨ। ਏਥੇ ਗਿਣਤੀ ਵਾਚਕ ਚਿੰਨ੍ਹ (੧) ਨਹੀਂ ਵਰਤਿਆ ਜਾ ਸਕਦਾ।

ਗਣਿਤ ਸ਼ਾਸਤਰ ਦੇ ਅੰਕੜੇ 1 ਦੀ ਅਧਿਆਤਮਵਾਦੀ ਭਾਵਨਾ ਅਤੇ ਕਾਵਿ ਸ਼ਾਸਤਰ ਦੇ ਨਿਯਮਾਂ ਤੋਂ ਉਪਰੰਤ ਵਿਗਿਆਨਕ ਮਹੱਤਤਾ ਵਧੇਰੇ ਹੈ। ਗੁਰੂ ਨਾਨਕ ਦੇਵ ਇਸ ਮਹੱਤਤਾ ਤੋਂ ਭਲੀਭਾਂਤ ਗਿਆਤ ਸਨ। ਮੱਧਕਾਲੀਨ ਯੂਰਪ, ਮਿਸਰ ਅਤੇ ਇਟਲੀ ਦੇ ਦੇਸ਼ਾਂ ਵਿਚ ਨਿਰੋਲ ਅਧਿਆਤਮਵਾਦ ਨੂੰ ਉਸ ਵੇਲੇ ਚੁਣੌਤੀ ਮਿਲੀ ਜਦ ਯੂਨਾਨੀ ਫਿਲਾਸਫਰਾਂ ਦੇ ਬੌਧਿਕ ਸਿਧਾਂਤਾਂ ਦਾ ਬੋਲਬਾਲਾ ਹੋਇਆ। ਸੁਕਰਾਤ, ਅਫਲਾਤੂਨ, ਅਰਸਤੂ ਅਤੇ ਆਰਕੀਮੀਡਸ ਦੇ ਗਣਿਤ ਤੇ ਆਧਾਰਤ ਦਾਰਸ਼ਿਕ ਸਿਧਾਂਤਾਂ ਨੂੰ ਪੁਸ਼ਟੀ ਮਿਲਣ ਕਾਰਨ ਸਾਇੰਸਦਾਨਾਂ ਦਾ ਧਿਆਨ ਬ੍ਰਹਿਮੰਡਕ ਇਕਾਈਆਂ ਦੀ ਹੋਂਦ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਵੱਲ ਗਿਆ। ਕੈਥੋਲਿਕ ਚਰਚ (Church) ਦੇ ਪੁਰਾਤਨ ਤੁਰੇ ਆਉਂਦੇ ਅੰਧਵਿਸ਼ਵਾਸ ਕਾਰਨ ਧਰਤੀ ਨੂੰ ਸ੍ਰਿਸ਼ਟੀ ਦਾ ਧੁਰਾ ਸਮਝਿਆ ਜਾਂਦਾ ਸੀ। ਇਸ ਮਿੱਥ ਨੂੰ ਤੋੜਨ ਲਈ ਕੁਪਰਨੀਕਸ ਨੇ ਹੈਲੀਓਸੈਂਟ੍ਰਿਕ ਸਿਧਾਂਤ ਪ੍ਰਸਤੁਤ ਕੀਤਾ। ਇਸ ਸਿਧਾਂਤ ਅਨੁਸਾਰ ਸ੍ਰਿਸ਼ਟੀ ਵਿਚ ਘੁੰਮਦੇ ਫਿਰਦੇ ਸਿਤਾਰੇ ਅਤੇ ਸਿਆਰੇ ਇਕ ਗਣਿਤ ਦੀ ਇਕਾਈ ਵਿਚ ਬੱਝੇ ਹੋਏ ਹਨ ਅਤੇ ਸੂਰਜ ਦੇ ਆਲ਼ੇ-ਦੁਆਲ਼ੇ ਘੁੰਮਦੇ ਹਨ। ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਧਰਤੀ ਹੀ ਬ੍ਰਹਿਮੰਡ ਦਾ ਧੁਰਾ ਹੈ। ਇਸ ਮਿੱਥ ਨੂੰ ਤੋੜਨ ਲਈ ਕੁਪਰਨੀਕਸ ਨੇ ਗਣਿਤ ਦਾ ਆਸਰਾ ਲਿਆ।

ਕੁਪਰਨੀਕਸ (1473-1543) ਗੁਰੂ ਨਾਨਕ (1469-1543) ਦਾ ਸਮਕਾਲੀ ਸੀ। ਸਮਕਾਲੀ ਵਿਚਾਰਧਾਰਾ ਪੁਰਾਤਨ ਵਿਚਾਰਧਾਰਾ ਨਾਲੋਂ ਹਮੇਸ਼ਾ ਵਧੇਰੇ ਪ੍ਰਬਲ ਅਤੇ ਸਨਸਨੀਖੇਜ ਹੁੰਦੀ ਹੈ। ਇਸ ਲਈ ਕੁਦਰਤੀ ਹੈ ਕਿ ਸਮਕਾਲੀ ਗਣਿਤ ਦੀ ਮਹੱਤਤਾ ਦਾ ਪ੍ਰਭਾਵ ਗੁਰੂ ਨਾਨਕ ਜੀ ਤੇ ਜ਼ਰੂਰ ਪਿਆ ਹੋਵੇਗਾ। ਗੁਰੂ ਨਾਨਕ ਦੀਆਂ ਮੁਸਲਮ ਦੇਸ਼ਾਂ ਵੱਲ ਉਦਾਸੀਆਂ ਸਮੇਂ ਉਨ੍ਹਾਂ ਜ਼ਰੂਰ ਪੱਛਮੀ ਏਸ਼ੀਆ ਦੇ ਕਈ ਦਾਰਸ਼ਨਿਕਾਂ ਨਾਲ ਸੰਵਾਦ ਰਚਾਇਆ ਹੋਵੇਗਾ। ਕਿਉਂਕਿ ਸਮਕਾਲੀ ਵਿਚਾਰਧਾਰਾ ਹਮੇਸ਼ਾ ਮੁੱਖ ਵਿਸ਼ਾ ਹੋਇਆ ਕਰਦੀ ਹੈ ਅਤੇ ਖ਼ਾਸ ਕਰਕੇ ਜਿਸ ਦੇ ਕਾਰਨ ਉਸ ਵੇਲੇ ਦੀ ਚਰਚ ਦੀ ਧਾਰਮਿਕ ਪ੍ਰਥਾ ਨੂੰ ਚੁਣੌਤੀ ਦਾ ਮਸਲਾ ਖੜ੍ਹਾ ਹੋ ਗਿਆ ਸੀ। ਯਾਦ ਰਹੇ ਕਿ ਕੁਪਨੀਕਸ ਦਾ ਹੈਲੀਓਸੈਂਟ੍ਰਿਕ ਸਿਧਾਂਤ ਕੈਥੋਲਿਕ ਚਰਚ ਦੀ ਵਿਚਾਰਧਾਰਾ ਨਾਲ ਸਿੱਧਾ ਟਕਰਾਉਂਦਾ ਸੀ ਕਿਉਂਕਿ ਈਸਾਈ ਧਰਮ ਗ੍ਰੰਥਾਂ ਅਨੁਸਾਰ ਧਰਤੀ ਦੇ ਦੁਆਲ਼ੇ ਹੋਰ ਬ੍ਰਹਿਮੰਡਕ ਇਕਾਈਆਂ ਘੁੰਮਦੀਆਂ ਹਨ। ਸਿੱਧ ਹੈ ਕਿ ਗੁਰੂ ਨਾਨਕ ਦੇ ਸਮੇਂ ਗਣਿਤ ਵਿਗਿਆਨ ਅਤੇ ਸਮਕਾਲੀ ਧਰਮ ਮਰਯਾਦਾ ਦੇ ਵਿਚਕਾਰ ਸਿੱਧੀ ਟੱਕਰ ਦੇ ਕਾਰਨ ਇਹ ਖ਼ਬਰ ਸਾਰੇ ਜਗ ਵਿਚ ਅੱਗ ਵਾਂਗ ਫੈਲੀ ਹੋਵੇਗੀ। ਇਸ ਘਟਨਾ ਨੇ ਗੁਰੂ ਨਾਨਕ ਜੀ ਨੂੰ ਆਪਣੇ ਧਾਰਮਿਕ ਵਿਚਾਰਾਂ ਪ੍ਰਤੀ ਵਧੇਰੇ ਸੁਚੇਤ ਕੀਤਾ ਹੋਵੇਗਾ। ਕੁਪਰਨੀਕਸ ਦੇ ਸਿਧਾਂਤ ਦੀ ਸ਼ਕਤੀ ਦਾ ਅਨੁਮਾਨ ਭਲੀਭਾਂਤ ਹੀ ਗੁਰੂ ਨਾਨਕ ਦੀ ਦਿਬ ਦ੍ਰਿਸ਼ਟੀ ਦਾ ਹਿੱਸਾ ਬਣਿਆ ਹੋਵੇਗਾ। ਇਸ ਲਈ ਉਨ੍ਹਾਂ ਨੇ ਮੂਲਮੰਤਰ ਦੇ ਆਰੰਭ ਵਿਚ ਗਣਿਤ ਸ਼ਾਸਤਰ ਦੇ ਅੰਕੜੇ ਇਕ (1) ਨੂੰ ਸਜਾ ਕੇ ਸਮਕਾਲੀ ਧਰਮਾਂ ਦੇ ਅਨੇਕਵਾਦ ਦਾ ਵਿਗਿਆਨਕ ਢੰਗ ਨਾਲ ਖੰਡਨ ਕੀਤਾ।



### (2) ਓ

ਮੂਲਮੰਤਰ ਦਾ ਦੂਜਾ ਵਿਸ਼ੇਸ਼ਣ ਓ ਹੈ। ਇਸ ਦਾ ਉਚਾਰਨ ਓਅੰਕਾਰ ਕਰਕੇ ਕੀਤਾ ਜਾਂਦਾ ਹੈ। ਇਸ ਦੀ ਨਿਰੁਕਤੀ ਵੈਦਿਕ ਸ਼ਬਦ 'ਓਮ' ਤੋਂ ਹੋਈ। ਸ਼ਬਦ ਓਮ ਦੀ ਨਿਰੁਕਤੀ ਵੈਦਿਕ ਸ਼ਬਦ ਣਵ ਤੋਂ ਹੋਈ ਜੋ ਪਹਿਲਾਂ 'ਪ੍ਰਣਵ' ਵਿਚ ਵਿਗਸਤ ਹੋਇਆ। ਵੈਦਿਕ ਸਾਹਿਤ ਵਿਚ ਪ੍ਰਣਵ ਨੂੰ ਈਸ਼ਵਰ ਦਾ ਵਾਚਕ ਮੰਨਿਆ ਗਿਆ ਹੈ (ਤਸਯ ਵਾਚ : ਪ੍ਰਣਵ-ਪਾਤੰਜਲ ਯੋਗਸੂਤ੍ਰ-1/27। ਡਾਕਟਰ ਹਜ਼ਾਰੀ ਪ੍ਰਸਾਦ ਦਿਵੇਦੀ ਅਨੁਸਾਰ "ਨਾਦ ਅਤੇ ਬਿੰਦੂ ਅਸਲ ਵਿਚ ਸੰਪੂਰਨ ਬ੍ਰਹਿਮੰਡ ਵਿਚ ਵਿਆਪਕ ਅਨਾਹਤ ਨਾਦ/ ਅਨਹਦ ਨਾਦ ਦਾ ਵਿਅਕਤੀ ਵਿਚ ਵਿਅਕਤ ਰੂਪ ਹੈ। ਇਹ ਨਾਦ ਅਸਲੋਂ ਉਪਾਧੀ ਰਹਿਤ ਹੋਣ ਤੇ 'ਪ੍ਰਣਵ' ਜਾਂ ਉਅੰਕਾਰ ਅਖਵਾਉਂਦਾ ਹੈ।" ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਜੀ ਨੇ ਮੂਲ ਮੰਤਰ ਵਿਚ ਓਅੰਕਾਰ ਦੀ ਬਜਾਏ ਇਸ ਦਾ ਸੰਖਿਪਤ ਰੂਪ 'ਓ' ਕਿਉਂ ਵਰਤਿਆ?

ਗੁਰੂ ਨਾਨਕ ਦੇਵ ਭਲੀਭਾਂਤ ਗਿਆਤਾ ਸਨ ਕਿ ਜੇ ਪ੍ਰਮਾਤਮਾ ਦੀ ਪਰਿਭਾਸ਼ਾ ਕਰ ਲੈਂਦੇ ਹਾਂ ਤਾਂ ਉਸ ਇਕਾਈ ਨੂੰ ਤਰਕ (Rational) ਦੇ ਧਰਾਤਲ ਤੇ ਲੈ ਆਉਂਦੇ ਹਾਂ। ਤਰਕ ਦੇ ਘੇਰੇ ਵਿਚ ਉਹੋ ਇਕਾਈਆਂ ਆ ਸਕਦੀਆਂ ਹਨ ਜੋ ਅਸੀਂ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਮਹਿਸੂਸ ਕਰ ਸਕਦੇ ਹਾਂ, ਛੋਹ ਸਕਦੇ ਹਾਂ ਜਾਂ ਤਜਰਬਿਆਂ ਨਾਲ ਸਿੱਧ ਕਰ ਸਕਦੇ ਹਾਂ ਅਤੇ ਇਹ ਪ੍ਰਤੱਖ ਗਿਆਨ ਦਾ ਘੇਰਾ ਹੈ। ਪਰ ਪ੍ਰਮਾਤਮਾ ਇਸ ਘੇਰੇ ਵਿਚ ਨਹੀਂ ਆਉਂਦਾ। ਗੁਰੂ ਨਾਨਕ ਜੀ ਨੇ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਗਿਆਨ ਦੇ ਪ੍ਰਸਾਰ ਲਈ ਉਸ ਪਰਮ ਸ਼ਕਤੀ ਦੀ ਘੱਟ ਤੋਂ ਘੱਟ ਸ਼ਬਦਾਂ ਵਿਚ ਪਰਿਭਾਸ਼ਾ ਦੇਣੀ ਚਾਹੀ। ਇਸ ਲਈ ਉਨ੍ਹਾਂ ਨੇ 'ਓਅੰਕਾਰ' ਜੋ ਉਪਨਿਸ਼ਦਾਂ ਦਾ ਸ਼ਬਦ ਹੈ, ਨੂੰ ਕੇਵਲ 'ਓ' ਲਿਖਿਆ। ਓ ਦੀਆਂ ਅੰਤਰਭਾਵੀ ਸਿਫ਼ਤਾਂ ਨੂੰ ਸਾਕਾਰ ਕਰਨ ਲਈ ਉਨ੍ਹਾਂ ਨੇ ਉਚਿਤ ਵਿਸ਼ੇਸ਼ਣ ਵਰਤੇ ਜੋ ਮੂਲ ਮੰਤਰ ਦਾ ਅਨਿੱਖੜਵਾਂ ਅੰਗ ਹਨ (ਸਤਿਨਾਮ, ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ)।

ਪ੍ਰਮਾਤਮਾ ਦਾ ਸੰਖਿਪਤ ਨਾਮ "੧ਓ" ਨੂੰ ਬੀਜ ਮੰਤਰ ਵੀ ਕਿਹਾ ਜਾਂਦਾ ਹੈ। ਨਾਨਕ ਬਾਣੀ ਵਿਚ 'ਓ' ਕਿਤੇ ਨਹੀਂ ਵਰਤਿਆ ਗਿਆ। ਇਸ ਦਾ ਸਮਭਾਵੀ ਸ਼ਬਦ ਓਅੰਕਾਰ ਵਰਤਿਆ ਗਿਆ ਹੈ। ਓਅੰਕਾਰ ਕਾਵਿਕ ਛੰਦ ਦੀਆਂ ਬੰਦਸ਼ਾਂ ਕਰਕੇ ਅਤੇ ਪ੍ਰਮਾਤਮਾ ਦੇ ਸੰਕਲਪਾਂ ਨੂੰ ਆਮ ਲੋਕਾਂ ਤੱਕ ਸੰਚਾਰਨ ਲਈ ਗੁਰਬਾਣੀ ਵਿਚ ਆਮ ਵਰਤਿਆ ਗਿਆ।

ਡਾਕਟਰ ਸ਼ੇਰ ਸਿੰਘ 'ਗਰਬ ਗੰਜਨੀ' ਟੀਕੇ (ਭਾਈ ਸੰਤੋਖ ਸਿੰਘ) ਦੇ ਆਧਾਰ 'ਤੇ ਲਿਖਦੇ ਹਨ ਕਿ ਓਅੰਕਾਰ ਦੇ 63 ਭੇਦ ਮਿਲਦੇ ਹਨ। ਇਹ ਭੇਦ ਦਸ ਨਾਵਾਂ ਵਿਚ ਵੰਡੇ ਗਏ ਹਨ। ਇਨ੍ਹਾਂ ਵਿਚੋਂ ਤਿੰਨ ਹਿੰਦੂ ਧਰਮ ਵਿਚ ਪ੍ਰਮੁੱਖ ਕਹੇ ਜਾ ਸਕਦੇ ਹਨ ਜਿਵੇਂ ਅਕਾਰ, ਮਕਾਰ ਅਤੇ ਉਕਾਰ ਜੋ ਕਰਮਵਾਰ ਬ੍ਰਹਮਾ, ਮਹੇਸ਼ ਅਤੇ ਵਿਸ਼ਨੂੰ ਦੇਵਤਿਆਂ ਦੇ ਵਾਚਕ ਹਨ। ਇਸ ਤੋਂ ਓਅੰਕਾਰ ਦੀ ਦਵੈਦਤਾ ਦੀ ਭਾਵਨਾ ਦਾ ਪਤਾ ਲਗਦਾ ਹੈ।

ਮੂਲ ਮੰਤਰ ਦੇ ਓ ਦੀ ਸੰਧੀਛੇਦ ਆਮ ਕਰਕੇ 'ਓਅੰ' ਅਤੇ 'ਕਾਰ' ਵਿਚ ਕੀਤੀ

ਜਾਂਦੀ ਹੈ। ਓਅੰ ਦਾ ਅਰਥ ਹੈ ਬ੍ਰਹਮ ਅਤੇ ਕਾਰ ਦਾ ਅਰਥ ਹੇ ਕੇਵਲ। ਇਸ ਪ੍ਰਕਾਰ ੴ ਦਾ ਅਰਥ ਹੋਇਆ ਕੇਵਲ ਇਕ ਬ੍ਰਹਮ। ਕਈ ਲੇਖਕ ਓ ਦੀ 'ਕਾਰ' ਨੂੰ ਓਅੰ ਦੀ ਲੰਬੀ ਧੁਨੀ ਉਚਾਰਨ ਨਾਲ ਮੇਚਦੇ ਹਨ ਭਾਵ ਕਿ ਕਾਰ ਦਾ ਸੰਬੰਧ ਕੇਵਲ ਓਅੰ ਦੀ ਨਿਰੰਤਰ ਧੁਨੀ ਨਾਲ ਹੈ ਪਰ ਇਸ ਦਾ ਆਪਣੇ ਆਪ ਵਿਚ ਕੋਈ ਅਰਥ ਨਹੀਂ। ਇਸ ਪਰਿਭਾਸ਼ਾ ਨਾਲ ਸਹਿਮਤ ਹੋਣਾ ਕਠਨ ਲਗਦਾ ਹੈ ਕਿਉਂਕਿ ਜੇ 'ਕਾਰ' ਦਾ ਕੋਈ ਅਰਥ ਨਾ ਹੁੰਦਾ ਤਾਂ ਗੁਰੂ ਸਾਹਿਬਾਨ ਨੇ ਓਅੰਕਾਰ ਸ਼ਬਦ ਨੂੰ ਵਰਤੋਂ ਵਿਚ ਹੀ ਨਹੀਂ ਲਿਆਉਣਾ ਸੀ। ਹਿੰਦੂ ਧਰਮ ਦੇ 'ਓਮ' ਦੇ ਲੰਬੇ ਉਚਾਰਨ ਨੂੰ ਓਅੰਕਾਰ ਦੀ ਕਾਰ ਵਿਚ ਵਿਕਸਤ ਕਰਨਾ ਸਿੱਖ ਧਰਮ ਨੂੰ ਹਿੰਦੂਵਾਦ ਦੇ ਦਵੈਦਵਾਦੀ ਅਰਥਾਂ ਨਾਲ ਜੋੜਦਾ ਹੈ ਕਿਉਂਕਿ ਵੇਦਾਂ ਵਿਚਲੇ ਓਮ ਨੂੰ ਪ੍ਰਮਾਤਮਾ ਅਤੇ ਦੇਵਤਿਆਂ ਦੇ ਸਮਅਰਥੀ ਰੂਪ ਵਿਚ ਵਰਤਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਓਅੰਕਾਰ ਅਤੇ ਓਅੰ ਦੋਵੇਂ ਸ਼ਬਦ ਮਿਲਦੇ ਹਨ ਅਤੇ ਦੋਹਾਂ ਨੂੰ ਪ੍ਰਮਾਤਮਾ ਜਾਂ ਪਾਰਬ੍ਰਹਮ ਦੇ ਰੂਪ ਵਿਚ ਵਰਤਿਆ ਗਿਆ ਹੈ।

*ਓਅੰਕਾਰਿ ਬ੍ਰਹਮਾ ਉਤਪਤਿ (ਰਾਮਕਲੀ ੧)*
*ਓਅੰਕਾਰਿ ਉਤਪਤਿ (ਮਾਰੂ 5)*
*ਓਅੰਕਾਰਿ ਏਕੋ ਰਵਿ ਰਹਿਆ (ਕਾਨੜਾ 4)*
*ਓਅੰਕਾਰਿ ਸਭ ਸ੍ਰਿਸਟਿ (ਮਾਰੂ 3)*
*ਓਅੰਕਾਰਿ ਲਖੈ ਜਾਓ (ਗਾਉੜੀ ਕਬੀਰ)*
*ਓਅੰ ਗੁਰਮੁਖਿ ਕੀਓ (ਗਾਉੜੀ 5)*
*ਓਅੰ ਪ੍ਰਿਅ ਪ੍ਰੀਤਿ ਚੀਤਿ (ਸਾਰੰਗ 5)*
*ਓਅੰ ਸਾਧ ਸਤਿਗੁਰ (ਗਾਉੜੀ 5)*

ਉਪਰੋਕਤ ਸਾਰੇ ਸ਼ਬਦਾਂ ਵਿਚ ਓਅੰਕਾਰ ਜਾ ਓਅੰ ਨੂੰ ਪ੍ਰਮਾਤਮਾ ਦੇ ਰੂਪ ਵਿਚ ਵਰਤਿਆ ਗਿਆ ਹੈ। ਯਾਦ ਰਹੇ ਕਿ ਗੁਰੂ ਨਾਨਕ ਨੇ ਓਅੰ ਜਾ ਓ ਆਪਣੀ ਬਾਣੀ ਵਿਚ ਨਹੀਂ ਵਰਤਿਆ ਕੇਵਲ ਮੂਲਮੰਤਰ ਵਿਚ ਹੀ ਵਰਤਿਆ ਹੈ। ਕਾਰਨ ਕੇਵਲ ਇਹ ਸੀ ਕਿ ਉਹ ਪ੍ਰਮਾਤਮਾ ਨੂੰ ਉਸ ਦੀ ਸਿਫ਼ਤ ਸਲਾਹ ਕਰਨ ਵੇਲੇ ਘੱਟ ਤੋਂ ਘੱਟ ਸ਼ਬਦਾਂ ਵਿਚ ਸਾਕਾਰ ਕਰਨਾ ਚਾਹੁੰਦੇ ਸਨ ਕਿਉਂਕਿ ਉਨ੍ਹਾਂ ਨੂੰ ਭਲੀਭਾਂਤ ਗਿਆਤ ਸੀ ਕਿ ਉਸ ਧਰਮ ਸ਼ਕਤੀ ਦੀ ਕੋਈ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ। ਭਾਸ਼ਾ ਦੀ ਨਾਮਕਰਨ ਦੀ ਅਯੋਗਤਾ ਨੂੰ ਦਰਸਾਉਣ ਲਈ ਉਨ੍ਹਾਂ ਕੇਵਲ 'ਓ' ਅੱਖਰ ਤੋਂ ਹੀ ਕੰਮ ਲਿਆ। ਪ੍ਰਮਾਤਮਾ ਦਾ ਘੱਟ ਤੋਂ ਘੱਟ ਅੱਖਰਾਂ ਵਿਚ ਨਾਮਕਰਨ ਕਰਨ ਤੋਂ ਬਾਅਦ ਉਸ ਦੇ ਅਦੁੱਤੀ ਗੁਣਾਂ ਨੂੰ ਗਿਣੇ ਮਿੱਥੇ ਲਾਸਾਨੀ ਸ਼ਬਦਾਂ ਵਿਚ ਵਿਅਕਤ ਕੀਤਾ ਜਿਸ ਨੂੰ ਮੂਲ ਮੰਤਰ ਦਾ ਨਾਂ ਦਿੱਤਾ।

ੴ ਮੂਲਮੰਤ੍ਰ ਹਰਿਨਾਮੁ ਰਸਾਇਣ
ਕਹੁ ਨਾਨਕ ਪੂਰਾ ਪਾਇਆ (ਜਪੁਜੀ)



ਮੂਲ ਮੰਤਰ ਦੇ ਅਗਲੇ ਸਾਰੇ ਵਿਸ਼ੇਸ਼ਣ ਨੂੰ ਸ੍ਰਿਸ਼ਟੀ ਦੇ ਕਾਰਜ ਅਤੇ ਕਿਰਿਆ ਦੇ ਰੂਪ ਹਨ। ਪ੍ਰਮਾਤਮਾ ਨੂੰ ਸ੍ਰਿਸ਼ਟੀ ਦੇ ਰੂਪ ਵਿਚ ਸਿਰਜਿਆ ਜਾਂਦਾ ਹੈ।

*ਧਰਤਿ ਪਾਤਾਲ ਆਕਾਸੁ ਹੈ*
*ਮੇਰੀ ਜਿੰਦੜੀਏ*
*ਸਭ ਰਹਿ ਰਹਿ ਨਾਮੁ*
*ਧਿਆਵੈ ਰਾਮ। (ਮਹੱਲਾ 4)*

ਗੁਰਮਤ ਅਨੁਸਾਰ ਸ੍ਰਿਸ਼ਟੀ ਦੇ ਸਾਰੇ ਜੀਵ ਅਤੇ ਭੌਤਕ ਅੰਸ਼ ਉਸ ਪ੍ਰਮਾਤਮਾ ਦੇ ਅਵਿਅਕਤ ਜਾਂ ਅਦਿੱਖ ਰੂਪ ਦਾ ਪ੍ਰਕਾਸ਼ ਹਨ ਜੋ ਉਚਾਰਨ ਵਿਧੀ ਜਾਂ ਮਨਸਿਮਰਨ ਰਾਹੀਂ ਉਸ ਦਾ ਗਿਆਨ ਵਧਾਉਂਦੇ ਹਨ।

ਗੁਰੂ ਨਾਨਕ ਦੇਵ ਪ੍ਰਮਾਤਮਾ ਨੂੰ ਕਿਸੇ ਸ਼ੁੱਧ ਨਾਮ ਜਾਂ ਸੰਗਿਆਂ ਅਤੇ ਪੜਨਾਂਵ ਨਾਲ ਨਹੀਂ ਪੁਕਾਰਨਾ ਚਾਹੁੰਦੇ ਹਨ। ਇਸ ਦੇ ਪਿੱਛੇ ਉਨ੍ਹਾਂ ਦਾ ਮਤ ਇਹ ਸੀ ਕਿ ਪ੍ਰਮਾਤਮਾ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ ਸਥੂਲ ਰੂਪ ਵਿਚ ਨਹੀਂ ਪਕੜਿਆ ਜਾ ਸਕਦਾ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਪ੍ਰਮਾਤਮਾ ਦਾ ਨਾਮਕਰਨ ਨਹੀਂ ਕੀਤਾ ਗਿਆ। ਜੋ ਵੀ ਨਾਮ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਨ ਉਹ ਕੇਵਲ ਆਪਣੀ ਗੱਲ ਲੋਕਾਂ ਨੂੰ ਸਮਝਾਉਣ ਲਈ ਵਰਤੇ ਗਏ ਹਨ। ਜਦ ਪ੍ਰਮਾਤਮਾ ਦੀ ਸਿਫ਼ਤ ਸਲਾਹ ਹਿੰਦੂ ਧਰਮ ਦੇ ਪ੍ਰਚਾਰਕਾਂ ਜਾਂ ਲੋਕਾਂ ਨਾਲ ਸਾਂਝੀ ਕੀਤੀ ਜਾਂਦੀ ਸੀ ਤਾਂ ਬ੍ਰਹਮ, ਈਸ਼ਵਰ, ਰਾਮ, ਭਗਵਾਨ, ਕ੍ਰਿਸ਼ਨ, ਮੁਰਾਰੀ ਆਦਿ ਵਰਤੇ ਜਾਂਦੇ ਸਨ। ਜਦ ਸੰਵਾਦ ਮੁਸਲਮਾਨ ਫ਼ਕੀਰਾਂ ਜਾ ਮੌਲਵੀਆਂ ਨਾਲ ਰਚਾਇਆ ਜਾਂਦਾ ਸੀ ਤਾਂ ਰੱਬ, ਰਹੀਮ, ਕਰੀਮ, ਮੌਲਾ, ਅੱਲਾ ਆਦਿ ਨਾਂ ਵਰਤੇ ਜਾਂਦੇ ਸਨ। ਸਿੱਖ ਧਰਮ ਵਿਚ ਪ੍ਰਮਾਤਮਾ ਦਾ ਕੋਈ ਨਾਮਕਰਨ ਨਹੀਂ ਕੀਤਾ ਗਿਆ। ਕੇਵਲ 'ਨਾਮੁ' ਦੇ ਨਾਂ ਨਾਲ ਹੀ ਪੁਕਾਰਿਆ ਗਿਆ ਹੈ। ਗੁਰੂ ਨਾਨਕ ਨੂੰ ਇਹ ਭਲੀ ਭਾਂਤ ਪਤਾ ਸੀ ਕਿ ਪ੍ਰਮਾਤਮਾ ਦਾ ਸੰਕਲਪ ਸਹਿਜ ਗਿਆਨ ਦੀ ਪਕੜ ਵਿਚ ਆ ਸਕਦਾ ਹੈ ਪਰ ਪ੍ਰਤੱਖ ਗਿਆਨ ਵਿਚ ਨਹੀਂ।

ਨਾਮੁ ਨੂੰ ਡਾ. ਔਟੋ ਨੇ ਨਿਯੂਮਨਸ (Numinous) ਕਿਹਾ ਹੈ ਜਿਸ ਦਾ ਵਿਖਮ ਭਾਵੀ ਸ਼ਬਦ ਹੈ ਫਿਨੌਮਿਨਾ (Phenomina)। ਨਿਊਮਿਨਾ (ਨਾਮ) ਗਿਆਨ ਇੰਦਰੀਆਂ ਰਾਹੀਂ ਅਨੁਭਵ ਨਹੀਂ ਕੀਤਾ ਜਾ ਸਕਦਾ ਜਦਕਿ ਫਿਨੋਮਿਨਾ ਭੌਤਕ ਤੌਰ 'ਤੇ ਗਿਆਨ ਇੰਦਰੀਆਂ ਨਾਲ ਘੋਖਿਆ ਵਿਚਾਰਿਆ ਜਾ ਸਕਦਾ ਹੈ। ਮੂਲਮੰਤਰ ਦਾ ਨਾਮੁ ਪ੍ਰਮਾਤਮਾ ਦੀ ਅਵਿਅਕਤਾ ਦਾ ਸੂਚਕ ਹੈ।

### 4. ਕਰਤਾਪੁਰਖੁ

ਗੁਰੂ ਨਾਨਕ ਨੇ ਕਰਤਾ ਅਤੇ ਪੁਰਖੁ ਦੀ ਪਰਿਭਾਸ਼ਾ ਮਾਝ ਵਾਰ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤੀ ਹੈ।

*ਤੂੰ ਕਰਤਾ ਪੁਰਖੁ ਅਗੰਮੁ ਹੈ*
*ਆਪ ਸ੍ਰਿਸਟਿ ਉਪਾਤੀ।*

ਸਿੱਧ ਹੈ ਕਿ ਪ੍ਰਮਾਤਮਾ ਨੂੰ ਬ੍ਰਹਿਮੰਡ ਦੀ ਰਚਨਾ ਕਰਨ ਵਾਲਾ ਕਿਹਾ ਹੈ। ਇਸ ਤੋਂ ਉਸ ਦੀ ਸਿਰਜਣ ਅਤੇ ਕਿਰਿਆ ਸ਼ਕਤੀ ਦਾ ਗਿਆਨ ਹੁੰਦਾ ਹੈ। ਪੁਰਖੁ, ਜੋ ਸੰਸਕ੍ਰਿਤ ਦੇ ਸ਼ਬਦ ਪੁਰਸ਼ ਦਾ ਅਪਭ੍ਰੰਸ਼ ਰੂਪ ਹੈ, ਓਅੰਕਾਰ ਦਾ (ਓ) ਦਾ ਸਮਅਰਥੀ ਸ਼ਬਦ ਹੈ। ਫ਼ਰਕ ਕੇਵਲ ਇਹ ਹੈ ਕਿ ਮੂਲ ਮੰਤਰ ਦਾ ਪੁਰਖੁ ਇਸ ਤੋਂ ਪਹਿਲਾਂ ਆਏ ਸਾਰੇ ਵਿਸ਼ੇਸ਼ਣਾਂ ਇਕ (੧), ਸੱਤਾ (ਸਤਿ), ਵਿਅਕਤ ਰੂਪ (ਨਾਮੁ), ਸਿਰਜਣ ਸ਼ਕਤੀ (ਕਰਤਾ) ਦਾ ਸੰਗਠਿਤ ਰੂਪ ਹੈ। ਪੁਰਖੁ, ਪ੍ਰਮਾਤਮਾ ਦੇ ਪੂਰਨ ਅਦਵੈਤਵਾਦੀ ਪੱਖ ਦੀ ਪੁਸ਼ਟੀ ਕਰਦਾ ਹੈ। ਉਪਨਿਸ਼ਦਾਂ ਵਿਚਲਾ ਪੁਰਸ਼ ਵੱਖਰੇ-ਵੱਖਰੇ ਦੇਵੀ ਦੇਵਤਿਆਂ ਦਾ ਸੂਚਕ ਹੋਣ ਕਾਰਨ ਦਵੈਤਵਾਦੀ ਹੈ ਪਰ ਗੁਰਬਾਣੀ ਵਿਚ ਪੁਰਖੁ ਉਸ ਪ੍ਰਮਾਤਮਾ ਦੀ ਸਿਰਜਣ ਸ਼ਕਤੀ ਦਾ ਸੂਚਕ ਹੈ ਜਿਸ ਵਿਚ ਦੇਵੀ ਦੇਵਤੇ ਵੀ ਆ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪੁਰਖੁ ਦਾ ਸਾਰੰਸ਼ ਸਰਵ ਵਿਆਪਕਤਾ ਨੂੰ ਦ੍ਰਿੜ ਕਰਾਉਂਦਾ ਹੈ। ਇਸ ਨੂੰ ਪਰਮ ਜੋਤਿ ਵੀ ਕਿਹਾ ਗਿਆ ਹੈ ਅਤੇ ਘਟਿ ਘਟਿ ਵਸ ਰਿਹਾ ਵੀ ਕਿਹਾ ਹੈ।

*ਘਟਿ ਘਟਿ ਰਵਿ ਰਹਿਆ*
*ਅਲਖ ਅਪਾਰੇ ਰਾਮ* *(ਬਿਲਾਵਲ ੧)*

ਇਸੇ ਰਾਗ ਦੀ ਇਕ ਥਿਤੀ ਵਿਚ ਗੁਰੂ ਨਾਨਕ ਲਿਖਦੇ ਹਨ :

*ਏਕਮ ਏਕੰਕਾਰੁ ਨਿਰਾਲਾ।*
*ਅਮਰੁ ਅਜੋਨੀ ਜਾਤਿ ਨ ਜਾਲਾ।*
*ਅਗਮ ਅਗੋਚਰੁ ਰੂਪੁ ਨ ਰੇਖਿਆ।*
*ਖੋਜਤ ਖੋਜਤ ਘਟਿ ਘਟਿ ਦੇਖਿਆ।*
*ਜੋ ਦੇਖਿ ਦਿਖਾਵੈ*
*ਤਿਸ ਕਉ ਬੀ ਜਾਈ।*
*ਗੁਰ ਪਰਸਾਦਿ ਪਰਮ ਪਦੁ ਪਾਈ। (੧)*

ਏਥੇ ਸ਼ਬਦ 'ਘਟਿ' ਸਰੀਰ ਨੂੰ ਵਿਅਕਤ ਕਰਦਾ ਹੈ।

### 5. ਨਿਰਭਉ

ਨਿਰਭਉ ਸ਼ਬਦ ਮਾਂਡੂਕਯ ਉਪਨਿਸ਼ਦ ਦੇ ਨਿਰਭੰਯਮ ਦਾ ਅਪਭ੍ਰੰਸ਼ ਰੂਪ ਹੈ। ਉਪਨਿਸ਼ਦਾਂ ਵਿਚ ਇਹ ਸ਼ਬਦ ਦਵੈਤਮਈ ਭਾਵਨਾ ਅਧੀਨ ਆਇਆ ਹੈ। ਸਿੱਖ ਧਰਮ ਵਿਚ ਇਸ ਸ਼ਬਦ ਦੀ ਬਹੁਤ ਮਹੱਤਤਾ ਹੈ। ਕਿਉਂਕਿ ਇਹ ਸ਼ਬਦ ਦੂਸਰੇ ਧਰਮਾਂ ਨਾਲੋਂ ਸਿੱਖ ਧਰਮ ਨੂੰ ਵਖਰਾਉਂਦਾ ਹੈ। ਪ੍ਰਮਾਤਮਾ ਦੇ ਡਰ ਰਹਿਤ ਪੱਖ ਨੂੰ ਦਰਸਾ ਕੇ ਗੁਰੂ ਨਾਨਕ



ਨੇ ਤਲਖੀ ਜਾਂ ਗੁੱਸੇ ਦੀ ਭਾਵਨਾ ਨੂੰ ਵੀ ਵਖਰਾਇਆ ਹੈ। ਗੁੱਸਾ ਅੰਦਰਲੇ ਡਰ ਤੋਂ ਵਿਗਸਦਾ ਹੈ। ਸਿੱਖ ਧਰਮ ਵਿਚ ਪ੍ਰਮਾਤਮਾ ਨੂੰ ਨਿਰਭਉ ਦੱਸ ਕੇ ਉਸ ਦੇ ਸ਼ਾਂਤਮਈ ਗੁਣ ਨੂੰ ਵੀ ਉਭਾਰਿਆ ਹੈ। ਗੁੱਸੇ ਵਿਚ ਆ ਕੇ ਈਰਖਾ ਅਤੇ ਬਦਲੇ ਦੀ ਭਾਵਨਾ ਪੈਦਾ ਹੁੰਦੀ ਹੈ। ਨਿਰਭਉ ਇਨ੍ਹਾਂ ਸਾਰੇ ਵਿਰੋਧੀ ਭਾਵਾਂ ਨੂੰ ਨਿਕਾਰਦਾ ਹੈ। ਗੁਰੂ ਨਾਨਕ ਨੇ ਪ੍ਰਮਾਤਮਾ ਦੀ ਇਸ ਸਿਫ਼ਤ ਨਾਲ ਅਹਿੰਸਾ ਦਾ ਅਨੁਭਵ ਵੀ ਕਰਾਇਆ। ਗੁਰੂ ਨਾਨਕ ਦੇ ਮੁਕਾਬਲੇ ਤੇ ਯਹੂਦੀਆਂ ਦਾ ਪੈਗੰਬਰ, ਯੋਹਵਾ, ਉਨ੍ਹਾਂ ਨੂੰ ਦੰਡ ਦੇਣ ਵਿਚ ਪਰਚਾਰਦਾ ਹੈ ਜੋ ਦੂਸਰੇ ਦੇਵੀ ਦੇਵਤਿਆਂ ਨੂੰ ਪੂਜਦੇ ਹਨ। ਇਸਲਾਮ ਵਿਚ ਆਉਂਦਾ ਹੈ ਕਿ ਅੱਲਾ ਇਸਲਾਮ ਧਰਮ ਨੂੰ ਮੰਨਣ ਵਾਲਿਆਂ 'ਤੇ ਮਿਹਰ ਦੀ ਨਜ਼ਰ ਕਰਦਾ ਹੈ ਅਤੇ ਉਨ੍ਹਾਂ ਨੂੰ ਕੁਰਾਹੀਆਂ ਤੋਂ ਬਚਾਉਂਦਾ ਹੈ। ਇਸਲਾਮ ਵਿਚ ਅਲਜਬਰ ਅਤੇ ਅਲਕੁਰਾਹ ਗੁਣਾਂ ਨੂੰ ਅੱਲਾ ਦੇ ਲੇਖੇ ਲਾਇਆ ਗਿਆ ਹੈ। ਅਲ ਜ਼ਬਰ ਦਾ ਅਰਥ ਹੈ ਬਦਲਾਭਾਵੀ। ਇਹ ਵੀ ਹੋ ਸਕਦਾ ਹੈ ਕਿ ਮੁਹੰਮਦ ਸਾਹਿਬ ਨੇ ਇਹ ਸ਼ਬਦ ਕਿਸੇ ਹੋਰ ਭਾਵਨਾ ਨਾਲ ਵਰਤੇ ਹੋਣ ਪਰ ਕੁਰਾਨ ਦੇ ਕਾਤਬਾਂ ਨੇ ਇਨ੍ਹਾਂ ਦੀ ਮਹੱਤਤਾ ਕੁਰਾਹੇ ਪਾ ਦਿੱਤੀ ਹੋਵੇ। ਇਹ ਵੀ ਹੋ ਸਕਦਾ ਹੈ ਕਿ ਅੱਲਾ ਦੇ ਇਹ ਗੁਣ 'ਸ਼ੈਤਾਨ' ਦੇ ਸੰਕਲਪ ਵਿਚ ਦਰਸਾਏ ਗਏ ਹੋਣ ਜਿਸ ਦਾ ਸਿੱਖ ਮੱਤ ਵਿਚ ਕੋਈ ਸਥਾਨ ਨਹੀਂ। ਸਿੱਖ ਧਰਮ ਵਿਚ ਪ੍ਰਮਾਤਮਾ ਦੇ ਭੈਅ ਦਾ ਸੰਕਲਪ ਤਾਂ ਹੈ ਪਰ ਇਹ ਸੰਕਲਪ ਪ੍ਰਮਾਤਮਾ ਦੀ ਸਰਬ ਵਿਆਪਕਤਾ ਨੂੰ ਤਰਜੀਹ ਦੇਣ ਲਈ ਵਰਤਿਆ ਗਿਆ ਹੈ ਨਾ ਕਿ ਕਿਸੇ ਸ਼ੈਤਾਨ ਨੂੰ ਦੰਡ ਦੇਣ ਲਈ।

*ਭੈ ਵਿਚਿ ਪਵਣੁ ਵਹੈ ਸਦਵਾਉ॥*
*ਭੈ ਵਿਚਿ ਚਲਹਿ ਲਖ ਦਰਿਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*
*ਭੈ ਵਿਚਿ ਧਰਤੀ ਦਬੀ ਭਾਰਿ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥*
*ਭੈ ਵਿਚਿ ਰਾਜਾ ਧਰਮੁ ਦੁਆਰੁ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥*
*ਕੋਹ ਕਰੋੜੀ ਚਲਤ ਨ ਅੰਤੁ॥* *(ਆਸਾ ਵਾਰ ੧)*

ਗੁਰਬਾਣੀ ਦੇ 'ਭੈ' ਸ਼ਬਦ ਦੀ ਵਿਆਖਿਆ ਆਮ ਕਰਕੇ ਪ੍ਰਮਾਤਮਾ ਦੇ ਭੈ ਦੇਣ ਦੇ ਰੂਪ ਤੋਂ ਕੀਤੀ ਜਾਂਦੀ ਹੈ। ਮੇਰੇ ਖ਼ਿਆਲ ਵਿਚ ਇਹ ਗ਼ਲਤ ਹੈ। ਭੈ ਦੇਣਾ ਸਿੱਖ ਮੱਤ ਦਾ ਸਿਧਾਂਤ ਨਹੀਂ, ਭੈ ਵਿਚ ਰਹਿਣਾ ਸਿੱਖ ਮੱਤ ਦਾ ਆਦਰਸ਼ ਹੈ। ਪ੍ਰਮਾਤਮਾ ਜਿਸ ਨੇ ਇਸ ਸ੍ਰਿਸ਼ਟੀ ਦਾ ਸੰਚਾਲਨ ਕੀਤਾ ਹੈ ਉਸ ਨੂੰ ਭੈ ਵਿਚ ਕਿਉਂ ਰੱਖੇਗਾ। ਜੋ ਆਪ ਨਿਰਭਉ ਹੈ ਉਹ ਕਿਸੇ ਨੂੰ ਭੈ ਨਹੀਂ ਦਿੰਦਾ।

### 6. ਨਿਰਵੈਰੁ

ਨਿਰਵੈਰ ਦਾ ਸੰਕਲਪ ਕੇਵਲ ਗੁਰੂ ਨਾਨਕ ਦੇਵ ਜੀ ਦਾ ਹੈ। ਕਿਸੇ ਧਰਮ ਵਿਚ ਇਸ ਸੰਕਲਪ ਦੀ ਪ੍ਰਾਪਤੀ ਨਹੀਂ ਹੁੰਦੀ।

*ਜੁਗਿ ਜੁਗਿ ਥਾਪਿ ਸਦਾ ਨਿਰਵੈਰ॥*
*ਜਨਮਿ ਮਰਣਿ ਨਹੀਂ ਧੰਧਾ ਧੈਰੁ॥* (ਰਾਮਕਲੀ ੧)

ਪ੍ਰਮਾਤਮਾ ਦੀ ਇਹ ਸਿਫ਼ਤ ਸਲਾਹ ਅਦਵੈਤ ਦੇ ਸੰਕਲਪ ਨਾਲ ਸੰਬੰਧਤ ਹੈ। ਵੈਰ ਦੀ ਭਾਵਨਾ ਉਸ ਵੇਲੇ ਪੈਦਾ ਹੁੰਦੀ ਹੈ ਜਦ ਅਸੀਂ ਨਿੱਜ ਜਾਂ ਸਵੈ ਦੇ ਸਾਹਮਣੇ 'ਪਰ' ਨੂੰ ਸਿਰਜ ਲੈਂਦੇ ਹਾਂ। ਪਰ ਨੂੰ ਸਿਰਜਣ ਦੀ ਮਨੋਵਿਰਤੀ ਹੀ ਵੈਰ ਦਾ ਕਾਰਨ ਬਣਦੀ ਹੈ। ਨਿੱਜ ਅਤੇ ਪਰ ਦਾ ਸੰਕਲਪ ਮੂਲ ਮੰਤਰ ਦੇ ਕਿਸੇ ਸ਼ਬਦ ਵਿਚ ਵੀ ਨਹੀਂ ਵਿਅਕਤ ਹੁੰਦਾ। ਇਸ ਲਈ ਦਵੈਤ ਦਾ ਸੰਕਲਪ ਜੋ ਵੈਰ ਦਾ ਸੰਕੇਤਕ ਸ਼ਬਦ ਹੈ, ਰੂਪਮਾਨ ਹੀ ਨਹੀਂ ਹੁੰਦਾ। ਫਲਸਰੂਪ, ਨਿਰਵੈਰ ਦਾ ਸੰਕਲਪ ਹੋਂਦ ਵਿਚ ਆਉਂਦਾ ਹੈ। ਪ੍ਰਮਾਤਮਾ ਦੇ ਨਿਰਵੈਰ ਗੁਣ ਦਾ ਸੰਕਲਪ ਨਿਰੋਲ ਨਾਨਕੀਅਨ ਫ਼ਿਲਾਸਫ਼ੀ ਦਾ ਅਦੁੱਤੀ ਅੰਗ ਹੈ।

*ਨਿਰਭਉ ਨਿਰੰਜਣੁ ਨਿਰਵੈਰੁ*
*ਪੂਰਨ ਜੋਤੀ ਸਮਾਏ* (ਸੋਰਠਿ ੧)

ਨਿਰਭਉ ਅਤੇ ਨਿਰਵੈਰ ਦਾ ਸੰਕਲਪ ਨ ਹਿੰਦੂ ਅਤੇ ਨਾ ਮੁਸਲਮਾਨ ਵਿਚਾਰਧਾਰਾ ਵਿਚੋਂ ਗਿਆਤ ਹੁੰਦਾ ਹੈ। ਇਹ ਦੋਵੇਂ ਸੰਕਲਪ ਗੁਰੂ ਨਾਨਕ ਦੀ ਮੌਲਿਕ ਦੇਣ ਹਨ।

### 7. ਅਕਾਲ ਮੂਰਤਿ

ਇਹ ਵਿਸ਼ੇਸ਼ਣ ਖ਼ਾਲਸ ਤੌਰ 'ਤੇ ਨਾਨਕੀਅਨ ਫ਼ਲਸਫ਼ੇ ਦੇ ਧਾਰਨੀ ਹਨ। ਇਹ ਕਿਸੇ ਵੀ ਹੋਰ ਧਰਮ ਵਿਚੋਂ ਨਹੀਂ ਮਿਲਦੇ। ਅਕਾਲ ਮੂਰਤਿ ਤੋਂ ਭਾਵ ਹੈ ਜੋ ਰੂਪ ਆਕਾਰ ਰਹਿਤ, ਕਾਲ-ਮੁਕਤ ਅਤੇ ਦੋਸ਼-ਨਿਰਪੱਖ ਸੱਤਾ ਦਾ ਧਾਰਨੀ ਹੋਵੇ। ਅਜਿਹੀ ਇਕਾਈ ਤਾਂ ਕੇਵਲ ਪ੍ਰਮਾਤਮਾ ਹੈ। ਇਸ ਦੇ ਵਿਪਰੀਤ ਭਾਵੀ ਅਰਥ ਤੋਂ ਮਤਲਬ ਹੈ, ਉਹ ਸ਼ਕਤੀ ਜੋ ਆਪਣੇ ਆਪ ਪ੍ਰਗਟ ਹੋਣ ਦੀ ਸਮਰੱਥਾ ਰੱਖਦੀ ਹੈ।

ਸ਼ਬਦ ਅਕਾਲ ਦੋ ਸ਼ਬਦਾਂ ਦੀ ਸੰਧੀ ਤੋਂ ਗੁਰੂ ਨਾਨਕ ਦੇਵ ਜੀ ਨੇ ਆਪ ਥਾਪਿਆ ਹੈ। ਕਾਲ ਦੇ ਅੱਗੇ ਨਕਾਰਾਤਮਕ ਅਗੇਤ 'ਅ' ਲਾ ਕੇ ਅਕਾਲ ਬਣਾਇਆ ਹੈ। ਸ਼ਬਦ 'ਮੂਰਤਿ' ਸੰਸਕ੍ਰਿਤ ਦੇ ਮੂਰਤ ਸ਼ਬਦ ਦਾ ਸਾਧਾਰਣ ਅਰਥ ਦੇਣ ਵਾਲਾ ਸ਼ਬਦ ਹੈ, ਜਿਸ ਦਾ ਅਰਥ ਹੈ ਦ੍ਰਿਸ਼ਟੀਗੋਚਰ ਹੋਣ ਵਾਲਾ। ਪਰ ਅਕਾਲ ਮੂਰਤਿ ਦਾ ਅਰਥ ਹੈ ਜੋ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਕਿਉਂਕਿ ਪ੍ਰਤੱਖ ਹੋਣ ਲਈ ਸਮੇਂ ਅਤੇ ਸਥਾਨ ਦੀ ਲੋੜ ਹੈ ਅਤੇ ਪ੍ਰਮਾਤਮਾ ਇਨ੍ਹਾਂ ਬੰਧਨਾਂ ਤੋਂ ਮੁਕਤ ਹੈ ਇਸ ਲਈ ਅਕਾਲ ਮੂਰਤਿ ਹੈ। ਜੇ ਅਸੀਂ ਐੜਾ (ਅ) ਹਟਾ ਲਈਏ ਤਾਂ ਕਾਲਮੂਰਤਿ ਸ਼ਬਦ ਰਹਿ ਜਾਂਦਾ ਹੈ। ਇਹ ਸ਼ਬਦ ਪ੍ਰਤੱਖ ਸਚਾਈਆਂ ਅਰਥਾਤ ਫਿਨੌਮਿਨਲ ਇਕਾਈਆਂ ਦਾ ਸੂਚਕ ਹੈ ਜਿਵੇਂ ਸੰਸਾਰੀ ਅਸਤਿਤਵ ਵਾਲੇ ਯੁਜ ਹਨ ਜਾਂ ਜੋ ਯੁਜ ਸਮੇਂ ਨਾਲ ਨਾਸ਼ ਹੋ ਜਾਂਦੇ ਹਨ।

ਸ਼ਬਦ 'ਕਾਲ' ਸੰਸਕ੍ਰਿਤ ਭਾਸ਼ਾ ਦੇ 'ਕਲ' ਧਾਤੂ ਤੋਂ ਬਣਿਆ ਹੈ। ਕਲ ਦਾ ਅਰਥ ਹੈ ਗਿਣਨਾ ਅਰਥਾਤ ਜਿਸ ਨਾਲ ਸਮਾਂ ਅੰਕਿਆ ਜਾ ਸਕੇ। ਮੈਤ੍ਰਾਯਣੀ ਉਪਨਿਸ਼ਦ ਵਿਚ ਕਾਲ ਦੇ ਦੋ ਰੂਪ ਮੰਨੇ ਗਏ ਹਨ : ਮੂਰਤੀਮਾਨ ਅਤੇ ਅਮੂਰਤ।



ਮੂਰਤੀਮਾਨ ਜਗਤ ਵਿਵਹਾਰ ਦਾ ਸੂਚਕ ਹੈ ਅਤੇ ਵਿਵਹਾਰਕ ਕਾਲ ਕਹਾਉਂਦਾ ਹੈ ਜਦਕਿ ਅਮੂਰਤ ਰੂਪ ਸੰਸਾਰ ਦੇ ਪ੍ਰਾਣੀਆਂ ਅਤੇ ਪਦਾਰਥਾਂ ਦੇ ਨਿਕਾਸ ਅਤੇ ਬਿਨਾਸ ਕਰਕੇ ਲੋਕ ਸੰਘਾਰਕ ਕਾਲ ਕਹਾਉਂਦਾ ਹੈ। ਗੁਰੂ ਨਾਨਕ ਲਿਖਦੇ ਹਨ :

*ਜੋ ਉਪਜੈ ਸੋ ਕਾਲਿ ਸੰਘਾਰਿਆ*
*ਹਮ ਹਰਿ ਰਾਖੇ*
*ਗੁਰ ਸਬਦੁ ਬੀਚਾਰਿਆ* (ਗਉੜੀ 1)

ਦਾਰਸ਼ਨਿਕ ਦ੍ਰਿਸ਼ਟੀ ਤੋਂ 'ਕਾਲ' ਨੂੰ ਦੋ ਕਾਲ ਖੰਡਾਂ ਵਿਚ ਵੰਡਿਆ ਗਿਆ ਹੈ। ਸਾਪੇਖੀ-ਕਾਲ ਅਤੇ ਨਿਰਪੇਖੀ-ਕਾਲ। ਸਾਪੇਖੀ-ਕਾਲ ਵਿਚ ਸਾਕਾਰ ਪ੍ਰਕਿਰਤੀ ਆ ਜਾਂਦੀ ਹੈ ਅਰਥਾਤ ਜਿਨ੍ਹਾਂ ਚੀਜ਼ਾਂ ਦਾ ਸਮਾਂ ਉਨ੍ਹਾਂ ਦੀ ਹੋਂਦ ਨਾਲ ਬੱਝਾ ਹੋਇਆ ਹੈ। ਜੋ ਇਕਾਈ ਕਾਲਵਸ ਨਹੀਂ ਅਰਥਾਤ ਮਨੁਖ ਦੇ ਭੂਤ, ਭਵਿੱਖ ਅਤੇ ਵਰਤਮਾਨ ਕਾਲਵੰਡਾਂ ਤੋਂ ਨਿਰਲੇਪ ਹੈ ਉਸ ਨੂੰ ਪ੍ਰਮਾਤਮਾ ਕਰਕੇ ਜਾਣਿਆ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਨੂੰ ਕਾਲਾਂ ਵਿਚ ਨਹੀਂ ਵੰਡਿਆ ਜਾ ਸਕਦਾ। ਇਸ ਲਈ ਉਸ ਨੂੰ ਅਕਾਲ ਕਿਹਾ ਗਿਆ ਹੈ। ਨਾਲੇ, ਕਿਉਂਕਿ, ਕਾਲ-ਮੂਰਤ ਇਕਾਈ ਨੂੰ ਦ੍ਰਿਸ਼ਟੀਮਾਨ ਨਹੀਂ ਕੀਤਾ ਜਾ ਸਕਦਾ ਇਸ ਲਈ ਉਹ ਅਮੂਰਤ ਹੈ। ਮੂਲਮੰਤਰ ਦਾ ਅਕਾਲ ਮੂਰਤਿ ਵਿਸ਼ੇਸ਼ਣ ਬੜੀ ਗੂੜ੍ਹੀ ਫ਼ਿਲਾਸਫ਼ੀ ਤੋਂ ਬਾਅਦ ਗੁਰੂ ਨਾਨਕ ਨੇ ਚੁਣ ਕੇ ਪ੍ਰਮਾਤਮਾ ਦੀ ਸਿਫ਼ਤ ਲਈ ਵਰਤਿਆ ਜਾਪਦਾ ਹੈ। ਅਕਾਲ ਮੂਰਤ ਵਿਸ਼ੇਸ਼ਣ ਪ੍ਰਮਾਤਮਾ ਦੀ ਉਸ ਸ਼ਕਤੀ ਦਾ ਸੂਚਕ ਹੈ ਜਿਸ ਨੂੰ ਸੰਘਾਰਕ ਅਰਥਾਤ ਸੰਘਾਰ ਕਰਨ ਵਾਲਾ ਕਿਹਾ ਜਾਂਦਾ ਹੈ।

ਵਿਗਿਆਨ ਸੋਚ ਪੱਖੋਂ ਕਾਲ ਦਾ ਅਰਥ ਹੈ ਸਮਾਂ (Time) ਅਤੇ ਸਮਾਂ ਸਥਾਨ ਤੋਂ ਬਗ਼ੈਰ ਬਰਕਰਾਰ ਨਹੀਂ ਰਹਿ ਸਕਦਾ। ਸ਼ਬਦ ਮੂਰਤਿ ਦਾ ਅਰਥ ਹੈ ਵਜੂਦ (Being) ਅਤੇ ਵਜੂਦ ਅਸਤਿਤਵ (Existance) ਤੋਂ ਬਿਨਾਂ ਅਰਥਹੀਣ ਹੋ ਜਾਂਦਾ ਹੈ। ਸਥਾਨ, ਸਮਾਂ, ਵਜੂਦ ਅਤੇ ਅਸਤਿਤਵ ਭੌਤਿਕ ਸੰਸਾਰ ਦੀਆਂ ਵਿਸ਼ੇਸ਼ਤਾਈਆਂ ਹਨ। ਇਨ੍ਹਾਂ ਇਕਾਈਆਂ ਵਿਚ ਤਾਲਮੇਲ ਰੱਖਣ ਲਈ ਹਵਾ, ਊਰਜਾ ਅਤੇ ਐਟਮੀ ਮਾਦਾ ਦੀ ਜ਼ਰੂਰਤ ਹੈ। ਜੇ ਇਹ ਨਾ ਹੋਣ ਤਾਂ ਇਕ ਖਲਾਅ (Void) ਉਸਰ ਆਵੇਗਾ ਜਾਂ ਖਲਾਅ ਦੀ ਸਥਿਤੀ ਪੈਦਾ ਹੋ ਜਾਵੇਗੀ। ਆਇਨਸਟਾਇਨ ਦੀ ਸਾਪੇਖਤਾ ਫ਼ਿਲਾਸਫ਼ੀ (Relativity) ਭੌਤਕ ਸੰਸਾਰ ਦੀਆਂ ਗਤੀਵਿਧੀਆਂ ਦੇ ਆਧੁਨਿਕ ਸਰੋਕਾਰ ਹਨ ਪਰ ਇਨ੍ਹਾਂ ਗਤੀਆਂ ਵਿਧੀਆਂ ਦੇ ਪਿੱਛੇ ਜੋ ਸ਼ਕਤੀ ਕੰਮ ਕਰ ਰਹੀ ਹੈ ਉਹ ਅਕਾਲ ਮੂਰਤਿ ਹੈ ਅਰਥਾਤ ਇਹ ਇਕਾਈ ਉਸ ਵਕਤ ਰੂਪਮਾਨ ਹੁੰਦੀ ਹੈ ਜਦ ਮਨੁੱਖ ਦੀ ਸੋਚਣ ਸ਼ਕਤੀ ਦਾ ਸਿਖ਼ਰ ਆ ਜਾਂਦਾ ਹੈ। ਇਸੇ ਲਈ ਸੰਸਾਰ ਦੇ ਪ੍ਰਮੁੱਖ ਖੋਜੀਆਂ ਨੇ ਆਪਣੀ ਖੋਜ ਦੀ ਸਿਖ਼ਰ 'ਤੇ ਪਹੁੰਚ ਕੇ ਇਕ ਨਿਰਣਾ ਕੱਢਿਆ ਹੈ ਕਿ ਅੱਗੇ ਪ੍ਰਮਾਤਮਾ ਜਾਣੇ।

### 8. ਅਜੂਨੀ

ਅਜੂਨੀ ਦਾ ਸੰਕਲਪ ਵੀ ਗੁਰੂ ਨਾਨਕ ਦਾ ਆਪਣਾ ਅਦੁੱਤੀ ਸੰਕਲਪ ਹੈ। ਇਹ ਸੰਕਲਪ ਹੋਰ ਧਰਮਾਂ ਵਿਚ ਸਾਖਿਆਤ ਰੂਪ ਵਿਚ ਉਭਰ ਕੇ ਸਾਹਮਣੇ ਨਹੀਂ

ਆਉਂਦਾ। ਇਸਲਾਮ, ਯਹੂਦੀ ਗ੍ਰੰਥ, ਇਸਾਈ ਗ੍ਰੰਥ ਅਤੇ ਖਾਸ ਕਰਕੇ ਹਿੰਦੂ ਸੰਪਰਦਾਵਾਂ ਪ੍ਰਮਾਤਮਾ ਦੇ 'ਦਿਖ' ਰੂਪ ਵਲ ਇਸ਼ਾਰਾ ਕਰਦੇ ਹਨ। ਇਸਲਾਮ ਵਿਚ ਮੁਹੰਮਦ ਸਾਹਿਬ ਨੂੰ ਪ੍ਰਮਾਤਮਾ ਦਾ ਪੈਰੋਕਾਰ, ਇਸਾਈ ਧਰਮ ਵਿਚ ਈਸਾ ਨੂੰ ਰੱਬ ਦਾ ਪੁੱਤ ਅਤੇ ਹਿੰਦੂ ਧਰਮ ਵਿਚ ਤਾਂ ਅਨੇਕ ਦੇਹਧਾਰੀ ਪ੍ਰਮਾਤਮਾ ਰੂਪੀ ਇਕਾਈਆਂ ਦਾ ਜ਼ਿਕਰ ਹੈ। ਸਿੱਖ ਧਰਮ ਵਿਚ ਤਾਂ 'ਗੁਰੂ' ਦੀ ਪ੍ਰਥਾ ਨੂੰ ਵੀ ਲਾਂਭੇ ਰੱਖਿਆ ਗਿਆ ਹੈ।

ਪੰਜਾਬੀ ਵਿਚ ਸ਼ਬਦ 'ਜੂਨੀ' ਜੋ ਸੰਸਕ੍ਰਿਤ ਦੇ ਸ਼ਬਦ ਯੋਨਿ ਦਾ ਅਪਭ੍ਰੰਸ਼ ਰੂਪ ਹੈ, ਮਿਲਦਾ ਹੈ। ਸੰਸਕ੍ਰਿਤ ਸ਼ਬਦ 'ਯੋਨ' ਦੇ ਕੋਸ਼ੀ ਅਰਥ ਹਨ-ਨਾਰੀ ਦਾ ਗੁਪਤ ਅੰਗ ਜਿਸ ਤੋਂ ਪ੍ਰਜਣਨ ਦਾ ਕਾਰਜ ਹੁੰਦਾ ਹੈ। ਧਾਰਮਿਕ ਪ੍ਰਥਾ ਵਿਚ ਯੋਨੀ ਨੂੰ ਪ੍ਰਵੇਸ਼ ਦੁਆਰ ਵੀ ਕਿਹਾ ਗਿਆ ਹੈ। ਯੋਨੀ ਤੋਂ ਸ਼ਬਦ ਜੂਨ ਦੀ ਉਤਪਤੀ ਹੋਈ ਅਰਥਾਤ ਜੂਨਾਂ ਵਿਚ ਵੰਡਿਆ ਹੋਇਆ ਸੰਸਾਰ। ਗੁਰੂ ਨਾਨਕ ਵੇਲੇ ਕੇਵਲ ਚੁਰਾਸੀ ਲੱਖ ਜੂਨਾਂ ਦਾ ਗਿਆਨ ਸੀ ਇਸ ਲਈ ਉਨ੍ਹਾਂ ਚੁਰਾਸੀ ਦੀ ਗਿਣਤੀ ਨੂੰ ਤਰਜੀਹ ਦਿੱਤੀ ਹੈ। ਆਧੁਨਿਕ ਅੰਕੜਿਆਂ ਅਨੁਸਾਰ ਸੰਸਾਰੀ ਜੀਵਾਂ ਦੀਆਂ ਜੂਨਾਂ (ਨਸਲਾਂ) ਤਕਰੀਬਨ ਇਕ ਸੌ ਲੱਖ ਦੇ ਕਰੀਬ ਹਨ। ਗੁਰੂ ਨਾਨਕ ਨੇ ਤਾਂ ਨਸਲਾਂ ਦੇ ਸਿਰਜਣ ਜਾਂ ਉਤਪਤੀ ਵਿਧੀਆਂ ਬਾਰੇ ਵੀ ਲਿਖਿਆ ਹੈ।

ਅੰਡਜ, ਜੇਰਜ, ਸੇਤਜ, ਉਤਭੁਜ (ਤੁਖਾਰੀ ੧) ਅਰਥਾਤ ਅੰਡੇ ਤੋਂ ਪੈਦਾ ਹੋਣ ਵਾਲੇ ਜੰਤੂ, ਬੱਚੇ ਪੈਦਾ ਕਰਨ ਵਾਲੇ ਪ੍ਰਾਣੀ (ਪਸ਼ੂ, ਮਨੁੱਖ) ਅਤੇ ਗਰਭ ਤੋਂ ਬਗੈਰ ਪੈਦਾ ਹੋਣ ਵਾਲੇ ਜੀਵ ਜੰਤੂ (ਦੂਰਬੀਨੀ ਕਿਟਾਣੂ)।

ਸਿੱਖ ਧਰਮ ਵਿਚ ਪ੍ਰਮਾਤਮਾ ਨੂੰ ਅਜੂਨੀ ਆਖ ਕੇ ਗੁਰੂ ਨਾਨਕ ਨੇ ਉਸ ਦੇ ਜੂਨਾਂ ਵਿਚ ਆਉਣ ਦੇ ਸੰਕਲਪ ਨੂੰ ਮਿਟਾਇਆ ਹੈ। ਸ਼ੈਵ ਮੱਤ ਅਤੇ ਸ਼ਾਕਤ ਮਤ ਵਿਚ ਜਾਂ ਕਹਿ ਲਉ ਕਿ ਸਮੁੱਚੇ ਤੌਰ 'ਤੇ ਹਿੰਦੂ ਮੱਤ ਵਿਚ ਯੋਨੀ ਅਤੇ ਸ਼ਿਵਲਿੰਗ ਦੀ ਪੂਜਾ ਪ੍ਰਬਲ ਸੀ ਅਤੇ ਜਿਸ ਅਨੁਸਾਰ ਇਹ ਪੂਜਾ ਆਦਿ ਸ਼ਕਤੀ ਦੀ ਅਰਾਧਨਾ ਮੰਨੀ ਜਾਂਦੀ ਸੀ। ਇਸ ਪ੍ਰਥਾ ਦੀ ਸੁਤੰਤਰ ਸੱਤਾ ਨੂੰ ਤੋੜਨ ਲਈ ਗੁਰਮਤਿ ਵਿਚ ਕੇਵਲ ਪ੍ਰਮਾਤਮਾ ਨੂੰ ਹੀ ਅਜੂਨੀ ਕਿਹਾ ਗਿਆ ਹੈ। ਜੂਨਾਂ ਦਾ ਹੇਰ ਫੇਰ ਜਾਂ ਚੱਕਰ ਵੀ ਇਸ ਪਰਮ ਸ਼ਕਤੀ ਦੇ ਹੁਕਮ ਅਧੀਨ ਹੈ। ਗੁਰੂ ਨਾਨਕ ਸਾਹਿਬ ਲਿਖਦੇ ਹਨ :

*ਸੋ ਬ੍ਰਹਮੁ ਅਜੋਨੀ ਹੈ ਭੀ ਹੋਸੀ*
*ਘਟ ਭੀਤਰਿ ਦੇਖੁ ਮੁਰਾਰੀ ਜੀਉ ॥*
*ਜਨਮ ਮਰਨ ਕਿਉਂ ਇਹ ਜਗੁ ਬਪੁੜੋ*
*ਇਨਿ ਦੂਜੇ ਭਗਤਿ ਵਿਸਾਰੀ ਜੀਉ ॥* *(ਸੋਰਠ ੧)*

ਅਰਥਾਤ ਪ੍ਰਮਾਤਮਾ ਅਜੂਨੀ ਹੈ ਅਤੇ ਉਹ ਜੰਮਣ ਮਰਨ ਦੇ ਗੇੜ ਤੋਂ ਨਿਰਲੇਪ ਹੈ। ਇਸ ਲਈ ਮੂਲਮੰਤਰ ਵਿਚ ਸ਼ਬਦ 'ਅਜੂਨੀ' ਦੀ ਮਹੱਤਤਾ ਪ੍ਰਮਾਤਮਾ ਦੇ ਜੂਨਾਂ ਤੋਂ ਨਿਰਲੇਪ ਪੱਖ ਨੂੰ ਦਰਸਾਉਂਦੀ ਹੈ।



### 9. ਸੈਭੰ

ਸੈਭੰ ਸੰਸਕ੍ਰਿਤ ਸ਼ਬਦ ਸੂਯੰਭੰ ਤੋਂ ਵਿਗਸਿਆ ਹੈ। ਸੂਯੰ ਦਾ ਅਰਥ ਹੈ ਆਪਣੇ ਅਤੇ ਭੂ ਦਾ ਅਰਥ ਹੈ ਥੀਣਾ ਅਰਥਾਤ ਆਪਣੇ ਆਪ ਥੀਣਾ। ਇਹ ਕਿਰਿਆ ਕਿਸੇ ਭੌਤਕ ਪ੍ਰਾਣੀ ਦੀ ਨਹੀਂ, ਕੇਵਲ ਪ੍ਰਮਾਤਮਾ ਦੀ ਹੈ। ਸੰਸਾਰ ਦੀ ਕਿਸੇ ਵੀ ਫਿਨੌਮੀਨਲ ਇਕਾਈ ਦਾ ਕੋਈ ਆਧਾਰ ਜ਼ਰੂਰ ਹੈ ਜਿਸ ਤੋਂ ਉਸ ਦਾ ਨਿਕਾਸ ਅਤੇ ਵਿਕਾਸ ਹੁੰਦਾ ਹੈ। ਪ੍ਰਮਾਤਮਾ ਸੈਭੰ ਹੈ ਨਾ ਉਸ ਦਾ ਆਦਿ ਹੈ ਨ ਅੰਤ, ਨ ਵਿਕਾਸ ਹੈ ਨ ਵਿਨਾਸ।

ਉਪਨਿਸ਼ਦਾਂ ਵਿਚ ਆਉਂਦਾ ਹੈ ਕਿ ਕਿਸੇ ਬ੍ਰਹਮ ਦੇ ਪ੍ਰਗਟ ਹੋਣ ਲਈ ਯੱਗ ਕੀਤੇ ਜਾਂਦੇ ਹਨ ਅਰਥਾਤ ਦੇਵੀ ਦੇਵਤਿਆਂ ਦੇ ਪ੍ਰਗਟ ਹੋਣ ਵਿਚ ਯੱਗ ਦਾ ਬਹੁਤ ਮਹੱਤਵ ਸੀ। ਉਹ ਆਪਣੇ ਆਪ ਪ੍ਰਗਟ ਨਹੀਂ ਹੋ ਸਕਦੇ ਸਨ। ਸਭ ਤੋਂ ਪਹਿਲਾਂ ਸੈਭੰ ਦਾ ਵਿਸ਼ੇਸ਼ਣ ਵਿਸ਼ਨੂੰ ਲਈ ਵਰਤਿਆ ਗਿਆ ਪਰ ਵਿਸ਼ਨੂੰ ਪਾਰਬ੍ਰਹਮ ਨਹੀਂ ਸੀ ਕੇਵਲ ਇਕ ਅਵਤਾਰੀ ਸ਼ਕਤੀ ਸੀ। ਮੂਲ ਮੰਤਰ ਦਾ ਸੈਭੰ ਪ੍ਰਮਾਤਮਾ ਦੇ ਆਪਣੇ ਆਪ ਥੀਣ ਨਾਲ ਤੁਅੱਲਕ ਰਖਦਾ ਹੈ।

### 10. ਗੁਰ ਪ੍ਰਸਾਦ

ਆਮ ਕਰਕੇ ਤੁਹਾਨੂੰ ਗੁਰ ਪ੍ਰਸਾਦੁ ਦੇ ਅਰਥ 'ਗੁਰੂ ਦੀ ਕ੍ਰਿਪਾ ਨਾਲ' ਕੀਤੇ ਹੋਏ ਮਿਲਣਗੇ। ਇਹ ਅਰਥ ਉਚਿਤ ਨਹੀਂ। ਇਸ ਦੇ ਉਚਿਤ ਅਰਥ ਹਨ ਪ੍ਰਮਾਤਮਾ (ਗੁਰ) ਆਪਣੇ ਜਲੌਅ ਨਾਲ ਹੀ ਪ੍ਰਕਾਸ਼ਿਤ ਹੈ (ਪ੍ਰਸਾਦੁ)। ਜੇ ਅਸੀਂ ਗੁਰ ਪ੍ਰਸਾਦੁ ਦੀ ਪ੍ਰਚੱਲਤ ਵਿਆਖਿਆ ਨੂੰ ਮੰਨ ਵੀ ਲਈਏ ਤਾਂ ਇਸ ਨੂੰ ਮੂਲ ਮੰਤਰ ਤੋਂ ਬਾਹਰਲਾ ਸ਼ਬਦ ਮੰਨਣਾ ਪਵੇਗਾ ਕਿਉਂਕਿ ਮੂਲ ਮੰਤਰ ਤਾਂ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੈ, ਉਸ ਦੇ ਗੁਣਾਂ ਦਾ ਮੁਜੱਸਮਾ ਹੈ ਤੇ ਫੇਰ ਇਸ ਵਿਚ ਦੇਹਧਾਰੀ ਗੁਰੂ ਦਾ ਵਰਨਣ ਕਿਵੇਂ ਆ ਗਿਆ? ਨਾਲੇ ਗੁਰੂ ਸਾਹਿਬਾਨ ਨੇ ਸ਼ਬਦ 'ਗੁਰ' ਨੂੰ ਕੋਈ ਖਾਸ ਪੱਧਤੀ ਨਹੀਂ ਦਿੱਤੀ। ਗੁਰੂ ਸ਼ਬਦ ਵੀ ਉਨ੍ਹਾਂ ਨੇ ਪ੍ਰਮਾਤਮਾ ਲਈ ਹੀ ਵਰਤਿਆ ਹੈ।

### ਟਿੱਪਣੀ

ਉਪਰੋਕਤ ਚਰਚਾ ਜਾਂ ਮੂਲ ਮੰਤਰ ਦੇ ਵਿਸ਼ਲੇਸਣ ਰਾਹੀਂ ਕੇਵਲ ਇਹ ਦਰਸਾਉਣਾ ਸੀ ਕਿ ਮੂਲਮੰਤਰ ਦੇ ਸਾਰੇ ਸ਼ਬਦ ਗੁਰੂ ਨਾਨਕ ਦੀ ਬਾਣੀ ਵਿਚੋਂ ਭਲੀਭਾਂਤ ਦਰਕਾਰ ਹਨ। ਇਨ੍ਹਾਂ ਵਿਚ ਬਹੁਤਿਆਂ ਦਾ ਵੈਦਿਕ ਜਾਂ ਸੰਸਕ੍ਰਿਤ ਸਾਹਿਤ ਨਾਲ ਭਾਸ਼ਾਈ ਸਰੋਕਾਰ ਹੈ ਜਿਸ ਦੇ ਗੁਰੂ ਨਾਨਕ ਗਿਆਤਾ ਜਾਂ ਜਾਣੀ ਜਾਣ ਸਨ। ਉਨ੍ਹਾਂ ਨੇ ਮੂਲ ਮੰਤਰ ਵਿਚ ਪ੍ਰਮਾਤਮਾ ਦੀ ਸੰਗਠਿਤ ਪਰਿਭਾਸ਼ਾ ਦਿੱਤੀ ਹੈ ਜਿਸ ਦੀ ਵਿਆਖਿਆ ਉਨ੍ਹਾਂ ਦੀ ਸਾਰੀ ਬਾਣੀ ਵਿਚ ਮਿਲਦੀ ਹੈ। ਉਨ੍ਹਾਂ ਦੀ ਬਾਣੀ ਵਿਚ ਮੂਲ ਮੰਤਰ ਦੇ ਵਿਸ਼ੇਸ਼ਣ, ਸਮਭਾਵੀ, ਉਲਟਭਾਵੀ ਅਤੇ ਨਾਂਹ ਵਾਚਕ ਰੂਪਾਂ ਵਿਚ ਵੀ ਮਿਲਦੇ ਹਨ। ਉਦਾਹਰਣ ਦੇ ਤੌਰ 'ਤੇ ਸਮਭਾਵੀ ਸ਼ਬਦ : ਏਕਾ, ਏਕ, ਏਕਸ, ਏਕੋ, ਏਕੁ, ਕਰਤਾ, ਕਰਤਾਰ, ਕਰਤੇ, ਕਰਤੋ, ਉਲਟਭਾਵੀ : ਏਕ-ਅਨੇਕ, ਕਾਲ-ਅਕਾਲ, ਅਜੂਨੀ-ਜੂਨੀ, ਭਉ-ਨਿਰਭਉ, ਨਿਰਵੈਰ-ਵੈਰ, ਨਾਂਹਵਰਤੀ : ਨਿਰਭਉ, ਨਿਰਵੈਰ, ਨਿਰਵੈਰੈ, ਨਿਰਵੈਰਾ,

ਅਜੂਨੀ ਆਦਿ। ਹਰਜੀਤ ਸਿੰਘ ਗਿੱਲ ਹੋਰਾਂ ਵਿਆਕਰਣ ਵਿਆਖਿਆ ਰਾਹੀਂ ਇਹ ਵੀ ਸਿੱਧ ਕੀਤਾ ਹੈ ਕਿ ਮੂਲਮੰਤਰ ਦੀ ਵਿਚਾਰਧਾਰਾ ਅਤੇ ਜਪੁ ਦੀ ਵਿਆਖਿਆ ਵਿਚਕਾਰ ਸਿਧਾਂਤਕ ਤਾਲਮੇਲ ਹੈ। ਨਾਲੇ ਮੂਲਮੰਤਰ ਦੇ ਵਿਸ਼ੇਸ਼ਣ ਜਿਸ ਪ੍ਰਮਾਤਮਾ ਦੀ ਪਰਿਭਾਸ਼ਾ ਕਰਦੇ ਹਨ ਉਸੇ ਨੂੰ ਗੁਰੂ ਨਾਨਕ ਨੇ ਸਰਗੁਣ ਅਤੇ ਅੰਤਰਜਾਮੀ ਆਦਿ ਸ਼ਬਦਾਂ ਵਿਚ ਵੀ ਪ੍ਰਗਟ ਕੀਤਾ ਹੈ। ਸਿੱਧ ਹੈ ਕਿ ਮੂਲ ਮੰਤਰ ਜੋ ਆਦਿ ਬੀੜ ਵਿਚ ਦਰਜ ਹੈ, ਬਗੈਰ ਕਿਸੇ ਸ਼ੱਕ ਸ਼ੁਬਾਹ ਤੋਂ ਕੇਵਲ ਗੁਰੂ ਨਾਨਕ ਦੀ ਦਿਭ ਦ੍ਰਿਸ਼ਟੀ ਦਾ ਹੀ ਸਾਕਾਰ ਹੈ ਜਿਸ ਨੂੰ ਅਸੀਂ ਨਾਨਕੀਅਨ ਫ਼ਿਲਾਸਫ਼ੀ ਕਹਿ ਸਕਦੇ ਹਾਂ।

ਸਵਾਲ ਪੈਦਾ ਹੁੰਦਾ ਹੈ ਕਿ ਜੇ ਆਦਿ ਬੀੜ ਵਾਲਾ ਮੂਲ ਮੰਤਰ ਗੁਰੂ ਨਾਨਕ ਦੇਵ ਦਾ ਨਹੀਂ ਤਾਂ ਕਿਸ ਦਾ ਹੈ? ਗੁਰਿੰਦਰ ਸਿੰਘ ਮਾਨ ਦੀ ਖੋਜ ਮੁਤਾਬਕ ਜੇ 'ਹਰਸਹਾਏ ਪੋਥੀਆਂ' ਵਿਚਲਾ ਮੂਲਮੰਤਰ ਗੁਰੂ ਨਾਨਕ ਦਾ ਹੈ ਤਾਂ ਕੁਝ ਸਿਧਾਂਤਕ ਅਤੇ ਮੁਢਲੇ ਸਵਾਲ ਪੈਦਾ ਹੁੰਦੇ ਹਨ–

(ੳ) ਕੀ 'ਹਰਸਹਾਏ ਪੋਥੀਆਂ' ਵਾਲੇ ਗੁਰੂ ਨਾਨਕ ਦੇ ਮੂਲਮੰਤਰ ਵਿਚ ਸਮੇਂ ਸਮੇਂ ਸਿਰ ਵਾਧਾ ਕੀਤਾ ਗਿਆ?

(ਅ) ਕੀ ਇਸ ਵਾਧੇ ਦਾ ਕਾਰਨ ਇਹ ਸੀ ਕਿ ਗੁਰੂ ਨਾਨਕ ਤੋਂ ਬਾਅਦ ਦੇ ਗੁਰੂਆਂ ਨੇ ਪ੍ਰਮਾਤਮਾ ਦੇ ਹੋਰ ਗੁਣ ਲੱਭੇ ਜੋ ਪਹਿਲਾਂ ਗੁਰੂ ਨਾਨਕ ਦੀ ਸਮਝੋਂ ਬਾਹਰ ਸਨ।

(ੲ) ਕੀ ਗੁਰੂ ਨਾਨਕ ਜਿਸ ਨੂੰ ਸਿੱਖ ਮੱਤ ਦਾ ਬਾਨੀ ਸਮਝਿਆ ਜਾਦਾ ਹੈ, ਦੀ ਦਿਭ ਦ੍ਰਿਸ਼ਟੀ, ਦਿਮਾਗੀ ਤਾਕਤ, ਅਧਿਆਤਮ ਸ਼ਕਤੀ ਬਾਕੀ ਗੁਰੂਆਂ ਦੇ ਮੁਕਾਬਲੇ ਤੇ ਹੀਣੀ ਸੀ ਜਿਸ ਕਰਕੇ ਉਹ ਪ੍ਰਮਾਤਮਾ ਦੇ ਸਾਰੇ ਲੱਛਣ ਕਿਆਸ ਨਾ ਕਰ ਸਕੇ?

ਧਰਮ ਮਰਯਾਦਾ ਅਤੇ ਵਿਗਿਆਨਕ ਪੱਖੋਂ ਇਹ ਸਵਾਲ ਸਿੱਖ ਮੱਤ ਦੀ ਹੋਂਦ ਤੇ ਕਿੰਤੂ ਕਰਦੇ ਹਨ। ਫਲਸਰੂਪ ਸਿੱਖ ਧਰਮ ਬਾਰੇ ਘਾਤਕ ਹਨ। ਉੱਤਰ ਵਿਚ ਏਥੇ ਕੇਵਲ ਏਨਾ ਕਹਿਣਾ ਹੀ ਕਾਫੀ ਹੈ ਕਿ ਪ੍ਰਮਾਤਮਾ ਇਕ ਸੰਪੂਰਨ ਸੰਕਲਪ ਹੈ ਜੋ ਨਾ ਘਟਾਇਆ ਜਾ ਸਕਦਾ ਹੈ ਤੇ ਨਾ ਹੀ ਵਧਾਇਆ। ਇਸ ਸੰਕਲਪ ਨੂੰ ਅਕਲ ਦੇ ਚੌਖਟੇ ਵਿਚ ਨਹੀਂ ਬੀੜਿਆ ਜਾ ਸਕਦਾ ਕਿਉਂਕਿ ਉਹ ਜਿਵੇਂ ਡਾ. ਔਟੋ ਕਹਿੰਦਾ ਹੈ, ਅਕੱਥ ਹੈ। ਪ੍ਰਮਾਤਮਾ ਦੀ ਕੇਵਲ ਸਿਫ਼ਤ ਸਲਾਹ ਹੀ ਕੀਤੀ ਜਾ ਸਕਦੀ ਹੈ ਉਸ ਦੀ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ। ਉਹ ਮਹਿਸੂਸਿਆ ਤਾਂ ਜਾ ਸਕਦਾ ਹੈ, ਛੋਹਿਆ ਨਹੀਂ ਜਾ ਸਕਦਾ। ਪ੍ਰਮਾਤਮਾ ਕੋਈ ਸ਼ਕਤੀ ਹੈ ਜਿਸ ਦਾ ਪ੍ਰਕਾਸ਼ ਸ੍ਰਿਸ਼ਟੀ ਰਾਹੀਂ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ, ਬੁੱਧੀ ਵਿਵੇਕ ਰਾਹੀਂ ਉਸ ਦਾ ਵਿਸ਼ੇਸ਼ਣ ਨਹੀਂ ਕੀਤਾ ਜਾ ਸਕਦਾ। ਅਜਿਹੀ ਸ਼ਕਤੀ ਹਮੇਸ਼ਾ ਸੀ, ਹਮੇਸ਼ਾ ਹੈ ਅਤੇ ਹਮੇਸ਼ਾ ਰਹੇਗੀ। ਗੁਰੂ ਨਾਨਕ ਦਾ 'ਜਪੁਜੀ' ਇਸੇ ਤੱਥ ਨੂੰ ਲੈ ਕੇ ਆਰੰਭ ਹੁੰਦਾ ਹੈ :

*ਆਦਿ ਸਚੁ ਜੁਗਾਦਿ ਸਚੁ*
*ਹੈ ਭੀ ਸੱਚ*
*ਨਾਨਕ ਹੋਸੀ ਭੀ ਸਚੁ (ਜਪੁ ੧)*



## ਪ੍ਰਸੰਗ (Context)

ਇੰਦਰ ਸਿੰਘ ਮਾਨ ਅਨੁਸਾਰ ਮੂਲ ਮੰਤਰ ਪ੍ਰਸੰਗ ਵਜੋਂ ਹਿੰਦੂ ਮੰਤਰਾਂ ਨਾਲੋਂ ਕੁਰਾਨ ਦੇ ਵਧੇਰੇ ਲਾਗੇ ਹੈ। ਭਾਵ ਇਹ ਕਿ ਮੂਲ ਮੰਤਰ ਦਾ ਅੰਦਰੂਨੀ ਪਾਠ ਇਸਲਾਮ ਦੀ ਪ੍ਰਮੁੱਖ ਵਿਚਾਰਧਾਰਾ ਨਾਲ ਮੇਲ ਖਾਂਦਾ ਹੈ। ਮਾਨ ਅਨੁਸਾਰ ਇਸਲਾਮ ਦੀ ਪ੍ਰਮੁੱਖ ਵਿਚਾਰ ਉਸ ਦੇ ਦੂਜੇ ਕਲਮਾਂ 'ਸ਼ਹਾਦਾਹੁ' ਵਿਚੋਂ ਮਿਲਦੀ ਹੈ ਜਿਸ ਦਾ ਪਾਠ ਇਸ ਪ੍ਰਕਾਰ ਹੈ–

*ਲਾ ਇਲਾਹਾ ਇੱਲਲਿੱਲਾਹੁ*
*ਮੁਹੰਮਦ ਰਸੂਲ ਅੱਲਾ*

ਅਰਥਾਤ, ਕੇਵਲ ਇਕੋ ਰੱਬ ਹੈ ਅਤੇ ਮੁਹੰਮਦ ਉਸ ਰੱਬ ਦਾ ਸਨੇਹੀ (ਸਨੇਹਾ ਲਿਆਉਣ ਵਾਲਾ) ਹੈ।

ਗੁਰਿੰਦਰ ਸਿੰਘ ਮਾਨ ਨੇ ਇਸ ਪ੍ਰਸੰਗ ਵਿਚ ਕਈ ਘੋਰ ਗ਼ਲਤੀਆਂ ਕੀਤੀਆਂ ਹਨ। ਪਹਿਲੀ ਗ਼ਲਤੀ ਇਹ ਹੈ ਕਿ "ਲਾ ਇਲਾਹਾ ਇੱਲਲਿੱਲਾ, ਮੁਹੰਮਦ ਰਸੂਲ ਅੱਲਾ" ਇਸਲਾਮ ਦੇ 'ਸ਼ਾਹਾਦਾਹੁ' ਕਲਮਾ ਦਾ ਅੰਗ ਨਹੀਂ ਸਗੋਂ ਪਹਿਲੇ ਕਲਮਾ 'ਤਯਬ' ਦਾ ਹਿੱਸਾ ਹੈ। 'ਸ਼ਾਹਾਦਾਹੁ' ਦਾ ਪਾਠ ਇਸ ਪ੍ਰਕਾਰ ਹੈ–

"ਅਸਾਹਦਾਹੁ ਅਲਾ ਇਲਾਹਾ ਇੱਲਲਿੱਲਾਹੁ ਵਾਹੀਦਾਹੁ ਲਾਸ਼ਰੀਕਾ ਲਾਹੁ ਵਾ ਇਸ਼ਾਹਦਾਰੁ ਅੰਨਾ ਮੁਹੰਮਦਨ ਅਬਦੁੱਲਲਾਹੁ ਵਾ ਰਸੂਲ ਅੱਲਾ"

ਦੂਜੀ ਗ਼ਲਤੀ ਇਹ ਕੀਤੀ ਹੈ ਕਿ ਕਲਮਿਆਂ ਨੂੰ ਕੁਰਾਨ ਦਾ ਅੰਗ ਮੰਨ ਲਿਆ ਹੈ। ਯਾਦ ਰਹੇ ਕਿ ਕੋਈ ਵੀ ਕਲਮਾ ਸਮੁੱਚੇ ਤੌਰ 'ਤੇ ਕੁਰਾਨ ਦਾ ਅਨਿੱਖੜਵਾਂ ਅੰਗ ਨਹੀਂ ਭਾਵੇਂ ਉਨ੍ਹਾਂ ਦਾ ਵਿਕੋਲਤਰਾ ਭਾਵਾਰਥ ਕੁਰਾਨ ਵਿਚੋਂ ਥਾਂ-ਥਾਂ ਮਿਲਦਾ ਹੈ।

ਤੀਜੀ ਗ਼ਲਤੀ ਇਹ ਮੰਨ ਕੇ ਕੀਤੀ ਹੈ ਕਿ ਕਲਮਿਆਂ ਨੂੰ ਮੂਲ ਮੰਤਰ ਦੀ ਤਰ੍ਹਾਂ ਕੁਰਾਨ ਵਿਚ ਸਿਰਲੇਖਾਂ ਵਾਂਗ ਵਰਤਿਆ ਗਿਆ ਹੈ। ਸਿਰਲੇਖਾਂ ਜਾਂ ਅਰਧ ਸਿਰਲੇਖਾਂ ਵਾਂਗ ਤਾਂ ਇਸ ਲਈ ਵਰਤਿਆ ਜਾਂਦਾ ਜੇ ਕਲਮੇ ਕੁਰਾਨ ਦਾ ਅੰਗ ਹੁੰਦੇ ਜੋ ਕਿ ਸਰਾਸਰ ਗ਼ਲਤ ਹੈ।

## ਬਣਤਰ (Structure)

ਗੁਰਿੰਦਰ ਸਿੰਘ ਮਾਨ ਆਪਣੇ ਥੀਸਿਜ਼ ਵਿਚ ਕਹਿੰਦਾ ਹੈ ਕਿ 'ਮੂਲ ਮੰਤਰ' ਦਾ ਅਨੇਕ ਵਾਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਜਾਣਾ ਕੁਰਾਨ ਦੇ 'ਬਿਸਮਿੱਲਾਹ ਰਹਿਮਾਨ ਰਹੀਮ' ਨਾਲ ਮੇਲ ਖਾਂਦਾ ਹੈ। ਇਹ ਵੀ ਕਹਿੰਦਾ ਹੈ ਕਿ 'ਮੂਲ ਮੰਤਰ' ਅਤੇ 'ਬਿਸਮਿੱਲਾਹ ਰਹਿਮਾਨ ਰਹੀਮ ' ਆਪਣੇ-ਆਪਣੇ ਧਰਮ ਗ੍ਰੰਥਾਂ ਵਿਚ ਹਰ ਨਵੇਂ ਸ਼ਬਦ ਜਾਂ ਆਇਤ ਦੇ ਆਰੰਭ ਵਿਚ ਵਰਤੇ ਗਏ ਹਨ, ਇਸ ਲਈ ਦੋਹਾਂ ਦੀ ਮਹੱਤਤਾ ਕੇਵਲ ਮੰਗਲਾਚਰਣ ਮਾਤਰ ਹੈ। ਉਸ ਦੀ ਇਹ ਮੰਨਤ ਮੂਲੋਂ ਥੋਥੀ ਅਤੇ ਭਾਵ ਵਜੋਂ ਖੋਖਲੀ ਅਤੇ

ਧਰਮ ਮਰਯਾਦਾ ਲਈ ਗੁੰਮਰਾਹਕੁੰਨ ਹੈ। ਇਹ ਮੰਨਤ ਕਿਉਂ ਟਪਲਾ ਲਾਊ ਹੈ, ਇਸ ਦਾ ਲੇਖਾ ਜੋਖਾ ਅਸੀਂ ਹੇਠਾਂ ਕਰਦੇ ਹਾਂ–

1. ਬਿਸਮਿੱਲਾਹ ਰਹਿਮਾਨ ਰਹੀਮ, ਕੁਰਾਨ ਵਿਚ ਮੰਗਲਾਚਰਣ ਜਾਂ ਆਰੰਭਕ ਪ੍ਰਾਰਥਨਾ ਵਾਂਗ ਵਰਤਿਆ ਗਿਆ ਹੈ। ਪਰ ਮੂਲ ਮੰਤਰ ਮੰਗਲਾਚਰਣ ਨਹੀਂ ਸਗੋਂ ਸਿਧਾਂਤ ਹੈ। ਮੰਗਲਾਚਰਣ ਦਾ ਅਰਥ ਪ੍ਰਮਾਤਮਾ ਦੀ ਪ੍ਰਾਰਥਨਾ ਨਾਲ ਆਰੰਭ ਕਰਨਾ ਜੋ ਆਮ ਕਰਕੇ ਬਿਰਤਾਂਤਕ ਲਿਖਤਾਂ ਦੇ ਆਰੰਭ ਵਿਚ ਮਿਲਦਾ ਹੈ ਜਿਵੇਂ ਕਿੱਸਾ ਕਾਵਿ ਵਿਚ ਆਮ ਪਾਇਆ ਜਾਂਦਾ ਹੈ। ਪਰ ਮੂਲ ਮੰਤਰ ਵਿਚ ਸਿੱਖ ਧਰਮ ਦੀ ਸਿਧਾਂਤਕ ਫ਼ਿਲਾਸਫ਼ੀ ਹੈ।

2. ਬਿਸਮਿੱਲਾ ਰਹਿਮਾਨ ਰਹੀਮ ਕੁਰਾਨ ਵਿਚ ਹਰ ਸੂਰਾ ਦੇ ਆਰੰਭ ਵਿਚ ਮਿਲਦਾ ਹੈ। ਕੁਰਾਨ ਵਿਚ ਕੁੱਲ ਸੂਰਾ 114 ਹਨ। ਮੁਕਾਬਲੇ ਤੇ ਪੂਰਾ ਮੂਲ ਮੰਤਰ ਗੁਰੂ ਗ੍ਰੰਥ ਸਾਹਿਬ ਵਿਚ 22 ਵਾਰੀ ਆਇਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ 33 ਭਾਗ ਹਨ। ਪਹਿਲੇ ਭਾਗ ਵਿਚ ਜਪੁਜੀ ਅਤੇ ਕੁਝ ਚੋਣਵੀਆਂ ਪੌੜੀਆਂ ਹਨ ਅਤੇ ਅਖੀਰਲੇ ਭਾਗ ਵਿਚ ਭਗਤਾਂ ਦੇ ਤਰਤੀਬਵਾਰ ਸਲੋਕ ਅਤੇ ਸਵੈਈਏ ਦਿੱਤੇ ਹੋਏ ਹਨ। ਵਿਚਕਾਰਲੇ ਭਾਗ ਕੁਲ ਮਿਲਾਕੇ 31 ਭਾਗ ਹਨ ਜੋ 31 ਰਾਗਾਂ ਵਿਚ ਵੰਡੇ ਗਏ ਹਨ। ਅਧੂਰਾ ਜਾਂ ਸੰਖੇਪ ਮੂਲਮੰਤਰ 218 ਵਾਰੀ ਆਇਆ ਹੈ (ੴ ਸਤਿਗੁਰ ਪ੍ਰਸਾਦੁ) ਜਿਸ ਦੀ ਕੋਈ ਖ਼ਾਸ ਤਰਤੀਬ ਨਹੀਂ। ਏਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੁਰਾਨ ਸੂਰਾ ਦੇ ਨਾਲ-ਨਾਲ 30 ਪਾਰਿਆਂ ਵਿਚ ਵੀ ਵੰਡੀ ਹੋਈ ਹੈ ਪਰ ਕਿਸੇ ਵੀ ਧਾਰਾ ਦੇ ਆਰੰਭ ਵਿਚ ਬਿਸਮਿੱਲਾਹ ਰਹਿਮਾਨ ਰਹੀਮ ਨਹੀਂ ਆਇਆ।

3. ਗੁਰਿੰਦਰ ਸਿੰਘ ਮਾਨ ਕੁਰਾਨ ਦੇ ਬਿਸਮਿੱਲਾਹ ਰਹੀਮ ਰਹਿਮਾਨ ਨੂੰ ਮੂਲਮੰਤਰ ਦੇ ਦੋ ਯੁਜਾਂ ਅਰਥਾਤ 'ੴ' ਅਤੇ 'ਗੁਰ ਪ੍ਰਸਾਦੁ' ਨਾਲ ਮੇਚਦਾ ਹੈ। ਇਹ ਦੋਵੇਂ ਯੁਜ ਉਸ ਨੇ 'ਹਰਸਹਾਏ ਪੋਥੀ' ਵਾਲੇ ਮੂਲਮੰਤਰਾਂ ਵਿਚੋਂ ਲਏ ਹਨ। (ੴ ਸਚੁਨਾਮੁ ਕਰਤਾਰ ਅਤੇ ੴ ਸਤਿਗੁਰੂ ਪ੍ਰਸਾਦਿ)। ਇਹ ਪੂਰਾ ਮੂਲਮੰਤਰ ਨਹੀਂ। ਨਾਲੇ ਪਹਿਲੇ ਮੂਲਮੰਤਰ ਵਿਚ ਗੁਰਪ੍ਰਸਾਦਿ ਦਾ ਸ਼ਬਦ ਆਉਂਦਾ ਹੀ ਨਹੀਂ।

ਸਿਧਾਂਤਕ ਤੌਰ 'ਤੇ ਬਿਸਮਿੱਲਾਹ ਰਹਿਮਾਨ ਰਹੀਮ ਦਾ ਅਰਥ ਹੈ ਰੱਬ ਦੇ ਨਾਂ 'ਤੇ ਜੋ ਦਿਆਲੂ ਅਤੇ ਰਹਿਮ ਕਰਨ ਵਾਲਾ ਹੈ ਜਦ ਕਿ ਮੂਲਮੰਤਰ ਵਿਚਲੇ ੴ ਅਤੇ ਗੁਰ ਪ੍ਰਸਾਦੁ ਦਾ ਅਰਥ ਹੈ ਇਕੋ ਪ੍ਰਮਾਤਮਾ ਜੋ ਆਪਣੇ ਆਪ ਕਰਕੇ ਪਹਿਚਾਣਿਆ ਜਾਂਦਾ ਹੈ। ਮਾਨ ਗੁਰ ਪ੍ਰਸਾਦੁ ਦਾ ਅਰਥ ਕਰਦਾ ਹੈ 'ਗੁਰੂ ਦੀ ਕ੍ਰਿਪਾ ਨਾਲ' ਭਾਵ ਦੇਹਧਾਰੀ ਗੁਰੂ ਦੀ ਕਿਰਪਾ ਨਾਲ। ਉਹ ਇਹ ਭੁੱਲ ਜਾਂਦਾ ਹੈ ਕਿ ਮੂਲ ਮੰਤਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੈ ਨਾ ਕਿ ਕਿਸੇ ਗੁਰੂ ਦੀ। ਗੁਰੂ ਦਾ ਸੰਕਲਪ ਮੂਲ ਮੰਤਰ ਦਾ ਅੰਗ ਇਸ ਕਰਕੇ ਨਹੀਂ ਬਣ ਸਕਦਾ ਕਿ ਮੂਲਮੰਤਰ ਕੇਵਲ ਪ੍ਰਮਾਤਮਾ ਦੇ ਵਿਸ਼ੇਸ਼ਣਾਂ ਦਾ ਮੁੱਜਸੱਮਾ ਹੈ। ਗੁਰੂ ਨਾਨਕ ਲਈ ਆਪਣੇ ਪ੍ਰਤੀ 'ਗੁਰੂ' ਸ਼ਬਦ ਜੋੜਨਾ ਕੁਥਾਵਾਂ ਹੀ ਨਹੀਂ ਲੱਗਦਾ ਸਗੋਂ ਸਿੱਖ ਧਰਮ ਦੀ ਮੂਲਧਾਰਾ ਨਾਲ ਵੀ ਮੇਲ ਨਹੀਂ ਖਾਂਦਾ। ਸਿੱਖ ਮੱਤ ਵਿਚ ਗੁਰੂ ਨੂੰ ਪ੍ਰਮਾਤਮਾ ਸਮਾਨ ਕਿਆਸ ਕਰਨਾ ਸਿੱਖ ਮੱਤ ਦੇ ਉਲਟ ਹੈ। ਜੇ ਮੂਲ ਮੰਤਰ ਵਿਚ ਗੁਰਪ੍ਰਸਾਦੁ ਵਰਤ



ਕੇ ਗੁਰੂ ਨਾਨਕ ਦੀ ਆਪਣੇ ਆਪ ਨੂੰ ਗੁਰੂ ਥਾਪਣ ਦੀ ਮਣਸਾ ਨੂੰ ਮੰਨ ਵੀ ਲਈਏ ਤਾਂ ਸਵਾਲ ਪੈਦਾ ਹੁੰਦਾ ਹੋ ਜਾਂਦਾ ਹੈ ਕਿ ਗੁਰੂ ਨਾਨਕ ਦਾ ਗੁਰੂ ਕੌਣ ਸੀ? ਸਿੱਧ ਗੋਸਟਿ 44 ਵਿਚ ਗੁਰੂ ਨਾਨਕ ਇਸ ਸਵਾਲ ਦਾ ਉੱਤਰ ਪ੍ਰਮਾਤਮਾ ਵੱਲ ਸੰਕੇਤ ਕਰਕੇ ਦਿੰਦੇ ਹਨ। ਪਰ ਪ੍ਰਮਾਤਮਾ ਗੁਰੂ ਨਹੀਂ ਉਹ ਪਰਮ+ਆਤਮਾ ਹੈ : ਸਾਰੇ ਗੁਰੂਆਂ ਦੀ ਪਰਮ ਸੱਤ ਸ਼ਕਤੀ।

## ਕਰਤੱਵ (Function)

ਗੁਰਿੰਦਰ ਸਿੰਘ ਮਾਨ ਦ੍ਰਿੜਤਾ ਨਾਲ ਇਹ ਕਹਿੰਦਾ ਹੈ ਕਿ 'ਆਦਿ ਗ੍ਰੰਥ' ਦੇ ਮੁੱਢ ਵਿਚ ਮੂਲ ਮੰਤਰ ਦਾ ਰੱਖਿਆ ਜਾਣਾ ਇਹ ਸਿੱਧ ਨਹੀਂ ਕਰਦਾ ਕਿ ਮੂਲਮੰਤਰ ਸਾਰੇ ਗ੍ਰੰਥ ਦਾ ਪ੍ਰਕਰਣ (Theme) ਹੈ ਜਾਂ ਇੰਝ ਕਹਿ ਲਉ ਕਿ ਆਦਿ ਬੀੜ ਦੇ ਭਾਵਾਰਥ ਦਾ ਨਚੋੜ ਹੈ। ਪਰ ਸਿੱਖ ਵਿਦਵਾਨਾਂ ਅਨੁਸਾਰ ਮੂਲਮੰਤਰ ਸਿੱਖ ਧਰਮ ਦੀ ਫ਼ਿਲਾਸਫ਼ੀ ਦਾ ਨਚੋੜ ਹੈ। (ਡਾ. ਗੁਪਾਲ ਸਿੰਘ, ਡਾ. ਤਰਲੋਚਨ ਸਿੰਘ, ਪ੍ਰੋ. ਗੁਰਬਚਨ ਸਿੰਘ ਤਾਲਬ, ਡਾ. ਦਰਸ਼ਨ ਸਿੰਘ ਮੈਣੀ)। ਮਾਨ ਦੇ ਅਨੁਸਾਰ ਮੂਲ ਮੰਤਰ ਕਰੱਤਵ ਪੱਖੋਂ ਕੁਰਾਨ ਦੇ ਕਲਮਾ 'ਸ਼ਹਾਦਾਹੁ' ਨਾਲ ਮੇਲ ਖਾਂਦਾ ਹੈ। ਉਹ ਜ਼ੋਰ ਲਾ ਕੇ ਕਹਿੰਦਾ ਹੈ ਕਿ 'ਸ਼ਹਾਦਾਹੁ ਦੇ ਦੋ ਯੁਜ :

1. ਲਾ ਇਲਾਹਾ ਇੱਲਲਿੱਲਾਹੁ
2. ਮੁਹੰਮਦ ਰਸੂਲ ਅੱਲਾ

ਕਰਮਵਾਰ ਮੂਲ ਮੰਤਰ ਦੇ

1. ੴ, ਸਤਿਨਾਮੁ, ਕਰਤਾ ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ, ਸੈਭੰ ਅਤੇ
2. ਗੁਰ ਪ੍ਰਸਾਦੁ

ਨਾਲ ਮੇਲ ਖਾਂਦੇ ਹਨ। ਇਹ ਕਿਆਸ ਕਰਕੇ ਗੁਰਿੰਦਰ ਸਿੰਘ ਮਾਨ ਨੇ ਧਰਮ ਤੱਤ ਅਤੇ ਸੰਕਲਪ ਪੱਖੋਂ ਗ਼ਲਤੀਆਂ ਕੀਤੀਆਂ ਹਨ।

ਉਹ ਜਿਵੇਂ ਪਹਿਲਾਂ ਵੀ ਦੱਸ ਆਏ ਹਾਂ ਕਿ ਕੁਰਾਨ ਦਾ ਮੁਢਲਾ ਸੰਕਲਪ (ਜਾਂ ਇਲਾਹਾ ਇਲਲਿੱਲਾਹੁ, ਮੁਹੰਮਦ ਰਸੂਲ ਅੱਲਾ) ਪਹਿਲੇ ਕਲਮੇ ਤਯਬ ਦਾ ਹਿੱਸਾ ਹੈ ਨਾ ਕਿ ਦੂਜੇ ਕਲਮੇ 'ਸ਼ਹਾਦਾਰੁ' ਦਾ ਅੰਗ ਹੈ। ਇਹ ਦੋਵੇਂ ਕਲਮੇ ਕੁਰਾਨ ਦਾ ਹਿੱਸਾ ਨਹੀਂ ਹਨ। ਭਾਵੇਂ ਇਹ ਦੋਵੇਂ ਇਸਲਾਮ ਧਰਮ ਮਰਯਾਦਾ ਦਾ ਅਨਿੱਖੜਵਾਂ ਅੰਗ ਮੰਨੇ ਗਏ ਹਨ ਪਰ ਇਹ ਕਲਮੇ ਇਸਲਾਮ ਦੇ ਧਰਮ ਗ੍ਰੰਥ ਕੁਰਾਨ ਦਾ ਹਿੱਸਾ ਨਹੀਂ। ਇਸ ਲਈ ਸਿੱਖਾਂ ਦੇ ਧਰਮ ਗ੍ਰੰਥ ਦੇ ਮੂਲ ਮੰਤਰ ਨਾਲ ਰੱਖ ਕੇ ਨਹੀਂ ਵਿਚਾਰੇ ਜਾ ਸਕਦੇ। ਤਯਬ ਦੀ ਸਮੱਗਰੀ ਦਾ ਪਹਿਲਾ ਹਿੱਸਾ (ਲਾ ਇਲਾਹਾ ਇਲਿਲਿੱਲਾਹੁ) ਆਇਤ 254 (ਸੂਰਾ 2, ਪੈਰਾ 3), ਆਇਤ 2 (ਸੂਰਾ 3, ਪੈਰਾ 3), ਆਇਤਾਂ 21-23 (ਸੂਰਾ 59, ਪੈਰਾ 28) ਵਿਚੋਂ ਮਿਲਦਾ ਹੈ ਅਤੇ ਦੂਜਾ ਹਿੱਸਾ (ਮੁਹੰਮਦ ਰਸੂਲ ਅੱਲਾਹ) ਆਇਤਾਂ 28-29 (ਸੂਰਾ 48, ਪੈਰਾ 26) ਵਿਚੋਂ ਮਿਲਦਾ ਹੈ ਪਰ ਸਮੁੱਚੇ ਤੌਰ 'ਤੇ ਸਾਰਾ ਕਲਮਾ ਇਕ ਥਾਂ ਕਿਤੇ ਵੀ ਕੁਰਾਨ ਵਿਚ ਨਹੀਂ ਆਇਆ।

2. ਤਰਕ ਜਾਂ ਦਲੀਲ ਵਜੋਂ ਆਉ ਦੇਖੀਏ ਕਿ ਮੂਲ ਮੰਤਰ ਦੇ ਯੁਜ 'ਤਯਬ' ਨਾਲ ਕਿਸ ਪ੍ਰਕਾਰ ਮੇਲ ਖਾਂਦੇ ਹਨ। ਤਯਬ ਦੇ ਪਹਿਲੇ ਹਿੱਸੇ ਦਾ ਅਰਥ ਹੈ, ਕੇਵਲ ਇਕ

ਪ੍ਰਮਾਤਮਾ ਅਤੇ ਇਕ ਹਿੱਸਾ ਮੂਲ ਮੰਤਰ ਦੇ ੧ੴ ਨਾਲ ਮੇਲ ਖਾਂਦਾ ਹੈ। ਤਯਬ ਦਾ ਦੂਜਾ ਹਿੱਸਾ ਯਾਨੀ 'ਮੁਹੰਮਦ ਰੱਬ ਦਾ ਸਨੇਹੀ' ਹੈ ਮੂਲ ਮੰਤਰ ਦੇ 'ਗੁਰ ਪ੍ਰਸਾਦ' ਨਾਲ ਮੇਲ ਨਹੀਂ ਖਾਂਦਾ ਕਿਉਂਕਿ ਦੇਹਧਾਰੀ ਮੁਹੰਮਦ ਸਾਹਿਬ ਨੂੰ ਪ੍ਰਮਾਤਮਾ ਦੀ ਆਤਮ ਪਰਕਾਸ਼ ਹੋਣ ਦੀ ਸ਼ਕਤੀ ਨਾਲ ਨਹੀਂ ਮੇਚਿਆ ਜਾ ਸਕਦਾ। ਵਿਆਖਿਆ ਲਈ 'ਬਣਤਰ' ਵਾਲਾ ਹਿੱਸਾ ਪੜੋ। ਜੇ ਮੰਨ ਵੀ ਲਈਏ ਕਿ ਮਾਨ ਦੀ ਇਹ ਦਲੀਲ ਠੀਕ ਹੈ ਤਾਂ ਨਾਲ ਹੀ ਇਹ ਵੀ ਮੰਨਣਾ ਪਵੇਗਾ ਕਿ ਤਯਬ ਦੇ ਕੇਵਲ ਦੋ ਯੁਜਾਂ ਨੂੰ ਮੂਲਮੰਤਰ ਦੇ ਸਾਰੰਸ਼ ਨਾਲ ਨਹੀਂ ਮੇਚਿਆ ਜਾ ਸਕਦਾ ਕਿਉਂਕਿ ਮੂਲਮੰਤਰ ਦਾ ਅਹਿਮ ਹਿੱਸਾ (ਸਤਿਨਾਮੁ, ਕਰਤਾ ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ) ਤਯਬ ਕਲਮੇ ਵਿਚੋਂ ਗਾਇਬ ਹੈ।

ਮਾਨ ਮੰਨਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਆਮ ਤੌਰ 'ਤੇ ਹਿੰਦੂ ਅਤੇ ਸਾਮੀ ਗ੍ਰੰਥ ਦਾ ਸੰਮਿਲਨ ਹੈ ਪਰ ਆਦਿ ਗ੍ਰੰਥ ਕੁਰਾਨ ਦੇ ਵਧੇਰੇ ਲਾਗੇ ਹੈ। ਉਸ ਅਨੁਸਾਰ ਇਹ ਨੇੜਤਾ ਬਣਤਰ ਅਤੇ ਕਰੱਤਵ ਪੱਖੋਂ ਪ੍ਰਤੱਖ ਰੂਪ ਵਿਚ ਉਪਲਬਧ ਹੁੰਦੀ ਹੈ। ਇਹ ਤੁਲਨਾ ਜਿਵੇਂ ਅਸੀਂ ਉਪਰ ਸਿੱਧ ਕਰ ਆਏ ਹਾਂ, ਸਰਾਸਰ ਗ਼ਲਤ ਹੈ। ਇਸ ਦੇ ਗ਼ਲਤ ਹੋਣ ਦੇ ਪੱਖ ਵਿਚ ਥੱਲੇ ਕੁਝ ਹੋਰ ਨਿਰਣੇ ਦਿੱਤੇ ਜਾਂਦੇ ਹਨ-

ਮੂਲਮੰਤਰ ਦਾ ਕੋਈ ਵੀ ਸ਼ਬਦ ਅਰਬੀ ਭਾਸ਼ਾ (ਜੋ ਕੁਰਾਨ ਦੀ ਭਾਸ਼ਾ ਹੈ) ਵਿਚੋਂ ਨਹੀਂ ਲਿਆ ਗਿਆ। ਮੂਲ ਮੰਤਰ ਦੇ ਬਹੁਤੇ ਸ਼ਬਦਾਂ ਦਾ ਆਰੰਭਕ ਰੂਪ ਵੈਦਿਕ ਸਾਹਿਤ ਵਿਚੋਂ ਮਿਲਦਾ ਹੈ ਅਤੇ ਕੁਝ ਸ਼ਬਦ ਗੁਰੂ ਨਾਨਕ ਜੀ ਨੇ ਆਪ ਘੜੇ ਹਨ (ਅਜੂਨੀ, ਨਿਰਵੈਰ)। ਗੁਰਿੰਦਰ ਸਿੰਘ ਮਾਨ ਮੂਲ ਮੰਤਰ ਅਤੇ ਕੁਰਾਨ ਦੇ ਵਿਸ਼ਾ ਵਸਤੂ ਤੇ ਵਧੇਰੇ ਜ਼ੋਰ ਦਿੰਦਾ ਹੈ ਕਿ ਇਹ ਆਪਸ ਵਿਚ ਕਾਫੀ ਮਿਲਦੇ-ਜੁਲਦੇ ਹਨ। ਪਰ ਉਹ ਭੁੱਲ ਜਾਦਾ ਹੈ ਕਿ ਗੁਰੂ ਨਾਨਕ ਨੇ ਇਸਲਾਮ ਦੀਆਂ ਕਈ ਧਾਰਮਿਕ ਅਤੇ ਸਮਾਜਿਕ ਮੰਨਤਾਂ ਦਾ ਖੰਡਨ ਕੀਤਾ ਹੈ। ਉਦਾਹਰਣ ਵਜੋਂ ਨਾਨਕ ਪੰਜ ਨਵਾਜ਼ਾਂ ਦੀ ਪ੍ਰਥਾ ਨੂੰ ਸਵੀਕਾਰ ਨਹੀਂ ਕਰਦਾ।

*ਪੰਜਿ ਨਿਵਾਜਾ ਵਖਤ ਪੰਜਿ*
*ਪੰਜਾ ਪੰਜੇ ਨਾਉ।*
*ਪਹਿਲਾ ਸਚੁ ਹਲਾਲ ਦੁਇ*
*ਤੀਜਾ ਖੈਰ ਖੁਦਾਇ।*
*ਚਉਥੀ ਨੀਅਤਿ ਰਾਸਿ ਮਨੁ*
*ਪੰਜਵੀਂ ਸਿਫਤਿ ਸਨਾਇ।*
*ਕਰਣੀ ਕਲਮਾ ਆਖਿ ਕੈ*
*ਤਾ ਮੁਸਲਮਾਣੁ ਸਦਾਇ।*
*ਨਾਨਕ ਜੇਤੇ ਕੂੜਿਆਰ*
*ਕੂੜੈ ਕੂੜੀ ਪਾਇ।੩।* (ਮਾਝ ਵਾਰ 2)

ਗੁਰੂ ਨਾਨਕ ਦੀ ਬਾਣੀ ਵਿਚ ਅਨੇਕ ਹੋਰ ਇਸਲਾਮੀ ਪ੍ਰਥਾ ਤੇ ਵਿਪਰੀਤ



ਟਿੱਪਣੀਆਂ ਵੀ ਹਨ, ਜਿਵੇਂ:

*ਖਤਰੀਆਂ ਤੇ ਧਰਮੁ ਛੋਡਿਆ*
*ਮਲੇਛ ਭਾਖਿਆ ਗਹੀ*
*(ਪਸ਼ਤੋ ਅਰਬੀ ਭਾਸ਼ਾ)*
*ਮਿਟੀ ਮੁਸਲਮਾਨ ਕੀ*
*ਪੇੜੈ ਪਈ ਕੁਮਿਆਰ*
*ਘੜਿ ਭਾਂਡੇ ਇਟਾ ਕੀਆ*
*ਜਲਤੀ ਕਰੇ ਪੁਕਾਰ* (ਆਸਾ ਦੀ ਵਾਰ)
*ਮਾਣਸਖਾਣੇ ਕਰਹਿ ਨਿਵਾਜ*
*ਛੁਰੀ ਵਗਾਇਨਿ ਤਿਨ ਗਲਿ ਤਾਗ* (ਆਸਾ ਦੀ ਵਾਰ)
*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਖੁਰਾਸਾਨ ਖਸਮਾਨਾ ਕੀਆ*
*ਹਿੰਦੁਸਤਾਨੁ ਡਰਾਇਆ* (ਤਿਲੰਗ ੧)
*ਮਿਹਰ ਮਸੀਤਿ ਸਿਦਕੁ ਮੁਸਲਾ*
*ਹਕੁ ਹਲਾਲੁ ਕੁਰਾਣੁ।*
*ਸਰਮ ਸੁੰਨਤਿ ਸੀਲੁ ਰੋਜਾ*
*ਹੋਹੁ ਮੁਸਲਮਾਣੁ!*
*ਕਰਣੀ ਕਾਬਾ ਸਚੁ ਪੀਰੁ*
*ਕਲਮਾ ਕਰਮ ਨਿਵਾਜ।*
*ਤਸਬੀ ਸਾ ਤਿਸੁ ਭਾਵਸੀ*
*ਨਾਨਕ ਰਖੈ ਲਾਜ।* (ਮਾਝ 1)

## ਸਿੱਟੇ

ਗੁਰਿੰਦਰ ਸਿੰਘ ਮਾਨ ਦੇ ਥੀਸਿਸ ਵਿਚ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ 'ਹਰਸਹਾਏ ਪੋਥੀਆਂ' ਵਾਲਾ ਮੂਲ ਮੰਤਰ ਗੁਰੂ ਨਾਨਕ ਦੇਵ ਜੀ ਦਾ ਹੈ ਜੋ ਕੇਵਲ ਪੰਜ ਯੁਜਾਂ ਦਾ ਬਣਿਆ ਹੋਇਆ ਹੈ। ਇਸ ਤਰ੍ਹਾਂ ਮਾਨ ਨੇ 'ਹਰਸਹਾਏ ਪੋਥੀ' ਦੇ ਮੂਲ ਮੰਤਰ ਤੋਂ ਲੈ ਕੇ ਆਦਿ ਬੀੜ ਦੇ ਮੂਲ ਮੰਤਰ ਤੱਕ ਦਾ ਵਿਕਾਸ ਸਿੱਧ ਕਰਨ ਦੀ ਨਿਸਫ਼ਲ ਕੋਸ਼ਿਸ਼ ਕੀਤੀ ਹੈ। ਇੰਝ ਕਰਕੇ ਉਸ ਨੇ ਗੁਰੂ ਨਾਨਕ ਦੀ ਦਿਬ ਦ੍ਰਿਸ਼ਟੀ, ਅਧਿਆਤਮਿਕ ਅਤੇ ਦੂਰ ਅੰਦੇਸ਼ੀ ਤੇ ਸਿੱਧੀ ਸੱਟ ਮਾਰੀ ਹੈ। ਕੁਰਾਨ ਦੀ ਮੂਲਧਾਰਾ ਨੂੰ ਕਲਮਿਆਂ ਨਾਲ ਰਲਗੱਡ ਕਰਕੇ ਅਤੇ ਮੂਲ ਮੰਤਰ ਦੀ ਕਲਮਿਆਂ ਨਾਲ ਤੁਲਨਾ ਕਰਕੇ ਮਾਨ ਨੇ ਇਸਲਾਮ ਅਤੇ ਸਿੱਖ ਧਰਮ ਦਾ ਨਿਰਾਦਰ ਵੀ ਕੀਤਾ ਹੈ। ਮੂਲ ਮੰਤਰ ਨੂੰ ਸਿੱਖ ਧਰਮ ਦਾ ਇਕ ਨਿਗੂਣਾ ਅੰਗ ਸਿੱਧ ਕਰਨ ਦੀ ਅਵੱਗਿਆ ਕਰਕੇ ਮਾਨ ਨੇ ਸਿੱਖਵਾਦ

ਦੀ ਮੂਲ ਧਾਰਾ ਨੂੰ ਗੁੱਠੇ ਲਾਉਣ ਦੀ ਖੁਨਾਮੀ ਵੀ ਕੀਤੀ ਹੈ। ਗੁਰੂ ਨਾਨਕ ਦੇ ਨਾਂ ਲਾਏ 'ਹਰਸਹਾਏ ਪੋਥੀਆਂ' ਦੇ ਅਰਧ ਭਾਵੀ ਅਤੇ ਅਖੌਤੀ ਮੂਲ ਮੰਤਰ ਨੂੰ ਇਸਲਾਮੀ ਪ੍ਰਥਾ ਅਤੇ ਧਰਮ ਮਰਯਾਦਾ ਨਾਲ ਖਿੱਚ ਧੂ ਕੇ ਮੇਚਣ ਦੀ ਊਟ ਪਟਾਂਗ ਕੋਸ਼ਿਸ਼ ਵੀ ਕੀਤੀ ਹੈ। ਇੰਝ ਕਰਦਿਆਂ ਉਹ ਇਹ ਵੀ ਭੁੱਲ ਗਿਆ ਹੈ ਕਿ ਗੁਰੂ ਨਾਨਕ ਨੇ ਇਸਲਾਮ ਦੀ ਵਿਆਖਿਆ ਕਰਕੇ ਉਸ ਵਿਚਲੀਆਂ ਸਮਾਜਕ ਅਤੇ ਧਾਰਮਿਕ ਰਹੁਰੀਤਾਂ ਤੇ ਕਿੰਤੂ ਕੀਤੇ ਹਨ। ਇਨ੍ਹਾਂ ਤੱਥਾਂ ਅਧੀਨ ਮੂਲ ਮੰਤਰ ਨੂੰ ਇਸਲਾਮ ਦੇ ਵਧੇਰੇ ਨੇੜੇ ਹੋਣ ਦਾ ਕਿਆਸ ਕਰਨਾ ਇਕ ਨਾ ਬਖ਼ਸ਼ੀ ਜਾਣ ਵਾਰੀ ਭੁੱਲ ਹੈ ਜਿਸ ਨੂੰ ਕਚਘਰੜ ਖੋਜ ਦੇ ਨਾਂ ਲਾ ਕੇ ਪੀ.ਐਚ.ਡੀ. ਉਪਾਧੀ ਦੀ ਸਰਵਉੱਚਤਾ ਵੀ ਰੋਲੀ ਹੈ।


1. Mann, Gurinder Singh. 2000 The Making of Sikh Scripture. Oxford Universtiy Prees, oxford, London.
2. Sidhu, Gurmel Singh 1994 an Academic Analysis of a Ph. D. Thesis, in B.S. Giani (Ed.) Planned Attack on Sri Guru Granth Sahib- Academics or Blasphemy. International Centre of Sikh Studies, Chandigarh.
3. Basu, Sobharani. 1975. Some religious concepts in Hinduism and Sikhism: Gur and Sabda. In : Harbans Singh (Ed.) Perspectives on Guru Nanak. Punjabi Universtiy Patiala.
4. Otto. Rudolf. 1923 The Idea of the Holy. Oxford University Press London.
5 Kohli, Surinder Singh 1975, Guru Nanak's Concept of Ulitimate Reality. (see Ref. 3)
6. Singh, Harbans 1975. Perspectives on Guru Nanak. (see Ref. 3)
7. ਗਿਆਨੀ ਗੁਰਦਿੱਤ ਸਿੰਘ, 1990. ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਸਾਹਿਤ ਸੰਸਥਾ, ਚੰਡੀਗੜ੍ਹ।




## ਸ਼ਬਦ 'ਖ਼ਾਲਸਾ' ਦੀ ਵਿਆਖਿਆ

ਸ਼ਬਦ 'ਖ਼ਾਲਸਾ' ਸਿੱਖ ਧਰਮ ਵਿਚ ਸਰਵੋਤਮ ਅਰਥ ਅਤੇ ਸਥਾਨ ਰਖਦਾ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਬਦ ਨੂੰ 'ਖ਼ਾਲਸਾ ਪੰਥ' ਦੀ ਸਾਜਨਾ ਦੀ ਤਰਜਮਾਨੀ ਕਰਨ ਲਈ ਵਰਤਿਆ। ਸਿੱਖ ਪੰਥ ਅਤੇ ਖ਼ਾਲਸਾ ਪੰਥ ਵਿਚ ਫ਼ਰਕ ਕੇਵਲ ਐਨਾ ਕੁ ਹੈ ਕਿ ਗੁਰੂ ਨਾਨਕ ਦੇਵ ਦੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅਮਲੀ ਰੂਪ ਦਿੱਤਾ। ਗੁਰੂ ਨਾਨਕ ਜੀ ਦੀ ਬਾਣੀ ਬੋਲਦੀ ਹੈ ਕਿ ਇਨਸਾਨ ਕੇਵਲ ਇਨਸਾਨ ਹੈ ਅਤੇ ਇਸ ਦਾ ਧਰਮ ਕੇਵਲ ਇਨਸਾਨੀਅਤ ਹੈ। ਜਾਤ-ਪਾਤ, ਉਚ-ਨੀਚ, ਭੇਦ-ਭਾਵ ਸੱਭੋ ਮਨਘੜਤ ਗੱਲਾਂ ਹਨ। ਗੁਰੂ ਨਾਨਕ ਦੇਵ ਦੇ ਇਸੇ ਸੰਦੇਸ਼ ਕਰਕੇ ਸਾਰੇ ਹਿੰਦੁਸਤਾਨ ਵਿਚ ਸਿੱਖ ਧਰਮ ਦਾ ਬੋਲਬਾਲਾ ਹੋਇਆ ਸੀ। ਪਰ ਹਿੰਦੂਤਵ ਦੀ ਕੁਟਲ ਨੀਤੀ ਅਤੇ ਇਸਲਾਮ ਦੇ ਕੱਟੜਪੁਣੇ ਨੇ ਗੁਰੂ ਨਾਨਕ ਦੇ ਇਸ ਬ੍ਰਹਿਮੰਡਕ ਫ਼ਲਾਸਫ਼ੇ ਦੀਆਂ ਜੜ੍ਹਾਂ ਨੂੰ ਪੂਰੀ ਤਰ੍ਹਾਂ ਹਰੀਆਂ ਨਾ ਹੋਣ ਦਿੱਤਾ। 'ਰਬ ਲਾਗੇ ਕਿ ਘਸੁੰਨ ਲਾਗੇ' ਦੀ ਕਹਾਵਤ ਦੇ ਡਰ ਨੇ ਗੁਰੂ ਨਾਨਕ ਦੇ ਸਿੱਖਾਂ ਨੂੰ ਕਹਿਰ (ਮੁਸਲਮਾਨੀ ਤਸ਼ੱਦਦ) ਅਤੇ ਕਰਮ (ਹਿੰਦੂ ਧਰਮ ਦਾ ਹੱਥ-ਕੰਡਾ) ਦਿਆਂ ਬੰਧਨਾਂ ਕਾਰਣ ਸਿੱਖ-ਭਾਵਨਾ ਨੂੰ ਖੁਲ੍ਹਮ-ਖੁੱਲ੍ਹਾ ਪਸਰਨ ਨਾ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਸਮਕਾਲੀ ਕੱਟੜਵਾਦੀ ਧਰਮਾਂ ਦੇ ਇਸ ਭੈਅ ਨੂੰ ਸਿੱਖਾਂ ਦੇ ਦਿਲਾਂ 'ਚੋਂ ਕੱਢਣ ਲਈ ਇਕ ਪਹਿਲਾਂ ਹੀ ਮਿੱਥੀ ਹੋਈ ਅਤੇ ਸੋਚੀ ਸਮਝੀ ਯੋਜਨਾ ਅਧੀਨ 'ਸਿੱਖ ਪੰਥ' ਦੇ ਨਾਨਕਵਾਦੀ ਸਿਧਾਂਤਾਂ ਦੀ 'ਖ਼ਾਲਸਾ ਪੰਥ' ਵਿਚ ਨਿਸ਼ਾਨਦੇਹੀ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ 'ਪੰਥ' ਨੂੰ 'ਖ਼ਾਲਸਾ ਪੰਥ' ਸ਼ਬਦ ਵਿਚ ਬਦਲਿਆ। ਉਨ੍ਹਾਂ 'ਖ਼ਾਲਸਾ' ਸ਼ਬਦ ਦੀ ਚੋਣ ਵਿਚ ਕਿਹੜੀ ਵਿਚਾਰਧਾਰਾ ਅਤੇ ਦਿੱਬ ਦ੍ਰਿਸ਼ਟੀ ਤੋਂ ਕੰਮ ਲਿਆ? ਸਭ ਤੋਂ ਪਹਿਲਾਂ 'ਖ਼ਾਲਸਾ' ਸ਼ਬਦ ਦੀ ਭਾਸ਼ਾਈ ਨਿਰੁੱਕਤੀ (Etymology) ਬਾਰੇ ਗਿਆਤ ਕਰਕੇ ਇਸ ਸ਼ਬਦ ਦੇ ਅਰਥ ਦੀ ਤਹਿ ਤੱਕ ਪਹੁੰਚਣਾ ਬਹੁਤ ਜ਼ਰੂਰੀ ਹੈ।

ਅਰਬੀ-ਫਾਰਸੀ ਭਾਸ਼ਾਵਾਂ ਵਿਚ ਸ਼ਬਦ 'ਖ਼ਾਲਸਹਿ' ਮਿਲਦਾ ਹੈ। ਸਰਦਾਰ ਕਪੂਰ ਸਿੰਘ ਇਸ ਬਾਰੇ ਲਿਖਦੇ ਹਨ :

Khalsa is a Perso-Turkish ਵਧੇਰੇ aministrative term, which means, 'royal'; 'not subordinate'; 'sovereign'; 'directly administered by the sovereign'; (Parasarprasna). ਅਰਬੀ ਭਾਸ਼ਾ ਵਿਚ ਸ਼ਬਦ 'ਖਾਲਿਸ' ਵੀ ਮਿਲਦਾ ਹੈ ਜੋ ਖਾਲਸਾ ਸ਼ਬਦ ਦਾ ਧਾਤੂ ਹੈ ਅਤੇ ਜਿਸ ਦਾ ਅਰਥ ਹੈ ਖਰਾ, ਖ਼ਾਲਸ, ਸ਼ੁੱਧ, ਨਰੋਲ। ਭਾਈ ਕਾਨ੍ਹ ਸਿੰਘ ਹੋਰਾਂ ਖ਼ਾਲਸਾ ਸ਼ਬਦ ਦੇ ਕਈ ਅਰਥ ਲਿਖੇ ਹਨ : (1) ਬਿਨਾ

ਮਿਲਾਵਟ, (2) ਉਹ ਜ਼ਮੀਨ ਜਾਂ ਮੁਲਕ, ਜੋ ਬਾਦਸ਼ਾਹ ਦਾ ਹੈ-ਜਿਸ ਉਪਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਂਦਾਰ ਦਾ ਹੱਕ ਨਹੀਂ, (3) ਅਕਾਲੀ ਧਰਮ, ਵਾਹਗੁਰੂ ਜੀ ਕਾ ਖ਼ਾਲਸਾ, (4) ਸਿੰਘ ਪੰਥ (ਮਹਾਨ ਕੋਸ਼)। ਸਰਦਾਰ ਹਰਬੰਸ ਸਿੰਘ ਨੇ ਖਾਲਿਸਹਿ ਸ਼ਬਦ ਦੇ ਅਰਥ ਇਸ ਪ੍ਰਕਾਰ ਲਿਖੇ ਹਨ :

...Pure; office of revenue department; lands directly under government management... The term Khalisah was used during the Muslim rule in India for crown-lands administered directly by the king without the mediation of jagirdars of mansabdars. (The Encyclopedia of Sikhism) ਮੁਗਲਾਂ ਵੇਲੇ ਸਰਕਾਰੀ ਜਗੀਰਾਂ ਨੂੰ ਖ਼ਾਲਸਹਿ ਜਾਤ ਕਿਹਾ ਜਾਂਦਾ ਸੀ। ਅਗਲਾ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਵੇਲੇ ਖ਼ਾਲਸਾ ਸ਼ਬਦ ਨੂੰ ਕਿਹੜੇ ਅਰਥਾਂ ਵਿਚ ਵਰਤਿਆ? ਇਸ ਸਵਾਲ ਦਾ ਉੱਤਰ ਅਸੀਂ ਗੁਰੂ ਗੋਬਿੰਦ ਸਿੰਘ ਅਤੇ ਹੋਰ ਸਿੱਖ ਧਰਮ ਨਾਲ ਸੰਬੰਧਤ ਲੇਖਕਾਂ ਵਲੋਂ ਵਰਤੇ ਗਏ 'ਖ਼ਾਲਸਾ' ਸ਼ਬਦ ਦੀ ਪਿਛੋਕੜ ਵਿਚੋਂ ਲੱਭਾਂਗੇ।

ਗੁਰੂ ਗ੍ਰੰਥ ਸਾਹਿਬ ਵਿਚ ਖ਼ਾਲਸਾ ਸ਼ਬਦ ਦੀ ਵਰਤੋਂ ਕਿਸੇ ਵੀ ਗੁਰੂ ਨੇ ਨਹੀਂ ਕੀਤੀ। (ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂਆਂ ਦੀ ਬਾਣੀ ਹੈ-ਨਾਨਕ, ਅੰਗਦ, ਅਮਰਦਾਸ, ਰਾਮਦਾਸ, ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ) ਪਰ ਭਗਤ ਕਬੀਰ ਸਾਹਿਬ ਨੇ 'ਖ਼ਾਲਸੇ ਸ਼ਬਦ ਦੀ ਵਰਤੋਂ ਕੇਵਲ ਇਕ ਵਾਰ ਇਸ ਪ੍ਰਕਾਰ ਕੀਤੀ ਹੈ :

*ਕਹੁ ਕਬੀਰ ਜਨ ਭਏ ਖਾਲਸੇ।*
*ਪ੍ਰੇਮ ਭਗਤਿ ਜਹਿ ਜਾਨੀ॥* *(ਸੋਰਠ)*

ਏਥੇ ਖ਼ਾਲਸਾ ਸ਼ਬਦ ਦਾ ਅਰਥ ਹੈ ਪਵਿੱਤਰ। ਹੋਰ ਕਿਤੇ ਵੀ ਗੁਰੂ ਗ੍ਰੰਥ ਸਾਹਿਬ ਵਿਚ 'ਖ਼ਾਲਸਾ' ਸ਼ਬਦ ਦੀ ਵਰਤੋਂ ਨਹੀਂ ਹੋਈ। ਸਿੱਖ ਪ੍ਰੰਪਰਾ ਵਿਚ 'ਖ਼ਾਲਸਾ' ਸ਼ਬਦ ਪਹਿਲੀ ਵਾਰੀ ਗੁਰੂ ਹਰਿਗੋਬਿੰਦ ਹੋਰਾਂ ਨੇ ਹੁਕਮਨਾਮਾ ਨੰ. ਤਿੰਨ ਵਿਚ ਵਰਤਿਆ। ਜਿੱਥੇ ਪੂਰਬੀ ਪਾਸੇ ਦੀ ਸੰਗਤ ਨੂੰ 'ਗੁਰੂ ਕਾ ਖ਼ਾਲਸਾ ਹੈਇ' ਕਿਹਾ ਗਿਆ ਹੈ। ਏਥੇ 'ਖ਼ਾਲਸਾ' ਸ਼ਬਦ ਦਾ ਅਰਥ ਹੈ ਗੁਰੂ ਦੀ ਆਪਣੀ ਜਾਂ ਗੁਰੂ ਦੀ ਛਤਰ ਛਾਇਆ ਹੇਠਲੀ ਸੰਗਤ। ਇਨ੍ਹਾਂ ਅਰਥਾਂ ਵਿਚ ਖ਼ਾਲਸਾ ਦੀ ਵਰਤੋਂ ਗੁਰੂ ਤੇਗ ਬਹਾਦਰ ਦੇ ਹੁਕਮਨਾਮਾ ਨੰ. 17 ਵਿਚ ਵੀ ਮਿਲਦੀ ਹੈ ਜੋ ਉਨ੍ਹਾਂ ਨੇ ਪਟਨੇ ਦੀ ਸੰਗਤ ਨੂੰ ਲਿਖਿਆ ਸੀ। ਜਿਸ ਵਿਚ ਗੁਰੂ ਸਾਹਿਬ ਨੇ ਲਿਖਿਆ ਹੈ, "ਪਟਣ ਦੀ ਸੰਗਤਿ ਸ੍ਰੀ ਗੁਰੂ ਜੀ ਕਾ ਖ਼ਾਲਸਾ ਹੈ।"

ਹੁਕਮਨਾਮਿਆਂ ਦਾ ਉਦੇਸ਼, ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ, "ਪ੍ਰਚਾਰ ਲਈ ਹਦਾਇਤਾਂ, ਗੁਰੂ ਕੇ ਲੰਗਰ ਲਈ ਕਾਰ-ਭੇਟ ਦੀ ਗੁਰੂ ਜੀ ਦੇ ਮੁੱਖ ਅਸਥਾਨ ਪਰ ਪਹੁੰਚ ਦਾ ਪ੍ਰਬੰਧ, ਸਿੱਖ ਸੰਗਤਾਂ ਪਰ ਆਪਣੀ ਖ਼ੁਸ਼ੀ ਦੇ ਪ੍ਰਗਟਾਵੇ ਰਾਹੀਂ ਗੁਰੂ ਅਤੇ ਸੰਗਤਾਂ ਦਾ ਮੇਲ ਕਾਇਮ ਰੱਖਣ, ਸਿੱਖਾਂ ਨੂੰ ਆਪਸ ਵਿਚ ਮੇਲ ਰੱਖਣ ਲਈ ਹੁਕਮ, ਵੇਲੇ ਕੁਵੇਲੇ ਲੋੜੀਂਦੀਆਂ ਵਸਤਾਂ ਲਈ ਫ਼ਰਮਾਇਸ਼ਾਂ, ਬਾਹਰ ਗੁਰਪੂਰਬਾਂ ਲਈ



ਸੰਗਤਾਂ ਨੂੰ ਉਤਸ਼ਾਹ, ਖਾਸ ਖਾਸ ਮੌਕਿਆਂ ਪਰ ਸੰਗਤਾਂ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਆਉਣ ਦਾ ਸੱਦਾ, ਸੰਗਤਾਂ ਨੂੰ ਖ਼ਾਲਸਾ ਕਰਨ ਦੀ ਇਤਲਾਹ... ਆਦਿ ਸੀ।" ਅਰਥਾਤ ਸੰਗਤਾਂ ਨੂੰ ਗੁਰੂ ਜੀ ਦੀ ਰਹਿਨੁਮਾਈ ਹੇਠ ਇਕੱਤਰ ਹੋਣ ਦੀ ਇਤਲਾਹ ਦਿੱਤੀ ਜਾਂਦੀ ਸੀ। ਇਸ ਪ੍ਰਥਾ ਨੂੰ ਖ਼ਾਲਸਾ ਕਰਨਾ ਕਿਹਾ ਜਾਂਦਾ ਸੀ। ਇਸ ਗੱਲ ਦਾ ਪ੍ਰਮਾਣ ਇਹ ਹੈ ਕਿ ਉਸ ਵੇਲੇ ਦੋ ਪ੍ਰਕਾਰ ਦੀਆਂ ਸੰਗਤਾਂ ਹੁੰਦੀਆਂ ਸਨ। ਇਕ ਉਹ ਜਿਨ੍ਹਾਂ ਦਾ ਸਿੱਧਾ ਸੰਬੰਧ ਗੁਰੂ ਸਾਹਿਬ ਨਾਲ ਹੁੰਦਾ ਸੀ ਅਤੇ ਦੂਸਰੀ ਉਹ ਜਿਨ੍ਹਾਂ ਦਾ ਗੁਰੂ ਸਾਹਿਬ ਨਾਲ ਸੰਬੰਧ ਮਸੰਦਾਂ ਦੇ ਰਾਹੀਂ ਹੁੰਦਾ ਸੀ। ਪਹਿਲੀ ਕਿਸਮ ਦੀ ਸੰਗਤ ਨੂੰ 'ਖ਼ਾਲਸਾ' ਅਤੇ ਦੂਜੀ ਪ੍ਰਕਾਰ ਨੂੰ 'ਸਹਿਲੰਗ' ਕਿਹਾ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਸਾੜ ਕੇ ਸਹਿਲੰਗ ਸੰਗਤ ਨੂੰ ਵੀ ਆਪਣਾ ਖ਼ਾਲਸਾ ਬਣਾ ਲਿਆ ਸੀ। ਅਰਥਾਤ ਸਾਰੀ ਸੰਗਤ ਨੂੰ ਖ਼ਾਲਸਾ ਕਰ ਲਿਆ ਸੀ।

## ਲਿਖਾਰੀਆਂ ਵਜੋਂ ਖ਼ਾਲਸਾ ਸ਼ਬਦ ਦੀ ਵਰਤੋਂ :

ਹੇਠਾਂ ਅਸੀਂ 'ਖ਼ਾਲਸਾ' ਸ਼ਬਦ ਦੀ ਵੱਖ-ਵੱਖ ਲਿਖਾਰੀਆਂ ਵਲੋਂ ਕੀਤੀ ਗਈ ਵਰਤੋਂ ਦੀਆਂ ਉਦਾਹਰਣਾਂ ਦੇ ਕੇ ਇਸ ਦੇ ਅਰਥਾਂ ਦੀ ਵਿਆਖਿਆ ਕਰਾਂਗੇ। ਇਸ ਵਿਚੋਂ ਕੁਝ ਲਿਖਾਰੀ ਗੁਰੂ ਗੋਬਿੰਦ ਸਿੰਘ ਦੇ ਨਿਕਟਵਰਤੀ ਵੀ ਸਨ ਅਤੇ ਕੁਝ ਨੇੜਲੇ ਸਮੇਂ ਵਿਚ ਹੋਏ ਸਨ।

### ਸੈਨਾਪਤਿ

ਇਹ ਕਵੀ ਗੁਰੂ ਸਾਹਿਬ ਦੇ 52 ਆਨਿੰਨ ਸਿੱਖਾਂ ਵਿਚੋਂ ਇਕ ਸਨ। ਇਨ੍ਹਾਂ ਦੀ ਰਚਨਾ 'ਸ੍ਰੀ ਗੁਰੂ ਸ਼ੋਭਾ' ਬਹੁਤ ਮਸ਼ਹੂਰ ਹੈ। ਇਸ ਪੁਸਤਕ ਦੇ ਤਿੰਨ ਅਧਿਆਵਾਂ ਵਿਚ ਖ਼ਾਲਸਾ ਸੰਬੰਧੀ ਚਰਚਾ ਹੈ।

**ਉਦਾਹਰਣ** 1 : ਹੁਐ ਦਿਆਲ ਦਰਸ਼ਨ ਦੀਓ ਕਰਨਹਾਰ ਕਰਤਾਰ ਗੋਬਿੰਦ ਸਿੰਘ ਕਰੀ ਖੁਸ਼ੀ ਸੰਗਤਿ ਕਰੀ ਨਿਹਾਲ। ਕੀਓ ਪ੍ਰਗਟ ਤਬ ਖ਼ਾਲਸਾ ਚੁਕਿਓ ਸਗਲ ਜੰਜਾਲ। ਸਬ ਸਮੂਹ ਸੰਗਤਿ ਮਿਲੀ ਸ਼ੁਭ ਸਤਿ ਲੁਦ੍ ਕੇ ਤੀਰ। ਕੇਤਕ ਸਨ ਭਏ ਖਾਲਸਾ ਕੇਤਕ ਭਏ ਅਧੀਰ। ਤਜ ਮਸੰਦ ਪ੍ਰਭ ਏਕ ਜਪ ਯਹ ਬਿਬੇਕ ਤਹਾਂ ਕੀਨ। ਸਤਿਗੁਰ ਸੋ ਸੇਵਕ ਮਿਲੇ ਨੀਰ ਮਹਿ ਜੋ ਮੀਨ।

**ਉਦਾਹਰਣ** 2 : ਜਗਤ ਉਧਾਰਨ ਕਾਰਨ ਸਤਿਗੁਰ ਕੀਓ ਵਿਚਾਰ। ਕਰ ਮਸੰਦ ਤਵ ਦੂਰ ਸਭ ਨਿਰਮਲ ਕਰ ਸੰਸਾਰ। ਕਰਨਹਾਰ ਕਰਤਾਰ ਹੁਕਮ ਕਰਤੇ ਕੀਆ। ਕਰ ਮਸੰਦ ਸਭਿ ਦੂਰ ਖ਼ਾਲਸਾ ਕਰ ਲੀਆ। ਸਿਮਰਤ ਨਾਮ ਪੁਨੀਤ ਟੂਟਤ ਫੰਦ ਹੈ। ਭਏ ਖ਼ਾਲਸਾ ਸੋਇ ਛੋੜਿ ਮਸੰਦ ਹੈ।

**ਉਦਾਹਰਣ** 3 : ਬਚਨ ਕੀਓ ਕਰਨਹਾਰ ਸੰਤਨ ਕੀਓ ਬਿਚਾਰ। ਸੁਪਨੇ ਸੰਸਾਰ ਕਾਹੇ ਲਪਟਾਇਐ ਬਿਖੀਅਨ ਸੇ ਤਜਿ ਸਨੇਹ ਸਤਿਗੁਰ ਕੀ ਸਿਖ ਲੇਹੁ ਬਿਨਸੇ ਛਿਨ ਮਾਹਿ ਦੇਹਿ ਜਮ ਪੁਰ ਨ ਜਾਈਐ। ਸੀਸ ਨੂੰ ਮੁੰਡਾਵ ਮੀਤ ਹੁੱਕਾ ਤਜਿ ਭਲੀ ਰੀਤਿ ਮਨ ਮੈ ਕਰ ਪ੍ਰੇਮ ਪ੍ਰੀਤਿ ਸੰਗਤਿ ਮੈ ਜਾਈਐ। ਜੀਵਨ ਦਿਨ ਚਾਰਿ ਸਮਝ ਦੇਖਿ ਬੂਝ ਮਨ ਬਿਚਾਰ ਵਾਹਿਗੁਰੂ ਜੀ ਕਾ ਖ਼ਾਲਸਾ ਕਹਾਈਐ।

### ਭਾਈ ਨੰਦ ਲਾਲ

ਭਾਈ ਨੰਦ ਲਾਲ (ਦੀਵਾਨ ਗੋਯਾ) ਵੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਸਿੱਖਾਂ ਵਿਚੋਂ ਸਨ। ਉਹ ਆਪਣੀ ਬੁਧ ਵਿਵੇਕ ਕਰਕੇ ਜਾਣੇ ਜਾਂਦੇ ਸਨ। ਉਨ੍ਹਾਂ ਦੀ ਕਿਰਤ ਜ਼ਿੰਦਗੀ ਨਾਮਾ (ਫ਼ਾਰਸੀ, ਗ਼ਜ਼ਲੀਆਤ, ਫਾਰਸੀ), ਤੌਸੀਫ਼-ਓ-ਸਨਾਂ ਅਤੇ ਖ਼ਾਤਿਮਾ (ਫ਼ਾਰਸੀ), ਗੰਜ ਨਾਮਾ (ਫ਼ਾਰਸੀ), ਜੋਤ ਬਿਗਾਸ ਫ਼ਾਰਸੀ, ਜੋਤ ਬਿਗਾਸ (ਪੰਜਾਬੀ), ਦਸਤੂਰੁਲ-ਇਨਸ਼ਾ (ਫ਼ਾਰਸੀ ਵਾਰਤਕ) ਅਤੇ ਅਰਜ਼ੁਲ-ਅਲਫ਼ਾਜ (ਫ਼ਾਰਸੀ) ਆਦਿ ਵਿਚੋਂ ਮਿਲਦੀ ਹੈ। ਤਨਖ਼ਾਹ ਨਾਮਾ ਵਿਚ ਉਨ੍ਹਾਂ 'ਖ਼ਾਲਸਾ' ਬਾਰੇ ਲਿਖਿਆ ਹੈ।

**ਉਦਾਹਰਣ** 1 :

*ਖਾਲਸਾ ਸੋਇ ਜੋ ਨਿੰਦਾ ਤਿਆਗੇ।*
*ਖਾਲਸਾ ਸੋਇ ਜੋ ਲੜੇ ਹੋਇ ਆਗੈ।*
*ਖਾਲਸਾ ਸੋਇ ਗੁਰਬਾਣੀ ਹਿਤ ਲਾਇ*
*ਖਾਲਸਾ ਸੋਇ ਸਾਰ ਮੂੰਹਿ ਖਾਇ।*

**ਉਦਾਹਰਣ** 2 :

*ਖਾਲਸਾ ਸੋਇ ਨਾਮ ਜਪ ਕਰੈ।*
*ਖਾਲਸਾ ਸੋਇ ਮਲੇਛ ਪਰ ਚੜ੍ਹੈ।*
*ਖਾਲਸਾ ਸੋਇ ਨਾਮ ਸਿਉ ਜੋੜੈ*
*ਖਾਲਸਾ ਸੋਇ ਬੰਸਨ ਕੋ ਤੋੜੈ।*

**ਉਦਾਹਰਣ** 3 : ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ। ਖ਼੍ਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।

**ਉਦਾਹਰਣ** 4 : ਖਾਲਿਸੋ ਬੇ-ਕੀਨਾ ਗੁਰੂ ਗੋਬਿੰਦ ਸਿੰਘ। ਹੱਕ ਹੱਕ ਆਈਨਾ ਗੁਰੂ ਗੋਬਿੰਦ ਸਿੰਘ।

### ਭਾਈ ਗੁਰਦਾਸ ਜੀ (ਦੂਜਾ)

ਭਾਈ ਗੁਰਦਾਸ (ਦੂਜਾ) ਜੀ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ ਸਨ। ਉਨ੍ਹਾਂ ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਦੇ ਆਰੰਭ ਵਿਚ ਇਸ ਪ੍ਰਕਾਰ ਲਿਖਿਆ ਹੈ:

**ਉਦਾਹਰਣ** 1 : ਹਰ ਸੱਚੇ ਤਖ਼ਤ ਰਚਾਇਆ ਸਤਿ ਸੰਗਤ ਮੇਲਾ। ਨਾਨਕ ਨਿਰਭਉ ਨਿਰੰਕਾਰ ਵਿਚ ਸਿੱਧਾਂ ਖੇਲਾ। ਗੁਰਦਾਸ ਮਨਾਇ ਕਾਲਕਾ ਖੰਡੇ ਕੀ ਵੇਲਾ। ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ। ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ।

**ਉਦਾਹਰਣ** 2 : ਗੁਰੁਬਰ ਅਕਾਲ ਕੇ ਹੁਕਮ ਸਿਉ ਉਪਜਿਓ ਬਿਗਿਆਨਾ। ਤਬ ਸਹਿਜੇ ਰਚਿਓ ਖਾਲਸਾ, ਸਾਬਤ ਮਰਦਾਨਾ। ਤਬ ਤੀਸਰਾ ਮਜ਼ਹਬ ਖ਼ਾਲਸਾ ਉਪਜਯੋ ਪ੍ਰਧਾਨਾ। ਜਿਸ ਗੁਰੂ ਗੋਬਿੰਦ ਸਿੰਘ ਕੇ ਹੁਕਮ ਸਿਉਂ ਗਹਿ ਖੜਗ ਦਿਖਾਨਾ। ਤਿੰਨੁ ਸਭਿ ਦੁਸ਼ਟਨ ਕੋ ਛੇਦ ਕਰ ਅਕਾਲ ਜਪਾਨਾ। ਤਬ ਫਤੇ ਡੰਕ ਜਗ ਮੇਂ ਘੁਰੇ ਦੁਖੁ



ਦੂੰਦ ਗਹੇਲਾ। ਤੀਸਰਾ ਪੰਥ ਚਲਾਇਅਨ ਵਡ ਸੂਰ ਗਹੇਲਾ। ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ। (ਵਾਰ 41)

ਉਪਰੋਕਤ ਤਿੰਨੇ ਵਿਅਕਤੀ ਗੁਰੂ ਗੋਬਿੰਦ ਸਿੰਘ ਦੇ ਨਿਕਟਵਰਤੀ ਸਨ। ਇਨ੍ਹਾਂ ਦੀ ਕਵਿਤਾ ਵਿਚ 'ਖ਼ਾਲਸਾ' ਸ਼ਬਦ ਦੀ ਵਰਤੋਂ ਤੋਂ ਭਲੀਭਾਂਤ ਗਿਆਤ ਹੁੰਦਾ ਹੈ ਕਿ ਇਸ ਸ਼ਬਦ ਦੀ ਵਰਤੋਂ ਸੰਗਤ ਨੂੰ ਖ਼ਾਲਸਾ ਕਰਨ ਅਰਥਾਤ ਸੰਗਤ ਨੂੰ ਗੁਰੂ ਨਾਲ ਸਿੱਧਾ ਜੋੜਨ ਦੇ ਪ੍ਰਸੰਗ ਵਿਚ ਕੀਤੀ ਗਈ। ਖ਼ਾਸ ਕਰਕੇ ਇਸ ਸ਼ਬਦ ਦੀ ਵਰਤੋਂ ਦਾ ਕਾਰਨ ਮਸੰਦਾਂ ਵਲੋਂ ਕੀਤੀਆਂ ਸਨ, ਜੋ ਅਜੋਕੇ ਮਾਹੌਲ ਵਾਂਗ ਗੋਲਕ ਚੋਰ ਬਣ ਗਏ ਸਨ। ਗੁਰੂ ਗੋਬਿੰਦ ਸਿੰਘ ਦੇ ਪਹਿਲੀ ਵੈਸਾਖੀ (ਮਾਰਚ 30, 1699) ਤੋਂ ਲੈ ਕੇ ਬਾਅਦ ਵਿਚ ਲਿਖੇ ਉਨ੍ਹਾਂ ਸਾਰੇ ਹੁਕਮਨਾਮਿਆਂ ਵਿਚ 'ਸੰਗਤਾਂ ਨੂੰ ਖ਼ਾਲਸਾ ਕਰਨ ਦਾ ਬਿਰਤਾਂਤ' ਆਉਂਦਾ ਹੈ ਜੋ ਉਨ੍ਹਾਂ ਵੱਖ-ਵੱਖ ਸੰਗਤਾਂ ਦੇ ਨਾਂ ਲਿਖੇ (ਹੁਕਮਨਾਮੇ 46, 48-61, 63-65)। ਇਨ੍ਹਾਂ ਸਾਰੇ ਹੁਕਮਨਾਮਿਆਂ ਵਿਚ 'ਸੰਗਤ ਮੇਰਾ ਖ਼ਾਲਸਾ ਹੈ।' ਦੀ ਤੁਕ ਆਉਂਦੀ ਹੈ। ਜਿਨ੍ਹਾਂ ਬਾਰੇ ਅੱਗੇ ਚਲਕੇ ਲਿਖਿਆ ਜਾਵੇਗਾ।

ਆਉ ਹੁਣ ਦੇਖੀਏ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਹੋਰ ਸਿੱਖਾਂ ਵਲੋਂ ਲਿਖੇ ਗਏ ਸਿੱਖ ਸਾਹਿਤ ਵਿਚ 'ਖ਼ਾਲਸਾ' ਸ਼ਬਦ ਦੀ ਵਰਤੋਂ ਕਿਸ ਪ੍ਰਕਾਰ ਹੋਈ।

**ਸਰਬ-ਲੋਹ ਗ੍ਰੰਥ** : ਸਭ ਤੋਂ ਪਹਿਲਾਂ ਇਸ ਰਚਨਾ ਦੇ ਕਰਤਾ ਬਾਰੇ ਭੁਲੇਖੇ ਦੂਰ ਕਰਨਾ ਜ਼ਰੂਰੀ ਹੈ। ਕੁਝ ਪੁਸਤਕਾਂ ਵਿਚ ਇਸ ਗ੍ਰੰਥ ਦੇ ਕਰਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਦਰਸਾਇਆ ਗਿਆ ਹੈ ਜੋ ਉੱਘੇ ਵਿਦਵਾਨਾਂ ਦੇ ਅਨੁਸਾਰ ਗ਼ਲਤ ਹੈ। ਡਾ. ਗੰਡਾ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਇਸ ਗ੍ਰੰਥ ਦਾ ਲੇਖਕ ਭਾਈ ਸੁੱਖਾ ਸਿੰਘ ਹੈ ਜੋ ਪਟਨੇ ਸਾਹਿਬ ਦਾ ਗ੍ਰੰਥੀ ਸੀ। ਇਸ ਗ੍ਰੰਥ ਵਿਚ 'ਖ਼ਾਲਸਾ' ਸ਼ਬਦ ਦੀ ਵਰਤੋਂ ਇਸ ਪ੍ਰਕਾਰ ਹੋਈ ਹੈ।

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮਾਹਿ ਹੌ ਕਰੋ ਨਿਵਾਸ।*
*ਖਾਲਸਾ ਮੇਰੋ ਇਸ਼ਟ ਸੁਹਿਰਦ।*
*ਖਾਲਸਾ ਮੇਰੋ ਕਹੀਅਤ ਬਿਰਦ।*
*ਖਾਲਸੇ ਮੇਰੋ ਮਿਤ੍ਰ ਸਖਾਈ।*
*ਖਾਲਸਾ ਮਾਤ ਪਿਤਾ ਸੁਖਦਾਈ।*
*ਖਾਲਸਾ ਮੇਰੋ ਪਿੰਡ ਪਰਾਨ।*
*ਖਾਲਸਾ ਮੇਰੀ ਜਾਨ ਕੀ ਜਾਨ।*
*ਖਾਲਸਾ ਮੇਰੋ ਸਤਿਗੁਰ ਪੂਰਾ।*
*ਖਾਲਸਾ ਮੇਰੋ ਸਜਨ ਸੂਰਾ।*
*ਯਾ ਮੈ ਰੰਚ ਨਾ ਮਿਥਿਆ ਭਾਖੀ।*
*ਪਰ ਬ੍ਰਹਮ ਗੁਰੂ ਨਾਨਕ ਸਾਖੀ।*

ਇਸ ਸ਼ਬਦ ਦੀ ਪ੍ਰਮਾਣਕਤਾ ਬਾਰੇ ਖੋਜ ਦੀ ਲੋੜ ਹੈ। ਆਮ ਕਰਕੇ ਇਸ ਸ਼ਬਦ ਦੇ ਕਰਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਝਿਆ ਜਾਂਦਾ ਹੈ।

**ਪੰਥ ਪ੍ਰਕਾਸ਼** : ਸਰਦਾਰ ਰਤਨ ਸਿੰਘ ਦੀ ਇਸ ਰਚਨਾ ਵਿਚ ਖ਼ਾਲਸਾ ਸ਼ਬਦ ਨੂੰ ਤੱਤ ਖ਼ਾਲਸਾ ਲਿਖਿਆ ਹੈ। ਇਸ ਦਾ ਖ਼ਾਸ ਕਾਰਣ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਜਿਸ ਵੇਲੇ ਬਾਬਾ ਬੰਦਾ ਗੁਰਮਤ ਵਿਚ ਆਪਣੀ ਮਨਮਾਨੀ ਕਰਨ ਲੱਗ ਪਿਆ ਸੀ ਤਾਂ ਉਸ ਵੇਲੇ ਦੇ ਖ਼ਾਲਸਾ ਪੰਥ ਨੇ ਅੰਮ੍ਰਿਤਸਰ ਵਿਚ ਗੁਰਮਤਾ ਕਰਕੇ ਦਬਤੂ ਘੁਸਤੂ ਸਿੱਖਾਂ ਨੂੰ ਆਪਣੇ ਤੋਂ ਜੁਦਾ ਕਰਕੇ ਉਨ੍ਹਾਂ ਦਾ ਨਾਂ 'ਬੰਦਈ ਖ਼ਾਲਸਾ' ਰੱਖ ਦਿੱਤਾ ਸੀ ਅਤੇ ਰਹਿਤ ਮਰਯਾਦਾ ਵਿਚ ਪੂਰੇ ਸਿੱਖਾਂ ਨੂੰ 'ਤੱਤ ਖ਼ਾਲਸਾ' ਕਿਹਾ ਗਿਆ ਸੀ।

*ਤੱਤ ਖਾਲਸਾ ਗੁਰੂ ਕਾ ਜ਼ਾਹਰ,*
*ਕਹਿਤ ਚੁਰਾਸੀ ਤੋਂ ਹੈ ਬਾਹਰ।*
*ਜੋ ਗੁਰੂ ਨਾਨਕ ਰਚੀ ਕਲਾਮ*
*ਐਨ ਪਾਕ ਸੋ ਅਹੈ ਕਲਾਮ।*
*ਉਸ ਕੀ ਜਿਲਦ ਰਖੀ ਬੰਧਵਾ ਹੈ*
*ਗੁਰੂ ਗਰੰਥ ਸਾਹਿਬ ਕਹਿੰ ਤਾਂ ਹੈ।*

**ਦਸਵੀਂ ਪਾਤਸ਼ਾਹੀ ਦਾ ਗੁਰਬਿਲਾਸ** : ਇਹ ਰਚਨਾ ਭਾਈ ਸੁੱਖਾ ਸਿੰਘ ਦੀ ਹੈ ਜੋ ਆਨੰਦਪੁਰ ਦੇ ਵਾਸੀ ਸਨ। ਇਹ ਪੁਸਤਕ ਉਨ੍ਹਾਂ 1854 ਬਿਕ੍ਰਮੀ ਵਿਚ ਰਚੀ।

*ਇਹ ਪਰਮ ਖ਼ਾਲਸਾ ਪੰਥ ਜੋਇ,*
*ਇਹ ਅਸੀਂ ਕੇਤੁ ਕੋ ਬਿਰਦ ਸੋਇ।*
*ਬੁਰਕਾ ਅਕਾਲ ਦੀਨੋ ਸੁ ਆਪ,*
*ਵਿਚ ਧਾਰ ਅਸਿਕ ਗੁਰੂ ਕੇ ਪ੍ਰਤਾਪ।*

**ਗੁਰ ਪ੍ਰਤਾਪ ਸੂਰਯ** : ਇਹ ਗ੍ਰੰਥ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ।

*ਗੁਰਤਾ ਅਰ ਲਾਗੇ ਖਾਲਸੇ*
*ਪੰਚ ਸਿੰਘ ਤਹਿ ਮੋਹਿੰ ਸਰੀਰ*
..................................
*ਸ਼ਿਰੀ ਵਾਹਿਗੁਰੁ ਜੀ ਕਾ ਖਾਲਸਾ*
*ਫਤੇ ਵਾਹਿਗੁਰੁ ਜੀ ਕੀ ਦੀਨ।*

**ਗੁਰਬਿਲਾਸ ਪਾਤਸ਼ਾਹੀ** 10 : ਇਹ ਗ੍ਰੰਥ ਭਾਈ ਕੁਇਰ ਸਿੰਘ ਜੀ ਦੀ ਰਚਨਾ ਹੈ। ਇਹ ਪਹਿਲੀ ਪੁਸਤਕ ਹੈ ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਮੁਢਲੇ ਜੀਵਨ ਦਾ ਵੇਰਵਾ ਮਿਲਦਾ ਹੈ। ਭਾਈ ਕੁਇਰ ਸਿੰਘ ਮਨੀ ਸਿੰਘ ਦੇ ਨਿਕਟਵਰਤੀ ਸਨ। ਇਸ



ਪੁਸਤਕ ਵਿਚ ਪਹਿਲੀ ਵਾਰੀ ਬੈਸਾਖ (30 ਮਾਰਚ 1699) ਵਾਲੇ ਦਿਨ ਦੇ ਕੌਤਕਾਂ ਦਾ ਵੇਰਵਾ ਹੈ (ਜੋ ਭਾਈ ਸੈਨਾਪਤਿ ਦੇ ਗੁਰ ਸ਼ੋਭਾ ਗ੍ਰੰਥ ਵਿਚ ਵੀ ਨਹੀਂ ਮਿਲਦਾ।) ਖ਼ਾਲਸੇ ਬਾਰੇ ਇਸ ਪੁਸਤਕ ਵਿਚ ਕਈ ਥਾਈਂ ਜ਼ਿਕਰ ਆਇਆ ਹੈ।

*ਬੀਤੀ ਨਿਸ਼ਾ ਭੋਰ ਪ੍ਰਗਟਾਯੋ।*
*ਸ੍ਰੀ ਦਿਨ ਮਣਿ ਚਲ ਤਖ਼ਤ ਸੁਹਾਯੋ।*
*ਪਰਮ ਜੋਤਿ ਸਾਹਿਬ ਸੁਖਦਾਈ।*
*ਬੈਠੇ ਸ੍ਰੀ ਕੇਸਗੜ੍ਹ ਆਈ॥ (੨)॥*
*ਅਧਿਕ ਓਪਾਤਾ ਥਾਨ ਬਸਾਵੈ।*
*ਕੋਟਿ ਬਦਨ ਕਰ ਅੰਤ ਨ ਪਾਵੈ।*
*ਆਦਿ ਖਾਲਸਾ ਵਾਸੀ ਜੋਈ।*
*ਅੱਚੁਲ ਵਾਕ ਗੁਰੂ ਕਾ ਸੋਈ॥ (੩)॥*
*ਸਾਤ ਧੁਜਾ ਤਿਹ ਅਦਭੁਤ ਭਾਰੀ।*
*ਸਭ ਸਿਰ ਕੇਸ ਕੋਟ ਅਵਤਾਰੀ।*
*ਆਦਿ ਰੂਪ ਖਾਲਸੇ ਵਾਸੀ।*
*ਰਿਧਿ ਸਿੱਧਿ ਜਿਹ ਕੋਟਿਕ ਦਾਸੀ॥(੫)॥*

ਉਪਰੋਕਤ ਗ੍ਰੰਥਾਂ ਤੋਂ ਉਪਰੰਤ ਖ਼ਾਲਸਾ ਸ਼ਬਦ ਦੀ ਵਰਤੋਂ ਭਾਈ ਦਯਾ ਸਿੰਘ ਦੇ ਰਹਿਤਨਾਮਾ ਵਿਚ ਵੀ ਆਈ ਹੈ। ਜਿੱਥੇ ਲਿਖਿਆ ਹੈ ਕਿ "ਖ਼ਾਲਸਾ ਸੋ ਜਿਸ ਤਨ ਮਨ ਧਨ ਅਕਾਲਪੁਰਖ ਨੂੰ ਸੌਂਪਿਆ ਹੈ।" ਸਾਰੰਸ ਇਹ ਕਿ ਖ਼ਾਲਸਾ ਸ਼ਬਦ ਦੀ ਸਿੱਖ ਇਤਿਹਾਸ ਅਤੇ ਧਰਮ ਵਿਚ ਬਹੁਤ ਮਹੱਤਤਾ ਹੈ।

**ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਤੇ ਖ਼ਾਲਸਾ ਸ਼ਬਦ** : ਜਿਵੇਂ ਕਿ ਪਹਿਲਾਂ ਲਿਖਿਆ ਹੈ ਕਿ ਸਿੱਖ ਧਰਮ ਵਿਚ ਖ਼ਾਲਸਾ ਸ਼ਬਦ ਦੀ ਵਰਤੋਂ ਗੁਰੂ ਗੋਬਿੰਦ ਸਿੰਘ ਦੇ ਕਾਲ ਤੋਂ ਪਹਿਲਾ ਵੀ ਕੀਤੀ ਗਈ ਸੀ। ਜਿੱਥੇ ਇਸ ਦੀ ਵਰਤੋਂ ਸ਼ੁੱਧ, ਖ਼ਾਲਸ ਜਾਂ ਨਿਰਮਲ (ਭਗਤ ਕਬੀਰ) ਅਰਥਾਂ ਵਿਚ ਹੋਈ। ਛੇਵੇਂ ਪਾਤਸ਼ਾਹ ਅਤੇ ਨੌਵੇਂ ਪਾਤਸ਼ਾਹ ਦੇ ਹੁਕਮਨਾਮਿਆਂ ਵਿਚ ਸੰਗਤਾਂ ਨੂੰ 'ਗੁਰ ਕਾ ਖ਼ਾਲਸਾ' ਕਿਹਾ ਗਿਆ ਹੈ। ਇਸੇ ਪ੍ਰਥਾ ਨੂੰ ਅੱਗੇ ਤੋਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਅਤੇ ਉਸ ਦੇ ਸਿੱਖਾਂ ਨੇ 'ਖ਼ਾਲਸਾ' ਸ਼ਬਦ ਨੂੰ ਖਾਸਾ ਕਰਕੇ 'ਸੰਗਤ ਨੂੰ ਖ਼ਾਲਸਾ ਕਰਨਾ' ਜਾ 'ਗੁਰੂ ਕਾ ਖ਼ਾਲਸਾ ਆਖਣਾ' ਦੇ ਅਰਥਾਂ ਵਿਚ ਵਰਤਿਆ। ਥੱਲੇ ਅਸੀਂ ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ 'ਖ਼ਾਲਸਾ' ਸ਼ਬਦ ਦੀ ਵਰਤੋਂ ਦੇ ਕੇ ਇਸ ਵਿਚਾਰ ਨੂੰ ਅੱਗੇ ਤੋਰਾਂਗੇ।

**ਉਦਾਹਰਣ** 1.

*ਜਾਗਤ ਜੋਤਿ ਜਪੈ ਨਿਸ ਬਾਸਰ*
*ਏਕ ਬਿਨਾਂ ਮਨ ਨੈਕ ਨ ਆਨੈ,*

*ਪੂਰਨ ਪ੍ਰੇਮ ਪ੍ਰਤੀਤਿ ਸਜੈ*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ,*
*ਤੀਰਥ ਦਾਨ ਦਯਾ ਤਪ ਸੰਜਮ*
*ਏਕ ਬਿਨਾ ਨਹਿ ਨੈਕ ਪਛਾਨੈ,*
*ਪੂਰਨ ਜੋਤਿ ਜਗੈ ਘਟ ਮੈ*
*ਤਬ ਖਾਲਸਾ ਤਾਹਿ ਨਖਾਲਸ ਜਾਨੈ।* *(੩੩ ਸਵੈਯੇ)*

**ਉਦਾਹਰਣ** 2 : ਪਿੱਛੇ ਤੁਸੀਂ ਸੁੱਖਾ ਸਿੰਘ (ਪਟਨੇ ਸਾਹਿਬ ਦੇ ਗ੍ਰੰਥੀ) ਵਲੋਂ ਗੁਰੂ ਗੋਬਿੰਦ ਸਿੰਘ ਨੂੰ ਮੁੱਖ ਰੱਖਕੇ ਪ੍ਰਗਟਾਏ 'ਖ਼ਾਲਸਾ' ਬਾਰੇ ਵਿਚਾਰ ਪੜ੍ਹੇ (ਖ਼ਾਲਸਾ ਮੇਰੋ ਰੂਪ ਹੈ ਖਾਸ)। ਗੁਰੂ ਸਾਹਿਬ ਨੇ ਸੰਕੇਤਕ ਤੌਰ 'ਤੇ ਇਸੇ ਵਿਚਾਰ ਨੂੰ ਇੰਝ ਬਿਆਨ ਕੀਤਾ ਹੈ।

*ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ*
*ਨਹੀਂ ਮੋ ਸੇ ਗ਼ਰੀਬ ਕਰੋਰ ਪਰੇ ॥੨॥*
*ਜੋ ਗ੍ਰਹ ਮੈਂ ਤਨ ਤੇ ਮਨ ਤੇ ਸਿਰ ਲਉ*
*ਧਨ ਹੈ ਸਬ ਹੀ ਇਨ ਕੀ ਹੋ ॥੩॥*

ਸਵਾਲ ਪੈਦਾ ਹੁੰਦਾ ਹੈ ਕਿ ਉਪਰੋਕਤ ਵਿਚਾਰ ਗੁਰੂ ਸਾਹਿਬ ਨੇ ਖ਼ਾਲਸੇ ਬਾਰੇ ਵਿਅਕਤ ਕੀਤੇ ਜਾਂ ਆਪਣੇ 52 ਅਨਿਨ ਸਿੱਖਾਂ ਬਾਰੇ। ਇਹ ਵੀ ਹੋ ਸਕਦਾ ਹੈ ਕਿ ਇਹ ਵਿਚਾਰ ਸੰਗਤ ਬਾਰੇ ਹੋਣ। ਇਸ ਬਾਰੇ ਨਿਰਣਾ ਨਹੀਂ ਹੋ ਸਕਦਾ। ਪਰ ਆਮ ਕਰਕੇ ਇਸ ਸ਼ਬਦ ਦੀ ਸਮੱਗਰੀ ਨੂੰ ਖ਼ਾਲਸੇ ਦੀ ਉਸਤਤ ਦੇ ਨਾਂ ਲਾਇਆ ਜਾ ਸਕਦਾ ਹੈ।

**ਉਦਾਹਰਣ** 3 : ਖ਼ਾਲਸਾ ਪੰਥ ਦੀ ਸਾਜਨਾ ਤੋਂ ਬਾਅਦ ਗੁਰੂ ਸਾਹਿਬ ਨੇ ਪੰਜ ਪਿਆਰਿਆਂ ਨੂੰ ਪ੍ਰਮਾਤਮਾ ਦਾ ਖ਼ਾਲਸਾ ਬਣਾ ਦਿੱਤਾ।

*ਵਾਹਿਗੁਰੂ ਜੀ ਕਾ ਖਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

ਪਹਿਲੀ ਉਦਾਹਰਣ ਵਿਚ ਗੁਰੂ ਸਾਹਿਬ ਨੇ ਖ਼ਾਲਸਾ ਸ਼ਬਦ ਨੂੰ ਦੋ ਰੂਪਾਂ ਵਿਚ ਵਰਤਿਆ ਹੈ, ਖ਼ਾਲਸਾ ਅਤੇ ਨਖ਼ਾਲਸ ਜਿਸਦੇ ਸ਼ਬਦ-ਕੋਸ਼ੀ ਅਰਥ ਸ਼ੁੱਧ, ਬਿਨਾਂ ਮਿਲਾਵਟ (ਖ਼ਾਲਸਾ) ਜਾਂ ਨਰੋਲ (ਨਖਾਲਸ) ਹੈ। ਅਸੀਂ ਆਪ ਬੋਲ-ਚਾਲ ਦੀ ਬੋਲੀ ਵਿਚ ਅਜੇ ਵੀ ਕਈ ਵਾਰੀ ਖਰੇ ਘੀ ਜਾਂ ਤੇਲ ਆਦਿ ਨੂੰ ਨਖ਼ਾਲਸ ਆਖ ਦਿੰਦੇ ਹਾਂ ਜਿਸ ਦਾ ਭਾਵ ਸ਼ੁੱਧ ਜਾਂ ਨਿਰਮਲ ਹੀ ਹੁੰਦਾ ਹੈ। ਅੰਮ੍ਰਿਤ ਦੀ ਰਸਮ ਤੋਂ ਪਹਿਲਾਂ ਸਿੱਖ ਧਰਮ ਨੂੰ ਨਿਰਮਲ ਪੰਥ ਕਹਿਣ ਦੀ ਪ੍ਰਥਾ ਸੀ। (ਮਾਰਿਆ ਸਿੱਕਾ ਜਗਤ ਵਿਚ ਨਿਰਮਲ ਪੰਥ ਚਲਾਯਾ, ਭਾਈ ਗੁਰਦਾਸ, ਵਾਰ ਪਹਿਲੀ)। ਗੁਰੂ ਗੋਬਿੰਦ ਸਿੰਘ ਦੀ ਸਾਰੀ ਬਾਣੀ ਵਿਚ



ਸ਼ਾਮਲ 'ਖ਼ਾਲਸਾ' ਜਾਂ 'ਨਖ਼ਾਲਸ' ਇਨ੍ਹਾਂ ਅਰਥਾਂ ਵਿਚ ਹੀ ਆਏ ਹਨ। ਸ਼ਬਦ-ਕੋਸ਼ ਦੇ ਦੂਜੇ ਅਰਥਾਂ ਵਿਚ ਖ਼ਾਲਸਾ ਸ਼ਬਦ ਦੀ ਵਰਤੋਂ ਤੋਂ ਭਾਵ ਸੀ ਕਿ ਜ਼ਮੀਨ ਆਦਿ ਨੂੰ ਖ਼ਾਲਸਾ ਕੀਤਾ ਗਿਆ ਹੈ। ਬਿਲਕੁਲ ਇਸੇ ਪਰਿਭਾਸ਼ਾ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਸ਼ਬਦ ਨੂੰ ਅਪਣਾਇਆ। ਗੁਰੂ ਹਰਿਗੋਬਿੰਦ ਅਤੇ ਗੁਰੂ ਤੇਗ ਬਹਾਦਰ ਹੋਰਾਂ ਵੀ ਆਪਣੇ ਹੁਕਮਨਾਮਿਆਂ ਵਿਚ 'ਖ਼ਾਲਸਾ' ਸ਼ਬਦ ਦੀ ਵਰਤੋਂ ਕੀਤੀ ਪਰ ਉਨ੍ਹਾਂ ਨੇ ਇਸ ਸ਼ਬਦ ਨੂੰ 'ਨਿੱਜੀ' ਜਾਂ ਅਪਣਤ ਦੇ ਅਰਥਾਂ ਵਿਚ ਵਰਤਿਆ। ਜਦ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ "ਪੂਰਬ ਦੀ ਸੰਗਤ ਗੁਰੂ ਦਾ ਖ਼ਾਲਸਾ ਹੈ।" ਤਾਂ ਉਨ੍ਹਾਂ ਦਾ ਭਾਵ ਸੀ ਕਿ ਗੁਰੂ ਘਰ ਲਈ ਕਿਸੇ ਧਨ ਜਾਂ ਭੇਂਟ ਵਾਸਤੇ ਮਸੰਦਾਂ ਦੀ ਬਿਚੋਲਗੀ ਜ਼ਰੂਰੀ ਨਹੀਂ। ਇਨ੍ਹਾਂ ਅਰਥਾਂ ਵਿਚ ਹੀ ਗੁਰੂ ਤੇਗ ਬਹਾਦਰ ਹੋਰਾਂ ਪਟਨਾ ਦੀ ਸੰਗਤ ਨੂੰ 'ਖ਼ਾਲਸਾ' ਕਰਕੇ ਮੁਖ਼ਾਤਬ ਕੀਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੋ ਮਸਲੇ ਉਭਰ ਕੇ ਸਾਹਮਣੇ ਆਏ। ਪਹਿਲਾਂ ਹੀ ਮਸੰਦ ਪ੍ਰਥਾ ਵਿਚ ਨਿਘਾਰ ਅਤੇ ਦੂਸਰਾ ਸੀ ਮੁਗਲ ਰਾਜ ਦੀਆਂ ਸਿੱਖਾਂ ਪ੍ਰਤੀ ਵਧੀਕੀਆਂ। ਇਨ੍ਹਾਂ ਦੋਹਾਂ ਮੁਸੀਬਤਾਂ ਨਾਲ ਨਜਿੱਠਣ ਲਈ ਦਸਮ ਗੁਰੂ ਨੇ ਉਸ ਵੇਲੇ ਦੀ ਪ੍ਰਚੱਲਤ ਸਰਕਾਰੀ ਭਾਸ਼ਾ ਦੀ ਸ਼ਬਦਾਵਲੀ ਵਿਚੋਂ ਖ਼ਾਲਸਾ ਸ਼ਬਦ ਚੁਣਿਆ ਅਤੇ ਇਸ ਨੂੰ ਖਾਸ ਅਰਥ ਪ੍ਰਦਾਨ ਕੀਤੇ। ਬੈਸਾਖੀ ਵਾਲੇ ਦਿਨ ਬੜੀ ਸੋਚੀ ਸਮਝੀ ਤਰਕੀਬ ਹੇਠ ਸਿੱਖ ਸੰਗਤ ਨੂੰ ਆਪਣਾ ਖ਼ਾਲਸਾ ਬਣਾ ਕੇ ਉਸ ਨੂੰ ਖ਼ਾਸ ਅਰਥ ਬਖਸ਼ੇ। ਪਹਿਲਾ ਕੰਮ ਇਹ ਕੀਤਾ ਕਿ ਸਿੱਖ ਸੰਗਤਾਂ ਵਲੋਂ ਆਉਂਦੀ ਕਾਰ-ਭੇਟ, ਗੋਲਕ, ਦਸਵੰਦ ਅਤੇ ਮੰਨਤ ਆਦਿ ਨੂੰ ਸਿਧੀ ਆਪਣੇ ਅਧਿਕਾਰ ਵਿਚ ਕਰ ਲਿਆ। ਅਰਥਾਤ ਸਾਰੀ ਸਮੱਗਰੀ ਨੂੰ 'ਗੁਰੂ ਕੀ ਗੋਲਕ' ਦੇ ਨਾਂ ਲਾ ਦਿੱਤਾ। ਇਸ ਪ੍ਰਕਾਰ ਮਸੰਦਾਂ ਦੀ ਪ੍ਰਥਾ ਨੂੰ ਖ਼ਤਮ ਕਰ ਦਿੱਤਾ।

ਡਾ. ਗੰਡਾ ਸਿੰਘ ਦੇ ਸ਼ਬਦਾਂ ਵਿਚ ਖ਼ਾਲਸਾ ਬਾਹਰਲੇ ਦਿਖਾਵੇ, ਕਪੜੇ ਪਹਿਨਣ ਦੇ ਢੰਗ ਜਾਂ ਖਾਣ-ਪੀਣ ਦੇ ਵਖੇਵੇਂ ਦਾ ਨਾਉਂ ਨਹੀਂ। ਇਹ ਜੀਵਨ-ਵਿਚਾਰ, ਜੀਵਨ-ਜੁਗਤੀ ਅਤੇ ਜੀਵਨ-ਰਾਹ ਹੈ, ਮਨੁੱਖ ਦੇ ਮਨੁੱਖ ਨਾਲ ਵਰਤਾਉ ਦੀ ਸੁਚੱਜਤਾ ਅਤੇ ਨਿਰਮਲਤਾ ਹੈ। ਜੋ ਲੋਕ ਸਿੱਖ ਸੰਗਤਾਂ ਦੀ ਸ਼ਰਧਾ ਅਤੇ ਪ੍ਰੇਮ ਨਾਲ ਗੁਰੂ ਦੀ ਭੇਟ ਕੀਤੀ ਹੋਈ ਚੜ੍ਹਤ, ਦਸਵੰਧ, ਮੰਨਤ ਆਦਿ ਵਿਚ ਬਦ-ਦਿਆਨਤੀ ਕਰਦੇ ਸਨ, ਉਹ ਗੁਰੂ ਕੀ ਗੋਲਕ ਦੇ ਚੋਰ ਸਨ। ਗੁਰੂ ਦੇ ਨਾਉ ਪਰ, ਧਰਮ ਦੇ ਨਾਉਂ ਪਰ ਆਈ ਕਾਰ-ਭੇਟ ਗੁਰੂ ਦੀ ਅਮਾਨਤ ਸੀ। ਇਸ ਨੂੰ ਆਪਣੀ ਨਿੱਜੀ ਵਰਤੋਂ ਵਿਚ ਲਿਆਉਣਾ ਬੇ-ਈਮਾਨੀ ਸੀ ਅਤੇ ਬੇ-ਈਮਾਨ, ਚੋਰ ਅਤੇ ਕਪਟੀ ਆਦਮੀ ਧਰਮੀ ਕਿਵੇਂ ਹੋ ਸਕਦਾ ਹੈ? ਜਿਸ ਦਾ ਆਪਣਾ ਮਨ ਮੈਲਾ ਹੈ, ਜਿਸ ਦੇ ਕਰਮ ਨਿਰਮਲ (ਖ਼ਾਲਸ) ਨਹੀਂ, ਜਿਸ ਦੇ ਵਿਚਾਰ ਸ਼ੁਧ ਨਹੀਂ, ਜੋ ਲਾਲਚ ਦੇ ਵਸ ਹੋ ਕੇ ਗੁਰੂ ਨੂੰ ਧੋਖਾ ਦਿੰਦਾ ਹੈ, ਗੁਰੂ ਦੀ ਗੋਲਕ ਦੀ ਚੋਰੀ ਕਰਦਾ ਹੈ, ਉਹ ਸ਼ਕਲ ਕਿਹੋ ਜਿਹੀ ਭੀ ਕਿਉਂ ਨਾ ਬਣਾਈ ਫਿਰੇ ਉਹ ਪਖੰਡੀ ਹੈ-ਇਕ ਬਹੁ-ਰੂਪੀਆ ਹੈ-ਅਧਰਮੀ ਹੈ- ਸ਼ਕਲੀ ਮੋਮਨਾਂ ਕਰਤੂਤੀ ਕਾਫ਼ਰ ਹੈ।" ਗੁਰੂ ਗੋਬਿੰਦ ਸਿੰਘ ਵੇਲੇ ਵੀ ਉਪਰੋਕਤ ਵਿਚਾਰਾਂ ਨਾਲ ਮਿਲਦੇ ਜੁਲਦੇ ਮਸੰਦ ਪੈਦਾ ਹੋ ਗਏ

ਸਨ। ਇਸ ਲਈ ਇਨ੍ਹਾਂ ਦੇ ਸ਼ਿਕੰਜੇ ’ਚੋਂ ਸਿੱਖ ਸੰਗਤ ਨੂੰ ਕੱਢਣਾ ਜ਼ਰੂਰੀ ਸੀ। ਇਸ ਕਰਕੇ ਉਨ੍ਹਾਂ ਸਾਰੀ ਸਿੱਖ ਸੰਗਤ ਨੂੰ ਪਹਿਲਾਂ ਆਪਣਾ ਕਰ ਲਿਆ। ਅਰਥਾਤ ਗੁਰੂ ਦੇ ਲੜ ਲਾ ਲਿਆ ਅਤੇ ਫੇਰ ਵਾਹਿਗੁਰੂ ਦੇ ਨਾਂ ਲਾ ਦਿੱਤਾ। ਇਕ ਪ੍ਰਕਾਰ ਨਾਲ ਸਿੱਖ ਸੰਗਤ ਪਹਿਲਾਂ ਗੁਰੂ ਦੀ ਮਲਕੀਅਤ (ਖ਼ਾਲਸਾ) ਬਣ ਗਈ ਅਤੇ ਫੇਰ ਗੁਰੂ ਸਣੇ ਵਾਹਿਗੁਰੂ ਦੀ ਮਲਕੀਅਤ (ਖ਼ਾਲਸਾ) ਬਣਾ ਦਿੱਤੀ।

ਗੁਰੂ ਦੁਆਰਾ ‘ਖ਼ਾਲਸਾ’ ਕੀਤੀ ਹੋਈ ਸੰਗਤ ਨੂੰ ‘ਸਿੱਖ ਪੰਥ’ ਕਿਹਾ ਜਾਂਦਾ ਹੈ ਅਤੇ ਅੰਮ੍ਰਿਤਧਾਰੀ ਸੰਗਤ ਨੂੰ ‘ਖ਼ਾਲਸਾ ਪੰਥ’ ਕਿਹਾ ਗਿਆ ਹੈ। ਇਹ ਵਖਰਾਉ ਉਸ ਵੇਲੇ ਹੋਇਆ ਜਦ ਗੁਰੂ ਗੋਬਿੰਦ ਸਿੰਘ ਨੇ ਵਿਸਾਖੀ ਵਾਲੇ ਦਿਨ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਕੇ ਅਤੇ ਉਨ੍ਹਾਂ ਤੋਂ ਆਪ ਅੰਮ੍ਰਿਤ ਛਕਕੇ ਗੁਰੂ ਅਤੇ ਚੇਲੇ ਦਾ ਭੇਦ ਮਿਟਾਇਆ। ਜਦ ਗੁਰੂ ਇਕੋ ਸਮੇਂ ਗੁਰ ਅਤੇ ਆਪੇ ਚੇਲਾ ਬਣ ਗਿਆ ਤਾਂ ਸਿੱਖ ਸੰਗਤ ਨੂੰ ਕਿਸ ਦਾ ਖ਼ਾਲਸਾ ਬਣਾਉਂਦੇ ? ਇਸੇ ਲਈ ਗੁਰੂ ਸਾਹਿਬ ਨੇ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ਦਾ ਸੰਕਲਪ ਦਿੱਤਾ। ਇਸ ਪ੍ਰਕਾਰ ਗੁਰੂ ਅਤੇ ਗੁਰੂ ਦੀ ਸੰਗਤ ਵਿਚਲਾ ਫ਼ਰਕ ਵੀ ਮਿਟ ਗਿਆ। ਅਰਥਾਤ ਗੁਰੂ ਅਤੇ ਸੰਗਤ ਦੋਵੇਂ ਪ੍ਰਮਾਤਮਾ ਦੇ ‘ਖ਼ਾਲਸਾ’ ਬਣ ਗਏ। ਪ੍ਰਮਾਤਮਾ ਦੀ ਹਸਤੀ ਨੂੰ ਸਰਵ ਸ਼ਕਤੀਮਾਨ ਮੰਨਦੇ ਹਰੇਕ ਸਿੱਖ ਜਦ ਉਸ ਦਾ ਖ਼ਾਲਸਾ ਬਣ ਗਿਆ ਤਾਂ ਹਰੇਕ ਸਿੱਖ ਲਈ ਕਿਸੇ ਮਾਨਵ ਦਾ ਖ਼ਾਲਸਾ ਬਨਣਾ ਅਰਥਾਤ ਕਿਸੇ ਰਾਜ ਜਾਂ ਰਾਜੇ ਦੀ ਅਧੀਨਗੀ ਕਬੂਲਣੀ ਸਿੱਖ ਧਰਮ ਦੇ ਅਸੂਲਾਂ ਦੇ ਖ਼ਿਲਾਫ਼ ਸਮਝੀ ਗਈ। ਜਿੱਥੋਂ ਤੱਕ ਮਾਲੀ ਹਿਸਾਬ-ਕਿਤਾਬ ਦਾ ਸੰਬੰਧ ਸੀ ਉਹ ਗੁਰੂ ਦੇ ਪ੍ਰਬੰਧ ਵਿਚ ਆ ਗਿਆ।

**ਗੁਰੂ ਗੋਬਿੰਦ ਸਿੰਘ ਦੇ ਹੁਕਮਨਾਮੇ ਅਤੇ ਖ਼ਾਲਸਾ ਸ਼ਬਦ** :

ਵਿਸਾਖੀ ਵਾਲੇ ਦਿਨ (ਮਾਰਚ 30, 1699) ਨੂੰ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਖ਼ਾਲਸਾ ਸ਼ਬਦ ਦੀ ਵਰਤੋਂ ਸ਼ੁਰੂ ਕੀਤੀ। ਪਰ ਕੇਵਲ ਸੰਗਤ ਦੇ ਸੰਬੰਧ ਵਿਚ ਖ਼ਾਲਸਾ ਸ਼ਬਦ ਵਰਤਿਆ ਗਿਆ। ਵਿਸਾਖੀ ਵਾਲੇ ਦਿਨ ਤੋਂ ਪਹਿਲਾਂ ਲਿਖੇ ਗਏ ਇਕ ਹੁਕਮਨਾਮੇ ਵਿਚ ਸੰਗਤ ਖ਼ਾਲਸਾ ਕਰਨ ਬਾਰੇ ਜ਼ਿਕਰ ਸਿੱਧੇ ਤੌਰ ’ਤੇ ਆਉਂਦਾ ਹੈ। ਪਰ ਖ਼ਾਲਸੇ ਦੀ ਸਾਜਨਾ ਤੋਂ ਬਾਅਦ ਗੁਰੂ ਸਾਹਿਬ ਨੇ ਖ਼ਾਲਸਾ ਸ਼ਬਦ ਦੀ ਵਰਤੋਂ ਅਨੇਕ ਹੁਕਮਨਾਮਿਆਂ ਵਿਚ ਕੀਤੀ ਜਿਸ ਵਿਚ ਸੰਗਤ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਮਸੰਦਾਂ ਨੂੰ ਨਹੀਂ ਮੰਨਣਾ ਅਤੇ ਰਸਦ, ਹਥਿਆਰ ਜਾਂ ਘੋੜੇ-ਹਾਥੀ ਆਦਿ ਲਿਆਉਣ ਲਈ ਕਿਹਾ ਗਿਆ। ਖ਼ਾਲਸਾ ਸ਼ਬਦ ਦੀ ਵਰਤੋਂ ਵਾਲੇ ਹੁਕਮਨਾਮੇ ਇਸ ਪ੍ਰਕਾਰ ਹਨ :

ਸੰਗਤਿ ਮਾਛੀਵਾੜੇ ਕੇ ਜੋਗੁ (12 ਮਾਰਚ, 1699)
ਸੰਗਤਿ ਨਉਸ਼ਹਰੇ ਕੀ ਜੋਗੁ (5 ਅਕਤੂਬਰ, 1699)
ਸੰਗਤਿ ਸਾਰੰਗ ਦੇਉ ਕੀ ਜੋਗੁ (5 ਅਕਤੂਬਰ, 1699)
ਸੰਗਤਿ ਪਟਣ ਫ਼ਰੀਦ ਕੇ ਕੀ ਜੋਗੁ (1 ਫਰਵਰੀ, 1700)
ਸੰਗਤਿ ਪਟਣ ਸ਼ੇਖ ਫ਼ਰੀਦ ਜੋਗੁ (4 ਨਵੰਬਰ, 1700)



ਸੰਗਤਿ ਨਉਸ਼ਹਰਾ ਜੋਗੁ (4 ਨਵੰਬਰ, 1700)
ਸੰਗਤਿ ਦਸੂਹਾ ਜੋਗੁ (4 ਨਵੰਬਰ, 1700)
ਭਾਈ ਮਿਹਰ ਚੰਦੁ ਪੇਸ਼ਕਾਰ ਜੋਗੁ (6 ਫਰਵਰੀ, 1700)
ਭਾਈ ਮਿਹਰ ਚੰਦ ਧਰਮ ਚੰਦ ਜੋਗੁ (6 ਫਰਵਰੀ, 1700)
ਸੰਗਤਿ ਬਿੰਦ੍ਰਬਨ ਗੁਲਾਲ ਚੰਦ ਜੋਗੁ (6 ਫਰਵਰੀ, 1700)
ਸੰਗਤਿ ਨਉਸ਼ਹਰੇ ਕੀ ਜੋਗੁ (6 ਫਰਵਰੀ, 1702)
ਸੰਗਤਿ ਰੁਪੇਆਣੇ ਕੀ ਜੋਗੁ (1702, ਤਾਰੀਖ ਫਰਵਰੀ-ਮਾਰਚ ਵਿਚਕਾਰ)
ਭਾਈ ਸੁਖੀਆ ਭਾਈ ਪਰਸਾ ਜੋਗੁ (1704, ਤਾਰੀਖ ਫਰਵਰੀ-ਮਾਰਚ ਵਿਚਕਾਰ)

ਉਪਰੋਕਤ ਦਸਮ ਗੁਰੂ ਦੇ ਹੁਕਮਨਾਮਿਆਂ ਵਿਚ ਸ਼ਬਦ ਵਿਚ ਖ਼ਾਲਸਾ ਵਰਤਿਆ ਹੈ ਇਹ ਸ਼ਬਦ ਕਿਸੇ ਸਥਾਨ ਦੀ ਸੰਗਤ ਲਹੀ ਜਾ ਸਿੱਖ ਵਿਅਕਤੀਆਂ ਲਈ ਵਰਤਿਆ ਹੈ। ਇਨ੍ਹਾਂ ਸਾਰੇ ਹੁਕਮਨਾਮਿਆਂ ਵਿਚ ਸੰਗਤ ਜਾਂ ਵਿਅਕਤੀ ਨੂੰ ਕਾਰ-ਭੇਟਾ ਲਈ ਆਖਿਆ ਗਿਆ ਹੈ। ਗੁਰੂ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਲਿਖਿਆ ਹੈ ਕਿ ਸੰਗਤ ਮੇਰਾ ਖ਼ਾਲਸਾ ਜਾਂ ਤੁਸੀਂ ਮੇਰਾ ਖ਼ਾਲਸਾ ਹੋ ਅਤੇ ਜੋ ਗੁਰੂ ਦੇ ਨਵਿਤ ਕਾ ਹੋਵੇ ਗੋਲਕ ਦਸਵੰਧ ਮੰਨਤ ਸੋ ਹਜ਼ੂਰ ਆਪ ਲੈ ਆਵਣਾ ਮਸੰਦਾਂ ਨੇ ਮੰਨਣਾ ਨਹੀਂ। ਜਿਸ ਦਾ ਹੋਵੈ ਆ ਤਿਸੁ ਹੁਕਮ ਦੇਖਿ ਕੇ ਹੁੰਡੀ (=ਚੈੱਕ) ਕਰਾਇ ਭੇਜਣੀ ਆਪਣੀ ਅਰਦਾਸ ਲਿਖਿ ਕੈ ਹਜ਼ੂਰ ਭੇ ਜਣੀ। ਸਿੱਧ ਹੈ ਕਿ ਮਸੰਦ ਐਨੇ ਗੋਲਕ ਚੋਰ ਬਣ ਚੁੱਕੇ ਸਨ ਕਿ ਗੁਰੂ ਸਾਹਿਬ ਨੇ ਸੰਗਤਾਂ ਨੂੰ ਸਿੱਧਾ ਆਪਣੇ ਨਾਲ ਜੋੜਨਾ ਪਿਆ ਤਾਂ ਕਿ ਮਸੰਦਾਂ ਦਾ ਰੇੜਕਾ ਹੀ ਮੁਕਾਇਆ ਜਾ ਸਕੇ। ਮਸੰਦਾਂ ਦੀ ਪ੍ਰਥਾ ਨੂੰ ਤੋੜਨ ਲਈ ਗੁਰੂ ਸਾਹਿਬ ਨੇ ਵਿਸਾਖੀ ਤੋਂ ਪਹਿਲਾਂ ਹੀ ਆਪਣੀ ਸੰਗਤ ਨੂੰ ਖ਼ਾਲਸਾ ਕਰਨ ਦੀ ਮੁਹਿਮ ਚਲਾ ਦਿੱਤੀ ਸੀ। (ਦੇਖੋ ਉਪਰੋਕਤ ਹੁਕਮਨਾਮਾ 1 ਜੋ 12 ਮਾਰਚ 1699 ਨੂੰ ਲਿਖਿਆ ਗਿਆ ਅਤੇ ਜਿਸ ਵਿਚ ਪਹਿਲੀ ਵਾਰ ‘ਖ਼ਾਲਸਾ’ ਸ਼ਬਦ ਦਾ ਪ੍ਰਯੋਗ ਕੀਤਾ ਗਿਆ। ਇਹ ਹੁਕਮਨਾਮੇ 30 ਮਾਰਚ 1699 ਨੂੰ ਖ਼ਾਲਸਾ ਸਾਜਣ ਤੋਂ ਤਿੰਨ ਸਾਲ ਬਾਅਦ ਜਾਰੀ ਹੁੰਦੇ ਹਨ ਤਾਂਕਿ ਮਸੰਦਾਂ ਦੀ ਤਾਕਤ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਜਾਵੇ। ਉਪਰੋਕਤ ਦਿੱਤਾ 12ਵਾਂ ਹੁਕਮਨਾਮਾਂ ਵਿਚ ਸ਼ਬਦ ਮਸੰਦ ਆਖ਼ਰੀ ਵਾਰੀ ਵਰਤਿਆ ਗਿਆ ਹੈ ਅਤੇ ਨਾਲ ਹੀ ਸ਼ਸ਼ਤਰਧਾਰੀ ਹੋ ਕੇ ਆਉਣ ਦਾ ਵੀ ਹੁਕਮ ਮਿਲਦਾ ਹੈ। ਕਿਉਂਕਿ ਇਨ੍ਹਾਂ ਹੁਕਮਨਾਮਿਆਂ ਵਿਚ ‘ਸਿੰਘਾਂ’ ਨੂੰ ਦੱਖਣ ਵੱਲ ਜਾਣ ਤੋਂ ਪਹਿਲਾਂ ਲੜਾਈ ਲਈ ਤਿਆਰ ਹੋ ਕੇ ਆਉਣ ਦਾ ਹੁਕਮ ਹੈ ਇਸ ਲਈ ਸ਼ਬਦ ‘ਖ਼ਾਲਸਾ’ ਨਹੀਂ ਵਰਤਿਆ ਕਿਉਂਕਿ ਪਹਿਲਾ ਹੀ ਗੁਰੂ ਕਾ ਖ਼ਾਲਸਾ ਹੋਣ ਦਾ ਮਾਣ ਵਿਸਾਖੀ ਵਾਲੇ ਦਿਨ ਕਮਾ ਚੁੱਕੇ ਹਨ। ਗੁਰੂ ਜੀ ਦਾ ਅਖੀਰਲਾ ਲਿਖਿਆ ਹੋਇਆ ਹੁਕਮਨਾਮਾ ਬਨਾਰਸ ਦੀ ਸੰਗਤ ਨੂੰ 3 ਫਰਵਰੀ 1708 ਨੂੰ ਲਿਖਿਆ ਹੋਇਆ ਮਿਲਦਾ ਹੈ ਜਿਸ ਵਿਚ ਰੁਪਈਆਂ ਦੀ ਬਖ਼ਸ਼ ਬਾਰੇ ਲਿਖਿਆ ਹੈ। ਨਦੇੜ ਵਿਖੇ 20 ਫਰਵਰੀ 1708 ਨੂੰ ਚਲਾਣਾ ਕਰ ਜਾਣ ਤੋਂ ਬਾਅਦ ਦੇਹਧਾਰੀ ਗੁਰੂ ਦੀ ਪ੍ਰਥਾ ਖ਼ਤਮ ਹੋਣ ਕਰਕੇ ਗੁਰੂ ਕਾ ਖ਼ਾਲਸਾ ਜਾਂ ਸਰਬਤ ਖ਼ਾਲਸਾ ਦੀ ਪ੍ਰਥਾ ਸ਼ੁਰੂ ਹੋਈ।) ਬਾਬਾ ਬੰਦਾ ਸਿੰਘ ਬਹਾਦਰ ਨੇ ਵੀ ਦੋ ਹੁਕਮਨਾਮੇ ਲਿਖੇ ਜਿਨ੍ਹਾਂ ਵਿਚੋਂ ਇਕ ਵਿਚ “ਸਰਬਤ ਅਕਾਲ ਪੁਰਖ

ਜੀਉ ਦਾ ਖ਼ਾਲਸਾ" ਲਿਖਿਆ ਹੈ ਅਤੇ ਦੂਸਰੇ ਵਿਚ "ਖਾਲਸੇ ਦੀ ਰਹਿਤ" ਰੱਖਣ ਵਲ ਸੰਕੇਤ ਕੀਤਾ ਹੈ।

ਗੁਰੂ ਘਰ ਨਾਲ ਸੰਬੰਧਤ ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵੀ ਵਲੋਂ ਸਮੇਂ ਸਮੇਂ ਸਿਰ ਹੁਕਮਨਾਮੇ ਘੱਲੇ ਜਾਂਦੇ ਰਹੇ ਪਰ ਉਨ੍ਹਾਂ ਨੇ ਸ਼ਬਦ ਖ਼ਾਲਸਾ ਦੀ ਥਾਂ ਆਪਣੇ ਸਿੱਖਾਂ ਨੂੰ 'ਪੁੱਤ ਫ਼ਰਜ਼ੰਦ' ਨਾਲ ਪੁਕਾਰਿਆ ਹੈ।

**ਦਸਮ ਗ੍ਰੰਥ ਅਤੇ 'ਖ਼ਾਲਸਾ' ਸ਼ਬਦ :**

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਸਮ ਗ੍ਰੰਥ ਵਿਚ ਦਰਜ ਹੈ। ਏਥੇ ਇਹ ਯਾਦ ਕਰਾ ਦੇਣਾ ਜ਼ਰੂਰੀ ਹੈ ਕਿ ਦਸਮ ਗ੍ਰੰਥ ਵਿਚ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੀ ਨਹੀਂ। ਇਸ ਬਾਰੇ ਅਜੇ ਵੀ ਵਿਦਵਾਨਾਂ ਵਿਚ ਵਿਵਾਦ ਚਲਦਾ ਰਹਿੰਦਾ ਹੈ : ਜਿਵੇਂ 'ਖ਼ਾਲਸਾ ਸੋ ਜੋ ਨਿੰਦਾ ਤਿਆਗੇ' ਵਾਲੇ ਸ਼ਬਦ ਨੂੰ ਭਾਈ ਕਾਨ੍ਹ ਸਿੰਘ ਵਰਗੇ ਵਿਦਵਾਨਾਂ ਗੁਰੂ ਸਾਹਿਬ ਦਾ ਨਹੀਂ ਮੰਨਦੇ। ਜੇ ਅਸੀਂ ਮੰਨ ਵੀ ਲਈਏ ਕਿ ਦਸਮ ਗ੍ਰੰਥ ਦੀ ਬਹੁਤੀ ਬਾਣੀ ਦਸਵੇਂ ਪਾਤਸ਼ਾਹ ਦੀ ਹੈ ਤਾਂ ਵੀ ਇਸ ਵਿਚ ਸ਼ਬਦ 'ਖ਼ਾਲਸਾ' ਦਾ ਵਰਨਣ ਇਕ-ਦੋ ਵਾਰੀ ਹੀ ਆਉਂਦਾ ਹੈ। ਕੀ ਕਾਰਣ ਹੈ ਕਿ ਜਿਸ ਗੁਰੂ ਨੇ ਖ਼ਾਲਸਾ ਸ਼ਬਦ ਨੂੰ ਖ਼ਾਲਸੇ ਦੀ ਸਾਜਨਾ ਵਿਚ ਐਨੀ ਮਹੱਤਤਾ ਦਿੱਤੀ ਉਹੀ ਸ਼ਬਦ ਉਨ੍ਹਾਂ ਦੀ ਬਾਣੀ ਵਿਚੋਂ ਨਾ ਮਾਤਰ ਹੀ ਉਪਲਬਧ ਹੁੰਦਾ ਹੈ। ਜਿੱਥੇ ਉਹ ਖ਼ਾਲਸਾ ਸ਼ਬਦ ਦੀ ਵਰਤੋਂ ਕਰਦੇ ਵੀ ਹਨ ਉਥੇ ਉਸ ਦਾ ਅਰਥ ਖ਼ਾਲਸੇ ਦੀ ਸਾਜਨਾ ਨਾਲ ਸੰਬੰਧਤ ਨਹੀਂ ਜਾਪਦਾ ਜਿਵੇਂ :

*ਪੂਰਨ ਜੋਤਿ ਜਗੈ ਘਟ ਮੈ*
*ਤਬ ਖਾਲਸਾ ਤਾਹਿ ਨਖਾਲਸ ਜਾਨੈ।* *(੩੩ ਸਵੈਯੇ)*

ਏਥੇ ਖ਼ਾਲਸਾ ਸ਼ਬਦ ਦਾ ਅਰਥ ਹੈ ਖ਼ਾਲਸਾ ਅਤੇ ਮਿਲਾਵਟ ਦੇ ਬਗ਼ੈਰ ਉਪਰ ਦਿੱਤੀ ਦੂਸਰੀ ਉਦਾਹਰਣ ਵਿਚ ਖ਼ਾਲਸੇ ਦੀ ਸਿਫ਼ਤ ਸਲਾਹ ਹੈ ਜਿਸ 'ਤੇ ਕਿੰਤੂ ਕੀਤਾ ਜਾ ਸਕਦਾ ਹੈ (ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ)। ਇਹ ਸਿਫ਼ਤ ਸਲਾਹ 52 ਕਵੀਆਂ ਨਾਲ ਵੀ ਸੰਬੰਧਤ ਹੋ ਸਕਦੀ ਹੈ। ਤੀਸਰੀ ਉਦਾਹਰਣ ਹੈ, ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ। ਇਹ ਵਾਕ ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਉਚਰਿਆ ਹੋਇਆ ਤਾਂ ਹੈ ਪਰ ਉਨ੍ਹਾਂ ਦੀ ਬਾਣੀ ਦਾ ਹਿੱਸਾ ਨਹੀਂ। ਸਵਾਲ ਫੇਰ ਥਾਂ-ਦੀ-ਥਾਂ ਖੜ੍ਹਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਸ਼ਬਦ ਦੀ ਉਸਤਤ, ਮਾਣ ਮਰਯਾਦਾ ਅਤੇ ਖਾਸੀਅਤ ਨੂੰ ਆਪਣੀ ਬਾਣੀ ਦਾ ਹਿੱਸਾ ਕਿਉਂ ਨਹੀਂ ਬਣਾਇਆ? ਉਨ੍ਹਾਂ ਦੀਆਂ ਪ੍ਰਮਾਣਤ ਬਾਣੀਆਂ ਵਿਚ (ਜਪੁ, ਅਕਾਲ ਉਸਤਿਤ, ਸਵੱਯੇ, ਜ਼ਫ਼ਰਨਾਮਾ ਆਦਿ) ਖ਼ਾਲਸਾ ਸ਼ਬਦ ਦੀ ਵਰਤੋਂ ਦੀ ਘਾਟ ਹੈ।

**ਮੀਰੀ-ਪੀਰੀ ਦਾ ਸੰਕਲਪ ਅਤੇ ਖ਼ਾਲਸੇ ਦੀ ਸਿਰਜਣਾ**

ਸਿੱਖ ਧਰਮ ਮੀਰੀ-ਪੀਰੀ ਦੇ ਸੰਕਲਪ ਤੇ ਅਧਾਰਤ ਹੈ ਅਰਥਾਤ ਇਸ ਵਿਚ ਰੂਹਾਨੀ (ਪੀਰੀ) ਅਤੇ ਰਾਜਨੀਤਿਕ (ਮੀਰੀ) ਮਨੋਸਥਿਤੀਆਂ ਬਰਾਬਰ ਦਾ ਦਰਜਾ



ਰਖਦੀਆਂ ਹਨ। ਇਸੇ ਕਰਕੇ ਸਿੱਖ ਧਰਮ ਨੂੰ ਜੀਵਨ-ਸੰਪੰਨ ਪ੍ਰਬੰਧ (Whole-life-System) ਕਿਹਾ ਗਿਆ ਹੈ। ਸਮਾਜਕ ਜਾਂ ਅਨੁਭਵੀ ਧਰਾਤਲ ਤੇ ਇਕ ਸਿੱਖ ਲਈ ਚਾਰ ਜ਼ਿੰਮੇਵਾਰੀਆਂ ਨਿਭਾਉਣ ਦੀ ਹਦਾਇਤ ਹੈ : (1) ਭਰਾਤਰੀ ਭਾਵ, (2) ਇਸਤਰੀ-ਮਰਦ ਦੀ ਬਰਾਬਰੀ, (3) ਵੰਡ ਛਕਣਾ ਅਤੇ (4) ਅਨਿਆ ਦੇ ਖ਼ਿਲਾਫ਼ ਖੜ੍ਹਨਾ ਅਤੇ ਲੜਨਾ। ਚੌਥੀ ਹਦਾਇਤ ਦੇ ਅਨੁਸਾਰ ਜ਼ੁਲਮ ਕਰਨਾ ਅਤੇ ਜ਼ੁਲਮ ਸਹਿਣਾ ਇਕ ਸਿੱਖ ਦਾ ਧਰਮ ਨਹੀਂ। ਗੁਰੂ ਨਾਨਕ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਮੁਸਲਮਾਨ ਰਾਜਿਆਂ ਦੀਆਂ ਵਧੀਕੀਆਂ ਵਿਚ ਲਗਾਤਾਰ ਵਾਧਾ ਹੁੰਦਾ ਰਿਹਾ। ਫਲਸਰੂਪ ਮੀਰੀ ਅਤੇ ਪੀਰੀ ਦੇ ਸੰਕਲਪ ਦੀ ਵਰਤੋਂ ਵਿਚ ਵੀ ਤਬਦੀਲੀ ਆਈ। ਗੁਰੂ ਨਾਨਕ ਨੇ ਲਿਖਿਆ:

*ਪਾਪ ਕੀ ਜੰਞ ਲੈ ਕਾਬਲਹੁ ਧਾਇਆ।*
*ਜੋਰੀ ਮੰਗੈ ਦਾਨ ਵੇ ਲਾਲੋ।* *(ਗ.ਗ.ਸ. ੭੨੨)*

ਪਰ ਇਸ ਦੇ ਨਾਲ ਹੀ ਮੀਰੀ ਦੇ ਪੱਖ ਨੂੰ ਵੀ ਪ੍ਰਚੰਡ ਕੀਤਾ :

*ਜਉ ਤਉ ਪ੍ਰੇਮ ਖੇਲਣ ਕਾ ਚਾਉ।*
*ਸਿਰ ਧਰਿ ਤਲੀ ਗਲੀ ਮੇਰੀ ਆਉ।*
*ਇਤੁ ਮਾਰਗ ਪੈਰੁ ਧਰੀਜੈ।*
*ਸਿਰ ਦੀਜੈ ਕਾਣਿ ਨਾ ਕੀਜੈ।* *(ਗ.ਗ.ਸ.੧੪੧੨)*

ਭਾਵੇਂ ਗੁਰੂ ਨਾਨਕ ਦੇਵ ਨੇ ਸੁਚੇਤ ਤੌਰ 'ਤੇ ਖ਼ਾਲਸਾ ਨਹੀਂ ਸਾਜਿਆ ਪਰ ਉਪਰੋਕਤ ਵਾਕ ਦਾ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦਾ ਸੰਕਲਪ ਨਾਲ ਸਿੱਧਾ ਮੇਲ ਖਾਂਦਾ ਹੈ। ਪੰਜਵੇਂ ਪਾਤਸ਼ਾਹ ਦੀ ਸ਼ਹੀਦੀ ਨੇ ਹਰਿਗੋਬਿੰਦ ਜੀ ਦੇ ਰੋਹ ਨੂੰ ਹੋਰ ਵੀ ਜਗਾਇਆ ਅਤੇ ਉਨ੍ਹਾਂ ਮੀਰੀ-ਪੀਰੀ ਦੇ ਸੰਕਲਪ ਨੂੰ ਦੋ ਤਲਵਾਰਾਂ ਪਹਿਨ ਕੇ ਫੋਕਸ ਵਿਚ ਕਰ ਦਿੱਤਾ। ਜ਼ੁਲਮ ਦੀ ਵਧਦੀ ਹੱਦ ਨੂੰ ਰੋਕਣ ਲਈ ਮੀਰੀ ਦੇ ਸੰਕਲਪ ਨੂੰ ਮਹੱਤਤਾ ਦੇਣੀ ਪਈ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਸਿੱਖ ਸੰਗਤ ਨੂੰ ਪਹਿਲੀ ਵਾਰ ਸਿੱਧੇ ਸ਼ਬਦਾਂ ਵਿਚ ਸਿੱਖ ਨੂੰ ਆਪਣਾ ਖ਼ਾਲਸਾ ਬਣਾਇਆ। ਅਰਥਾਤ ਸੰਗਤ ਨੂੰ ਜ਼ੁਲਮ ਦੇ ਖ਼ਿਲਾਫ਼ ਲਾਮਬੰਦ ਹੋਣ ਲਈ ਆਖਿਆ। ਜ਼ੁਲਮ ਦਾ ਟਾਕਰਾ ਕਰਨ ਲਈ ਤਨ, ਮਨ ਦੇ ਨਾਲ ਧਨ ਦੀ ਵੀ ਮੁੱਢਲੀ ਲੋੜ ਸੀ। ਇਸੇ ਲਈ ਗੁਰੂ ਹਰਿਗੋਬਿੰਦ ਅਤੇ ਗੁਰੂ ਤੇਗ ਬਹਾਦਰ ਨੇ ਸਿੱਖ ਸੰਗਤ ਨੂੰ ਆਪਣਾ ਖ਼ਾਲਸਾ ਬਣਾ ਕੇ ਇਨ੍ਹਾਂ ਲੋੜਾਂ ਨੂੰ ਸਿੱਖਾਂ ਅਤੇ ਸਿੱਖ ਧਰਮ ਦੀਆਂ ਲੋੜਾਂ ਦੇ ਰੂਪ ਵਿਚ ਪੇਸ਼ ਕੀਤਾ। ਗੁਰੂ ਗੋਬਿੰਦ ਸਿੰਘ ਵੇਲੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ ਕਾਰਣ ਜ਼ੁਲਮ ਸਾਰੇ ਹੱਦਾਂ-ਬੰਨੇ ਟੱਪ ਗਿਆ। ਇਸ ਲਈ ਉਨ੍ਹਾਂ ਮੀਰੀ ਦੇ ਸੰਕਲਪ ਨੂੰ ਫੋਕਸ ਹੀ ਨਹੀਂ ਕੀਤਾ ਸਗੋਂ ਅਮਲੀ ਰੂਪ ਦੇ ਕੇ ਇਸ ਸੰਗਠਨ ਦੀ ਸ਼ਕਲ ਵਿਚ ਸਾਹਮਣੇ ਲਿਆਂਦਾ ਜਿਸ ਨੂੰ 'ਖ਼ਾਲਸੇ' ਦਾ ਨਾਂ ਦਿੱਤਾ। ਉਨ੍ਹਾਂ 'ਖ਼ਾਲਸਾ' ਸ਼ਬਦ ਨੂੰ ਉਸ ਵੇਲੇ ਦੇ ਸ਼ਬਦ-ਕੋਸ਼ੀ ਅਰਥਾਂ

ਵਿਚ ਤਾਂ ਵਰਤਿਆ (ਖ਼ਾਲਸਾ ਸ਼ਬਦ ਉਸ ਵੇਲੇ ਮੁਗਲ ਹਕੂਮਤ ਵਲੋਂ ਉਸ ਜ਼ਮੀਨ, ਮੁਲਕ ਜਾਂ ਜ਼ਰ ਲਈ ਵਰਤਿਆ ਜਾਂਦਾ ਸੀ ਜਿਸ ਤੇ ਬਾਦਸ਼ਾਹ ਦਾ ਸਿੱਧਾ ਅਧਿਕਾਰ ਹੁੰਦਾ ਸੀ) ਪਰ ਇਸ ਦਾ ਭਾਵਾਰਥ ਬਦਲ ਦਿੱਤਾ। ਦੇਹਧਾਰੀ ਬਾਦਸ਼ਾਹ ਦੀ ਬਜਾਏ ਅਕਾਲ ਪੁਰਖ ਨੂੰ ਬਾਦਸ਼ਾਹ ਕਿਹਾ ਅਤੇ ਦੇਹਧਾਰੀ ਬਾਦਸ਼ਾਹ ਦੀ ਪਦਾਰਥਵਾਦੀ ਨਿਰਜਿੰਦ ਪੂੰਜੀ ਦੀ ਥਾਂ ਇਕ ਸਜਿੰਦਰ ਸਿੱਖ ਨੂੰ ਉਸ ਵਾਹਿਗੁਰੂ ਦੀ ਪੂੰਜੀ ਬਣਾਇਆ। ਅਰਥਾਤ ਇਕ ਸਿੱਖ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ ਬਣਾਇਆ। ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਫ਼ੌਜ ਤਿਆਰ ਕਰਨ ਲਈ ਸਿੱਖਾਂ ਨੂੰ ਅੰਮ੍ਰਿਤ ਛਕਾਕੇ ਇਕ ਅਦੁੱਤੀ ਅਤੇ ਵਿਲੱਖਣ ਤਾਕਤ ਬਖ਼ਸ਼ੀ। ਇਸ ਫ਼ੌਜ ਦੀ ਫ਼ਤਹਿ ਨੂੰ ਵਾਹਿਗੁਰੂ ਜੀ ਕੀ ਫਤਹਿ ਕਹਿ ਕੇ ਸਿੱਖ ਦੇ ਨਿਸ਼ਚੇ ਨੂੰ ਪੱਕਾ ਕੀਤਾ। ਇਸ ਪ੍ਰਕਾਰ ਸਿੱਖ ਧਰਮ ਦੇ ਮੀਰੀ ਦੇ ਸੰਕਲਪ ਨੂੰ ਪਹਿਲੀ ਵਾਰੀ ਸਾਖਿਆਤ ਰੂਪ ਵਿਚ ਅਮਲੀ ਜਾਮਾ ਪਹਿਨਾਇਆ। ਗੁਰੂ ਗੋਬਿੰਦ ਸਿੰਘ ਹੋਰਾਂ ਨੇ ਗੁਰੂ ਅਤੇ ਚੇਲੇ ਦਾ ਭੇਦ ਮਿਟਾਕੇ ਦੋਹਾਂ ਨੂੰ ਵਾਹਿਗੁਰੂ ਜੀ ਕਾ ਖ਼ਾਲਸਾ ਬਣਾ ਦਿੱਤਾ। ਇਸ ਕਰਕੇ ਗੁਰਬਾਣੀ ਵਿਚ ਖ਼ਾਲਸੇ ਦੀ ਉਸਤਤ ਕਰਨਾ ਅਸੁਭਾਵਕ ਜਾਪਦਾ ਹੈ। ਫਲਸਰੂਪ ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਕੇਵਲ ਅਕਾਲ-ਉਸਤਤ ਹੈ। ਖ਼ਾਲਸਾ-ਉਸਤਤ ਨਹੀਂ ਅਰਥਾਤ ਦਸਮ ਗ੍ਰੰਥ ਦੀ ਬਾਣੀ ਮੀਰੀ ਦੇ ਪੱਧਰ ਤੇ ਵਿਚਰਦੀ ਹੈ। ਪੀਰੀ ਦੇ ਪੱਧਰ 'ਤੇ ਗੁਰੂ ਸਾਹਿਬ ਦੀ ਵਿਚਾਰਧਾਰਾ ਉਨ੍ਹਾਂ ਦੇ ਹੁਕਮਨਾਮਿਆਂ ਵਿਚੋਂ ਵਿਅਕਤ ਹੋਈ ਹੈ। ਜੋ ਰੋਜ਼ਾਨਾ ਕਾਰੋਬਾਰ ਲਈ ਸੰਗਤਾਂ ਪ੍ਰਤੀ ਲਿਖੇ-ਪੜ੍ਹੇ ਜਾਂਦੇ ਸਨ। ਗੁਰੂ ਸਾਹਿਬ 'ਖ਼ਾਲਸਾ' ਪ੍ਰਤੀ ਜੋ ਵਿਚਾਰ, ਸਿਫ਼ਤ ਸਲਾਹ ਜਾਂ ਨਸੀਹਤਾਂ ਸਮੇਂ ਸਮੇਂ ਵਿਅਕਤ ਕਰਦੇ ਹਨ, ਉਨ੍ਹਾਂ ਦਾ ਵੇਰਵਾ ਗੁਰੂ ਸਾਹਿਬ ਦੇ ਨਿਕਟਵਰਤੀ ਸਿੱਖ ਸਾਹਿਤਕਾਰਾਂ ਅਤੇ ਨੇੜਲੇ ਸਮੇਂ ਵਿਚ ਹੋਏ ਸ਼ਰਧਾਲੂਆਂ ਦੀਆਂ ਲਿਖਤਾਂ ਵਿਚੋਂ ਮਿਲਦਾ ਹੈ। ਜਿਨ੍ਹਾਂ ਦਾ ਜ਼ਿਕਰ ਉਪਰ ਆ ਚੁੱਕਿਆ ਹੈ।

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਸ਼ਬਦ 'ਖ਼ਾਲਸਾ' ਸਿੱਖਾਂ ਵਿਚ ਪ੍ਰਚੱਲਤ ਹੋ ਗਿਆ। ਅਠਾਰਵੀਂ ਸਦੀ ਵਿਚ ਸਿੱਖ ਫ਼ੌਜ ਨੂੰ 'ਦਲ ਖ਼ਾਲਸਾ' ਅਤੇ ਸਰਕਾਰੀ ਫ਼ੌਜ ਨੂੰ 'ਸਰਕਾਰੇ ਖ਼ਾਲਸਾ' ਕਿਹਾ ਗਿਆ। ਵੀਹਵੀਂ ਸਦੀ ਵਿਚ ਅੰਗਰੇਜ਼ਾਂ ਨਾਲ ਨਜਿੱਠਣ ਲਈ 'ਖ਼ਾਲਸਾ ਦਰਬਾਰ' ਦੀ ਸੰਸਥਾ ਦਾ ਨਿਰਮਾਣ ਹੋਇਆ। ਇਸੇ ਤਰ੍ਹਾਂ ਕਈ ਹੋਰ ਨਾਂ ਹੋਂਦ ਵਿਚ ਆਏ ਜਿਵੇਂ ਖ਼ਾਲਸਾ ਬਰਾਦਰੀ, ਖ਼ਾਲਸਾ ਧਰਮ ਸ਼ਾਸਤਰ, ਖ਼ਾਲਸਾ ਜੀਵਨ, ਸਰਬ ਖ਼ਾਲਸਾ ਆਦਿ। ਸਿੱਖ ਅਰਦਾਸ ਵਿਚ ਖ਼ਾਲਸਾ ਸ਼ਬਦ ਨੂੰ ਖਾਸ ਮਹੱਤਤਾ ਦਿੱਤੀ ਗਈ। ਜਿਵੇਂ ਖ਼ਾਲਸਾ ਜੀ ਕੇ ਬੋਲ ਬਾਲੇ, ਰਾਜ ਕਰੇਗਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ। ਯਾਦ ਰਹੇ ਇਹ ਸਾਰੇ ਵਾਕ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਨਹੀਂ ਪਰ ਉਨ੍ਹਾਂ ਦੇ ਭਾਵਾਂ ਦੀ ਸਿੱਖ ਲੇਖਕਾਂ ਵਲੋਂ ਕੀਤੀ ਗਈ ਤਰਜ਼ਮਾਨੀ ਜ਼ਰੂਰ ਹੈ।

**ਖ਼ਾਲਸਾ ਅਤੇ ਇਖ਼ਲਾਸ ਸ਼ਬਦਾਂ ਦੀ ਨੇੜਤਾ :**

ਖ਼ਾਲਸਾ ਅਤੇ ਇਖ਼ਲਾਸ ਦੋਵੇਂ ਸ਼ਬਦ ਅਰਬੀ-ਫ਼ਾਰਸੀ ਭਾਸ਼ਾ ਦੇ ਹਨ। ਇਨ੍ਹਾਂ ਵਿਚਕਾਰ ਭਾਸ਼ਾਈ ਨਿਰੁਕਤੀ (Linguistic Etymology) ਦਾ ਸੰਬੰਧ ਹੋਵੇ ਜਾਂ ਨਾ ਹੋਵੇ ਪਰ ਧਾਰਮਿਕ ਵਿਚਾਰਧਾਰਾ ਪੱਖੋਂ ਇਹ ਦੋਵੇਂ ਸ਼ਬਦ ਨਿਕਟਵਰਤੀ ਜਾਪਦੇ ਹਨ। ਸ਼ਬਦ



'ਇਖਲਾਸ' (ਅਲ-ਇਖਲਾਸ) ਜਿਸ ਵਿਚ ਉਨ੍ਹਾਂ ਸਵਾਲਾਂ ਦਾ ਉੱਤਰ ਦਿੱਤਾ ਗਿਆ ਹੈ ਜੋ ਨਾਸਤਕਾਂ ਵਲੋਂ ਪੈਗੰਬਰ ਮੁਹੰਮਦ ਸਾਹਿਬ ਨੂੰ ਵਾਹਿਗੁਰੂ ਜਾਂ ਅੱਲਾ ਦੀ ਹਸਤੀ ਬਾਰੇ ਪੁੱਛੇ ਗਏ ਸਨ। ਨਾਸਤਕਾਂ ਨੇ ਮੁਹੰਮਦ ਸਾਹਿਬ ਨੂੰ ਪੁੱਛਿਆ ਕਿ ਤੁਹਾਡਾ ਅੱਲਾ ਕੌਣ ਹੈ। ਜਿਸ ਦੇ ਲੜ ਲੱਗਣ ਲਈ (ਖ਼ਾਲਸਾ ਬਣਨ ਲਈ) ਤੁਸੀਂ ਸਾਨੂੰ ਅਕਸਾਉਂਦੇ ਹੋ ਅਤੇ ਚਾਹੁੰਦੇ ਹੋ ਕਿ ਹੋਰ ਪੀਰ ਪੈਗੰਬਰਾਂ ਨੂੰ ਛੱਡਕੇ ਇਕ ਪਰਮਾਤਮਾ ਵਿਚ ਯਕੀਨ ਕਰੋ ? ਨਾਸਤਕਾਂ ਨੇ ਅੱਗੇ ਪੁੱਛਿਆ ਹੈ ਕਿ ਉਸ ਦੇ ਅੱਲਾ ਦੀ ਬੰਸਾਬਲੀ ਕੀ ਹੈ ਅਤੇ ਉਹ ਕਿਸ ਵਸਤੂ ਦਾ ਬਣਿਆ ਹੋਇਆ ਹੈ ? ਉਸ ਵਾਹਿਗੁਰੂ ਨੇ ਇਸ ਬ੍ਰਹਿਮੰਡ ਦਾ ਕਿਸ ਪਾਸੋਂ ਵਿਰਸੇ ਵਿਚ ਲਿਆ ਅਤੇ ਇਸ ਤੋਂ ਬਾਅਦ ਇਸ ਬ੍ਰਹਿਮੰਡ ਦਾ ਵਾਰਸ ਕੌਣ-ਕੌਣ ਹੋਵੇਗਾ ? ਮੁਹੰਮਦ ਸਾਹਿਬ ਨੇ ਉੱਤਰ ਵਿਚ ਕੇਵਲ ਇੰਨਾ ਕਿਹਾ ਕਿ ਮੇਰਾ ਅੱਲਾ ਕੇਵਲ ਇਕ ਹੈ (੧ਓ) ਜਿਸਨੇ ਤੁਹਾਨੂੰ, ਮੈਨੂੰ ਅਤੇ ਸਾਰੇ ਬ੍ਰਹਿਮੰਡ ਨੂੰ ਸਾਜਿਆ। ਗੁਰੂ ਗੋਬਿੰਦ ਸਿੰਘ ਹੋਰਾਂ ਵੀ ਅਕਾਲ-ਉਸਤਤ ਵਿਚ ਵਾਹਿਗੁਰੂ ਬਾਰੇ ਇਹੋ ਜਿਹੇ ਵਿਚਾਰ ਵਿਅਕਤ ਕੀਤੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਜੇ ਸ਼ਬਦ ਇਖਲਾਸ ਦੇ ਫ਼ਾਰਸੀ ਲਿੱਪੀ ਦੇ ਅੱਖਰ-ਜੋੜ (ਅਲਫ਼-ਖ਼ੇ-ਲਾਮ-ਅਲਫ਼-ਸੁਆਦ) ਨੂੰ 'ਖ਼ਾਲਸਾ' ਸ਼ਬਦ ਦੇ ਅੱਖਰ-ਜੋੜ ਕੇ (ਖ਼ੇ-ਅਲਫ਼-ਲਾਮ-ਸੁਆਦ-ਅਲਫ਼) ਨਾਲ ਮੇਲੀਏ ਤਾਂ ਅੱਖਰਾਂ ਦਾ ਜੋੜ ਬਰੋਬਰਾਬਰ ਹੈ ਕੇਵਲ ਉਨ੍ਹਾਂ ਦੀ ਤਰਤੀਬ ਵਖਰੀ ਹੈ। ਗੁਰੂ ਗੋਬਿੰਦ ਸਿੰਘ ਅਰਬੀ-ਫ਼ਾਰਸੀ ਦੇ ਵਿਦਵਾਨ ਸਨ ਅਤੇ ਕੁਰਾਨ ਸ਼ਰੀਫ਼ ਦੀ ਫ਼ਿਲਾਸਫ਼ੀ ਨਾਲ ਵੀ ਭਲੀਭਾਂਤ ਗਿਆਤ ਸਨ। ਇਖਲਾਸ ਸ਼ਬਦ ਦਾ ਅਰਥ ਖਾਲਸ ਵੀ ਹੈ (ਜੋ ਖ਼ਾਲਸਾ ਸ਼ਬਦ ਦਾ ਧਾਤੂ ਸ਼ਬਦ ਹੈ ਅਤੇ ਖ਼ਾਲੂਸ ਵਾਲਾ ਵੀ ਹੈ।) ਕੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸ਼ਬਦ ਦੀ ਕਾਢ ਸਮੇਂ ਇਖਲਾਸ ਸ਼ਬਦ ਦੀ ਪਿਛੋਕੜ ਨੂੰ ਧਿਆਨ ਵਿਚ ਰੱਖਿਆ ?

**ਖ਼ਾਲਸਾ ਸ਼ਬਦ ਅਤੇ ਪਰਚੱਲਤ ਧਾਰਨਾਵਾਂ :**

ਖ਼ਾਲਸਾ ਸ਼ਬਦ ਆਮ ਤੌਰ 'ਤੇ ਅੰਮ੍ਰਿਤਧਾਰੀ ਸਿੰਘਾਂ ਨੂੰ ਮੁਖਾਤਿਬ ਕਰਨ ਲਈ ਵਰਤਿਆ ਜਾਂਦਾ ਹੈ ਜੋ ਗ਼ਲਤ ਧਾਰਨਾ ਹੈ। ਇਹ ਧਾਰਨਾ ਮੂਲ ਰੂਪ ਵਿਚ ਇਸ ਲਈ ਠੀਕ ਨਹੀਂ ਕਿ ਜਦ ਖ਼ਾਲਸਾ ਸ਼ਬਦ ਦੀ ਵਰਤੋਂ ਸ਼ੁਰੂ ਹੋਈ ਤਾਂ ਇਹ ਸਿੱਖ ਸੰਗਤ ਲਈ ਵਰਤਿਆ ਜਾਂਦਾ ਸੀ। (ਦੇਖੋ ਹੁਕਮਨਾਮੇ ਛੇਵੇਂ, ਨੌਵੇਂ ਅਤੇ ਦਸਵੇਂ ਗੁਰੂ ਸਾਹਿਬਾਨ)। ਅੱਜ ਵੀ ਅਸੀਂ ਗੁਰਦੁਆਰੇ ਵਿਚ ਅਰਦਾਸ ਦੀ ਸਮਾਪਤੀ ਦੌਰਾਨ 'ਵਾਹਿਗੁਰੂ ਜੀ ਦਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ' ਬੋਲਦੇ ਹਾਂ ਜਿਸ ਵਿਚ ਸਾਰੀ ਸੰਗਤ ਸ਼ਾਮਲ ਹੁੰਦੀ ਹੈ। ਖ਼ਾਲਸਾ ਦੀ ਸਾਜਨਾ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਪੰਥ 'ਚੋਂ ਖ਼ਾਲਸਾ ਪੰਥ ਸਾਜਿਆ ਜਿਸ ਦਾ ਖਾਸ ਮੰਤਵ ਸੀ। ਇਸ ਕਾਰਜ ਰਾਹੀਂ ਗੁਰੂ ਸਾਹਿਬ ਨੇ ਉਸ ਵੇਲੇ ਹੋ ਰਹੇ ਅਤਿਆਚਾਰ ਨੂੰ ਠੱਲ੍ਹ ਪਾਉਣ ਲਈ ਇਕ ਖਾਸ ਫ਼ੌਜ ਦੀ ਨਿਸ਼ਾਨਦੇਹੀ ਕੀਤੀ। ਇਸ ਫ਼ੌਜ ਨੂੰ ਵਿਲੱਖਣ ਅਤੇ ਅਦੁੱਤੀ ਰਹੁਰੀਤ, ਪਹਿਰਾਵਾ ਅਤੇ ਸ਼ਕਤੀ ਨਾਲ ਸਨਮਾਨਿਆ। ਪਹਿਰਾਵੇ ਵਿਚ ਪੰਜ ਕਕਾਰ, ਰਹੁਰੀਤ ਵਿਚ ਸਿੱਖ ਸੰਕਲਪਾਂ ਦੀ ਪਾਲਨਾ ਅਤੇ ਲੜਨ ਲਈ ਮਾਰਸ਼ਲ ਸਪਿਰਟ ਦੀ ਰੂਹ ਫੂਕੀ ਅਤੇ ਅਖ਼ੀਰ ਵਿਚ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ ਦਾ ਪੌਖਾ ਦੇ ਕੇ ਇਕ ਨਿਡਰ

ਅਤੇ ਨਿਧੜਕ ਯੋਧੇ ਨੂੰ ਜਨਮ ਦਿੱਤਾ। ਸਿੱਧੇ ਸ਼ਬਦਾਂ ਵਿਚ ਪੰਜ ਪਿਆਰਿਆਂ ਨੂੰ ਦ੍ਰਿੜ ਕਰਾਇਆ ਕਿ ਜਾਉ ਧਰਮ ਹੇਤ ਲੜੋ, ਤੁਹਾਡਾ ਰੱਬ ਰਾਖਾ, ਉਸ ਰਬ ਦੀ ਮਿਹਰ ਨਾਲ ਤੁਹਾਡੀ ਹਮੇਸ਼ਾ ਜਿੱਤ ਹੋਵੇਗੀ। ਖ਼ਾਲਸਾ ਦੀ ਸਾਜਨਾ ਵੇਲੇ ਜੇ ਸ਼ਬਦ 'ਖ਼ਾਲਸਾ' ਕੇਵਲ ਅੰਮ੍ਰਿਤਧਾਰੀ ਲਈ ਹੀ ਰਾਖਵਾਂ ਕਰ ਲਿਆ ਸੀ ਤਾਂ ਇਹ ਸਮਝ ਲਿਆ ਜਾਵੇ ਕਿ ਬਾਕੀ ਦੀ ਸਿੱਖ ਸੰਗਤ ਨੂੰ ਬੇਦਾਵਾ ਲਿਖ ਦਿੱਤਾ ਸੀ ? ਨਹੀਂ, ਗੁਰੂ ਸਾਹਿਬ ਨੇ ਦਰਅਸਲ ਸ਼ਬਦ ਖ਼ਾਲਸਾ ਦੀ ਸੁਚੇਤ ਤੌਰ 'ਤੇ ਵਰਤੋਂ ਖ਼ਾਲਸਾ ਸਾਜਨ ਤੋਂ ਬਾਅਦ ਵਿਚ ਸ਼ੁਰੂ ਕੀਤੀ। (ਦੇਖੋ 30 ਮਾਰਚ 1699 ਤੋਂ ਬਾਅਦ ਵਿਚ ਸੰਗਤ ਦੇ ਨਾਂ ਲਿਖੇ ਗਏ ਹੁਕਮਨਾਮੇ) ਇਹ ਹੁਕਮਨਾਮੇ ਕਿਸੇ ਸ਼ਹਿਰ ਜਾਂ ਇਲਾਕੇ ਦੀ ਸਮੂਹ ਸੰਗਤ ਦੇ ਨਾਂ ਵੀ ਹਨ ਅਤੇ ਇਕੱਲੇ-ਇਕੱਲੇ ਸਿੱਖ (ਸਿੱਖ ਨਾਮੀ) ਵਿਅਕਤੀਆਂ ਦੇ ਨਾਂ ਵੀ ਹਨ। ਉਦਾਹਰਣ ਵਜੋਂ ਜਿਨ੍ਹਾਂ 13 ਹੁਕਮਨਾਮਿਆਂ ਵਿਚ ਸ਼ਬਦ ਖ਼ਾਲਸਾ ਵਰਤਿਆ ਗਿਆ ਉਨ੍ਹਾਂ ਵਿਚੋਂ ਚਾਰ ਅਜਿਹੇ ਹਨ ਜਿਨ੍ਹਾਂ ਵਿਚ ਭਾਈ ਮਿਹਰ ਚੰਦ, ਭਾਈ ਧਰਮ ਚੰਦ, ਭਾਈ ਬ੍ਰਿਦਾਬਨ, ਗੁਲਾਲ ਚੰਦ ਅਤੇ ਭਾਈ ਸੁਖੀਆ ਨੂੰ ਖ਼ਾਲਸਾ ਸ਼ਬਦ ਨਾਲ ਨਵਾਜਿਆ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਖ਼ਾਲਸਾ ਸ਼ਬਦ ਕੇਵਲ ਅੰਮ੍ਰਿਤਧਾਰੀ ਸਿੰਘਾਂ ਲਈ ਹੀ ਰਾਖਵਾਂ ਨਹੀਂ, ਹਾਂ ਇਹ ਆਵੱਸ਼ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਲਈ ਖ਼ਾਲਸਾ ਸ਼ਬਦ ਦੀ ਵਰਤੋਂ ਜ਼ਰੂਰੀ ਹੈ। ਕਈ ਵਾਰੀ ਖ਼ਾਲਸਾ ਸ਼ਬਦ ਇਕ ਜਾਂ ਕੁਝ ਕੁ ਸਿੰਘਾਂ ਲਈ ਵਰਤਿਆ ਜਾਂਦਾ ਹੈ ਜੋ ਉਚਿੱਤ ਨਹੀਂ। ਖ਼ਾਲਸਾ ਸ਼ਬਦ ਨੂੰ ਸਿੱਖ ਸੰਗਤ ਜਾਂ ਸੰਗਤ ਵਲੋਂ ਨਿਯੁਕਤ ਕੀਤੇ ਗਏ ਸਿੱਖਾਂ ਦੀ ਸੰਸਥਾ ਲਈ ਵਰਤਣਾ ਉਚਿਤ ਹੈ। ਜਿਵੇਂ ਖ਼ਾਲਸਾ ਪੰਥ, ਸਰਬਤ ਖ਼ਾਲਸਾ ਆਦਿ। ਗੁਰੂ ਗੋਬਿੰਦ ਸਿੰਘ ਵੇਲੇ ਖ਼ਾਲਸਾ ਸ਼ਬਦ ਸਾਖਿਆਤ ਰੂਪ ਵਿਚ ਦੋ ਕਾਰਣਾਂ ਕਰਕੇ ਹੋਂਦ ਵਿਚ ਆਇਆ। ਪਹਿਲਾ ਸੀ ਸੰਗਤ ਨੂੰ ਮਸੰਦਾਂ ਦੇ ਪੰਜੇ 'ਚੋਂ ਮੁਕਤ ਕਰਨਾ ਅਤੇ ਦੂਸਰਾ ਸੀ ਔਰੰਗਜ਼ੇਬ ਦੀ ਧਾਰਮਿਕ ਦਹਿਸ਼ਤਬਾਜ਼ੀ ਨੂੰ ਰੋਕਣ ਲਈ ਖ਼ਾਲਸਾ ਫ਼ੌਜ ਦਾ ਨਿਰਮਾਣ ਕਰਨਾ। ਸਿੱਧ ਹੈ ਕਿ ਇਸ ਸ਼ਬਦ ਦੀ ਗੁਰਦੁਆਰੀਅਨ ਕਲਚਰ ਨਾਲ ਕੋਈ ਸੰਬੰਧ ਨਹੀਂ। ਪਿਛਲੇ ਕੁਝ ਸਾਲਾਂ ਤੋਂ ਗੁਰਦੁਆਰਿਆਂ ਵਿਚ ਸਿੱਖ ਧਰਮ ਨੂੰ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿੱਖਾਂ ਵਿਚ ਵੰਡਕੇ ਗੁਰਦੁਆਰਿਆਂ ਵਿਚ ਦੰਗੇ ਫਸਾਦ ਹੋਏ ਹਨ। ਇਨ੍ਹਾਂ ਦੰਗੇ ਫਸਾਦਾਂ ਦਾ ਖ਼ਾਲਸਾ ਪੰਥ ਨਾਲ ਕੋਈ ਸਰੋਕਾਰ ਨਹੀਂ। ਕੋਈ ਵੀ ਇਨਸਾਨ ਜੋ ਸਿੱਖ ਧਰਮ ਦੇ ਅਸੂਲਾਂ ਵਿਚ ਯਕੀਨ ਰੱਖਦਾ ਹੈ, ਪਵਿੱਤਰ ਹੈ ਅਤੇ ਗੁਰੂ ਦੀ ਮਲਕੀਅਤ ਹੈ। ਜਿੱਥੋਂ ਤੱਕ ਸਿੱਖ ਰਹਿਤ ਮਰਯਾਦਾ ਦਾ ਸਵਾਲ ਹੈ, ਇਹ ਇਕ ਸਿੰਘ ਲਈ ਤਾਂ ਜ਼ਰੂਰੀ ਹੈ ਪਰ ਸਿੱਖ ਲਈ ਜ਼ਰੂਰੀ ਨਹੀਂ। ਦਾੜ੍ਹੀ-ਕੇਸ ਅਤੇ ਪੱਗ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਸਾਰੇ ਸਿੱਖ ਰਖਦੇ ਸਨ ਅਤੇ ਗੁਰਬਾਣੀ ਦਾ ਪਾਠ ਕਰਦੇ ਸਨ। ਇਸ ਤੱਥ ਦੇ ਸੰਕੇਤ ਦਰਜ ਹਨ :

*ਸੋਹਣੇ ਨਕ ਜਿਸ ਲੰਮੜੇ ਵਾਲਾ॥* *(ਗੁਰੂ ਨਾਨਕ)*
*ਸਾਬਤ ਸੂਰਤਿ ਦਸਤਾਰ ਸਿਰਾ॥* *(ਗੁਰੂ ਅਰਜਨ ਦੇਵ)*

ਸਿੱਧ ਹੈ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵੀ ਅਜਿਹੇ ਰੂਪ ਵਾਲੇ ਸਿੱਖ ਹੀ



ਬਹਿੰਦੇ ਹੋਣਗੇ। ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਗ੍ਰੰਥੀ ਭਾਈ ਗੁਰਦਾਸ ਇਨ੍ਹਾਂ ਚਿਨ੍ਹਾਂ ਦੇ ਧਾਰਨੀ ਸਨ ਪਰ ਸਿੰਘ ਨਹੀਂ ਸਨ। ਇਸ ਲਈ ਗੁਰਦੁਆਰਿਆਂ ਵਿਚ ਭਾਈ ਗੁਰਦਾਸ ਵਾਲੀ ਰਹਿਤ ਮਰਯਾਦਾ ਵਾਲੇ ਸਿੱਖ ਨੂੰ ਹੀ ਸੇਵਾ ਕਰਨੀ ਚਾਹੀਦੀ ਹੈ। ਜੋ ਤਨੋ ਮਨੋ ਸ਼ੁੱਧ ਜਾਂ ਖ਼ਾਲਸ ਹੋਣ ਅਰਥਾਤ ਉਸ ਦੇ ਖ਼ਾਲਸੇ ਹੋਣ। ਧਰਮ ਪ੍ਰਚਾਰ ਵਿਚ ਸਿੱਖ ਧਰਮ ਮਰਯਾਦਾ ਸਿਖਾਉਣਾ ਜ਼ਰੂਰੀ ਹੈ, ਸਿੱਖ ਰਹਿਤ ਮਰਯਾਦਾ ਦਾ ਠੋਸਣਾ ਜ਼ਰੂਰੀ ਨਹੀਂ। ਗੁਰੂ ਗੋਬਿੰਦ ਸਿੰਘ ਹੋਰਾਂ ਵੀ ਲੋਕਤੰਤਰੀ ਤਰੀਕੇ ਨਾਲ ਸਿੱਖਾਂ ਨੂੰ ਸਜਾਇਆ ਸੀ। ਜੋ ਕੋਈ ਸਿੱਖ ਅੰਮ੍ਰਿਤ ਛੱਕਕੇ ਗੁਰਦੁਆਰੇ ਦੀ ਮਾਣ ਮਰਯਾਦਾ ਵਿਚ ਆਪਣਾ ਯੋਗਦਾਨ ਪਾਉਂਦਾ ਹੈ ਤਾਂ ਇਹ ਸੋਨੇ ਤੇ ਸੁਹਾਗੇ ਦਾ ਕੰਮ ਹੋਵੇਗਾ। ਖ਼ਾਲਸਾ ਸ਼ਬਦ ਦੀ ਓਟ ਲੈ ਕੇ ਸਿੱਖ ਧਰਮ ਨੂੰ ਨਰਮ ਅਤੇ ਗਰਮ ਧੜਿਆਂ ਵਿਚ ਵੰਡਣ ਵਾਲੇ ਸਿੱਖ, ਸਿੱਖ ਨਹੀਂ ਹੋ ਸਕਦੇ, ਗੁਰੂ ਦਾ ਰੂਪ ਜਾਂ ਇਸ਼ਟ ਬਣਨਾ ਤਾਂ ਬਹੁਤ ਦੂਰ ਦੀ ਗੱਲ ਹੈ।

## ਬੀਜ ਮੰਤ੍ਰ ਦਰਸ਼ਨ

ਨਿਰਮਲ ਸਿੰਘ ਕਲਸੀ ਰਚਿਤ ਪੁਸਤਕ 'ਬੀਜ ਮੰਤ੍ਰ ਦਰਸ਼ਨ' ਵਿਚ ਲੇਖਕ ਨੇ ਹੇਠਾਂ ਦਿੱਤੇ ਵਿਚਾਰ ਵਿਅਕਤ ਕੀਤੇ ਹਨ।

1. ਬੀਜ ਮੰਤ੍ਰ ਦੇ ਖੁਲ੍ਹੇ ਮੂੰਹ ਵਾਲੇ ਊੜੇ ਦਾ ਉਚਾਰਨ ਓਅੰਕਾਰ ਨਹੀਂ, ਜਿਵੇਂ ਕਿ ਪ੍ਰਸੰਗ ਅਨੁਸਾਰ ਕੀਤਾ ਜਾਂਦਾ ਹੈ, ਸਗੋਂ ਇਕੋ (ਅਨੰਨਤਤਾ ਤੱਕ) ਹੈ।

3. ੧+ੳ ਇਕ ਨਿਅੱਖਰਾ ਅੱਖਰ ਹੈ, ਦੋ ਅੰਗ ਨਹੀਂ।

ਤੀਜੇ ਨੁਕਤੇ ਤੋਂ ਵਗੈਰ ਪਹਿਲੇ ਦੋ, ਪ੍ਰੰਪਰਾ ਤੋਂ ਹਟ ਕੇ ਹਨ ਅਤੇ ਵਿਵਾਦ ਦਾ ਧੁਰਾ ਬਣ ਸਕਦੇ ਹਨ। ਪਹਿਲਾਂ ਵਿਵਾਦੀ ਨੁਕਤਿਆਂ 'ਤੇ ਵਿਚਾਰ ਕਰਾਂਗੇ। ਵਿਚਾਰ ਕਰਨ ਤੋਂ ਪਹਿਲਾਂ ਮੈਂ ਆਪਣਾ ਮੱਤ ਗੁਰਬਾਣੀ ਦੇ ਸੰਬੰਧ ਵਿਚ ਸਪੱਸ਼ਟ ਕਰਨਾ ਚਾਹੁੰਦਾ ਹਾਂ, ਜਿਸ ਦੇ ਆਧਾਰ 'ਤੇ ਪਹਿਲੇ ਦੋ ਨੁਕਤਿਆਂ ਦਾ ਜਾਇਜ਼ਾ ਲਿਆ ਜਾਵੇਗਾ।

ਗੁਰਬਾਣੀ ਇਕ ਗਿਆਨਗੀਤ ਹੈ, ਅਰਥਾਤ ਇਸ ਦੀ ਸਮੱਗਰੀ ਤਰਕਸ਼ੀਲ ਵਿਚਾਰਧਾਰਾ 'ਤੇ ਨਿਰਭਰ ਹੈ। ਇਹ ਵਿਚਾਰਧਾਰਾ ਇਕ ਥੀਸਿਜ਼ ਦੇ ਰੂਪ ਵਿਚ ਪ੍ਰਸਤੁਤ ਕੀਤੀ ਗਈ ਹੈ, ਜਿਸ ਨੂੰ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਨਾਮ ਨਾਲ ਯਾਦ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿਚ ਇਕ ਥੀਸਿਜ਼ ਦੇ ਸਾਰੇ ਗੁਣ ਹਨ। ਇਸ ਥੀਸਿਜ਼ ਦਾ ਰੂਪਕ ਪੱਖ ਰਾਗਾਂ ਅਤੇ ਰਾਗਣੀਆਂ ਵਿਚ ਨਿਹਤ ਹੈ ਅਤੇ ਵਿਸ਼ਾ ਹੈ, ਪ੍ਰਮਾਤਮਾ-ਆਤਮ-ਪ੍ਰਕਿਰਤੀ ਵਿਚਕਾਰ ਸੰਵਾਦ। ਥੀਸਿਜ਼ ਦਾ ਨਿਚੋੜ ਹੈ ਬੀਜ ਮੰਤ੍ਰ, ਇਸ ਦਾ ਸਾਰ ਹੈ ਮੂਲ ਮੰਤ੍ਰ, ਜਪੁ ਇਸ ਦੀ ਪ੍ਰਸਤਾਵਨਾ ਹੈ ਅਤੇ ਸਮੱਗਰੀ ਬਾਕੀ ਦੀ ਸਾਰੀ ਬਾਣੀ ਹੈ। ਸਿੱਧੇ ਸ਼ਬਦਾਂ ਵਿਚ ਬੀਜ ਮੰਤ੍ਰ ਦਾ ਵਿਸਥਾਰ ਹੈ, ਮੂਲ ਮੰਤ੍ਰ, ਮੂਲ ਮੰਤ੍ਰ ਦਾ ਵਿਸਥਾਰ ਹੈ, ਜਪੁ ਅਤੇ ਜਪੁ ਦਾ ਵਿਸਥਾਰ ਹੈ ਬਾਕੀ ਦਾ ਗ੍ਰੰਥ ਸਾਹਿਬ। ਗੁਰੂ ਗ੍ਰੰਥ ਸਾਹਿਬ ਵਿਚ ਜਿੰਨੀ ਵੀ ਬਾਣੀ ਹੈ, ਖ਼ਾਸ ਕਰਕੇ ਗੁਰੂ ਨਾਨਕ ਰਚਤ ਬਾਣੀ, ਸਾਰੀ ਦੀ ਸਾਰੀ ਵਿਗਿਆਨਕ ਵਿਚਾਰਧਾਰਾ 'ਤੇ ਨਿਰਭਰ ਹੈ। ਗੁਰੂ ਨਾਨਕ ਨੇ ਜੀਵਨ ਦੇ ਪ੍ਰਮੁੱਖ ਪੰਜ ਤੱਤਾਂ ਦੀ ਗੱਲ ਕੀਤੀ ਹੈ, ਬ੍ਰਹਿਮੰਡ ਦੇ ਅਨੰਤੀ ਵਿਸਥਾਰ ਦੀ ਗੱਲ ਕੀਤੀ ਹੈ ਅਤੇ ਜੀਵਨ ਦੀਆਂ ਵੰਨਗੀਆਂ ਦੇ ਸਮਤੁਲਨ ਦੀ ਗੱਲ ਕੀਤੀ ਹੈ ਅਤੇ ਪ੍ਰਮੁੱਖ ਤੌਰ 'ਤੇ ਇਸ ਸ੍ਰਿਸ਼ਟੀ ਦੀ ਹੋਂਦ ਪਿੱਛੇ ਕਿਸੇ ਪਰਮ ਸ਼ਕਤੀ (ਪ੍ਰਮਾਤਮਾ) ਦੇ ਰਹੱਸ ਦੀ ਗੱਲ ਕੀਤੀ ਹੈ। ਜਦ ਇਹ ਸ਼ਕਤੀ ਅਕਲ ਦੇ ਗੇੜ ਵਿਚ ਨਾ ਆਈ ਤਾਂ ਦਿਬ-ਦ੍ਰਿਸ਼ਟੀ ਰਾਹੀਂ ਉਸ ਦੀ ਪਰਿਭਾਸ਼ਾ ਕਰਨ ਦਾ ਜਤਨ ਕੀਤਾ ਹੈ। (ਨੋਟ-ਦਿਬ-ਦ੍ਰਿਸ਼ਟੀ ਬੌਧਿਕ ਪਸਾਰਾਂ ਦਾ ਸੁਮੇਲ ਹੈ, ਜਿਸ ਰਾਹੀਂ ਇਸ ਸ੍ਰਿਸ਼ਟੀ ਦੇ ਭੇਦ ਖੋਲ੍ਹੇ ਜਾਂਦੇ ਹਨ, ਇਹ ਘੋਰ ਗਿਆਨ ਦੀ ਪ੍ਰਾਪਤੀ ਤੋਂ ਬਾਅਦ ਵਿਚ ਉਤਪੰਨ ਹੁੰਦੀ ਹੈ।) ਬੀਜ-ਮੰਤ੍ਰ ਇਕ ਪਰਮ ਸ਼ਕਤੀ ਦੀ ਸਭ ਤੋਂ ਸੰਖੇਪ ਪਰਿਭਾਸ਼ਾ ਹੈ,



ਜਿਸ ਨੂੰ ਸਿੱਖ ਧਰਮ ਦੇ ਗਿਆਨ ਖੋਜੀਆਂ ਨੇ ਇਕ ਅੱਖਰ ਕਿਹਾ ਹੈ ਅਤੇ ਕਲਸੀ ਹੋਰਾਂ 'ਨਿਅੱਖਰਾ ਅੱਖਰ' ਲਿਖਿਆ ਹੈ। ਇਸ ਅੱਖਰ ਨਾਲੋਂ ਨਿਅੱਖਰਾ ਵਧੇਰੇ ਢੁਕਵਾਂ ਹੈ, ਕਿਉਂਕਿ ਬੀਜ ਮੰਤ੍ਰ ਇਕ (੧) ਜੋ ਅੰਕੜਾ ਹੈ ਅਤੇ ਊੜਾ (ੳ) ਜੋ ਅੱਖਰ ਹੈ, ਦੇ ਸਮਾਸ ਤੋਂ ਬਣਾਇਆ ਗਿਆ ਹੈ।

ਬੀਜ ਮੰਤ੍ਰ ਦਾ ਇਕ (੧) ਗੁਰੂ ਨਾਨਕ ਦੀ ਅਦੁੱਤੀ ਦੇਣ ਹੈ ਅਤੇ ਖੁੱਲ੍ਹੇ ਮੂੰਹ ਵਾਲਾ ਊੜਾ (ੳ) ਓਅੰਕਾਰ ਦਾ ਸੰਖਿਪਤ ਰੂਪ ਭਾਸਦਾ ਹੈ। ਓਅੰਕਾਰ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਮਾਂਡੂਕਯ ਉਪਨਿਸ਼ਦਾਂ ਵਿਚ ਹੋਈ ਜਿੱਥੇ ਇਸ ਨੂੰ ਪਰਮ ਸ਼ਕਤੀ ਦੇ ਤ੍ਰੈਕਾਲੀ ਵਿਸਥਾਰ ਤੋਂ ਵੀ ਪਰ੍ਹੇ ਵਿਚਰਨ ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਮਾਂਡੂਕਯ ਉਪਨਿਸ਼ਦ ਵਿਚ 'ਓਮ ਅਤੇ ਓਅੰਕਾਰ' ਨੂੰ ਸੰਮਭਾਵੀ ਅਰਥਾਂ ਵਿਚ ਵਰਤਿਆ ਗਿਆ ਹੈ ਅਤੇ ਇਨ੍ਹਾਂ ਸ਼ਬਦਾਂ ਨੂੰ ਪਰਮ ਸ਼ਕਤੀ (ਪ੍ਰਮਾਤਮਾ) ਦੇ ਸੂਚਕ ਦੱਸਿਆ ਗਿਆ ਹੈ। ਓਮ ਵੀ ਬੀਜ ਮੰਤ੍ਰ ਦੀ ਤਰ੍ਹਾਂ ਬਹੁਤ ਸਾਰੇ ਮੰਤ੍ਰਾਂ ਦੇ ਆਰੰਭ ਵਿਚ ਲਗਾਇਆ ਗਿਆ ਹੈ।

ਗੁਰੂ ਨਾਨਕ ਦੇ ਸਮੇਂ ਓਅੰਕਾਰ ਨੂੰ ਕੇਵਲ ਤਿੰਨ ਦੇਵਾਂ, ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਤੱਕ ਹੀ ਸੀਮਤ ਕਰ ਦਿੱਤਾ ਗਿਆ ਸੀ। ਨਾਲੇ ਇਸ ਨੂੰ ਤਿੰਨ ਮਾਨਸਿਕ ਅਵੱਸਥਾਵਾਂ, ਜਾਗ੍ਰਿਤ, ਸੁਪਨ ਅਤੇ ਸੁਖੋਪਤੀ ਦਾ ਆਧਾਰ ਵੀ ਮੰਨਿਆ ਜਾਣ ਲੱਗਾ ਸੀ। ਇਨ੍ਹਾਂ ਕਾਰਨਾਂ ਕਰਕੇ ਇਸ ਦੀ ਮੌਲਿਕ ਭਾਵਨਾ ਏਕ ਤੋਂ ਅਨੇਕ ਅਰਥਾਂ ਵਿਚ ਬਦਲ ਗਈ। ਓਅੰਕਾਰ ਦੀ ਅਨੇਕ ਮੁਖੀ ਭਾਵਨਾ ਕਰਕੇ ਦੇਵੀ ਦੇਵਤਿਆਂ ਦੀ ਪੂਜਾ, ਬੁੱਤ ਪੂਜਾ ਅਤੇ ਪੁਰਸ਼ ਪੂਜਾ ਆਮ ਹੋ ਗਈ ਅਤੇ ਭਰਮ ਪ੍ਰਧਾਨ ਹੋ ਗਿਆ ਸੀ। ਗੁਰੂ ਨਾਨਕ ਨੇ ਇਸ ਪ੍ਰਥਾ ਨੂੰ ਤੋੜਨ ਲਈ ਉਸ ਪਰਮ ਸਕਤੀ ਦੀ ਅਜਿਹੀ ਪਰਿਭਾਸ਼ਾ ਕਰਨੀ ਚਾਹੀ ਜਿਸ ਦਾ ਸਿਰਫ਼ ਇਕੋ ਅਰਥ ਨਿਕਲੇ। ਇਸ ਲਈ ਉਨ੍ਹਾਂ ਇਕ (੧) ਗਣਿਤ ਵਰਗੇ ਨਿਸਚਿਤ ਵਿਗਿਆਨ ਤੋਂ ਲਿਆ ਅਤੇ ਓਅੰਕਾਰ ਦੀ ਮੌਲਿਕ ਭਾਵਨਾ ਨੂੰ ਮੁੜ ਸੁਰਜੀਤ ਕਰਨ ਲਈ ਉਸ ਨੂੰ ਊੜਾ (ੳ) ਅੱਖਰ ਵਿਚ ਸੰਖੇਪ ਕਰ ਲਿਆ। ਪਰੰਪਰਾ ਨੂੰ ਆਧਾਰ ਬਣਾ ਕੇ ਸਿਰਜੇ ਨਵੇਂ ਵਿਚਾਰਾਂ ਦੀ ਉਤਪਤੀ ਅਤੇ ਵਿਕਾਸ ਵਧੇਰੇ ਕਾਰਜਕਾਰੀ ਸਿੱਧ ਹੁੰਦਾ ਹੈ। ਇਹ ਮੰਨੀ-ਪ੍ਰਮੰਨੀ ਗੱਲ ਹੈ ਕਿ ਗੁਰੂ ਨਾਨਕ ਨੇ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਣ ਲਈ ਲੋਕਾਂ ਦੀ ਭਾਸ਼ਾ (ਬੋਲੀ) ਹੀ ਵਰਤੀ। ਇਹੀ ਕਾਰਨ ਸੀ ਕਿ ਉਨ੍ਹਾਂ ਦੀ ਬਾਣੀ ਲੋਕਾਂ ਵਿਚ ਵਧੇਰੇ ਪ੍ਰਚੱਲਤ ਹੋਈ। 'ਓਅੰਕਾਰ' ਸ਼ਬਦ ਤਾਂ ਉਸ ਵੇਲੇ ਦੀ ਧਾਰਮਿਕ ਵਿਚਾਰਧਾਰਾ ਦਾ ਧੁਰਾ ਸੀ, ਜਿਸ ਦਾ ਪ੍ਰਯੋਗ ਗੁਰੂ ਨਾਨਕ ਦੀ ਬਾਣੀ ਵਿਚ ਮਹੱਤਵਪੂਰਨ, ਢੁਕਵਾਂ, ਸੁਭਾਵਕ ਅਤੇ ਕੁਦਰਤੀ ਜਾਪਦਾ ਹੈ। ਓਅੰਕਾਰ ਦੇ ਮੌਲਕ ਅਰਥ ਨੂੰ ਮੁੜ ਸੁਰਜੀਤ ਕਰਨ ਲਈ ਗੁਰੂ ਨਾਨਕ ਨੇ ਖਾਸ ਕਰਕੇ ਰਾਗੁ ਰਾਮਕਲੀ ਵਿਚ 'ਦੱਖਣੀ ਓਅੰਕਾਰ' ਨਾਮੀ ਬਾਣੀ ਉਚਾਰੀ। ਇਹ ਬਾਣੀ 54 ਛੰਦਾਂ ਵਿਚ ਹੈ ਅਤੇ ਪੰਜਾਬੀ ਵਰਣਮਾਲਾ ਦੇ ਕੁਝ ਅੱਖਰਾਂ ਨੂੰ ਆਧਾਰ ਬਣਾ ਕੇ ਲਿਖੀ ਗਈ ਹੈ। ਇਸ ਦਾ ਪ੍ਰਧਾਨ ਵਿਸ਼ਾ ਉਸ ਵੇਲੇ ਦੀ ਬ੍ਰਾਹਮਣੀ ਸੋਚ ਵਾਲੀ ਪੜ੍ਹੀ-ਲਿਖੀ ਜਮਾਤ ਨੂੰ ਸੇਧ ਦੇਣ ਵੱਲ ਇਸ਼ਾਰਾ ਕਰਦਾ ਹੈ। ਪਹਿਲਾ ਛੰਦ ਓਅੰਕਾਰ ਦੇ ਭਾਵਾਰਥ ਸੰਬੰਧੀ ਹੈ।

ਓਅੰਕਾਰਿ ਬ੍ਰਹਮਾ ਉਤਪਤਿ।
ਓਅੰਕਾਰਿ ਕੀਆ ਜਿਨਿ ਚਿਤਿ।
ਓਅੰਕਾਰਿ ਸੈਲ ਜੁਗ ਭਏ।
ਓਅੰਕਾਰਿ ਬੇਦ ਨਿਰਮਏ।
ਓਅੰਕਾਰਿ ਸ਼ਬਦਿ ਉਧਰੇ।
ਓਅੰਕਾਰਿ ਗੁਰਮੁਖਿ ਤਰੇ।
ਓਨਮ ਅਖਰ ਸੁਣਹੁ ਬੀਚਾਰ।
ਓਨਮ ਅਖਰੁ ਤ੍ਰਿਭਵਣ ਸਾਰ॥੧॥

ਉਪਰੋਕਤ ਛੰਦ ਦੇ ਆਰੰਭ ਵਿਚ ਹੀ ਪ੍ਰਮਾਤਮਾ ਤੋਂ ਬ੍ਰਹਮਾ ਦੀ ਉਤਪਤੀ ਬਾਰੇ ਸਮਝਾ ਕੇ ਅਨੇਕਵਾਦ ਦੀ ਮਿੱਥ ’ਤੇ ਸੱਟ ਮਾਰੀ ਹੈ। ਅਖੀਰਲੇ ਵਾਕਾਂ ਵਿਚ ਪੰਡਤਾਂ ਨੂੰ ‘ਓਮ ਨਮੋ ਦੇ ਅਰਥ ਸਮਝਾਏ ਹਨ ਅਤੇ ਕਿਹਾ ਹੇ ਕਿ ਚਮ ਨਾਸ਼ ਰਹਿਤ ਪ੍ਰਾਰਬ੍ਰਹਮ (ਪ੍ਰਭੂ) ਦਾ ਹੀ ਸੂਚਕ ਹੈ। ਇਸੇ ਤਰ੍ਹਾਂ ਦੇ ਵਿਚਾਰ ਦੱਖਣੀ ਓਅੰਕਾਰ ਦੇ ਪੰਜਵੇਂ ਅਤੇ ਸੱਤਵੇਂ ਛੰਦ ਵਿਚੋਂ ਵੀ ਮਿਲਦੇ ਹਨ।

ਗੁਰਬਾਣੀ ਵਿਚ ਓਅੰਕਾਰ ਸ਼ਬਦ ਦੀ ਵਰਤੋਂ ਜਿਵੇਂ ਕਲਸੀ ਹੋਰੀਂ ਲਿਖਦੇ ਹਨ, “ਰੱਬ ਦੇ ਸਿਰਜਣਾਤਮਕ ਪੱਖ ਦੀ ਵਿਆਖਿਆ ਹੈ। ਰੱਬ ਦਾ ਇਹੋ ਪੱਖ ਹੀ ਉਸ ਦੀ ਸਰਬ ਵਿਆਪਕਤਾ ਦਾ ਸੂਚਕ ਹੈ ਜੋ ਨਾਨਕ ਬਾਣੀ ਦੀ ਪ੍ਰਥਮ ਵਿਚਾਰਧਾਰਾ ਹੈ। ਬੀਜ ਮੰਤ੍ਰ ਰਾਹੀਂ ਗੁਰੂ ਨਾਨਕ ਨੇ ਓਅੰਕਾਰ ਸ਼ਬਦ ਨੂੰ ਉਸ ਦੇ ਮੁੱਢਲੇ ਅਰਥਾਂ ਨਾਲ ਹੀ ਨਹੀਂ ਜੋੜਿਆ, ਸਗੋਂ ਉਸ ਦੇ ਅੱਗੇ ਇਕ (੧) ਲਾ ਕੇ ਓਅੰਕਾਰ ਸ਼ਬਦ ਨੂੰ ਉਸ ਵੇਲੇ ਦੇ ਅਨੇਕਵਾਦੀ ਅਰਥਾਂ ਤੋਂ ਮੁਕਤੀ ਵੀ ਦੁਆਈ।

ਅਗਲਾ ਸਵਾਲ ਹੈ ਬੀਜ ਮੰਤ੍ਰ ਦੇ ਊੜੇ ਦੇ ਉਚਾਰਣ ਅਤੇ ਉਸ ਦਾ ਗੁਰਬਾਣੀ ਦੇ ਸ਼ਬਦਾਂ ਅੰਦਰ ਨਾ ਵਰਤਿਆ ਜਾਣਾ। ਸਭ ਤੋਂ ਪਹਿਲਾਂ ਇਹ ਦੇਖਣਾ ਲਾਹੇਵੰਦ ਰਹੇਗਾ ਕਿ ਸ੍ਰੀ ਕਰਤਾਰਪੁਰ ਵਾਲੀ ਬੀੜ (ਆਦਿ ਬੀੜ) ਵਿਚ ਬੀਜ ਮੰਤ੍ਰ, ਮੂਲ ਮੰਤ੍ਰ ਦੇ ਮੰਗਲਾਂ ਨਾਲ ਕਿੱਥੇ-ਕਿੱਥੇ ਆਇਆ ਹੈ। ਕਲਸੀ ਹੋਰਾਂ ਇਨ੍ਹਾਂ ਦੀ ਗਿਣਤੀ ਪ੍ਰਚੱਲਤ ਛਪੀ ਹੋਈ ਦਮਦਮਾ ਸਾਹਿਬ ਵਾਲੀ ਬੀੜ ਦੇ ਆਧਾਰ ’ਤੇ ਕੀਤੀ ਜਾਪਦੀ ਹੈ। ਪਰ ਭਾਈ ਗੁਰਦਾਸ ਦੀ ਕਲਮ ਨਾਲ ਲਿਖੀ ‘ਆਦਿ ਬੀੜ’ ਵਿਚ ਇਨ੍ਹਾਂ ਦੀ ਗਿਣਤੀ ਅਤੇ ਸਥਾਨ ਪ੍ਰਚਲਤ ਬੀੜ ਨਾਲ ਇਨਬਿੰਨ ਮੇਲ ਨਹੀਂ ਖਾਂਦੇ। ‘ਆਦਿ ਬੀੜ’ ਦਾ ਵੇਰਵਾ ਇਸ ਪ੍ਰਕਾਰ ਹੈ।

| | |
|---|---|
| ਪੂਰਾ ਮੂਲ ਮੰਤ੍ਰ | -22 ਵਾਰ |
| ਸੰਖੇਪ ਮੂਲ ਮੰਤ੍ਰ | -218 (੧ਓ ਸਤਿਗੁਰ ਪ੍ਰਸਾਦਿ) ਵਾਰ |
| ੧ਓ | -2 ਵਾਰ |
| ੧ਓ ਨਾਨਕ | -1 ਵਾਰ |

ਸਭ ਤੋਂ ਪਹਿਲਾਂ ਪੂਰਾ ਮੂਲ ਮੰਤ੍ਰ ਪੰਨਾ 2/2, “ਸੂਚੀ ਪਤ੍ਰ ਪੋਥੀ ਕਾ ਤਤਕਰਾ ਰਾਗਾਂ ਕਾ” ’ਤੇ ਮਿਲਦਾ ਹੇ। ਪਰ ਸਾਰੇ ਤਤਕਰੇ ਦੇ ਪੰਨਿਆਂ ਦੇ ਸੱਜੇ ਪਾਸੇ ਦੇ ਹਾਸ਼ੀਏ



ਦੇ ਸ਼ੁਰੂ ਵਿਚ ਸੰਖੇਪ ਮੂਲ ਮੰਤ੍ਰ ਆਮ ਤੌਰ ’ਤੇ ਲਿਖਿਆ ਹੋਇਆ। ਗੁਰਬਾਣੀ ਦੇ ਪੱਤਰਿਆਂ ਅੰਦਰ ਪੂਰਾ ਜਾਂ ਸੰਖੇਪ ਮੂਲ ਮੰਤ੍ਰ ਆਮ ਕਰਕੇ ਕਿਸੇ ਰਾਗ ਦੇ ਆਰੰਭ ਵਿਚ ਲਿਖਿਆ ਹੈ। ਸ਼ਬਦਾਂ ਜਾਂ ਛੰਦਾਂ ਵਿਚਕਾਰ ਇਸ ਦੀ ਵਰਤੋਂ ਨਹੀਂ ਹੋਈ। ਇਕ ਥਾਂ ’ਤੇ (ਪਤਰਾ 934/1) ਜਿੱਥੇ ‘ਸਲੋਕ ਸਹਸਕ੍ਰਿਤੀ ਮਹਲਾ ੧ ਸ਼ੁਰੂ ਹੁੰਦਾ ਹੈ, ਉਥੇ ਪੂਰਾ ਮੂਲ ਮੰਤ੍ਰ ਲਿਖਿਆ ਹੈ। ਅਗਲੀ ਸਤਰ ਵਿਚ ‘ਪੜ੍ਹ ਪੁਸਤਕ ਸੰਧਿਆ ਬਾਦੰ’ ਸ਼ਬਦ ਦਾ ਆਰੰਭ ਹੈ ਅਤੇ ਦਸ ਸਤਰਾਂ ਤੱਕ ਲਿਖਿਆ ਹੈ। ਪਰ ਪਹਿਲੀਆਂ ਤਿੰਨ ਸਤਰਾਂ ਤੋਂ ਬਾਅਦ ‘ਬਾਟ ਨਾ ਪਾਵੈ॥੨॥’, ਅੱਗੇ ਵੱਖਰੀ ਲਾਇਨ ਤੇ ੧ਓ ਲਿਖਿਆ ਹੈ। ਸਾਰੀ ਆਦਿ ਬੀੜ ਵਿਚ ਬੀਜ ਮੰਤ੍ਰ ਦੋ ਵਾਰ ਆਇਆ ਹੈ। ਆਦਿ ਬੀੜ ਦੇ ਪੱਤਰਿਆਂ ’ਤੇ ਲਿਖੇ ਮੂਲ ਮੰਤ੍ਰ ਦੀ ਵਿਉਂਤਬੰਦੀ ਤੋਂ ਸਿੱਧ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਤਤਕਰੇ ਦੇ ਹਰੇਕ ਪੱਤਰੇ ’ਤੇ ਅਤੇ ਮੂਲ ਰਾਗਾਂ ਜਾਂ ਬਾਣੀਆਂ ਦੇ ਆਰੰਭ ਵਿਚ ਮੂਲ ਮੰਤ੍ਰ ਲਿਖਿਆ ਹੈ। ਬੀਜ ਮੰਤ੍ਰ ਦਾ ਖੁੱਲ੍ਹੇ ਮੂੰਹ ਵਾਲਾ ਊੜਾ ਲਿਖਣ ਲਈ, ਕਿਉਂਕਿ ਇਕ ਸਤਰ ਤੋਂ ਵੱਧ ਥਾਂ ਚਾਹੀਦੀ ਹੈ, ਇਸ ਲਈ ਜਿੱਥੇ ਕਿਤੇ ਵੀ ਮੂਲ ਮੰਤ੍ਰ ਲਿਖਿਆ ਮਿਲਦਾ ਹੈ, ਉਥੇ ਹਮੇਸ਼ਾ ਇਕ ਸਤਰ ਖਾਲ੍ਹੀ ਛੱਡੀ ਹੋਈ ਹੈ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ੧ਓ ਗੁਰਬਾਣੀ ਦੇ ਛੰਦਾਂ ਵਿਚਕਾਰ ਕਿਉਂ ਨਹੀਂ ਲਿਖਿਆ ਗਿਆ? ਇਸ ਦੇ ਤਿੰਨ ਕਾਰਨ ਜਾਪਦੇ ਹਨ। ਪਹਿਲਾ ਕਾਰਨ ਥਾਂ ਦੀ ਵਿਉਂਤਬੰਦੀ ਦਾ ਹੈ, ਦੂਜਾ ਹੈ ਹਰ ਪਤਰੇ ਜਾਂ ਰਾਗ ਦੇ ਸ਼ੁਰੂ ਤੋਂ ਪਹਿਲਾਂ ਉਸ ਆਪਾਰ ਸ਼ਕਤੀ ਦੀ ਅਰਾਧਨਾ ਲਈ ਅਤੇ ਤੀਜਾ ਹੈ, ਜਿੱਥੇ ਲਿਖਦਿਆਂ ਕੋਈ ਭੁੱਲ-ਚੁੱਕ ਹੋ ਗਈ ਹੋਵੇ।

ਅੱਗੇ ਸਵਾਲ ਪੈਦਾ ਹੁੰਦਾ ਹੈ ਕਿ ਜੇ ੧ਓ ਦਾ ਉਚਾਰਣ ਇਕ ਓਅੰਕਾਰ ਹੈ ਤਾਂ ਗੁਰਬਾਣੀ ਵਿਚ ਇਸ ਦਾ ਸੰਕੇਤ ਕਿਉਂ ਨਹੀਂ ਮਿਲਦਾ? ਜਾਂ ਫੇਰ ਗੁਰਬਾਣੀ ਵਿਚ ਬੀਜ ਮੰਤ੍ਰ ਲਿਖ ਕੇ ਹੀ ਓਅੰਕਾਰ ਦਾ ਮਸਲਾ ਕਿਉਂ ਨਹੀਂ ਸੁਲਝਾ ਲਿਆ ਗਿਆ?

ਗੁਰਬਾਣੀ ਛੰਦਾਂ ਵਿਚ ਲਿਖੀ ਹੋਈ ਹੈ। ਛੰਦਾਂ ਵਿਚ ਮਾਤ੍ਰਾਂ ਅਤੇ ਵਰਣਾਂ ਦੀ ਗਿਣਤੀ ਜ਼ਰੂਰੀ ਹੈ। ਖ਼ਾਸ ਕਰਕੇ ਜੇ ਛੰਦਾਂ ਨੂੰ ਰਾਗਾਂ ਵਿਚ ਬੰਨਣਾ ਹੈ ਤਾਂ ਅੱਖਰਾਂ ਅਤੇ ਲਗਾਂ-ਮਾਤ੍ਰਾਂ ਦਾ ਹਿਸਾਬ-ਕਿਤਾਬ ਛੰਦ ਵਿਧਾਨ ਅਨੁਸਾਰ ਪੂਰਾ ਹੋਣਾ ਚਾਹੀਦਾ ਹੈ। ਇਹ ਹਿਸਾਬ-ਕਿਤਾਬ ਲਗਾ ਮਾਤ੍ਰਾਂ ਸਮੇਂ ਸ਼ਬਦ ਦੇ ਪੂਰੇ ਉਚਾਰਣ ਨਾਲ ਹੀ ਸਹੀ ਰੱਖਿਆ ਜਾ ਸਕਦਾ ਹੈ। ਉਚਾਰਣ ਹਰ ਸ਼ਬਦ ਦਾ ਸੀਮਤ ਹੁੰਦਾ ਹੈ, ਨਹੀਂ ਤਾਂ ਲੈਅ ਥਿੜਕ ਜਾਂਦੀ ਹੈ। ਇਹੀ ਕਾਰਨ ਜਾਪਦਾ ਹੈ ਕਿ ਗੁਰਬਾਣੀ ਵਿਚ ਬੀਜ ਮੰਤ੍ਰ ਦੇ ਊੜੇ ਨੂੰ ਜੋ, ਇਕ ਅੱਖਰ ਹੈ, ਨਹੀਂ ਵਰਤਿਆ ਗਿਆ। ਓਅੰਕਾਰ ਦੇ ਉਚਾਰਣ ਵਿਚ ਸੱਤ ਮਾਤ੍ਰਾਂ ਲਗਦੀਆਂ ਹਨ ਅਤੇ ਇਨ੍ਹਾਂ ਸੱਤਾਂ ਦਾ ਉਚਾਰਣ ਵੱਖਰੇ-ਵੱਖਰੇ ਛੰਦਾਂ ਦਾ ਤੋਲ-ਤੁਕਾਂਤ ਅਤੇ ਲੈ ਬਰਕਰਾਰ ਰੱਖਣ ਲਈ ਜ਼ਰੂਰੀ ਹੈ।

*ਓਅੰਕਾਰਿ ਬ੍ਰਹਮਾ ਉਤਪਤਿ -16 ਮਾਤ੍ਰਾਂ*
*ਓਅੰਕਾਰਿ ਕੀਆ ਜਿਨਿ ਚਿਤਿ -16 ਮਾਤ੍ਰਾਂ*
*ਜਾਂ*

*ਓਨਮ ਅਖਰ ਸੁਣਹੁ ਬੀਚਾਰੁ -15 ਮਾਤ੍ਰਾਂ*
*ਓਨਮ ਅਖਰੁ ਤ੍ਰਿਭਵਣ ਸਾਰੁ -15 ਮਾਤ੍ਰਾਂ*
*-ਗੁਰੂ ਨਾਨਕ (ਦੱਖਣੀ ਓਅੰਕਾਰ)*

ਗੁਰਬਾਣੀ ਵਿਚ ਕਈ ਛੰਦ ਮਿਲਦੇ ਹਨ, ਜਿਵੇਂ ਸੋਰਠਾ (ਇਸ ਦੇ ਚਾਰ ਚਰਣ ਹੁੰਦੇ ਹਨ, ਪਹਿਲੇ ਵਿਚ 11 ਮਾਤ੍ਰਾਂ ਅਤੇ ਦੂਜੇ ਵਿਚ 13 ਮਾਤ੍ਰਾਂ ਹੁੰਦੀਆਂ ਹਨ।), ਚੌਪਈ (15 ਜਾ 16 ਮਾਤ੍ਰਾਂ), ਨਿਸ਼ਾਨੀ (13 ਅਤੇ 10 ਮਾਤ੍ਰਾਂ), ਸਲੋਕ (16 ਮਾਤ੍ਰਾਂ) ਆਦਿ।

ਬੀਜ ਮੰਤ੍ਰ ਜਿਵੇਂ ਪਹਿਲਾਂ ਦੱਸ ਆਏ ਹਾਂ, ਗੁਰਬਾਣੀ ਵਿਚਾਰਧਾਰਾ ਦੀ ਪਰਿਭਾਸ਼ਾ ਹੈ। ਪਰਿਭਾਸ਼ਾ ਹਮੇਸ਼ਾ ਘੱਟ ਤੋਂ ਘੱਟ ਸ਼ਬਦਾਂ ਜਾਂ ਅੱਖਰਾਂ ਵਿਚ ਕੀਤੀ ਜਾਂਦੀ ਹੈ। ਇਹ ਹਮੇਸ਼ਾ ਸਿਰਲੇਖ ਵਜੋਂ ਵਰਤੀ ਜਾਂਦੀ ਹੈ। ਬੀਜ ਮੰਤ੍ਰ ਗੁਰਬਾਣੀ ਦੀ ਘੱਟ ਤੋਂ ਘੱਟ ਅੱਖਰਾਂ ਵਿਚ ਕੀਤੀ ਹੋਈ ਪਰਿਭਾਸ਼ਾ ਹੈ। ਇਸ ਦਾ ਵਿਸਥਾਰ ਗੁਰਬਾਣੀ ਵਿਚੋਂ ਮਿਲਦਾ ਹੈ। ਗੁਰੂ ਨਾਨਕ ਰਾਗੁ ਬਿਲਾਵਲੁ ਵਿਚ ਲਿਖਦੇ ਹਨ-

*ਏਕਮ ਏਕੰਕਾਰੁ ਨਿਰਾਲਾ।*
*ਅਮਰੁ ਅਜੋਨੀ ਜਾਤਿ ਨਾ ਜਾਲਾ।*
*ਅਗਮ ਅਗੋਚਰ ਰੂਪੁ ਨਾ ਰੇਖਿਆ।*
*ਖੋਜਤ ਖੋਜਤ ਘਟਿ ਘਟਿ ਦੇਖਿਆ।*
*ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ।*
*ਗੁਰ ਪ੍ਰਸਾਦਿ ਪਰਮ ਪਦੁਪਾਈ।*

ਉਪਰੋਕਤ ਉਦਾਹਰਣ ਵਿਚ ਮੂਲ ਮੰਤ੍ਰ ਦੀ ਵਿਆਖਿਆ ਹੈ। ਬੀਜ ਮੰਤ੍ਰ ਨੂੰ ਸਪੱਸ਼ਟ ਸ਼ਬਦਾਂ ਵਿਚ ਏਕਮ (੧) ਅਤੇ ਏਕੰਕਾਰੁ (ਓ) ਲਿਖਿਆ ਹੈ। ਇਸ ਦਾ ਹੋਰ ਵਿਸਥਾਰ ਗੁਰੂ ਨਾਨਕ ਦੀ ਦੱਖਣੀ ਓਅੰਕਾਰ ਦੀ ਬਾਣੀ ਵਿਚ ਛੰਦ ਨੰਬਰ ਇਕ, ਪੰਜ ਅਤੇ ਸੱਤ ਵਿਚ ਵੀ ਭਲੀਭਾਂਤ ਮਿਲਦਾ ਹੈ।

ਭਾਈ ਗੁਰਦਾਸ ਨੇ ਜੋ ਆਦਿ ਬੀੜ ਦੇ ਕਾਤਿਬ ਹਨ, ਆਪਣੀਆਂ ਵਾਰਾਂ ਨੰਬਰ 15, 26 ਅਤੇ 39 ਵਿਚ ਸਪੱਸ਼ਟ ਤੌਰ 'ਤੇ ਬੀਜ ਮੰਤ੍ਰ ਅਤੇ ਮੂਲ ਮੰਤ੍ਰ ਦੀ ਵਿਆਖਿਆ ਕੀਤੀ ਹੈ।

*ਏਕਾ ਏਕੰਕਾਰੁ ਲਿਖਿ ਦੇਖਾਲਿਆ*
*ਊੜਾ ਓਅੰਕਾਰੁ ਪਾਸਿ ਬਹਾਲਿਆ*
*(ਭਾਈ ਗੁਰਦਾਸ ਵਾਰ 15)*
*ਗੁਰ ਪ੍ਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।*
*ਨਿਰੰਕਾਰ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*



*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਇਰਦੂ ਹੋਏ ਤਿਨਿ ਦੇਵ ਤਿਹੁ ਮਿਲਿ ਦਸ ਅਵਤਾਰ ਗਣਾਇਆ।*
*(ਭਾਈ ਗੁਰਦਾਸ ਵਾਰ 26)*
*ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰ ਲਿਖਾਇਆ।*
*ਸਤਿਨਾਮ ਕਰਤਾ ਪੁਰਖੁ ਨਿਰਭਉ ਹੁਇ ਨਿਰਵੈਰ ਸਦਾਇਆ।*
*ਅਕਾਲ ਮੂਰਤਿ ਪਰਤਖਿ ਸੋਇ ਨਾਉ ਅਜੂਨੀ ਸੈਭੰ ਭਾਇਆ।*
*ਗੁਰਪਰਸਾਦਿ ਸੁ ਆਦਿ ਸਚੁ ਜਗਤ ਜੁਗੰਤਰੁ ਹੋਂਦ ਆਇਆ।*
*(ਭਾਈ ਗੁਰਦਾਸ ਵਾਰ 39)*

ਵਾਰ ਨੰਬਰ 39 ਅਤੇ 15 ਵਿਚ ਤਾਂ ਬੀਜ ਮੰਤ੍ਰ ਦੇ ਗੁੱਝੇ ਭੇਦ ਦੇ ਵਿਸਥਾਰ ਵਾਰੇ ਕੋਈ ਸ਼ੰਕਾ ਨਹੀਂ ਰਹਿ ਜਾਂਦੀ ਕਿ ਗਣਿਤ ਦਾ ਹਿੰਦਸਾ ਇਕ (੧) ਇਕਾਂਗ ਦਾ ਲਖਾਇਕ ਹੈ ਅਤੇ ਖੁੱਲ੍ਹੇ ਮੂੰਹ ਵਾਲਾ ਊੜਾ ਅੱਖਰ ਓਅੰਕਾਰ ਦਾ ਸਮਅਰਥੀ ਹੈ।

ਭਾਈ ਗੁਰਦਾਸ ਤੋਂ ਵੱਧ ਗੁਰਬਾਣੀ ਦੀਆਂ ਅੰਦਰਲੀਆ ਰਮਜ਼ਾਂ ਨੂੰ ਹੋਰ ਕੌਣ ਸਮਝ ਸਕਦਾ ਹੈ? ਆਦਿ ਗ੍ਰੰਥ (ਬੀੜ) ਦੀ ਸੰਪਾਦਨਾ ਵੇਲੇ ਜੋ ਵਿਉਂਤਬੰਦੀ ਗੁਰੂ ਅਰਜਨ ਦੇਵ ਨੇ ਥਾਪੀ ਉਸ ਵਿਚ ਭਾਈ ਗੁਰਦਾਸ ਦਾ ਯੋਗਦਾਨ ਵੀ ਆਪਣੀ ਵਿਲੱਖਣਤਾ ਰੱਖਦਾ ਹੈ। ਮੂਲ ਮੰਤ੍ਰ ਦੇ ਸਮਝਣ-ਸਮਝਾਉਣ ਵਿਚ ਗੁਰੂਆਂ ਦੇ ਸਮਕਾਲੀ ਵਿਆਖਿਆਕਾਰ ਭਾਈ ਗੁਰਦਾਸ ਦੀ ਲਿਖਤ 'ਤੇ ਯਕੀਨ ਨਾ ਕਰਨਾ ਜ਼ਰਾ ਮੁਸ਼ਕਲ ਹੀ ਨਹੀਂ, ਗ਼ੈਰ ਕੁਦਰਤੀ ਵੀ ਭਾਸਦਾ ਹੈ। ਯਾਦ ਰਹੇ ਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ, ਗੁਰੂ ਗ੍ਰੰਥ ਸਾਹਿਬ ਦੀ ਹੀ ਵਿਆਖਿਆ ਹੈ।

ਉੱਤੇ ਦੱਸਿਆ ਹੈ ਕਿ ਇਸ ਸਰੂਪ ਦੇ ਊੜੇ ਤੋਂ ਓਅੰਕਾਰ ਲਿਖਿਆ ਜਾਂਦਾ। ਸਵਾਲ ਤਦ ਹੱਲ ਹੁੰਦਾ ਹੈ ਜੇ ਸਾਨੂੰ ਗੁਰੂ ਨਾਨਕ ਲਿਖਤ ਮੂਲ ਮੰਤ੍ਰ ਦੀ ਕਾਪੀ ਮਿਲ ਜਾਵੇ। ਪਰ ਗੁਰੂ ਨਾਨਕ ਦੀ ਹੱਥ ਲਿਖਤ ਦਰਕਾਰ ਨਹੀਂ। ਆਦਿ ਬੀੜ ਵਿਚ ਨਕਲ ਕੀਤਾ ਹੋਇਆ 'ਜਪੁ' 'ਗੁਰੂ ਰਾਮ ਦਾਸ ਜੀ ਦੀ ਹੱਥ ਲਿਖਤ ਤੋਂ ਭਾਈ ਗੁਰਦਾਸ ਨੇ ਨਕਲ ਕੀਤਾ ਹੋਇਆ ਦੱਸਿਆ ਹੈ। (ਜਪੁ ਗੁਰੂ ਰਾਮ ਦਾਸ ਜੀਉ ਕਿਆ ਦਸਖਤਾ ਕਾ ਨਕਲ)। ਸਿੱਧ ਹੈ ਕਿ ਸਭ ਤੋਂ ਪਹਿਲਾਂ, ਮੂਲ ਮੰਤ੍ਰ, ਗੁਰੂ ਰਾਮ ਦਾਸ ਜੀ ਨੇ ਲਿਖਤੀ ਰੂਪ ਵਿਚ ਲਿਆਂਦਾ। ਪਰ ਉਨ੍ਹਾਂ ਦੀ ਹੱਥ ਲਿਖਤ ਕਾਪੀ ਵੀ ਨਹੀਂ ਮਿਲਦੀ। ਆਦਿ ਬੀੜ ਵਿਚ ਮੂਲ ਮੰਤ੍ਰ ਦਾ ਪਹਿਲਾ ਹੱਥ ਲਿਖਤ ਸਰੂਪ ਗੁਰੂ ਅਰਜਨ ਦੇਵ ਜੀ ਦੇ ਨਿਸਾਣੁ (ਹਸਤਾਖ਼ਸ਼ਰ) ਦੇ ਰੂਪ ਵਿਚ ਮਿਲਦਾ ਹੈ। (ਆਦਿ ਬੀੜ ਸਫ਼ਾ 2911)। ਕਲਸੀ ਹੋਰੀਂ ਪੰਜਵੇਂ, ਛੇਵੇਂ, ਸੱਤਵੇਂ, ਅੱਠਵੇਂ, ਨੌਂਵੇਂ, ਦਸਵੇਂ ਗੁਰੂਆਂ ਦੇ ਨਿਸਾਣਾਂ ਦੇ ਨਾਲ ਮਾਤਾ ਸਾਹਿਬ ਦੇਵੀ ਅਤੇ ਮਾਤਾ ਸੁੰਦਰੀ ਦੇ ਨਿਸਾਣਾਂ ਦੇ ਉਤਾਰ ਵੀ ਛਾਪੇ ਹਨ। ਗੁਰੂਆਂ ਵੇਲੇ ਇਹ ਪ੍ਰਥਾ ਸੀ ਕਿ ਆਪਣੇ ਨਿੱਜੀ ਹਸਤਾਖ਼ਸ਼ਰ ਨਹੀਂ ਕਰਦੇ ਸਨ, ਬੀਜ ਮੰਤ੍ਰ ਜਾਂ ਸੰਖੇਪ ਮੂਲ ਮੰਤ੍ਰ ਹੀ ਕਲਮਬੰਦ ਕਰਦੇ ਸਨ। ਇਹ ਸਭ ਨੂੰ ਪਤਾ ਹੈ ਕਿ 'ਨਾਂ' ਦੇ ਲਿਖਤੀ ਰੂਪ ਅਤੇ ਹਸਤਾਖ਼ਸ਼ਰ ਵਿਚ ਹਮੇਸ਼ਾ ਵਿਸ਼ੇਸ਼ ਅੰਤਰ ਹੁੰਦਾ ਹੈ। ਗੁਰੂ ਸਾਹਿਬਾਂ ਦੇ ਨਿਸਾਣਾਂ ਤੋਂ

ਵੀ ਪਤਾ ਲਗਦਾ ਹੈ ਕਿ ੳ ਦੇ ਹਸਤਾਖ਼ਸ਼ਰੀ ਰੂਪ ਵੀ ਕਿੰਨੇ ਵਿਭਿੰਨ ਹਨ। ਸ਼ਨਾਖ਼ਤ ਕੀਤਿਆਂ ਊੜੇ ਦੀ 'ਕਾਰ' ਦੇ ਵੀ ਕਈ ਸਰੂਪ ਹਨ। ਕਈ ਨਿਸ਼ਾਨਾਂ ਵਿਚ ਇਹ 'ਕਾਰ' ਉਪਰ ਵੱਲ ਜਾਂਦੀ ਹੈ, ਕਈਆਂ ਵਿਚ ਥੱਲੇ ਵੱਲ ਜਾਂਦੀ ਹੈ ਅਤੇ ਕਈਆਂ ਵਿਚ ਵਾਲ-ਵਲੇਵੇਂ ਖਾਂਦੀ ਨਜ਼ਰੀ ਆਉਂਦੀ ਹੈ। ਇਸ ਤੋਂ ਇਕ ਹੀ ਨਤੀਜਾ ਕੱਢਣਾ ਕਿ ਇਹ ਨਿਸਾਣ ਇਕੋ ਧੁਨੀ ਦੇ ਪ੍ਰਤੀਕ ਹਨ, ਕੁਝ ਅਢੁਕਵਾਂ ਲਗਦਾ ਹੈ। ਜੇ ਬੀਜ ਮੰਤ੍ਰ ਦਾ ਉਚਾਰਣ ਇਕੋ ਅਨੰਤਤਾ ਤੱਕ ਹੁੰਦਾ ਤਾਂ ਇਹ ਗੁਰਬਾਣੀ ਵਿਚ ਜ਼ਰੂਰ ਕਿਤੇ ਨਾ ਕਿਤੇ ਵਿਅਕਤ ਹੋ ਜਾਣਾ ਸੀ, ਜਿਵੇਂ ੧ੴ ਤੋਂ ਏਕਾ ਓਅੰਕਾਰ ਜਾਂ ਏਕੰਕਾਰ ਵਿਅਕਤ ਹੋਏ ਹਨ।

**ਪੁਸਤਕ ਸੂਚੀ :**


1. ਗੁਰੂ ਨਾਨਕ ਤੇ ਭਾਰਤੀ ਧਰਮ ਦਰਸ਼ਨ (1982), ਭਾਈ ਜੋਧ ਸਿੰਘ।
2. ਜਪੁਜੀ (1969), ਵਿਨੋਬਾ ਭਾਵੇ।
3. ਗੁਰੂ ਗ੍ਰੰਥ ਸੰਕੇਤ ਕੋਸ਼ (1971), ਪਿਆਰਾ ਸਿੰਘ ਪਦਮ।
4. ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ (1980), ਤਾਰਨ ਸਿੰਘ।
5. ਵਾਰਾਂ ਭਾਈ ਗੁਰਦਾਸ ਸਟੀਕ (1992), ਗਿਆਨੀ ਹਜ਼ਾਰਾ ਸਿੰਘ, ਭਾਈ ਵੀਰ ਸਿੰਘ (ਸੰਪਾਦਕ)।
6. ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ (1990), ਭਾਈ ਜੋਧ ਸਿੰਘ।
7. ਵਿਸ਼ਵ ਧਰਮ ਸੰਗ੍ਰਹਿ (1971), ਐਲ.ਐਮ.ਜੋਸ਼ੀ ਅਤੇ ਭਾਈ ਜੋਧ ਸਿੰਘ।
8. ਬੀਜ ਮੰਤ੍ਰ ਦਰਸ਼ਨ (1996), ਨਿਰਮਲ ਸਿੰਘ ਕਲਸੀ।




## ਕਥਿਤ ਦਸਮ ਗ੍ਰੰਥ ਕਿਵੇਂ ਹੋਂਦ ਵਿਚ ਆਇਆ ?

### ਇਤਿਹਾਸਕ ਤੱਥ ਅਤੇ ਪ੍ਰਮਾਣ

ਕਥਿਤ 'ਦਸਮ ਗ੍ਰੰਥ' ਦੀ ਪ੍ਰਮਾਣਕਤਾ ਬਾਰੇ ਵਾਦ ਵਿਵਾਦ ਚਿਰਾਂ ਤੋਂ ਚਲਦਾ ਆ ਰਿਹਾ ਹੈ ਪਰ ਪਿਛਲੇ ਕੁਝ ਸਾਲਾਂ ਤੋਂ ਇਹ ਹੋਰ ਵੀ ਮਘ ਉਠਿਆ ਹੈ। ਕੁਝ ਲੋਕ ਇਸ ਗ੍ਰੰਥ ਦੀ ਸਾਰੀ ਬਾਣੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਹੋਰਾਂ ਦੇ ਦਸਤੇ ਮੁਬਾਰਕ ਨਾਲ ਲਿਖੀ ਹੋਈ ਪ੍ਰਵਾਨ ਕਰਦੇ ਹਨ। ਪਰ ਬਹੁਤੇ ਵਿਦਵਾਨ, ਕੁਝ ਬਾਣੀ ਤੋਂ ਸਿਵਾਏ, ਇਸ ਵਿਚਲੀ ਸਾਰੀ ਬਾਣੀ ਨੂੰ ਦਸਵੇਂ ਪਾਤਸ਼ਾਹ ਦੀ ਲਿਖਤ ਪਰਵਾਨ ਨਹੀਂ ਕਰਦੇ। ਇਹ ਭਿੰਨ ਭਿੰਨ ਵਿਚਾਰ ਅੱਜ ਦੇ ਨਹੀਂ, ਸਦੀਆਂ ਤੋਂ ਚਲਦੇ ਆ ਰਹੇ ਹਨ। ਪਹਿਲਾਂ ਤਾਂ ਕਿਸੇ ਧਰਮ ਗ੍ਰੰਥ ਦੀ ਪ੍ਰਮਾਣਕਤਾ ਬਾਰੇ ਕੋਈ ਵਿਵਾਦ ਪੈਦਾ ਹੋਣਾ ਹੀ ਮੰਦੇ ਭਾਗਾਂ ਵਾਲੀ ਗੱਲ ਹੈ ਅਤੇ ਜੇ ਇਹ ਵਾਦ ਵਿਵਾਦ ਦਸਮ ਪਾਤਸ਼ਾਹ ਵਲੋਂ ਰਚੇ ਹੋਏ ਗ੍ਰੰਥ ਬਾਰੇ ਹੋਵੇ ਤਾਂ ਇਹ ਅਤਿਅੰਤ ਦੁਰਭਾਗੀ ਗੱਲ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਜੇ ਇਹ ਵਾਦ ਵਿਵਾਦ ਸ਼ੁਰੂ ਹੋਇਆ ਹੈ ਤਾਂ ਇਸ ਦੇ ਪਿੱਛੇ ਕੋਈ-ਨ-ਕੋਈ ਅਜੇਹਾ ਕਾਰਣ, ਮਸਲਾ, ਘਟਨਾ ਜਾਂ ਹਿੱਤ ਜਰੂਰ ਹੋਵੇਗਾ ਜਿਸ ਨੇ ਇਸ ਮੰਦਭਾਗੀ ਸੋਚ ਨੂੰ ਜਨਮ ਦਿੱਤਾ। ਧਰਮਾਂ ਦੀ ਮਾਣ ਮਰਯਾਦਾ ਨੂੰ ਚਣੌਤੀ ਦੇਣ ਜਾਂ ਆਂਚ ਪਹਿਚਾਉਣ ਦੇ ਜ਼ਿੰਮੇਦਾਰ ਅਕਸਰ ਧਰਮਾਂ ਦੇ ਉਹ ਕਾਰਕੁਨ ਹੁੰਦੇ ਹਨ ਜਿਨ੍ਹਾਂ ਨੇ ਕੋਈ ਰਾਜਨੀਤਕ, ਸਮਾਜਿਕ ਅਤੇ ਖਾਸ ਕਰਕੇ ਧਾਰਮਿਕ ਲਾਹਾ ਲੈਣਾ ਹੁੰਦਾ ਹੈ। ਦਸਮ ਗ੍ਰੰਥ ਦੀ ਪਰਮਾਣਿਕਤਾ ਨੂੰ ਮੁੱਦਾ ਬਣਾਕੇ ਸਮੇਂ ਸਮੇਂ ਸਿੱਖ ਧਰਮ ਦੀਆਂ ਜੜ੍ਹਾਂ ਵਿਚ ਤੇਲ ਦੇਣ ਪਿੱਛੇ ਵੀ ਕੁਝ ਅਜੇਹੇ ਹੀ ਕਾਰਨ ਹਨ। ਦਸਮ ਗ੍ਰੰਥ ਕਿਵੇਂ ਹੋਂਦ ਵਿਚ ਆਇਆ ? ਇਸ ਸਵਾਲ ਦੇ ਉੱਤਰ ਲਈ ਮੇਰੇ ਵਲੋਂ ਲਿਖੇ ਮੋਨੋਗਰਾਫ ਦਾ ਖੁਲਾਸਾ ਹਾਜ਼ਰ ਹੈ।

(ੳ). ਗੁਰੂ ਗੋਬਿੰਦ ਸਿੰਘ ਅਤੇ ਦਸਮ ਗ੍ਰੰਥ।
(ਅ). ਇਤਿਹਾਸਕ ਪ੍ਰਮਾਣ ਅਤੇ ਦਸਮ ਗ੍ਰੰਥ।
(ੲ). ਦਸਮ ਗ੍ਰੰਥ ਦੀ ਮਿੱਥ ਦਾ ਆਰੰਭः ਇਕ ਫ਼ਰੰਗੀ ਸਾਜ਼ਸ਼।
(ਸ). ਦਸਮ ਗ੍ਰੰਥ ਅਤੇ ਹੋਰ ਬੀੜਾਂ।
(ਹ). ਸੋਧਕ ਕਮੇਟੀ ਦਾ ਦਸਮ ਗ੍ਰੰਥ।
(ਕ). ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖਤ ਅਤੇ ਦਸਮ ਗ੍ਰੰਥ।
(ਖ). ਅਜੋਕੀ ਸਥਿਤੀ ।

(ੳ). **ਗੁਰੂ ਗੋਬਿੰਦ ਸਿੰਘ ਅਤੇ ਦਸਮ ਗ੍ਰੰਥ**

ਇਸ ਭਾਗ ਨੂੰ ਕੁਝ ਅਹਿਮ ਸਵਾਲਾਂ ਨਾਲ ਸ਼ੁਰੂ ਕਰਦੇ ਹਾਂ।

1. ਜੇਕਰ ਗੁਰੂ ਗੋਬਿੰਦ ਸਿੰਘ ਜੀ ਨੇ 'ਦਸਮ ਗ੍ਰੰਥ' ਦੀ ਰਚਨਾ ਕੀਤੀ ਹੁੰਦੀ ਤਾਂ ਕੀ ਇਸ ਦਾ ਨਾਂ ਗੁਰੂ ਕਾਲ ਤੋਂ ਹੀ ਸਿੱਖ ਇਤਿਹਾਸ ਵਿਚ ਅੰਕਤ ਨਾ ਹੁੰਦਾ ਅਤੇ ਇਸ ਦਾ ਪ੍ਰਕਾਸ਼ ਧਾਰਮਿਕ ਸਥਾਨਾਂ ਤੇ ਨਾ ਕੀਤਾ ਜਾਂਦਾ? ਖਾਸ ਕਰਕੇ ਕੀ ਇਸ ਬਾਰੇ ਸਿੱਖਾਂ ਨੂੰ ਕੋਈ ਸੂਹ ਨਾ ਹੁੰਦੀ ਅਤੇ ਇਸ ਦਾ ਨਾਂ ਉਨ੍ਹਾਂ ਦੇ ਮਨਾਂ ਵਿਚ ਵਸਿਆ ਹੋਇਆ ਨਾ ਹੁੰਦਾ?
2. ਕੀ ਇਸ 1428 ਸਫਿਆਂ ਦੇ ਵੱਡ ਅਕਾਰੇ ਗ੍ਰੰਥ ਦਾ ਜ਼ਿਕਰ, ਦਸਮ ਪਾਤਸ਼ਾਹ ਦੇ ਅਕਾਲ ਚਲਾਣਾ ਕਰਨ ਤੋਂ ਬਾਅਦ, 18ਵੀਂ ਸਦੀ ਵਿਚ ਲੁਕਿਆ ਛਿਪਿਆ ਰਹਿੰਦਾ?
3. ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ, ਕੀ ਇਸ ਗ੍ਰੰਥ ਦਾ ਜ਼ਿਕਰ ਗੁਰੂ ਸਾਹਬ ਵਲੋਂ ਖ਼ੁਦ ਜਾਂ ਉਨ੍ਹਾਂ ਵਲੋਂ ਸਤਿਕਾਰੇ ਹੋਏ 52 ਦਰਬਾਰੀ ਆਨਿਨ ਸਿੱਖਾਂ ਨੇ ਆਣੀਆਂ ਲਿਖਤਾਂ ਵਿਚ ਨਾ ਕੀਤਾ ਹੁੰਦਾ?
4. ਅਜੇਹੇ ਅਦੁਤੀ ਅਤੇ ਵਿਸ਼ੇਸ਼ ਗ੍ਰੰਥ ਦੀ ਮਹੱਤਾ ਨੂੰ ਮੁੱਖ ਰੱਖਦਿਆਂ, ਕੀ ਇਸ ਦਾ ਜ਼ਿਕਰ ਨਿਕਟ ਵਰਤੀ ਕਵੀਆਂ, ਲੇਖਕਾਂ ਜਾਂ ਵੱਖ ਵੱਖ ਭਾਸ਼ਾਂਵਾਂ ਦੇ ਇਤਿਹਾਸਕਾਰਾਂ ਨੇ ਕਿਤੇ-ਨ-ਕਿਤੇ ਆਪਣੀਆਂ ਲਿਖਤਾਂ ਵਿਚ ਨਾ ਕੀਤਾ ਹੁੰਦਾ?
5. ਕੀ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦ ਕੀਤੇ ਗਏ ਸ੍ਰੀ ਗੁਰੂ ਗ੍ਰੰਥ ਸਾਹਿਬ (ਜਿਸ ਨੂੰ ਕਰਤਾਰਪੁਰੀ ਬੀੜ ਜਾਂ ਆਦਿ ਗ੍ਰੰਥ ਵੀ ਕਿਹਾ ਜਾਂਦਾ ਹੈ) ਦੀ ਬੀੜ ਦੇ ਗੁਰੂ ਘਰ ਦੇ ਵਿਰੋਧੀਆਂ, ਮਹਰਾਜਾ ਰਣਜੀਤ ਸਿੰਘ ਅਤੇ ਬ੍ਰਿਟਿਸ਼ ਸਰਕਾਰ ਦੇ ਹੱਥਾਂ ਵਿਚ ਗੇੜੇ ਖਾਣ ਦੇ ਬਾਵਜੂਦ ਸਿਖਾਂ ਨੇ ਉਸ ਨੂੰ ਸੰਭਾਲ ਕੇ ਨਹੀਂ ਰੱਖਿਆ? ਇਸੇ ਤਰਾਂ ਜੇ ਦਸਵੇਂ ਗੁਰੂ ਸਾਹਿਬ ਨੇ ਕਿਸੇ ਗ੍ਰੰਥ ਦੀ ਰਚਨਾ ਕੀਤੀ ਹੁੰਦੀ ਤਾਂ ਲੜਾਈਆਂ, ਘਲੂਘਾਰਿਆਂ ਅਤੇ ਕੁਦਰਤੀ ਉਥਲ-ਪੁਥਲ ਦੇ ਬਾਵਜੂਦ ਵੀ, ਕੀ ਸਿੱਖਾਂ ਨੇ ਇਸ ਦੀ ਰਾਖੀ ਜਾਨਾਂ ਵਾਰ ਕੇ ਵੀ ਨਾ ਕੀਤੀ ਹੁੰਦੀ?
6. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਬਾਅਦ ਅਨੇਕ ਸਿੱਖਾਂ ਨੇ ਇਸ ਨੂੰ ਜ਼ੁਬਾਨੀ ਯਾਦ ਕੀਤਾ ਹੋਇਆ ਸੀ। ਕੀ ਦਸਮ ਗੁਰੂ ਵਲੋਂ ਲਿਖੇ ਕਿਸੇ ਦਸਮ ਗ੍ਰੰਥ ਨੂੰ ਉਹ ਉਸੇ ਸ਼ਰਧਾ ਨਾਲ ਯਾਦ ਨਹੀਂ ਸਨ ਕਰ ਸਕਦੇ?

ਗੁਰੂ ਗੋਬਿੰਦ ਸਿੰਘ ਹੋਰਾਂ ਦੇ ਸਮਕਾਲੀ ਅਤੇ ਨਿਕਟਵਰਤੀ ਧਾਰਮਿਕ ਅਤੇ ਰਾਜਨੀਤਕ ਇਤਿਹਾਸ ਵਿਚ ਇਨ੍ਹਾਂ ਸਵਾਲਾਂ ਦੇ ਉੱਤਰ ਨਹੀਂ ਮਿਲਦੇ। ਗੁਰੂ ਸਾਹਿਬ ਸੰਨ 1708 ਈ. ਵਿਚ ਜੋਤੀ ਜੋਤ ਸਮਾਏ। ਇਸ ਕਾਲ ਤੋਂ ਬਾਅਦ ਲਿਖੀਆਂ ਗਈਆਂ ਧਾਰਮਿਕ ਪੁਸਤਕਾਂ, ਰਾਜਨੀਤਕ ਰੋਜ਼ਨਾਮਚਿਆਂ ਅਤੇ ਇਤਿਹਾਸਿਕ ਦਸਤਾਵੇਜ਼ਾਂ ਵਿਚ



ਕਿਸੇ 'ਦਸਮ ਗ੍ਰੰਥ' ਦਾ ਜ਼ਿਕਰ ਨਹੀਂ ਆਇਆ। ਇਹ ਆਪਣੇ ਆਪ ਵਿਚ 'ਦਸਮ ਗ੍ਰੰਥ' ਦੀ ਅਣਹੋਂਦ ਬਾਰੇ ਇਕ ਸਭ ਤੋਂ ਮਹੱਤਵਪੂਰਨ ਅਤੇ ਨਿਰਣਾਇਕ ਸਬੂਤ ਹੈ। ਇਸ ਤੋਂ ਬਾਅਦ 'ਦਸਮ ਗ੍ਰੰਥ' ਦੀ ਹੋਂਦ ਬਾਰੇ ਸਫਾਈ ਪੇਸ਼ ਕਰਨ ਦੀ ਕੋਈ ਗੁਨਜਾਇਸ਼ ਹੀ ਨਹੀਂ ਰਹਿ ਜਾਂਦੀ। ਸਵਾਲ ਅਤੇ ਉੱਤਰ ਦੋਵੇਂ ਇਥੇ ਹੀ ਖ਼ਤਮ ਹੋ ਜਾਣੇ ਚਾਹੀਦੇ ਹਨ। ਪਰ ਫੇਰ ਵੀ ਕਈ ਸਿੱਖਾਂ, ਸੰਤਾਂ, ਟਕਸਾਲਾਂ ਅਤੇ ਖਾਸ ਕਰਕੇ ਕੱਟੜਵਾਦੀ ਹਿੰਦੂ ਸੰਸਥਾ ਆਰ. ਐਸ. ਐਸ. ਦੇ ਹੱਥੀਂ ਚੜ੍ਹੇ/ਵਿਕੇ ਹੋਏ ਅਖੌਤੀ ਸਿੱਖ, ਸਿਖ ਵਿਦਵਾਨ ਅਤੇ ਕੁਝ ਹਿੰਦੂ ਰਿਆਸਤਾਂ ਦੇ ਤਖਤਾਂ ਦੇ ਸਿੱਖ ਜਥੇਦਾਰ, ਕਥਤ 'ਦਸਮ ਗ੍ਰੰਥ' ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਤ ਗਰਦਾਨਣ ਤੋਂ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਪਾਸ ਕੋਈ ਠੋਸ ਸਬੂਤ ਨਹੀਂ ਅਤੇ ਜਿਹੜੇ ਗੰਢ-ਤੁੱਪ ਕਰਕੇ ਦਲੀਲ ਰਹਿਤ ਮਾੜੇ ਮੋਟੇ ਸਬੂਤ ਪੇਸ਼ ਵੀ ਕੀਤੇ ਜਾਂਦੇ ਹਨ, ਉਹ ਜਾਂ ਤਾਂ ਭਾਵਕ ਧਰਮ ਮਰਯਾਦਾ ਵਿਚੋਂ ਜਨਮੇ ਹਨ ਅਤੇ ਜਾਂ ਕੱਟੜਵਾਦੀ ਹਿੰਦੂਆਂ ਦੇ ਟੇਟੇ ਚੜ੍ਹੇ ਸਿੱਖਾਂ ਅਤੇ ਖੁਦਪ੍ਰਸਤ ਰਾਜਨੀਤਕ ਚਾਲਾਂ ਤੇ ਅਧਾਰਤ ਹਨ। ਇਸ ਵਿਗਿਆਨਕ ਯੁੱਗ ਵਿਚ ਸਚਾਈ ਦਾ ਪੱਖ ਠੋਸ ਪਰਮਾਣ ਅਤੇ ਪੁਖਤਾ ਦਲੀਲ ਤੋਂ ਵਗੈਰ ਨਹੀਂ ਪੂਰਿਆ ਜਾ ਸਕਦਾ। ਅਸੀਂ ਏਥੇ ਕਥਤ 'ਦਸਮ ਗ੍ਰੰਥ' ਵਾਰੇ ਪਾਏ ਹੋਏ ਭੁਲੇਖਿਆਂ ਨੂੰ ਦੂਰ ਕਰਨ ਲਈ ਸੰਕੇਪ ਵਿਚ ਇਤਿਹਾਸਕ, ਰਾਜਨੀਤਕ ਅਤੇ ਧਾਰਮਿਕ ਤੱਥ ਪੇਸ਼ ਕਰਾਂਗੇ।

(ਅ). **ਇਤਿਹਾਸਕ ਪ੍ਰਮਾਣ ਅਤੇ ਦਸਮ ਗ੍ਰੰਥ**

ਗੁਰੂ ਗੋਬਿੰਦ ਸਿੰਘ ਜੀ ਸਿੱਖ ਧਰਮ ਦੇ ਦਸਵੇਂ ਗੁਰੂ ਸਨ। ਉਨ੍ਹਾਂ ਦੇ ਕਾਲ ਵਿਚ ਚਾਰ ਲਾਸਾਨੀ ਘਟਨਾਵਾਂ ਵਾਪਰੀਆਂ ਜੋ ਪਿਛਲੇ ਗੁਰੂਆਂ ਨਾਲੋਂ ਵਖਰੀਆਂ ਅਤੇ ਲਾਸਾਨੀ ਹਨ। ਪਹਿਲੀ ਘਟਨਾ ਸੀ ਖ਼ਾਲਸਾ ਪੰਥ ਸਾਜਨਾ, ਦੂਜੀ ਰਹਿਤ ਮਰਯਾਦਾ ਕਾਇਮ ਕਰਨਾ, ਤੀਜੀ ਦਮਦਮਾ ਸਾਹਿਬ ਵਾਲੀ ਬੀੜ ਤਿਆਰ ਕਰਨਾ ਅਤੇ ਚੌਥੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪਣ। ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਇਤਿਹਾਸ ਵਿਚ ਜਾਣਕਾਰੀ ਦਰਜ ਹੈ। ਪਰ 'ਦਸਮ ਗ੍ਰੰਥ' ਨੂੰ ਰਚਣ ਦੀ ਘਟਨਾ ਬਾਰੇ ਕਿਤੇ ਕੋਈ ਉਘ-ਸੁਘ ਨਹੀਂ ਮਿਲਦੀ। ਸਤਾਰਵੀਂ ਅਤੇ ਅਠਾਰਵੀਂ ਸਦੀਆਂ ਦੇ ਇਤਿਹਾਸ ਵਿਚ ਕੋਈ ਵੀ ਅਜੇਹਾ ਪ੍ਰਮਾਣ ਜਾਂ ਦਸਤਾਵੇਜ਼ ਨਹੀਂ ਮਿਲਦਾ ਜੋ 'ਦਸਮ ਗ੍ਰੰਥ' ਦੀ ਹੋਂਦ ਦੀ ਗਵਾਹੀ ਸਬੂਤਾਂ ਸਮੇਤ ਪੇਸ਼ ਕਰਦਾ ਹੋਵੇ। ਹੇਠਾਂ ਅਸੀਂ ਗੁਰੂ ਸਾਹਬ ਨਾਲ ਬਾਵਸਤਾ ਸਿੱਖ ਧਰਮ ਦੀਆਂ ਉਰੋਕਤ ਚਾਰ ਮੀਰੀ ਪ੍ਰੰਪਰਾਵਾਂ ਬਾਰੇ ਇਤਿਹਾਸਤ ਗਵਾਹੀਆਂ ਪੇਸ਼ ਕਰਾਂਗੇ ਅਤੇ ਨਾਲ ਹੀ ਉਨ੍ਹਾਂ ਵਲੋਂ ਰਚੇ ਗਏ 'ਦਸਮ ਗ੍ਰੰਥ' ਬਾਰੇ ਮਿਲਦੇ ਕਿਸੇ ਵੀ ਤੱਥ ਨੂੰ ਭਾਲਣ ਦੀ ਕੋਸ਼ਿਸ਼ ਕਰਾਂਗੇ।

**ਅਠਾਰਵੀਂ ਸਦੀ ਦਾ ਸਿੱਖ ਇਤਿਹਾਸ**

**1. ਭਾਈ ਨੰਦ ਲਾਲ: ਰਹਿਤ ਨਾਮਾ, ਤਨਖ਼ਾਹ ਨਾਮਾ ਅਤੇ ਸਾਖੀ ਰਹਿਤ ਕੀ (1595-1699 ਈ.)**

ਭਾਈ ਨੰਦ ਲਾਲ ਜੋ ਨੰਦ ਲਾਲ ਗੋਆ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ,

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਸਿੱਖ ਅਤੇ ਵਿਦਵਾਨ ਕਵੀ/ਸਾਹਿਤਕਾਰ ਸਨ। ਉਨ੍ਹਾਂ ਨੇ ਬਹੁਤੀ ਰਚਨਾ ਫ਼ਾਰਸੀ ਭਾਸ਼ਾ ਵਿਚ ਕੀਤੀ ਜਿਵੇਂ ਜ਼ਿੰਦਗੀ ਨਾਮਾ, ਦੀਵਾਨਿ ਗੋਯਾ, ਤੌਸੀਫ਼-ਓ-ਸਨਾ, ਜੋਤ ਬਿਗਾਸ, ਗੰਜ ਨਾਮਾ, ਦਸਤੂਰੁਲ-ਇਨਸ਼ਾ, ਅਰਜ਼ੁਲ-ਅਲਫ਼ਾਜ਼। ਤਿੰਨ ਰਚਨਾਵਾਂ ਪੰਜਾਬੀ ਵਿਚ ਵੀ ਮਿਲਦੀਆਂ ਹਨ ਜਿਨ੍ਹਾਂ ਦੇ ਨਾਂ ਹਨ 'ਜੋਤ ਬਿਗਾਸ', 'ਰਹਿਤ ਨਾਮਾ' ਅਤੇ 'ਤਨਖ਼ਾਹ ਨਾਮਾ'। ਜੋਤ ਬਿਗਾਸ ਇਸੇ ਨਾਂ ਦੀ ਫ਼ਾਰਸੀ ਕਵਿਤਾ ਦਾ ਪੰਜਾਬੀ ਅਨੁਵਾਦ ਹੈ। ਰਹਿਤ ਨਾਮਾ ਅਤੇ ਤਨਖ਼ਾਹ ਨਾਮਾ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਨੰਦ ਲਾਲ ਵਿਚਕਾਰ ਧਰਮ ਮਰਯਾਦਾ ਬਾਰੇ ਵਿਚਾਰ ਵਟਾਂਦਰਾ ਹੈ। ਰਹਿਤਨਾਮਾ, ਸਤਲੁਜ ਕੰਢੇ ਆਨੰਦਪੁਰ ਵਿਖੇ 1595 ਈ. ਵਿਚ ਲਿਖਿਆ ਗਿਆ। ਇਸ ਵਿਚ 'ਖ਼ਾਲਸਾ' ਦੀ ਸਾਜਨਾ ਜਾਂ 'ਸਿੰਘ' ਸ਼ਬਦ ਦੀ ਵਰਤੋਂ ਨਹੀਂ ਕੀਤੀ ਗਈ ਕਿਉਂਕਿ ਉਸ ਵੇਲੇ ਤੱਕ ਗੁਰੂ ਗੋਬਿੰਦ ਸਿੰਘ ਜੀ ਨੇ ਅਜੇ ਖ਼ਾਲਸੇ ਦੀ ਸਾਜਨਾ ਨਹੀਂ ਸੀ ਕੀਤੀ ਅਤੇ ਨਾ ਹੀ ਆਪਣੇ ਨਾਂ ਨਾਲ ਸਿੰਘ ਦੀ ਵਰਤੋਂ ਕੀਤੀ ਸੀ। ਸਿੱਧ ਹੈ ਕਿ ਇਹ 1699 ਈ. ਤੋਂ ਪਹਿਲਾਂ ਦੀ ਰਚਨਾ ਹੈ। ਤਨਖ਼ਾਹ ਨਾਮਾ ਖ਼ਾਲਸਾ ਸਾਜਣ ਤੋਂ ਬਾਅਦ ਦੀ ਰਚਨਾ ਹੈ ਕਿਉਂਕਿ ਇਸ ਵਿਚ ਸ਼ਬਦ 'ਖ਼ਾਲਸਾ' ਅਤੇ 'ਸਿੰਘ' ਆਮ ਵਰਤੇ ਗਏ ਹਨ ਅਤੇ ਅਖੀਰ ਵਿਚ 'ਖ਼ਾਲਸਾ' ਦੀ ਉਸਤਤਿ ਕੀਤੀ ਗਈ ਹੈ। । ਰਹਿਤ ਨਾਮਾ ਵਿਚ ਗੁਰੂ ਦਸਮੇਸ਼ ਜੀ ਦੇ ਤਿੰਨ ਰੂਪਾਂ ਦੀ ਵਿਆਖਿਆ ਹੈ। ਇਹ ਤਿੰਨ ਰੂਪ ਹਨ: ਨਿਰਗੁਣ, ਸਰਗੁਣ ਅਤੇ ਗੁਰਸ਼ਬਦ। ਗੁਰੂ ਜੀ ਫਰਾਉਂਦੇ ਹਨ ਕਿ ਇਹ ਤਿੰਨੋ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ। ਜਿਸ ਨੇ ਮੇਰੇ ਦਰਸ਼ਨ ਕਰਨੇ ਹੋਣ ਉਹ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹ ਕੇ, ਸੁਣ ਕੇ ਦਰਸ਼ਨ ਕਰਕੇ ਕਰ ਸਕਦਾ ਹੈ।

2. **ਸੈਨਾਪਤਿ: ਸ੍ਰੀ ਗੁਰ ਸੋਭਾ** (1711 **ਈ.**)

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ (1708 ਈ.) ਤੋਂ ਤਿੰਨ ਸਾਲ ਬਾਅਦ 1711 ਈ. ਵਿਚ ਲਿਖੀ ਸੈਨਾਪਤਿ ਦੀ ਲਿਖਤ, 'ਸ੍ਰੀ ਗੁਰ ਸੋਭਾ' ਮਿਲਦੀ ਹੈ ਜਿਸ ਦਾ ਕਰਤਾ ਗੁਰੂ ਸਾਹਬ ਦੇ 52 ਆਨਿਨ ਸਿੱਖ ਲਿਖਾਰੀਆਂ ਵਿਚੋਂ ਨਿਸਚੇ ਹੀ ਸਿਰਕੱਢ ਸੀ । ਇਸ ਵਿਚ ਜੋ ਕੁਝ ਉਸ ਨੇ ਦਰਬਾਰੀ ਕਵੀ ਹੋਣ ਕਰ ਕੇ ਆਪਣੀ ਅੱਖੀਂ ਵੇਖਿਆ ਸੁਣਿਆ ਸੀ, ਉਹੋ ਕੁਝ ਬਿਆਨ ਕੀਤਾ ਹੈ। 'ਸ੍ਰੀ ਗੁਰ ਸੋਭਾ' ਵਿਚ ਬਿਆਨੇ ਹੋਏ ਇਤਿਹਾਸਕ ਤੱਥਾਂ ਦੀ ਤਸਦੀਕ ਮੁਗਲ ਬਾਦਸ਼ਾਹਾਂ ਦੇ ਦਰਬਾਰੀ ਦਸਤਾਵੇਜ਼ਾਂ, 'ਅਹਿਕਾਮਿ-ਆਲਮਗੀਰੀ', 'ਅਖ਼ਬਾਰਾਤਿ-ਦਰਬਾਰਿ-ਮੁਅੱਲਾਂ', 'ਤਵਾਰੀਖ ਮੁਅੱਜ਼ਮ ਸ਼ਾਹ', 'ਬਹਾਦੁਰ ਸ਼ਾਹ ਨਾਮੇ' ਅਤੇ 'ਤਾਰੀਖਿ ਬਹਾਦੁਰ ਸ਼ਾਹ' ਨਾਲ ਮਿਲਦੀ ਹੈ। ਮੁੱਕਦੀ ਗੱਲ ਇਹ ਹੈ ਕਿ ਸੈਨਾਪਤਿ ਨੇ ਗੁਰੂ ਗੋਬਿੰਦ ਸਿੰਘ ਦੇ ਕਾਲ ਦਾ ਅੱਖੀਂ ਡਿੱਠਾ ਹਾਲ ਬਿਆਨ ਕੀਤਾ ਹੈ। ਉਸ ਨੇ ਗੁਰੂ ਸਾਹਬ ਦੇ ਜੀਵਨ ਦੀ ਅਹਿਮ ਘਟਨਾ ਅਰਥਾਤ ਖ਼ਾਲਸੇ ਦੀ ਸਾਜਨਾ ਬਾਰੇ ਖੁਲ੍ਹ ਕੇ ਲਿਖਿਆ ਹੈ, ਰਹਿਤ ਮਰਯਾਦਾ ਦਾ ਜ਼ਿਕਰ ਕੀਤਾ, ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਬਾਰੇ ਲਿਖਿਆ, ਪਰ ਕਥਤ "ਦਸਮ ਗ੍ਰੰਥ" ਬਾਰੇ ਕਿਤੇ ਵੀ ਕੋਈ ਜ਼ਿਕਰ ਨਹੀਂ ਕੀਤਾ।



3. **ਪਰਚੀਆਂ ਸੇਵਾਦਾਸ** (1711-1738):

ਇਹ ਕਈ ਨਾਵਾਂ ਨਾਲ ਜਾਣੀਆਂ ਜਾਂਦੀਆ ਹਨ ਜਿਵੇਂ ਸਾਖੀਆਂ ਸੇਵਾ ਦਾਸ ਉਦਾਸੀ, ਮਹਿਲਾ ਦਸਾਂ ਕੀਆਂ ਸਾਖੀਆਂ, ਸਾਖੀਆਂ ਦਸਾਂ ਪਾਤਸ਼ਾਹੀਆਂ ਕੀਆਂ ਅਤੇ ਪਰਚੀਆਂ ਪਾਤਸ਼ਾਹੀ 10। ਇਨ੍ਹਾਂ ਪਰਚੀਆਂ ਵਿਚ 50 ਸਾਖੀਆਂ ਜਾਂ ਹਕਾਇਤਾਂ ਹਨ ਜੋ ਦਸਾਂ ਗੁਰੂਆਂ ਦੀਆਂ ਜੀਵਨੀਆਂ ਨਾਲ ਸੰਬੰਧਤ ਹਨ। ਪਹਿਲੇ ਅੱਠ ਗੁਰੂਆਂ ਨਾਲ ਵਾਬਸਤਾ ਇਕ ਸਾਖੀ ਹੈ, ਨੌਵੇਂ ਗੁਰੂ ਬਾਰੇ ਚਾਰ ਹਨ ਅਤੇ ਬਾਕੀ ਦੀਆਂ 38 ਦਸਵੇਂ ਗੁਰੂ ਨਾਲ ਸੰਬੰਧਤ ਜੀਵਨ ਝਾਕੀਆਂ ਬਾਰੇ ਹਨ। ਇਨ੍ਹਾਂ ਵਿਚ ਮਸੰਦਾਂ ਦੇ ਕਿਰਦਾਰ ਬਾਰੇ ਕਾਫੀ ਕੁਝ ਲਿਖਿਆ ਹੋਇਆ ਹੈ। ਪਰ ਦਸਮ ਗ੍ਰੰਥ ਬਾਰੇ ਇਕ ਵੀ ਵਿਰਤਾਂਤ ਨਹੀਂ। ਇਹ ਸਾਖੀਆਂ ਵੀ ਇਹੋ ਸਿੱਧ ਕਰਦੀਆਂ ਹਨ ਕਿ ਗੁਰੂ ਗੋਬਿੰਦ ਸਿੰਘ ਵੇਲੇ ਦਸਮ ਗ੍ਰੰਥ ਵਰਗੀ ਕੋਈ ਲਿਖਤ ਮੌਜੂਦ ਨਹੀਂ ਸੀ।

4. **ਕੁਇਰ ਸਿੰਘ: ਗੁਰਬਿਲਾਸ ਪਾਤਸ਼ਾਹੀ** 10 (1751- ?)

ਇਸ ਗ੍ਰੰਥ ਦਾ ਕਰਤਾ ਇਕ ਸਹਿਜਧਾਰੀ ਸਿੱਖ ਕੁਇਰ ਸਿੰਘ ਹੈ। ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣਾ ਕਰਨ ਤੋਂ 43 ਸਾਲ ਬਾਅਦ ਵਿਚ ਲਿਖਿਆ ਗਿਆ। ਕਿਉਂਕਿ ਕੁਅਰ ਸਿੰਘ ਭਾਈ ਮਨੀ ਸਿੰਘ ਦਾ ਨਿਕਟ ਸਮਕਾਲੀ ਰਿਹਾ ਸੀ ਇਸ ਲਈ ਗੁਰਬਿਲਾਸ ਪਾਤਸ਼ਾਹੀ 10 ਵਿਚ ਅੰਕਤ ਵਾਕਫੀਅਤ ਮਨੀ ਸਿੰਘ ਦੇ ਵਿਆਖਿਆਨਾਂ ਤੇ ਅਧਾਰਤ ਹੈ (ਫੌਜਾ ਸਿੰਘ, 1968)। ਉਸ ਪਾਸ ਸੈਨਾਪਤਿ ਦੀ 'ਗੁਰ ਸੋਭਾ' ਅਤੇ 'ਬਚਿਤ੍ਰ ਨਾਟਕ' ਵੀ ਮੌਜੂਦ ਸਨ। ਇਸ ਲਈ ਗੁਰਬਿਲਾਸ ਪਾਤਸ਼ਾਹੀ 10 ਵਿਚ ਗੁਰੂ ਸਾਹਿਬ ਦੇ ਜੀਵਨ ਬਾਰੇ ਸਭ ਤੋਂ ਵੱਧ ਭਰੋਸੇਯੋਗ ਵਿਸਥਾਰ ਮਿਲਦਾ ਹੈ। ਇਸ ਵਿਚ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਵਲੋਂ ਦਰਬਾਰ ਸਜਾ ਕੇ ਪੰਜ ਸਿਰ ਮੰਗਣ ਦਾ ਜ਼ਿਕਰ ਹੈ। ਇਕੱਲੇ ਇਕੱਲੇ ਸਿੱਖ ਨੂੰ ਤੰਬੂ ਵਿਚ ਲਜਾਇਆ ਗਿਆ ਅਤੇ ਅਗਲਾ ਸਿਰ ਮੰਗਣ ਤੋਂ ਪਹਿਲਾਂ ਲਹੂ ਨਾਲ ਭਿੱਜੀ ਤਲਵਾਰ ਦਰਬਾਰ ਵਿਚ ਦਿਖਾਈ ਗਈ। ਇਸ ਸਾਰੇ ਕੌਤਕ ਤੋਂ ਬਾਅਦ ਪੰਜਾਂ ਸਿੱਖਾਂ ਨੂੰ ਅੰਮ੍ਰਿਤ ਛਕਾਇਆ ਗਿਆ ਅਤੇ 'ਸਿੰਘ' ਦਾ ਨਾਮ ਦੇ ਕੇ ਕਕਾਰ ਪਹਿਨਾਏ ਗਏ। ਮਗਰੋਂ ਇਸੇ ਬਾਟੇ ਚੌਂ ਗੁਰੂ ਸਾਹਬ ਅੰਮ੍ਰਿਤ ਛੱਕ ਕੇ ਖ਼ੁਦ ਵੀ ਸਿੰਘ ਸਜ ਗਏ ਜਿਸ ਕਰਕੇ ਇਹ ਮਿਸਾਲ, " ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ" ਮਸ਼ਹੂਰ ਹੋ ਗਈ। ਇਸ ਗ੍ਰੰਥ ਵਿਚ ਖੰਡੇ ਦੀ ਪਾਹੁਲ ਤਿਆਰ ਕਰਨ ਦੀ ਵਿਧੀ ਅਤੇ ਅੰਮ੍ਰਿਤ ਛੱਕਣ ਵਾਲਿਆਂ ਲਈ ਰਹਿਤ ਦਾ ਵੀ ਜ਼ਿਕਰ ਹੈ ਅਤੇ ਪੰਜ ਕਕਾਰਾਂ ਦਾ ਵਰਨਣ ਵੀ ਹੈ। ਇਸ ਪੁਸਤਕ ਦੇ ਨੌਵੇਂ ਅਧਿਆਏ ਵਿਚ ਖ਼ਾਲਸਾ ਪੰਥ ਦੀ ਸਾਜਨਾ ਵਾਰੇ ਵਿਸਥਾਰ ਪੂਰਬਕ ਲਿਖਿਆ ਹੋਇਆ ਹੈ। ਪਰ ਦਸਮ ਗ੍ਰੰਥ ਬਾਰੇ ਕੁਝ ਵੀ ਨਹੀਂ ਲਿਖਿਆ ਹੋਇਆ। ਦਸਮ ਗ੍ਰੰਥ ਦੀ ਜਿਸ ਬੀੜ ਨੂੰ ਮਨੀ ਸਿੰਘ ਦੇ ਨਾਂ ਨਾਲ ਜੋੜ ਕੇ ਦਸਮ ਗ੍ਰੰਥ ਦਾ ਭੁਲੇਖਾ ਪਾਇਆ ਜਾ ਰਿਹਾ ਹੈ ਕੀ ਉਸ ਬਾਰੇ ਭਾਈ ਕੁਇਰ ਸਿੰਘ ਨੂੰ ਨਾ ਪਤਾ ਹੁੰਦਾ ਜੋ ਮਨੀ ਸਿੰਘ ਹੋਰਾਂ ਦਾ ਨਿਕਟ ਵਰਤੀ ਰਿਹਾ ਹੈ ?

## 5. ਕੇਸਰ ਸਿੰਘ ਛਿੱਬਰ: ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ (1779 ਈ.- ?)

ਸਭ ਤੋਂ ਪਹਿਲਾਂ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ ਦਸਾਂ ਪਾਤਸ਼ਹੀਆਂ ਕਾ' ਨੂੰ 1972 ਵਿਚ ਰਤਨ ਸਿੰਘ ਜੱਗੀ ਦੀ ਸੰਪਾਦਨਾ ਹੇਠ 'ਪਰਖ' ਨਾਮੀ ਪੰਜਾਬੀ ਮੈਗਜ਼ੀਨ (ਸੰਪ. ਸੁਰਿੰਦਰ ਸਿੰਘ ਕੋਹਲੀ) ਵਿਚ ਛਾਪਿਆ ਗਿਆ ਸੀ। ਉਸ ਵੇਲੇ ਜੱਗੀ ਅਤੇ ਕੋਹਲੀ ਦੋਹਾਂ ਨੇ ਇਹ ਨਿਰਣਾ ਕੀਤਾ ਸੀ ਕਿ ਭਾਵੇਂ ਛਿੱਬਰ ਦੀ ਇਹ ਰਚਨਾ ਪੁਰਾਨਿਕ ਕਥਾ ਕਥਾਵਾਂ ਦੇ ਪ੍ਰਭਾਵ ਹੇਠ ਲਿਖੀ ਗਈ ਹੈ ਤਾਂ ਵੀ ਇਸ ਵਿਚ ਖ਼ਾਲਸਾ ਸਾਜਨ, ਪਾਹੁਲ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਬਾਰੇ ਕਈ ਥਾਵਾਂ ਤੇ ਲਿਖਿਆ ਮਿਲਦਾ ਹੈ।

ਬੰਸਾਵਲੀਨਾਮਾ ਵਿਚ ਕੇਸਰ ਸਿੰਘ ਛਿੱਬਰ ਨੇ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਵਲੋਂ ਰਚੇ ਗਏ ਦੋ ਗ੍ਰੰਥਾਂ ਦਾ ਜ਼ਿਕਰ ਕੀਤਾ ਹੈ। ਆਦਿ ਗ੍ਰੰਥ ਧੀਰਮਲ ਪਾਸੋਂ ਮੰਗਵਾਉਣ ਦਾ ਹਵਾਲਾ ਵੀ ਦਿੱਤਾ ਹੈ। ਛਿੱਬਰ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਤ ਕੀਤੀ ਹੋਈ ਬੀੜ ਨੂੰ (ਜਿਸ ਨੂੰ ਆਦਿ ਗ੍ਰੰਥ ਜਾਂ ਕਰਤਾਰਪੁਰੀ ਬੀੜ ਵੀ ਕਿਹਾ ਜਾਂਦਾ ਹੈ) ਧੀਰਮਲ ਪਾਸੋਂ ਮੰਗਵਾ ਭੇਜਿਆ ਪਰ ਉਸ ਨੇ ਨਾਂਹ ਕਰਦਿਆਂ ਤਾਨ੍ਹਾ ਮਾਰ ਕੇ ਕਿਹਾ ਕਿ ਇਹ ਸਾਨੂੰ ਸਾਡੇ ਦਾਦੇ ਨੇ ਦਿੱਤਾ ਹੈ, ਤੈਨੂੰ ਕਿਉਂ ਦੇ ਦਈਏ, ਤੂੰ ਗੁਰੂ ਏਂ ਹੋਰ ਲਿਖ ਲੈ। ਧੀਰਮਲ ਜੀ ਦੇ ਕਹਿਣ ਦਾ ਸਿੱਧਾ ਮਤਲਬ ਇਹ ਸੀ ਕਿ ਜੋ ਪੁਰਸ਼ ਗੁਰੂ ਦੀ ਗੱਦੀ ਤੇ ਵਿਰਾਜਮਾਨ ਹੁੰਦਾ ਹੈ ਉਸ ਨੂੰ ਸਾਰੀ ਗੁਰਬਾਣੀ ਜ਼ੁਬਾਨੀ ਯਾਦ ਹੋਣੀ ਚਾਹੀਦੀ ਹੈ ਅਤੇ ਉਸ ਨੂੰ ਦੁਬਾਰਾ ਲਿਖ ਸਕਦਾ ਹੈ। ਫਲਸਰੂਪ, ਗੁਰੂ ਸਾਹਿਬ 'ਗੁਰੂ ਗ੍ਰੰਥ ਸਾਹਿਬ' ਨੂੰ ਖੁਦ ਸੰਪੂਰਨ ਕਰਨ ਲੱਗ ਪਏ। ਉਸ ਦਾ ਆਕਾਰ ਕਾਫੀ ਵੱਡਾ ਬਣ ਗਿਆ ਅਤੇ ਵੱਡੇ ਆਕਾਰ ਨੂੰ ਅਸੀਂ ਅਕਸਰ ਸਮੁੰਦਰ ਦੀ ਵਿਸ਼ਾਲਤਾ ਨਾਲ ਅਲੰਕਾਰਕ ਕਰਦੇ। ਇਸ ਲਈ ਛਿੱਬਰ ਨੇ ਗੁਰੂ ਗੋਬਿੰਦ ਜੀ ਵਲੋਂ ਲਿਖੇ 'ਆਦਿ ਗ੍ਰੰਥ' ਨੂੰ ਹੀ 'ਸਮੁੰਦਰ ਸਦਾਗਰ' ਗ੍ਰੰਥ ਦਾ ਨਾਂ ਦਿੱਤਾ ਜਾਪਦਾ ਹੈ। ਇਹ ਗ੍ਰੰਥ ਉਸ ਅਨੁਸਾਰ ਸੰਮਤ 1758 (1701 ਈ.) ਵਿਚ ਸਰਸਾ ਨਦੀ ਪਾਰ ਕਰਦਿਆਂ ਨਸ਼ਟ ਹੋ ਗਿਆ ਸੀ। ਕਿਸੇ ਦੂਸਰੇ ਬੇਨਾਮਾਂ ਗ੍ਰੰਥ ਦਾ ਜ਼ਿਕਰ ਵੀ ਹੈ ਜੋ ਪਹਿਲੇ ਨਾਲੋਂ ਵੱਖਰਾ ਸੀ ਅਤੇ ਇਸ ਵਿਚ ਅਵਤਾਰ ਲੀਲ੍ਹਾ ਅੰਕਤ ਸੀ। ਇਹ ਗ੍ਰੰਥ ਵੀ, ਛਿੱਬਰ ਅਨੁਸਾਰ, ਜੰਗ ਵਿਚ ਖਿੰਡ-ਪੁੰਡ ਗਿਆ ਸੀ। ਪਹਿਲੀ ਬੀੜ ਦਾ ਕੋਈ ਕੋਈ ਪੱਤਰਾ ਸਿੰਘਾਂ ਦੇ ਹੱਥ ਲੱਗਾ ਸੀ ਜਿਸ ਦੀਆਂ 91 ਸਤਰਾਂ ਛਿਬੜ ਹੋਰਾਂ ਨੇ ਵੀ ਦੇਖੀਆਂ ਸਨ ਅਤੇ ਦੂਜੇ ਗ੍ਰੰਥ ਦੇ ਸੱਤ ਪੱਤਰੇ ਲਾਹੌਰ ਦੇ ਇਕ ਸਿੰਘ ਹੱਥ ਲੱਗੇ ਸਨ ਜਿਨ੍ਹਾਂ ਦਾਂ ਦੀਦਾਰ ਵੀ ਛਿੱਬਰ ਹੋਰਾਂ ਕੀਤਾ। ਸਵਾਲ ਪੈਦਾ ਹੁੰਦਾ ਹੈ ਕਿ ਜੇ ਛਿੱਬਰ ਨੇ 'ਸਮੁੰਦਰ ਸਾਗਰ' ਦੀਆਂ 91 ਸਤਰਾਂ ਅਤੇ ਅਵਤਾਰ ਲੀਲ੍ਹਾ ਵਾਲੇ ਗ੍ਰੰਥ ਦੇ ਸੱਤ ਪਤਰੇ ਦੇਖੇ ਸਨ ਤਾਂ ਉਨ੍ਹਾਂ ਦਾ ਉਤਾਰ ਜਾਂ ਵੇਰਵਾ ਕਿਉਂ ਨਹੀਂ ਦਿੱਤਾ? ਮੁੱਕਦੀ ਗੱਲ ਇਹ ਹੈ ਜਿਨ੍ਹਾਂ ਦੋ ਬੀੜਾਂ ਦਾ ਜ਼ਿਕਰ ਕੇਸਰ ਸਿੰਘ ਛਿੱਬਰ ਕਰਦਾ ਹੈ ਉਹ ਤਾਂ ਨਸ਼ਟ ਹੋ ਗਈਆਂ ਸਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਕਿਸੇ ਵੀ ਗ੍ਰੰਥ



ਵਿਚ ਬਚਿੱਤਰ ਨਾਟਕ, ਚੰਡੀ ਚ੍ਰਿਤਰ, ਚੰਡੀ ਦੀ ਵਾਰ, ਚ੍ਰਿਤਰੋਪਾਖਿਆਨ, ਚੌਬੀਸ ਅਵਤਾਰ ਦਾ ਜ਼ਿਕਰ ਨਹੀਂ ਜੋ ਕਥਤ ਦਸਮ ਗ੍ਰੰਥ ਦੇ ਮੁੱਖ ਭਾਗ ਹਨ। ਦਰਅਸਲ ਕਿਸੇ ਵੀ ਗ੍ਰੰਥ ਦਾ ਨਾਂ 'ਦਸਮ ਗ੍ਰੰਥ' ਨਹੀਂ ਸੀ। ਫਲਸਰੂਪ, ਇਹ ਨਿਰਣਾ ਕੱਢਿਆ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਸਮੇਂ ਅਤੇ ਅਕਾਲ ਚਲਾਣਾ ਕਰਨ ਤੋਂ ਬਾਅਦ ਕਿਸੇ ਵੀ ਗ੍ਰੰਥ ਦਾ ਨਾਂ 'ਦਸਮ ਗ੍ਰੰਥ' ਨਹੀਂ ਸੀ।

ਇਸ ਵਿਚ ਕੋਈ ਛੱਕ ਨਹੀਂ ਕਿ ਛਿੱਬਰ ਖ਼ਾਲਸਾ ਸਾਜਨਾ ਨਾਲ ਸੰਬੰਧਤ ਸਾਰੀਆਂ ਰਹੁਰੀਤਾਂ ਅਤੇ ਰਹਿਤਾਂ ਦਾ ਜ਼ਿਕਰ ਕਰਦਾ ਹੈ ਜਿਵੇਂ, ਪੰਜ ਪਿਆਰੇ, ਪਾਹੁਲ, ਕੇਸ, ਨਾਂ ਨਾਲ ਸਿੰਘ ਦੀ ਵਰਤੋਂ, ਸ਼ਾਸਤਰ ਬੱਧ ਹੋਣਾ, ਬਾਣੀ ਪੜ੍ਹਨਾ, ਦੇਹਧਾਰੀ ਗੁਰੂ ਦਾ ਅੰਤ ਅਤੇ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਬਖਸ਼ਣਾ ਅਦਿ। ਪਰ ਪ੍ਰੋ. ਗਰੇਵਾਲ ਦੇ ਕਹਿਣ ਮੁਤਾਬਿਕ ਛਿੱਬਰ ਇਨ੍ਹਾਂ ਮਹੱਤਵਪੂਰ ਘਟਨਾਵਾਂ ਨੂੰ ਓਨੀ ਅਹਿਮੀਅਤ ਨਹੀਂ ਦਿੰਦਾ ਜਿੰਨੀ ਦੇਣੀ ਚਾਹੀਦੀ ਸੀ ਅਤੇ ਬ੍ਰਾਹਮਣੀ ਵਿਚਾਰਧਾਰਾ ਦੀ ਰੰਗਣ ਦੇਕੇ ਪੇਸ਼ ਕਰਦਾ ਹੈ। (The talks of all these in a manner that imparts no significance to them." ) ਉਦਾਹਰਨ ਵਜੋਂ, ਰਹਿਤਾਂ ਦੀ ਵਿਆਖਿਅ ਕਰਦਾ ਹੋਇਆ ਛਿੱਬਰ ਲਿਖਦਾ ਹੈ ਕਿ ਕੇਸ ਰੱਖਣਾ ਜਨਊ ਪਹਿਨਣ ਅਤੇ ਟਿੱਕਾ ਲਾਉਣ ਬਰਾਬਰ ਹੈ। ਪਾਹੁਲ ਦਾ ਪੰਜ ਪਿਆਰਿਆਂ ਨਾਲ ਅਤੇ ਮਸੰਦਾਂ ਨੂੰ ਸਾੜਨ ਨਾਲ ਕੋਈ ਸੰਬੰਧ ਨਹੀਂ ਜਿਸ ਦਾ ਸਿੱਧਾ ਅਰਥ ਇਹ ਨਿਕਲਦਾ ਹੈ ਕਿ 'ਆਪੇ ਗੁਰ ਚੇਲਾ' ਦੇ ਸੰਕਲਪ ਦੀ ਕੋਈ ਮਹੱਤਤਾ ਜਾਂ ਹੋਂਦ ਨਹੀਂ। ਬੰਸਾਬਲੀਨਾਮਾ ਬ੍ਰਾਹਮਣੀਕਲ ਕੱਟੜ ਸੋਚ ਦੀ ਪੈਦਾਵਾਰ ਹੋਣ ਕਰਕੇ ਸਿੱਖ ਇਤਿਹਾਸ ਦੀ ਮੂਲ ਧਾਰਾ ਦਾ ਸੋਮਾ ਸਰੋਤ ਨਹੀਂ ਜਾਂ ਬਕੌਲ ਗਰੇਵਾਲ,.."does not belong to the central stream of Sikh literature." ਬੰਸਾਬਲੀਨਾਮਾ ਵਿਚ ਜਿਨ੍ਹਾਂ ਦੋ ਵਾਧੂ ਗ੍ਰੰਥਾਂ (ਸਮੁੰਦਰ ਸਾਗਰ' ਅਤੇ 'ਅਵਤਾਰ ਲੀਲਾ) ਦਾ ਜ਼ਿਕਰ ਕੀਤਾ ਗਿਆ ਹੈ ਉਹ ਵੀ ਛਿੱਬਰ ਦੀ ਬ੍ਰਾਹਮਣੀਕਲ ਸੋਚ ਦੀ ਮਨਘੜਤ ਪੈਦਾਵਾਰ ਜਾਪਦੇ ਹਨ। ਪਿਆਰਾ ਸਿੰਘ ਪਦਮ ਨੇ ਛਿੱਬਰ ਦੇ ਬੰਸਾਬਲੀਨਾਮੇ ਦੀਆਂ ਉਣਤਾਈਆਂ ਦੇ ਕਈ ਹੋਰ ਪੱਖ ਵੀ ਉਘਾੜੇ ਹਨ ਜਿਨ੍ਹਾਂ ਵਿਚੋਂ ਕੁਝ ਕੁ ਪਦਮ ਦੀ ਭਾਸ਼ਾ ਵਿਚ ਹੇਠਾਂ ਵਿਅਕਤ ਕੀਤੇ ਜਾਂਦੇ ਹਨ।

1. ਲੇਖਕ ਨੇ "ਇਤਿਹਾਸਕਾਰੀ ਦੀ ਚਿੱਟੀ ਚਾਦਰ ਉੱਤੇ ਥਾਂ ਥਾਂ ਖ਼ਾਮੁਖ਼ਾ ਪੁਰਾਨਿਕ ਗੱਪਾਂ ਦਾ ਕਲੰਕ ਲਾ ਛੱਡਿਆ ਹੈ ਤੇ ਇਸ ਨਾਲ ਇਤਿਹਾਸਕਾਰੀ ਨੂੰ ਬਹੁਤ ਠੇਸ ਪਹੁੰਚੀ ਹੈ। ਫਿਰ ਇਨ੍ਹਾਂ ਪੁਰਾਣਕ ਕਥਾਵਾਂ ਨੂੰ ਇਤਨਾ ਵਿਸਥਾਰ ਦਿੱਤਾ ਹੈ ਕਿ ਕਿਤੇ ਕਿਤੇ ਅਸਲ ਇਤਿਹਾਸਕ ਵਿਥਿਆ ਬਿਲਕੁਲ ਅੱਖੋਂ ਉਕਲੇ ਹੋ ਗਈ ਹੈ"।
2. " ਲੇਖਕ ਦੇ ਮਨ ਉੱਤੇ ਕਰਮ-ਸਿਧਾਂਤ ਵੀ ਭੈੜੀ ਤਰਾਂ ਛਾਇਆ ਹੋਇਆ ਹੈ। ਔਰੰਗਜ਼ੇਬ ਬਾਰੇ ਇਹ ਕਿਹਾ ਹੈ ਕਿ ਉਹ ਦੁਆਪਰ ਵਿਚ ਕਿਸੇ ਟੋਭੇ ਅੰਦਰ ਕਛੋਪਰਾ ਬਣ ਕੇ ਫਿਰ ਰਿਹਾ ਸੀ, ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ ਇੱਟਾਂ ਮਾਰ ਕੇ ਮਾਰਿਆ ਸੀ। ਸੋ ਹੁਣ ਉਹ ਬਾਦਸ਼ਾਹ ਹੋ ਕੇ ਉਸ ਕਾਰੇ ਦਾ ਬਦਲਾ ਲੈ

ਰਿਹਾ ਹੇ। ਇਹੋ ਜਿਹੀਆਂ ਕਾਲਪਨਿਕ ਕਹਾਣੀਆਂ ਇਤਿਹਾਸਕਾਰੀ ਦੀ ਸੋਭਾ ਨਹੀਂ ਵਧਾਉਂਦੀਆਂ, ਲੇਖਕ ਦੇ ਗੁਆਚੇ ਦਿਮਾਗੀ ਸੰਤੁਲਨ ਦਾ ਦਿਖਾਵਾ ਕਰਦੀਆਂ ਹਨ"।

3. "ਅਜੇਹੀਆਂ ਮਨਘੜਤ ਕਥਾਵਾਂ ਲਿਖ ਕੇ ਲੇਖਕ ਸਤਿਗੁਰਾਂ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਸ਼ਹੀਦੀਆਂ ਨੂੰ ਵੀ ਮਿੱਟੀ ਘੱਟੇ ਰੋਲ ਬੈਠਦਾ ਹੈ ਕਿ ਜੇ ਇਹ ਪਿਛਲੇ ਜਨਮ ਦੇ ਗ਼ਲਤ ਕੰਮਾਂ ਦਾ ਹੀ ਫਲ ਸੀ ਤਾਂ ਅਸੀਂ ਇਨ੍ਹਾਂ ਨੂੰ ਸ਼ਹੀਦ ਕਹਿ ਕੇ ਕਿਵੇਂ ਸ਼ਰਧਾਂਜਲੀ ਅਰਪਣ ਕਰ ਸਕਦੇ ਹਾਂ"।
4. " ਕੇਸਰ ਸਿੰਘ ਛਿੱਬਰ ਬ੍ਰਾਹਮਣ ਹੈ, ਗੁਰਬਾਣੀ ਦੇ ਇਸ ਸਿਧਾਂਤ ਤੋਂ ਵੀ ਜਾਣੂ ਹੈ ਕਿ ਸਿੱਖੀ ਵਿਚ ਜਾਤ ਪਾਤ ਦੀ ਮਾਨਤਾ ਨਹੀਂ ਹੈ ਤੇ ਨਾ ਹੀ ਬ੍ਰਾਹਮਣ ਵਰਣ ਦੀ ਸਰਬੋਤਮਤਾ ਸਿੱਖੀ ਨੂੰ ਪਰਵਾਨ ਹੈ। ਪਰ ਉਹ ਫਿਰ ਵੀ ਜੱਥੇ ਦਾਅ ਲਗਦਾ ਹੈ, ਹਰ ਥਾਂ ਬ੍ਰਾਹਮਣਾਂ ਦੀ ਤਾਰੀਫ ਦੇ ਪੁਲ ਬੰਨ੍ਹ ਛੱਡਦਾ ਹੈ"।
5. "ਗੁਰੂ ਸਾਹਿਬ ਨੇ ਪੰਡਤਾਂ ਦੇ ਕਹੇ ਕਹਾਏ ਦੇਵੀ ਪੂਜਾ ਲਈ ਹੋਮ ਯੱਗ ਦਾ ਪ੍ਰਬੰਧ ਕਰਾਇਆ ਕਿਉਂਕਿ ਸਾਰੇ ਮੁਖੀ ਬ੍ਰਾਹਮਣ ਇਹੋ ਰਾਇ ਦਿੰਦੇ ਸਨ ਕਿ ਮਲੇਛਾਂ ਦੇ ਨਾਸ਼ ਲਈ ਦੇਵੀ ਪ੍ਰਗਟ ਕਰਨਾ ਅਤਿ ਜਰੂਰੀ ਹੈ ਇਸ ਭ੍ਰਾਂਤੀ ਨੂੰ ਦੂਰ ਕਰਨ ਲਈ ਨਾਟਕ ਰਚਨਾ ਜ਼ਰੂਰੀ ਸੀ। ਸੋ ਲੋਕਾਂ ਦੀ ਇਹ ਭਾਵਨਾ ਦੇਖ ਕੇ ਸਤਿਗੁਰਾਂ 1735 ਬਿ: (1678 ਈ.) ਵਿਚ ਹੋਮ ਯੱਗ ਦਾ ਪ੍ਰਬੰਧ ਕਰਵਾਇਆ ਤੇ ਬ੍ਰਾਹਮਣਾਂ ਨੂੰ ਵੀ ਇਧਰੋਂ ਉਧਰੋਂ ਬੁਲਾਇਆ। ਦੇਵੀ ਤਾਂ ਪ੍ਰਗਟ ਨਾ ਹੋਈ ਪਰ ਸਤਿਗੁਰਾਂ ਸਾਰੀ ਸਮੱਗਰੀ ਅਗਨੀ ਭੇਟ ਕਰ ਕੇ ਤੇਗ ਚਮਕਾਈ ਤੇ ਸਾਰੇ ਲੋਕਾਂ ਨੂੰ ਦਿਖਾਈ ਕਿ ਇਹੋ ਤੇਗ ਦੇਵੀ ਹੈ ਜੋ ਦੁਸ਼ਟਾਂ ਦਾ ਨਾਸ਼ ਕਰ ਕੇ ਗ਼ਰੀਬਾਂ ਧਰਮੀਆਂ ਦੀ ਜੈ ਜੈ ਕਾਰ ਕਰਾਏਗੀ"।

ਇਨ੍ਹਾਂ ਇਤਿਹਾਸਕ ਭੁਲਾਂ ਤੋਂ ਸਿਵਾਏ ਛਿੱਬਰ ਨੇ ਕਈ ਹੋਰ ਗੁਰੂ ਕਾਲ ਦੇ ਸਾਕ ਸੰਬੰਧਾਂ ਬਾਰੇ ਵੀ ਗ਼ਲਤ ਬਿਆਨੀਆਂ ਕੀਤੀਆਂ ਹਨ।

**6. ਸਰੂਪ ਦਾਸ ਭੱਲਾ: ਮਹਿਮਾ ਪ੍ਰਕਾਸ (1776 ਈ.)**

ਇਹ ਗ੍ਰੰਥ ਸਰੂਪ ਦਾਸ ਭੱਲਾ ਵਲੋਂ 1776 ਈ. ਵਿਚ ਲਿਖਿਆ ਗਿਆ। ਇਸ ਵਿਚ ਉਸ ਨੇ ਗੁਰੂ ਗੋਬਿੰਦ ਜੀ ਵਲੋਂ ਲਿਖੇ 'ਵਿਦਿਆ ਸਾਗਰ' ਨਾਮੀਂ ਗ੍ਰੰਥ ਦਾ ਜ਼ਿਕਰ ਹੈ। ਭੱਲਾ ਲਿਖਦਾ ਹੈ ਕਿ ਸਾਹਬੇ ਕਮਾਲ ਗੁਰੂ ਗੋਬਿੰਦ ਸਿੰਘ ਨੇ ਪੁਰਾਤਨ ਸੰਸਕ੍ਰਿਤ ਸਾਹਿਤ ਨੂੰ ਖੁਦ ਪੰਜਾਬੀ ਵਿਚ ਅਨੁਵਾਦ ਕਰਕੇ 'ਵਿਦਿਆ ਸਾਗਰ ਗ੍ਰੰਥ' ਬਣਾਇਆ। ਇਸ ਕਾਰਜ ਲਈ ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਕਿ ਬਨਾਰਸ ਤੋਂ, ਜੋ ਪੁਰਾਨਕ ਸਾਹਿਤ ਦਾ ਕੇਂਦਰ ਹੈ, ਵਿਦਵਾਨ ਪੰਡਤਾਂ ਨੂੰ ਲੱਭ ਕੇ ਲਿਆਉ ਜੋ ਪੁਰਾਨਕ ਸਾਹਿਤ ਵਿਚ ਨਿਪੁਨ ਹੋਣ, ਅਤੇ ਆਪਣੇ ਆਪਣੇ ਗ੍ਰੰਥ ਨਾਲ ਲਿਆਉਣ। ਪੰਡਤ ਆਪਣੇ ਨਾਲ ਚਾਰ ਵੇਦ, ਅਠਾਰਾਂ ਪੁਰਾਨ, ਛੇ ਸ਼ਾਸ਼ਤਰ/ਸਿਮ੍ਰਤੀਆਂ, ਚੌਬੀਸ ਅਵਤਾਰ, ਅਤੇ ਚਾਰ ਸੌ ਚਾਰ ਨਵੇਂ ਤ੍ਰੀਆ ਚਲਿੱਤ੍ਰ ਨਾਲ ਲਿਆਏ। ਗੁਰੂ ਸਾਹਿਬ ਨੇ ਪੰਡਤਾਂ ਨੂੰ ਦਰਬਾਰ ਵਿਚ ਇਕੱਤਰ



ਕੀਤਾ ਅਤੇ ਨਾਲ ਹੀ ਕੁਝ ਸਿਆਣੇ ਗੁਰਮੁਖੀ ਲਿਖਣ ਵਾਲੇ ਸਿਖਾਂ ਨੂੰ ਵੀ ਬੁਲਾ ਲਿਆ। ਪੰਡਤਾਂ ਨੂੰ ਕਿਹਾ ਕਿ ਤੁਸੀਂ ਗ੍ਰੰਥਾਂ ਵਿਚੋਂ ਪੜ੍ਹੀ ਜਾਉ, ਅਸੀਂ ਇਸ ਦਾ ਗਰੁਮੁਖੀ ਵਿਚ ਅਨੁਵਾਦ ਕਰੀ ਜਾਵਾਂਗੇ ਅਤੇ ਸਿੱਖ ਲਿਖਾਰੀ ਗੁਰਮੁਖੀ ਵਿਚ ਲਿਖੀ ਜਾਣਗੇ। ਅਨੁਵਾਦ ਤੋਂ ਬਾਅਦ ਇਹ ਸਾਰਾ ਸਾਹਿਤ ਇਕੱਤਰ ਕਰਕੇ 'ਵਿਦਿਆ ਸਾਗਰ ਗ੍ਰੰਥ' ਤਿਆਰ ਕੀਤਾ ਗਿਆ ਤਾਕਿ ਸੰਗਤ ਇਸ ਨੂੰ ਸੌਖ ਨਾਲ ਪੜ੍ਹ ਸਕੇ। ਗੁਰੂ ਸਾਹਿਬ ਦੇ ਇਸ ਕਰਤਵ ਤੋਂ ਸੰਗਤ ਬਹੁੱਤ ਨਿਹਾਲ ਹੋਈ।

ਜੇ ਸਰੂਪ ਦਾਸ ਭੱਲਾ ਦੀ ਲਿਖਤ ਦਾ ਵਿਸ਼ਲੇਸ਼ਣ ਕਰੀਏ ਤਾਂ ਕਈ ਸਵਾਲ ਖੜੇ ਹੋ ਜਾਂਦੇ ਹਨ ਜਿਵੇਂ:

1. ਜੇ ਪੁਰਾਨਕ ਸਾਹਿਤ ਸਿੱਖ ਸੰਗਤਾਂ ਲਈ ਐਨਾ ਹੀ ਮਹੱਤਵਪੂਰਨ ਸੀ ਤਾਂ ਕੀ ਗੁਰੂ ਸਾਹਿਬ ਖੁਦ ਇਸ ਨੂੰ ਸਿੱਧਾ ਸੰਸਕ੍ਰਿਤ ਵਿਚੋਂ ਅਨੁਵਾਦ ਕਰਕੇ ਗੁਰਮੁਖੀ ਜਾਂ ਬ੍ਰਿਜ ਭਾਸ਼ਾ ਵਿਚ ਨਹੀਂ ਲਿਖ ਜਾਂ ਲਿਖਵਾ ਸਕਦੇ ਸਨ? ਪੰਡਤਾਂ ਨੂੰ ਬਲਾਉਣ ਦੀ ਕੀ ਲੋੜ ਪਈ ਸੀ?

2. ਗੁਰਮੁਖੀ ਜਾਂ ਬ੍ਰਿਜ ਭਾਸ਼ਾ ਵਿਚ ਲਿਖਣ ਵਾਲੇ ਗੁਰੂ ਸਾਹਿਬ ਦੇ ਦਰਬਾਰੀ ਕਵੀ ਜਾਂ ਨਿਕਟ ਵਰਤੀ ਸਿੱਖ ਵਿਦਵਾਨ ਹੀ ਹੋਣਗੇ ਜਿਨ੍ਹਾਂ ਵਿਚ ਸੈਨਾਪਤਿ, ਨੰਦ ਲਾਲ ਗੋਆ, ਭਾਈ ਗੁਰਦਾਸ ਦੂਜਾ, ਭਾਈ ਚੌਪਾ ਸਿੰਘ, ਭਾਈ ਮਨੀ ਸਿੰਘ ਆਦਿ ਸ਼ਾਮਿਲ ਸਨ। ਇਨ੍ਹਾਂ ਮਹਾਂ ਪੁਰਸ਼ਾ ਨੇ ਆਪਣੀਆਂ ਲਿਖਤਾਂ ਵਿਚ ਤਾਂ ਕਿਸੇ 'ਵਿਦਿਆ ਸਾਗਰ ਗ੍ਰੰਥ' ਦਾ ਜ਼ਿਕਰ ਤੱਕ ਨਹੀਂ ਕੀਤਾ।

3. ਉਨ੍ਹਾਂ ਨੇ ਜੇ ਪੁਰਾਨਕ ਗ੍ਰੰਥ ਸੰਸਕ੍ਰਿਤ ਵਿਚੋਂ ਪੰਜਾਬੀ ਵਿਚ ਅਨੁਵਾਦ ਕੀਤੇ ਹੁੰਦੇ ਤਾਂ ਕਥਤ ਦਸਮ ਗ੍ਰੰਥ ਵਿਚ, 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵਰਗੀ ਠੇਠ ਪੰਜਾਬੀ ਵਿਚ ਲਿਖੀ ਹੋਈ ਬਾਣੀ ਮਿਲਣੀ ਚਾਹੀਦੀ ਸੀ। ਪਰ ਸਮਕਾਲੀ ਦਸਮ ਗ੍ਰੰਥ ਵਿਚ ਠੇਠ ਪੰਜਾਬੀ ਵਿਚ ਲਿਖੀ ਹੋਈ ਕੋਈ ਰਚਨਾ ਨਹੀਂ ਮਿਲਦੀ। ਬਹੁਤੀ ਰਚਨਾ ਬ੍ਰਿਜ ਭਾਸ਼ਾ ਅਤੇ ਹਿੰਦਵੀ ਵਿਚ ਹੈ ਅਤੇ ਕਿਤੇ ਕਿਤੇ ਉਸ ਵੇਲੇ ਦੀ ਲੌਕਕ ਪੰਜਾਬੀ ਦਾ ਮਿਸ਼ਰਨ ਮਿਲਦਾ ਹੈ।

4. ਜੇ ਮਨ ਵੀ ਲਿਆ ਜਾਵੇ ਕਿ ਗੁਰੂ ਸਾਹਬ ਨੇ 'ਵਿਦਿਆ ਸਾਗਰ ਗ੍ਰੰਥ' ਰਚਿਆ ਸੀ ਅਤੇ ਉਹ 1701 ਈ. ਵਿਚ ਸਿਰਸਾ ਨਦੀ ਨੂੰ ਪਾਰ ਕਰਦਿਆਂ ਨਸ਼ਟ ਹੋ ਗਿਆ ਸੀ ਤਾਂ ਅਜੋਕਾ ਦਸਮ ਗ੍ਰੰਥ ਕਿੱਥੋਂ ਅਤੇ ਕਿੰਦਾਂ ਪੈਦਾ ਹੋ ਗਿਆ?

**ਉਨੀਵੀਂ ਸਦੀ ਦਾ ਸਿੱਖ ਇਤਿਹਾਸ**

**1.ਭਾਈ ਸੰਤੋਖ ਸਿੰਘ: ਸ੍ਰੀ ਗੁਰਪਰਤਾਪ ਸੂਰਜ ਗ੍ਰੰਥ (1843 ਈ.)**

'ਸ੍ਰੀ ਗੁਰਪਰਤਾਪ ਸੂਰਜ ਗ੍ਰੰਥ' ਵਿਚ, ਗੁਰੂ ਕਾਲ ਦੀ ਵਿਸਥਾਰ ਸਹਿਤ ਕੀਤੀ ਹੋਈ ਵਿਆਖਿਆ ਹੈ। ਮਹਾਂ ਕਵੀ ਸੰਤੋਖ ਸਿੰਘ ਗੁਰੂ ਗੋਬਿੰਦ ਸਿੰਘ ਦੇ

ਦਰਬਾਰ ਦੀਆਂ ਗਤੀਆਂ ਵਿਧੀਆਂ ਦਾ ਵਿਸਥਾਰ ਸਹਿਤ ਲੇਖਾ ਜੋਖਾ ਕਰਦਾ

ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਪਹਿਲੀ ਵਾਰ ਗੁਰੂ ਸਾਹਿਬ ਦੇ ਦਰਬਾਰ ਵਿਚ 52 ਕਵੀਆਂ ਦਾ ਜ਼ਿਕਰ ਇਸ ਗ੍ਰੰਥ ਵਿਚ ਆਇਆ ਹੈ। ਗੁਰੂ ਸਾਹਿਬ ਦੀ ਨਿਗਰਾਨੀ ਹੇਠ 52 ਕਵੀਆਂ ਵਲੋਂ ਲਿਖੇ ਗਏ 'ਵਿੱਦਿਆਧਰ ਗ੍ਰੰਥ' ਦਾ ਹਵਾਲਾ ਵੀ ਮਹਾਂ ਕਵੀ ਸੰਤੋਖ ਸਿੰਘ ਦੇ ਗ੍ਰੰਥ ਵਿਚ ਮਿਲਦਾ ਹੈ। ਉਹ ਲਿਖਦਾ ਹੈ ਕਿ ਗੁਰੂ ਸਾਹਿਬ ਦੇ ਦਰਬਾਰ ਵਿਚ ਬਵੰਜਾ ਪੱਕੇ ਕਵੀ ਸਨ ਅਤੇ ਕੁਝ ਸੈਲਾਨੀ ਕਵੀ ਆਉਂਦੇ ਜਾਂਦੇ ਰਹਿੰਦੇ ਸਨ। ਇਨ੍ਹਾਂ ਸਾਰਿਆਂ ਨੇ ਰਲ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਹੇਠ ਬਰੀਕ ਬਰੀਕ ਅੱਖਰਾਂ ਵਿਚ ਬਾਣੀ ਲਿਖੀ। ਜਦ ਪੱਤਰਿਆਂ ਨੂੰ ਤੋਲਿਆ ਤਾਂ ਕਾਗ਼ਜ਼ ਦਾ ਭਾਰ ਨੌਂ ਮਣ ਨਿਕਲਿਆ। ਸਿੱਧ ਹੈ ਕਿ ਇਕ ਚੋਖਾ ਮੋਟਾ ਗ੍ਰੰਥ ਬਣਿਆ ਹੋਵੇਗਾ ਜਿਸ ਨੂੰ 'ਵਿਦਿਯਾਧਰ ਗ੍ਰੰਥ' ਦਾ ਨਾਂ ਦਿੱਤਾ ਗਿਆ। ਏਥੇ ਦੋ ਸਵਾਲ ਉਠਦੇ ਹਨ। ਪਹਿਲਾ, ਕੀ ਕਵੀਆਂ ਨੂੰ ਲਿਖਣ ਲਈ ਕੋਈ ਧਾਰਮਿਕ ਵਿਸ਼ਾ ਦਿੱਤਾ ਗਿਆ ਸੀ ਤਾਕਿ ਸਿੱਖ ਵਿਚਾਰਧਾਰਾ ਨੂੰ ਬਰਕਰਾਰ ਰੱਖਣ ਲਈ ਗ੍ਰੰਥ ਨੂੰ ਕੋਈ ਤਰਤੀਬ ਦਿੱਤੀ ਜਾ ਸਕੇ ? ਦੂਜਾ, ਜੇ ਵਿਸ਼ੇ ਦਿੱਤੇ/ਵੰਡੇ ਹੋਏ ਨਹੀਂ ਸਨ ਤਾਂ ਗ੍ਰੰਥ ਦੀ ਸੰਪਾਦਨਾ ਵੇਲੇ ਬਾਣੀ ਦੀ ਤਰਤੀਬ ਕਿੱਦਾਂ ਕੀਤੀ ਗਈ ਹੋਵੇਗੀ ? ਪ੍ਰਚੱਲਤ ਦਸਮ ਗ੍ਰੰਥ ਦੇ 1428 ਸਫਿਆਂ ਤੇ ਜਾਪੁ ਸਾਹਿਬ ਤੋਂ ਲੈਕੇ ਹਿਕਾਇਤਾਂ ਤੱਕ 15 ਪਰਕਾਰ ਦੀਆਂ ਬਾਣੀਆ ਅਤੇ ਕਥਾ ਕਹਾਣੀਆਂ ਦਰਜ ਹਨ। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੇ ਕਵੀਆਂ ਦੀ ਭਾਸ਼ਾਈ ਪਿੱਠਭੂਮੀ ਦੇਖ ਕੇ ਅਤੇ ਗਿਆਨ ਦੀ ਨਿਪੁੰਤਾ ਦੇ ਆਧਾਰ ਤੇ ਵੱਖ ਵੱਖ ਕਵੀਆਂ ਨੂੰ ਲੋੜੀਂਦੇ ਵਿਸ਼ੇ ਦਿੱਤੇ ਹੋਣ, ਜਾਂ ਕਵੀਆਂ ਨੇ ਆਪਣੀ ਕਾਬਲੀਅਤ ਦੇ ਆਧਾਰ ਤੇ ਖ਼ੁੱਦ ਚੁਣੇ ਹੋਣ। ਇਸ ਮਨੌਤ ਅਨੁਸਾਰ ਇਸ ਵਿਚਾਰ ਦੀ ਸਮਝ ਵੀ ਲੱਗ ਜਾਂਦੀ ਹੈ ਕਿ ਦਸਮ ਗ੍ਰੰਥ ਵਿਚਲੀਆਂ ਅਸਲੀ ਬਾਣੀਆਂ ਜਿਵੇਂ ਜਾਪੁ ਸਾਹਿਬ, ਅਕਾਲ ਉਸਤਤਿ (ਕੁਝ ਅੰਤਲੇ ਸੁਆਲਾਂ ਤੋਂ ਵਗੈਰ), ਜ਼ਫਰਨਾਮਾ, ਤੇਤੀ ਸਵੈਯੇ, ਸ਼ਬਦ ਹਜ਼ਾਰੇ (ਮਿੱਤਰ ਪਿਆਰੇ ਤੋਂ ਵਗੈਰ), ਇਕ ਚੌਪਈ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਲਿਖੀਆਂ ਹੋਣ ਅਤੇ ਬਾਕੀ ਦੀਆਂ ਲਿਖਤਾਂ ( ਚੌਬੀਸ ਅਵਤਾਰ, ਬ੍ਰਹਮ ਅਵਤਾਰ, ਰੁਦਰ ਅਵਤਾਰ, ਚਰਿਤ੍ਰੋ ਪਾਖਯਾਨ ਆਦਿ) ਇਨ੍ਹਾਂ ਕਵੀਆਂ ਦੀਆਂ ਕਿਰਤਾਂ ਹੋਣ। 'ਨਾਨਾ ਬਿਧਿ ਕਵਿਤਾ ਰਚੀ ਰਖਿ ਰਖਿ ਨੌਂ ਰਸਿ ਰੀਤ' ਦਾ ਅਰਥ ਵੀ ਇਹੋ ਹੈ ਕਿ ਕਈ ਪਰਕਾਰ ਦੀ ਕਵਿਤਾ ਨੌਂ ਰਸਾਂ ਵਿਚ ਰਚੀ ਗਈ। ਕਾਵਿ ਸ਼ਾਸਤਰ ਅਨੁਸਾਰ ਕਵਿਤਾ ਦੇ ਨੌਂ ਰਸ ਇਹ ਹਨ: ਸ਼ਿੰਗਾਰ, ਹਾਸ, ਕਰੁਣਾ, ਰੌਦਰ, ਵੀਰ, ਭਿਆਨਕ, ਬੀਭਤਸ, ਅਦਭੁਤ, ਅਤੇ ਸ਼ਾਂਤ ਰਸ। ਕਥਤ ਦਸਮ ਗ੍ਰੰਥ ਵਿਚੋਂ ਇਨ੍ਹਾਂ ਸਾਰੇ ਰਸਾਂ ਦੀ ਕਵਿਤਾ ਦੀਆਂ ਬੰਨਗੀਆਂ ਮਿਲਦੀਆਂ ਹਨ। ਇਸ ਲਈ ਇਸ ਗ੍ਰੰਥ ਵਿਚ ਵਿਸ਼ਿਆਂ ਅਤੇ ਸੰਬੰਧਤ ਰਸਾਂ ਦੀ ਭਿੰਤਾ ਨੂੰ ਮੁੱਖ ਰਖਦਿਆਂ ਇਹ ਗੱਲ ਮਨ ਲਗਦੀ ਹੈ ਕਿ ਅਖੋਕੇ ਦਸਮ ਗ੍ਰੰਥ ਵਿਚਲੀ ਸਮੱਗਰੀ, ਗੁਰੂ ਗੋਬਿੰਦ ਸਿੰਘ ਦੀ ਬਾਣੀ ਨੂੰ ਛੱਡ ਕੇ, ਬਾਕੀ ਦਰਬਾਰੀ ਕਵੀਆਂ ਦੀ ਕਿਰਤ ਹੋਵੇ। ਇਹ ਸੰਭਾਵਨਾ ਵੀ ਹੋ ਸਕਦੀ ਹੈ ਕਿ ਸਨਾਤਨੀ ਸੁਭਾ ਵਾਲੀਆਂ ਕਿਰਤਾਂ ਗੁਰੂ ਸਾਹਬ ਦੀ ਨਿਗਰਾਨੀ ਹੇਠ ਜਾਂ ਹੱਲਾਸ਼ੇਰੀ ਦੇਕੇ ਦਰਬਾਰੀ ਕਵੀਆਂ ਤੋਂ ਲਿਖਵਾਈਆਂ ਗਈਆਂ ਹੋਣ ਤਾਕਿ ਸਿੱਖ/ਸਿੰਘ ਹਿੰਦੂ ਮਿਥਿਆਸ, ਰਹੁ-ਰੀਤਾਂ, ਦੇਵੀ ਦੇਵਤਿਆਂ, ਗੈਰਕੁਦਰਤੀ ਕਥਾ-ਕਹਾਣੀਆਂ ਅਤੇ ਸਮਾਜਿਕ ਕੁਰੀਤੀਆਂ ਤੋਂ ਵਾਕਫ ਹੋ ਸਕਣ। ਸਭ ਤੋਂ ਵੱਡੀ ਸੰਭਾਵਨਾ



ਇਹ ਹੈ ਕਿ ਸਨਾਤਨੀ ਹਿੰਦੂਆਂ ਅਤੇ ਖਾਸ ਕਰੇ ਨਿਰਮਲਾ ਪੰਥੀਆਂ ਨੇ ਅੰਗ੍ਰੇਜ਼ਾਂ ਦੇ ਸੁਆਰਥੀ ਪਰਭਾਵ ਹੇਠਾਂ ਕਥਤ ਦਸਮ ਗ੍ਰੰਥ ਦੀ ਮਿੱਥ ਨੂੰ ਜਨਮ ਦਿੱਤਾ ਤਾਕਿ ਉਹ ਗੋਰਿਆਂ ਤੋਂ ਆਪਣਾ ਬਚਾਅ ਕਰਨ ਅਤੇ ਪੇਸੇ ਬਟੋਰਨ ਵਿਚ ਕਾਮਯਾਬ ਹੋ ਸਕਣ।

ਭਾਈ ਸੰਤੋਖ ਸਿੰਘ ਅਨੁਸਾਰ ਲੜਾਈ ਛਿੜਨ ਕਾਰਨ ਕਵੀਆਂ ਨੂੰ ਆਨੰਦਪੁਰ ਛੱਡਣਾ ਪਿਆ ਅਤੇ 'ਵਿਦਿਆਧਰ ਗ੍ਰੰਥ' ਅਧੂਰਾ ਹੀ ਰਹਿ ਗਿਆ। ਲੜਾਈ ਦੌਰਾਨ ਇਹ ਅਧੂਰਾ ਗ੍ਰੰਥ ਗੁਮ ਗੁਆਚ ਗਿਆ ਅਤੇ ਦੁਵਾਰਾ ਪ੍ਰਾਪਤ ਨਹੀਂ ਹੋ ਸਕਿਆ। ਅਨੰਦਪੁਰ ਸਾਹਿਬ ਵਿਖੇ 62 ਪੱਤਰੇ ਬਚੇ ਸਨ, ਜਿਨ੍ਹਾਂ ਦੇ ਆਧਾਰ ਤੇ ਭਾਈ ਸੰਤੋਖ ਸਿੰਘ ਨੇ ਗੁਰੂ ਦੀ ਉਸਤਤਿ ਵਿਚ ਕਬਿੱਤ ਜੋੜੇ ਹਨ। ਸਵਾਲ ਪੈਦਾ ਹੁੰਦਾ ਹੈ ਕਿ 'ਵਿਦਿਆਧਰ ਗ੍ਰੰਥ' ਦੇ ਨਸ਼ਟ ਹੋਣ ਤੋਂ 142 ਸਾਲਾਂ ਬਾਅਦ ਇਹ ਪੱਤਰੇ ਕਵੀ ਨੇ ਕਿੱਥੋਂ, ਕਿੱਦਾਂ ਅਤੇ ਕਿਸ ਪਾਸੋਂ ਪ੍ਰਾਪਤ ਕੀਤੇ, ਇਸ ਬਾਰੇ ਕਵੀ ਬਿਲਕੁਲ ਚੁੱਪ ਹੈ। ਆਪਣੀ ਦਲੀਲ ਦੀ ਪੁਸ਼ਟੀ ਵਿਚ ਕਵੀ ਨੂੰ ਇਨ੍ਹਾਂ ਪੱਤਰਿਆਂ ਦਾ ਵੇਰਵਾ ਦੇਣਾ ਚਾਹੀਦਾ ਸੀ। ਇਹ ਇੱਕੋ ਘਾਟ ਕਵੀ ਸੰਤੋਖ ਸਿੰਘ ਦੇ ਕਥਿਤ ਗ੍ਰੰਥ ਦੀ ਗਵਾਹੀ ਨੂੰ ਸ਼ੰਕੇ ਵਿਚ ਪਾ ਦਿੰਦੀ ਹੈ।

**2. ਗਿਆਨੀ ਗਿਆਨ ਸਿੰਘ: ਪੰਥ ਪ੍ਰਕਾਸ਼** (1880)

ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਆਪਣੇ ਉਸਤਾਦ, ਪੰਡਤ ਤਾਰਾ ਸਿੰਘ ਨਿਰੋਤਮ ਦੇ ਕਹਿਣ ਤੇ ਬ੍ਰਿਜ ਭਾਸ਼ਾ ਵਿਚ ਲਿਖਿਆ। ਇਸ ਵਿਚ ਸਾਰੇ ਗੁਰੂਆਂ ਦੇ ਜੀਵਨ ਬਾਰੇ ਵਾਫੀਅਤ ਦਰਜ ਹੈ। ਦਸਵੇਂ ਗੁਰੂ ਸਾਹਿਬ ਵਲੋਂ ਬੈਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਚੋਣ, ਖ਼ਾਲਸਾ ਦੀ ਸਾਜਨਾ, ਪੰਜ ਕਕਾਰਾਂ ਅਤੇ ਰਹਿਤ ਮਰਯਾਦਾ ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਗੁਰੂ ਗ੍ਰੰਥ ਸਾਹਬ ਦੀ ਮਾਨਤਾ ਬਾਰੇ ਕਵੀ ਲਿਖਦਾ ਹੈ:

ਏਕ ਹਰੀ ਦਸ ਰੂਪ ਗੁਰ ਗ੍ਰੰਥ ਪੰਥ ਕੋ ਬੰਧਿ। ।
ਗ੍ਰੰਥ ਪੰਥ ਪ੍ਰਕਾਸ ਯਹਿ ਅਬ ਬਰਨੋ ਸੁਖਨੰਦ। । (ਪਤਰਾ 1)
ਏਕ ਗੁਰੂ ਗ੍ਰੰਥ ਨਿਜ ਪੰਥ ਬਿਨ ਔਰ ਠੌਰ। ।
ਕਾਹੂੰ ਆਗੇ ਜਾਇ ਕਿਤ ਸੀਸ ਨਾ ਨਿਵਾਈਏ। । (ਪਤਰਾ 161)

ਸਾਖਿਆਤ ਰੂਪ ਵਿਚ ਇਹ ਬੰਦ ਗੁਰੂ ਅਰਜਨ ਦੇਵ ਜੀ ਵਲੋਂ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਬਾਰੇ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਰਬ ਇਕ ਹੈ ਜਿਸ ਦੇ ਦਸ ਰੂਪ ਦਸ ਗੁਰੂ ਹਨ। ਇਸ ਗ੍ਰੰਥ ਤੋਂ ਵਗੈਰ ਸਿੱਖ ਪੰਥ ਦੀ ਹੋਰ ਕੋਈ ਟੇਕ ਨਹੀਂ, ਇਸ ਲਈ ਇਸ ਤੋਂ ਵਗੈਰ ਕਿਸੇ ਹੋਰ ਅੱਗੇ ਸੀਸ ਨਹੀਂ ਨਿਵਾਉਣਾ ਚਾਹੀਦਾ। ਅੱਗੇ ਚੱਲ ਕੇ ਗਿਆਨੀ ਗਿਆਨ ਸਿੰਘ ਇਹ ਵੀ ਲਿਖਦਾ ਹੈ:

ਜੋ ਅਬ ਗ੍ਰੰਥ ਦਸਮ ਗੁਰੁ ਕੇਰਾ। । ਕਹਿਲਾਵਤ ਮਧ ਪੰਥ ਅਛੇਰਾ। ।

ਗੁਰੁ ਕੇ ਸਮੇ ਬੀੜ ਨਹੀਂ ਤਾਂਕੀ। ।ਭਈ ਬਾਣੀਆਂ ਰਹੀ ਇਕਾਂਕੀ। ।
ਅਨਕੈ ਠੌਰ ਪੋਥੀਆਂ ਮਾਹਿ। ।ਬਾਨੀ ਰਹੀ ਦਸਮ ਗੁਰੁ ਮਾਹਿ। ।

ਅਰਥਾਤ, ਜਿਹੜਾ ਗ੍ਰੰਥ ਹੁਣ ਦਸਵੇਂ ਗੁਰੂ ਦਾ ਕਿਹਾ ਜਾ ਰਿਹਾ ਹੈ, ਇਸ ਨੂੰ ਪੰਥ ਵਲੋਂ ਉੱਚਾ ਮੰਨਿਆਂ ਜਾ ਰਿਹਾ ਹੈ। ਪਰ ਗੁਰੂ ਜੀ ਦੇ ਸਮੇਂ ਅਜੇਹੇ ਗ੍ਰੰਥ ਦੀ ਕੋਈ ਬੀੜ ਨਹੀਂ ਦੇਖੀ ਗਈ। ਕੇਵਲ ਇਕੱਲੀਆਂ ਇਕੱਲੀਆਂ ਬਾਣੀਆਂ ਦੀਆਂ ਪੋਥੀਆਂ ਕਈ ਥਾਵੀਂ ਸਨ। ਇਸ ਤਰਾਂ ਗੁਰੂ ਸਾਹਬ ਦੀ ਬਾਣੀ ਸਾਂਭੀ ਹੋਈ ਸੀ।

ਸਿੱਧ ਹੈ ਕਿ ਦਸਵੇਂ ਗੁਰੂ ਜੀ ਵਲੋਂ ਕੋਈ ਬੀੜ ਜਾਂ ਗ੍ਰੰਥ ਦੀ ਸੰਪਾਦਨਾ ਨਹੀਂ ਸੀ ਕੀਤੀ ਗਈ, ਬਾਣੀਆਂ ਪੋਥੀਆਂ ਦੇ ਰੂਪ ਵਿਚ ਕਈ ਥਾਵੀਂ ਸਨ। ਏਥੇ ਕਈ ਸਵਾਲ ਖੜੇ ਹੁੰਦੇ ਹਨ। ਪਹਿਲਾ, ਜੇ ਗੁਰੂ ਸਾਹਬ ਨੇ ਕੋਈ ਬੀੜ ਸੰਪਾਦ ਨਹੀਂ ਕੀਤੀ ਜਾਂ ਰਚੀ ਤਾਂ ਪੰਥ ਨੇ ਕਥਤ ਗ੍ਰੰਥ ਨੂੰ ਅੱਛਾ ਜਾਂ ਉੱਚਾ ਕਿਵੇਂ ਮਨ ਲਿਆ? ਦੂਜਾ, ਜਿਹੜੀ ਬਾਣੀ ਪੋਥੀਆਂ ਦੇ ਰੂਪ ਵਿਚ ਖਿੱਲਰੀ ਪਈ ਸੀ, ਕੀ ਪਰਮਾਣ ਹੈ ਕਿ ਉਹ ਸਾਰੀ ਗੁਰੂ ਸਾਹਬ ਦੀ ਲਿਖੀ ਹੋਈ ਸੀ? ਤੀਜਾ, ਸਿੱਖ ਧਰਮ ਨੂੰ ਅਦੁਤੀ ਰੂਪ ਦੇਣ ਵਾਲੇ ਦਸਵੇਂ ਗੁਰ ਦੀ ਬਾਣੀ ਨੂੰ ਖੁਦ ਗੁਰੂ ਸਾਹਬ ਵਲੋਂ ਜਾਂ ਉਨ੍ਹਾਂ ਦੇ ਸਿੱਖਾਂ ਵਲੋਂ ਕਿਉਂ ਨਹੀਂ ਸਾਂਭਿਆ ਗਿਆ? ਇਨ੍ਹਾਂ ਦੇ ਉੱਤਰ ਬੜੇ ਸਿੱਧੇ ਅਤੇ ਸਾਦੇ ਜਹੇ ਹਨ। ਗੁਰੂ ਸਾਹਬ ਪਾਸ ਉਨ੍ਹਾਂ ਦੇ ਪੁਰਖਿਆਂ ਵਲੋਂ ਸੰਪਾਦ ਕੀਤਾ ਹੋਇਆ ਗੁਰੂ ਗ੍ਰੰਥ ਸਾਹਿਬ ਮੌਜੂਦ ਸੀ ਜਿਸ ਨੂੰ ਉਨ੍ਹਾਂ ਗੁਰ ਗੱਦੀ ਸੌਂਪੀ। ਇਸ ਲਈ ਉਨ੍ਹਾਂ ਨੂੰ ਕਿਸੇ ਹੋਰ ਗ੍ਰੰਥ ਨੂੰ ਸੰਪਾਦ ਕਰਨ ਜਾਂ ਖੁਦ ਰਚਣ ਦੀ ਲੋੜ ਹੀ ਨਹੀਂ ਸੀ। ਉਨ੍ਹਾਂ ਦਮਦਮੇ ਸਾਹਿਬ ਵਿਖੇ ਆਪਣੇ ਪਿਤਾ, ਗੁਰੂ ਤੇਗ ਬਹਾਦਰ ਜੀ, ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਤ ਕਰਕੇ ਇਸ ਗ੍ਰੰਥ ਨੂੰ ਸੰਪੂਰਨ ਕਰ ਦਿੱਤਾ। ਜੇ ਉਹ ਚਾਹੁੰਦੇ ਤਾਂ ਆਪਣੀ ਬਾਣੀ ਵੀ ਅੰਕਿਤ ਕਰ ਸਕਦੇ ਸੀ। ਉਹ ਜਾਣਦੇ ਸਨ ਕਿ ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਉਨ੍ਹਾਂ ਲਈ ਕੋਈ ਦੂਜਾ ਗ੍ਰੰਥ ਸੰਪਾਦ ਕਰਨਾ ਸਿੱਖ ਧਰਮ ਦੇ ਸਿਧਾਂਤ ਦੇ ਅਨੁਕੂਲ ਨਹੀਂ ਸੀ ਹੋਣਾ। ਗੁਰੂ ਸਾਹਿਬ ਦੀਆਂ ਮਾਰਸ਼ਲ ਸੁਭਾ ਵਾਲੀਆਂ ਬਾਣੀਆਂ ਸਿੱਖਾਂ ਨੂੰ ਜ਼ੁਬਾਨੀ ਯਾਦ ਸਨ ਕਿਉਂਕਿ ਹਾਲਾਤ ਦੇ ਮੁਤਾਬਿਕ ਉਨ੍ਹਾਂ ਵਿਚਲੀ ਭਾਵਨਾ ਦਾ ਹਰ ਵਕਤ ਪਾਲਣ ਕਰਨਾ ਹਰ ਸਿੱਖ ਲਈ ਲੋੜੀਦਾ ਸੀ।

ਸਵਾਲ ਥਾਂ ਦੀ ਥਾਂ ਖੜ੍ਹਾ ਹੈ ਕਿ ਫਿਰ ਦਸਮ ਗ੍ਰੰਥ ਦੀ ਮਿੱਥ ਕਿਵੇਂ, ਕਿਉਂ, ਕਿੱਥੇ ਅਤੇ ਕਿੱਦਾਂ ਸ਼ੁਰੂ ਹੋਈ? ਇਸ ਦਾ ਉੱਤਰ ਵੀ ਗਿਆਨੀ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਵਿਚ ਦਰਜ ਹੈ।

ਸੁੱਖਾ ਸਿੰਘ ਗ੍ਰੰਥੀ ਔਰ। ।ਰਚੀ ਬੀੜ ਪਟਨੇ ਮੈ ਗੌਰ। ।
ਅਠਾਰਹ ਸੈ ਬੱਤੀ ਮਾਹਿ, ਰਖਿਉ ਸੁਖਮਨਾ ਛੱਕੇ ਵਾਹਿ।
ਅੰਕਪਲੀ ਲੌਂ ਅਨਿਕ ਪ੍ਰਸੰਗ, ਰਾਖੇ ਉਨ੍ਹੇ ਆਪਣੇ ਢੰਗ।



ਭੋਗ ਛਕਿਉਂ ਪਰ ਪਾਇਉ ਤਾਹਿ, ਤੀਨ ਬੀੜ ਹੋਈ ਬਿੱਧ ਯਾਹਿ। (36/21)

ਭਾਈ ਸੁਖਾ ਸਿੰਘ ਨੇ ਇਕ ਬੀੜ ਸੰਮਤ 1832 (1775 ਈ.) ਵਿਚ ਪੂਰੀ ਕੀਤੀ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ 'ਅਕਾਲ ਉਸਤਤਿ' ਵਿਚ ਮਹਾਂਕਾਲੀ ਦੀ ਮਹਿਮਾ ਦੇ ਵੀਹ ਛੰਦ ਕੋਲੋਂ ਜੋੜ ਕੇ ਉਸ ਵਿਚ ਅੰਕਤ ਕਰ ਦਿੱਤੇ। ਏਥੇ ਹੀ ਬੱਸ ਨਹੀਂ ਉਸ ਨੇ ਆਪਣੇ ਪੁੱਤ ਚੜ੍ਹਤ ਸਿੰਘ ਤੋਂ ਵੀ ਗੁਰੂ ਦੇ ਨਾਂ ਹੇਠਾਂ ਪੰਜ ਪੱਤਰੇ ਲਿਖਵਾ ਕੇ ਬੀੜ ਵਿਚ ਦਰਜ ਕੀਤੇ।

ਪੁਨਾ ਚੜਤ ਸਿੰਘ ਤਾਕੇ ਪੂਤ। ।ਅਖਰ ਦਸਮ ਗੁਰੁ ਸਮਸੂਤ। ।
ਕਰ ਕੈ ਪਾਂਚ ਪਤਰੇ ਔਰ। ।ਗੁਰੁ ਤਰਫੋਂ ਲਿਖ ਪਾਏ ਗੌਰ। ।
ਔਰ ਗ੍ਰੰਥ ਇਕ ਵੈਸਾ ਕੀਓ। ।ਸੋ ਬਾਬੇ ਹਾਕਮ ਸਿੰਘ ਲੀਓ। ।
ਸੋ ਗੁਰਦਵਾਰੇ ਮੋਤੀ ਬਾਗ। ।ਹੈ ਅਬ ਹਮਨੇ ਪਿਖਯੋ ਬਿਲਾਗ। ।
ਔਰੈਂ ਗ੍ਰੰਥ ਕਈ ਉਨ ਲਿਖੇ। ।ਅਖਰ ਗੁਰੁ ਸਮ ਹੈ ਹਮ ਪਿਖੈ। ।
ਦਸਖਤ ਦਸਮ ਗੁਰੁ ਕੈ ਕਹਿ ਕੈ। ।ਕੀਮਤ ਲਈ ਚੌਗਨੀ ਚਹਿ ਕੈ। ।

ਸਿੱਧ ਹੈ ਕਿ ਪਟਨੇ ਦੇ ਗ੍ਰੰਥੀ ਸੁੱਚਾ ਸਿੰਘ ਨੇ ਆਪਣੇ ਪੁੱਤ, ਚੜ੍ਹਤ ਸਿੰਘ ਨਾਲ ਮਿਲਕੇ ਇਕ ਬੀੜ ਬਣਾਈ। ਚੜ੍ਹਤ ਸਿੰਘ ਦੀ ਲਿਖਾਈ ਗੁਰੂ ਗੋਬਿੰਦ ਸਿੰਘ ਨਾਲ ਮਿਲਦੀ ਸੀ। ਉਨ੍ਹਾਂ ਨੇ ਪੰਜ ਪਤਰੇ ਆਪਣੇ ਕੋਲੋਂ ਲਿਖ ਕੇ ਗ੍ਰੰਥ ਨਾਲ ਜੋੜ ਦਿੱਤੇ ਅਤੇ ਹੋਰ ਵੀ ਵਾਧੇ ਕੀਤੇ। ਇਸ ਬੀੜ ਬਾਰੇ ਭਾਈ ਕਾਨ੍ਹ ਸਿੰਘ ਜੀ ਨਾਭਾਂ ਗੁਰਮੱਤ ਮਾਰਤੰਡ ਵਿਚ ਲਿਖਦੇ ਹਨ, "ਦਸਮ ਗ੍ਰੰਥ ਦੀ ਇਕ ਬੀੜ ਭਾਈ ਸੁੱਖਾ ਸਿੰਘ ਪਟਨੇ ਸਾਹਿਬ ਗ੍ਰੰਥੀ ਨੇ ਭੀ ਲਿਖੀ ਹੈ, ਜਿਸ ਵਿਚ ਛੱਕੇ, ਭਗੌਤੀ ਸਤੋਤ੍ਰ ਆਦਿਕ ਸ਼ਾਮਿਲ ਕਰ ਦਿੱਤੇ ਹਨ। ਮੂਰਖ ਲਿਖਾਰੀਆਂ ਦੀ ਕ੍ਰਿਪਾ ਨਾਲ ਕਈ ਹੋਰ ਬੀੜਾਂ ਭੀ ਬਣ ਗਈਆਂ ਹਨ ਅਤੇ ਅਰਥਾਂ ਦੇ ਅਨਰਥ ਹੋ ਗਏ ਹਨ, ਪਰ ਕਿਸੇ ਗੁਰਮਤ ਪ੍ਰੇਮੀ ਨੇ ਇਸ ਦੇ ਪੂਰਨ ਸੁਧਾਰ ਦਾ ਉਪਾਯ ਨਹੀਂ ਕੀਤਾ।" ਉਨ੍ਹਾਂ ਨੇ ਇਕ ਹੋਰ ਗ੍ਰੰਥ ਵੀ ਬਣਾਇਆ ਅਤੇ ਬਾਬਾ ਹਾਕਮ ਸਿੰਘ ਨੂੰ ਸੌਂਪ ਦਿੱਤਾ ਜਿਹੜਾ ਮੋਤੀ ਬਾਗ ਵਾਲੇ ਗੁਰਦੁਵਾਰੇ ਵਿਚ ਹੈ ਜੋ ਗਿਆਨੀ ਗਿਆਨ ਸਿੰਘ ਨੇ ਵੀ ਦੇਖਿਆ। ਕਿਉਂਕਿ ਚੜ੍ਹਤ ਸਿੰਘ ਦੀ ਲਿਖਾਈ ਗੁਰੂ ਸਾਹਬ ਨਾਲ ਮਿਲਦੀ ਸੀ ਇਸ ਲਈ ਕਈ ਤਰਾਂ ਦੇ ਹੋਰ ਗ੍ਰੰਥ ਵੀ ਬਣਾਏ। ਗੁਰੂ ਗੋਬਿੰਦ ਸਾਹਬ ਦੇ ਦਸਤਖਾਂ ਦੀ ਨਕਲ ਕਰਕੇ ਉਨ੍ਹਾਂ ਦੇ ਨਾਂ ਹੇਠ ਪਟਨੇ ਵਾਲੇ ਸਾਧਾਂ ਨੇ ਚੌਗਣੀ ਕਮਾਈ ਕੀਤੀ। ਇਸ ਤਰਾਂ ਜਿਹੜੇ ਗ੍ਰੰਥ ਮੋਤੀ ਬਾਗ, ਪਟਨਾ, ਦਿੱਲੀ ਵਿਖੇ ਲੋਕਾਂ ਪਾਸ ਪਏ ਹਨ ਉਹ ਪਟਨੇ ਦੇ ਸਾਧਾਂ ਵਲੋਂ ਕਮਾਈ ਕਰਨ ਲਈ ਲਿਖੇ ਗਏ। ਫਰੰਗੀ ਸਰਕਾਰ ਨੂੰ ਜਦ ਇਨ੍ਹਾਂ ਸਾਧਾਂ ਬਾਰੇ ਪਤਾ ਲਗਾ ਤਾਂ ਉਨ੍ਹਾਂ ਨੇ ਇਨ੍ਹਾਂ ਕੋਲੋਂ ਗ੍ਰੰਥ ਖਰੀਦ ਕੇ ਉਸ ਵਿਚ ਵਾਧੈ ਕਰਾਕੇ ਇਨ੍ਹਾਂ ਰਾਹੀਂ ਪੰਜਾਬ ਵਿਚ ਭਿਜਵਾਏ ਤਾਕਿ ਸਿੱਖ ਧਰਮ ਨੂੰ ਖਲਤ-ਮਲਤ ਕਰਨ ਲਈ ਸਿਖਾਂ ਵਿਚਕਾਰ ਸ਼ੰਕੇ ਪੈਦਾ ਕਰ ਸਕਣ।

## (ੲ) ਦਸਮ ਗ੍ਰੰਥ ਦੀ ਮਿਥ ਦਾ ਆਰੰਭ: ਇਕ ਫ੍ਰੰਗੀ ਸਾਜ਼ਸ਼

ਜਿੱਥੇ ਵੀ ਅੰਗ੍ਰੇਜ਼ਾਂ ਨੇ ਆਪਣਾ ਰਾਜ ਸਥਾਪਤ ਕਰਨ ਹੁੰਦਾ ਸੀ ਉਥੇ ਪਹਿਲਾਂ ਮਿਸ਼ਨਰੀਆਂ ਵਲੋਂ ਲੋਕਾਂ ਨੂੰ ਇਸਾਈ ਬਨਾਉਣ ਦਾ ਕੰਮ ਆਰੰਭਦੇ ਸਨ। ਮਿਸ਼ਨਰੀਆਂ ਨੂੰ ਇਹ ਸਿਖਲਾਈ ਦਿੱਤੀ ਜਾਂਦੀ ਹੈ ਕਿ ਸਭ ਤੋਂ ਪਹਿਲਾਂ ਉਹ ਸਥਾਨਕ ਗਰੀਬ ਜੰਤਾ ਨੂੰ ਰੋਜ਼ੀ ਰੋਟੀ ਦਾ ਲਾਲਚ ਦੇਕੇ ਆਪਣੇ ਪੱਖ ਵਿਚ ਕਰਨ ਅਤੇ ਨਾਲ ਹੀ ਉਨ੍ਹਾਂ ਦੇ ਧਰਮ ਗ੍ਰੰਥਾਂ ਦੀ ਮਰਯਾਦਾ ਨੂੰ ਗੰਧਲਾ ਕਰਕੇ ਲੋਕ ਨੂੰ ਇਸਾਈ ਬਣਾਉਣ ਵਲ ਪਰੇਰਨ । ਇਹੋ ਪੈਂਤੜਾ ਉਨ੍ਹਾਂ ਨੇ ਸਿੱਖ ਰਾਜ ਨੂੰ ਖਲਤ ਮਲਤ ਕਰਨ ਲਈ ਵਰਤਿਆ।

18ਵੀਂ ਸਦੀ ਦੇ ਅਖੀਰ ਵਿਚ ਜਦ ਅੰਗ੍ਰੇਜ਼ਾਂ ਨੇ ਦੱਖਣ ਪੂਰਬੀ ਇਲਾਕੇ ਜਿੱਤ ਕੇ ਆਪਣਾ ਰਾਜ ਪੱਕਾ ਕਰ ਲਿਆ ਤਾਂ ਉਨ੍ਹਾਂ ਨੇ ਦਿੱਲੀ ਅਤੇ ਪੰਜਾਬ ਵਲ ਮੂੰਹ ਮੋੜਿਆ। ਉਸ ਵੇਲੇ ਪੰਜਾਬ ਵਿਚ ਸਿਖ ਮਿਸਲਾਂ ਦਾ ਰਾਜ ਸੀ ਜਿਨ੍ਹਾਂ ਦੀਆਂ ਸਿੱਖ ਫੌਜਾਂ ਦੀ ਤਾਕਤ ਅਤੇ ਬਹਾਦਰੀ ਤੋਂ ਅੰਗ੍ਰੇਜ਼ ਡਰਦੇ ਸਨ। ਮਿਸਲਾਂ ਦੇ ਸਰਦਾਰ ਗੁਰੂ ਨਾਨਕ ਦੇਵ ਵਲੋਂ ਮੂਲ ਮੰਤਰ ਵਿਚ ਪਰਿਭਾਸ਼ਤ ਕੀਤੇ ਗਏ ਇਕ ਪ੍ਰਮਾਤਮਾ/ਰਬ ਦੇ ਸੰਕਲਪ ਅਤੇ ਦਸਮ ਪਾਤਸ਼ਾਹ ਦੇ ਆਦੇਸ਼, 'ਗੁਰੂ ਮਾਨਿਉਂ ਗ੍ਰੰਥ' ਵਿਚ ਯਕੀਨ ਰਖਦੇ ਸਨ। ਇਸ ਲਈ ਮਿਸ਼ਨਰੀ ਪੈਂਤੜੇ ਤਹਿਤ ਉਨ੍ਹਾਂ ਨੇ ਸਭ ਤੋਂ ਪਹਿਲਾਂ ਸਿੱਖਾਂ ਦੇ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਨੂੰ ਗੰਧਲਾ ਕਰਨ ਦੀ ਮਨਸ਼ਾ ਨਾਲ ਦਸਮ ਗ੍ਰੰਥ ਦੀ ਮਿੱਥ ਸ਼ੁਰੂ ਕੀਤੀ। ਉਨ੍ਹਾਂ ਦਿਨਾਂ ਵਿਚ ਪਟਨੇ ਸਾਹਿਬ ਦਾ ਤਖਤ ਕਲਕੱਤੇ ਵਿਚ ਸਥਾਪਤ ਹੋ ਚੁਕੀ ਅੰਗ੍ਰੇਜ਼ ਹਕੂਮਤ ਹੇਠ ਆਉਂਦਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਸਿੱਖਾਂ ਦੀ ਤਾਕਤ ਇਕ ਰੱਬ-ਇਕ ਗ੍ਰੰਥ-ਇਕ ਪੰਥ ਦੇ ਸੰਕਪ ਵਿਚ ਵਿਦਮਾਨ ਹੈ ਜਿਸ ਦੀ ਅਧਾਰਸ਼ਿਲਾ 'ਗੁਰੂ ਮਾਨਿਉਂ ਗ੍ਰੰਥ' ਹੈ। ਸਬਬ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਵੀ ਪਟਨੇ ਦਾ ਸੀ ਇਸ ਲਈ ਅੰਗ੍ਰੇਜ਼ਾਂ ਨੇ ਈਸਾਈ ਸਾਜ਼ਸ਼ ਪਟਨੇ ਸਾਹਿਬ ਤੋਂ ਸ਼ੁਰੂ ਕੀਤੀ। ਇਸ ਸਾਜ਼ਸ਼ ਵਿਚ ਪਟਨੇ ਤਖਤ ਦੇ ਕਰਤਾ ਧਰਤਾ ਨਿਰਮਲੇ ਸਾਧ ਦਿਆਲ ਸਿੰਘ, ਨਵਲ ਸਿੰਘ ਅਤੇ ਗ੍ਰੰਥੀ ਸੁੱਖਾ ਸਿੰਘ ਸਨ ਅਤੇ ਕਲਕੱਤੇ ਦੇ ਗੁਦੁਆਰੇ ਦਾ ਰਖਵਾਲਾ ਆਤਮਾ ਰਾਮ ਸ਼ਾਮਿਲ ਸੀ। ਇਨ੍ਹਾ ਪਾਸ 'ਨਾਨਕ ਪੰਥੀ ਕਾਵਿਯ' ਨਾਮੀਂ ਗ੍ਰੰਥ ਸੀ ਜੋ ਹਿੰਦਵੀ ਵਿਚ ਲਿਖਿਆ ਹੋਇਆ ਸੀ ਜਿਸ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' ਵਿਚ ਕੀਤਾ ਹੈ। (ਸੁੱਖਾ ਸਿੰਘ ਗ੍ਰੰਥੀ ਔਰ। । ਰਚੀ ਬੀੜ ਪਟਨੇ ਮੈ ਗੌਰ। । )। ਇਸ ਬੀੜ ਬਾਰੇ ਚਾਰਲਜ਼ ਵਿਲਕਨ ਨੇ ਵੀ 1781 ਈ. ਵਿਚ ਸੁਣਿਆ ਸੀ। ਇਸ ਗ੍ਰੰਥ ਦੇ ਨਾਂ ਤੋਂ ਭਾਸਦਾ ਹੈ ਕਿ ਇਸ ਵਿਚ ਗੁਰੂ ਨਾਨਕ ਵਲੋਂ ਚਲਾਏ ਗਏ ਸਿੱਖ ਪੰਥ ਨਾਲ ਸੰਬੰਦਤ ਬਾਣੀ ਸੀ, ਅਰਥਾਤ, ਇਹ ਆਦਿ/ਕਰਤਾਰਪੁਰੀ ਬੀੜ ਦੀ ਨਕਲ ਹੀ ਸੀ ਜਿਸ ਵਿਚ ਨਿਰਮਲਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਹੇਠ ਉਹ ਬਾਣੀ ਵੀ ਦਰਜ ਕਰ ਰੱਖੀ ਸੀ, ਕੁਝ ਜੋ ਉਸ ਵੇਲੇ ਪ੍ਰਚੱਲਤ ਸੀ ਅਤੇ ਕੁਝ ਆਪਣੇ ਕਲੋਂ ਲਿਖ ਕੇ ਪਾਈ ਹੋਈ ਸੀ ਜਿਸ ਦੀ ਅਗਵਾਹੀ ਗਿਆਨੀ ਗਿਆਨ ਸਿੰਘ ਵੀ ਦਿੰਦਾ ਹੈ:



ਪੁਨਾ ਚੜਤ ਸਿੰਘ ਤਾਕੇ ਪ੍ਰਤ। । ਅਖਰ ਦਸਮ ਗੁਰੁ ਸਮਸੂਤ। ।
ਕਰ ਕੈ ਪਾਂਚ ਪਤਰੇ ਔਰ। । ਗੁਰੁ ਤਰਫੋਂ ਲਿਖ ਪਾਏ ਗੌਰ। ।
ਔਰ ਗ੍ਰੰਥ ਇਕ ਵੈਸਾ ਕੀਓ। । ਸੋ ਬਾਬੇ ਹਾਕਮ ਸਿੰਘ ਲੀਓ। ।

ਉਸ ਵੇਲੇ ਕਲਕੱਤੇ ਵਿਚ ਕੋਲਬਰੁਕ ਬ੍ਰਿਟਿਸ਼ ਐਡਮਨਿਸਟ੍ਰੇਟਰ ਸੀ, ਚਾਰਲਜ਼ ਵਿਲਕਨਜ਼ ਬ੍ਰਿਟਿਸ਼ ਲਾਇਬ੍ਰੇਰੀ ਦਾ ਇਨਚਾਰਜ ਸੀ ਅਤੇ ਜੌਹਨ ਮੈਲਕਮ ਮਿਲਟ੍ਰੀ ਐਡਮਨਿਸਟ੍ਰੇਟਰ ਸੀ। ਲਗਦਾ ਇਉਂ ਹੈ ਕਿ ਇਨ੍ਹਾਂ ਗੋਰਿਆਂ ਨੇ ਨਿਰਮਲਿਆਂ ਨਾਲ ਮਿਲ ਕੇ 'ਗੁਰੂ ਨਾਨਕ ਕਾਵਿਯ' ਵਿਚੋਂ ਦਸਮ ਪਾਤਸ਼ਾਹ ਦੀ ਬਾਣੀ ਨੂੰ ਜੁਦਾ ਕਰਵਾਕੇ ਇਸ ਵਿਚ ਗੁਰੂ ਜੀ ਦੀ ਬਾਣੀ ਨਾਲ ਮਿਲਦੇ-ਜੁਲਦੇ ਹੋਰ ਸਲੋਕਾਂ ਨੂੰ ਰਲਾਇਆ ਤਾਕਿ ਇਸ ਨੂੰ ਦਸਮ ਗ੍ਰੰਥ ਦਾ ਰੂਪ ਦਿੱਤਾ ਜਕਾ ਸਕੇ। ਕਈ ਇਤਿਹਾਸਕਾਰ, ਜਿਵੇਂ **ਕੇਸਰ ਸਿੰਘ ਛਿੱਬਰ (ਬੰਸਾਵਲੀਨਾਮਾ) ਅਤੇ ਭਾਈ ਸੰਤੋਖ ਸਿੰਘ (ਸ੍ਰੀ ਗੁਰਪਰਤਾਪ ਸੂਰਜ ਗ੍ਰੰਥ)** ਕੁਝ 'ਖਾਸ ਪੱਤਰਿਆਂ' ਦਾ ਜ਼ਿਕਰ ਕਰਦੇ ਹਨ ਜੋ ਗੁਰੂ ਗੋਬਿੰਦ ਸਿੰਘ ਸਾਹਿਬ ਅਤੇ ਉਨ੍ਹਾਂ ਦੇ ਦਰਬਾਰੀ ਕਵੀਆਂ ਵਲੋਂ ਰਚੇ ਢੇਰ ਸਾਰੇ ਸਾਹਿਤ ਦੇ ਸਰਸਾ ਨਦੀ ਵਿਚ ਨਸ਼ਟ ਹੋਣ ਤੋਂ ਬਾਅਦ ਕੁਝ ਸਿੱਖਾਂ ਦੇ ਹੱਥ ਲੱਗੇ ਸਨ। ਗਿਆਨੀ ਗਿਆਨ ਸਿੰਘ ਨੇ 'ਪੰਥ ਪ੍ਰਕਾਸ਼' (1880) ਵਿਚ ਲਿਖਿਆ ਹੈ ਕਿ ਸੁੱਖਾ ਸਿੰਘ (ਜੋ ਬਾਅਦ ਵਿਚ ਤੱਖਤ ਪਟਨਾ ਸਾਹਿਬ ਦਾ ਜਥੇਦਾਰ ਬਣਿਆ) ਦਾ ਪੁੱਤ ਚੜ੍ਹਤ ਸਿੰਘ ਇਨ੍ਹਾਂ ਖਾਸ ਪੱਤਰਿਆਂ ਦੇ ਉਤਾਰਿਆਂ ਨੂੰ ਮੁੱਲ ਵੇਚ ਕੇ ਕਮਾਈ ਕਰਦਾ ਸੀ। ਸ਼ਾਇਦ ਇਹ ਉਹੀ ਪੱਤਰੇ ਹੋਣ ਜਿਨ੍ਹਾਂ ਤੇ ਲਿਖੀ ਹੋਈ ਬਾਣੀ ਨੂੰ ਦਸਵੀਂ ਪਾਤਸ਼ਾਹੀ ਦੀ ਕਿਆਸ ਕਰਕੇ 'ਨਾਨਕ ਪੰਥੀ ਕਾਵਿਯ' ਵਿਚ ਰਲਾਇਆ ਗਿਆ ਹੋਵੇ। ਇਹ ਵੀ ਲਿਖਿਆ ਮਿਲਦਾ ਹੈ ਕਿ ਸੁੱਖਾ ਸਿੰਘ ਦੀ ਹੱਥ-ਲਿਖਤ ਗੁਰੂ ਗੋਬਿੰਦ ਸਿੰਘ ਜੀ ਦੀ ਹਥ-ਲਿਖਤ ਨਾਲ ਮਿਲਦੀ ਸੀ। ਹੋ ਸਕਦਾ ਹੈ ਕਿ ਉਸ ਨੇ ਮਿਲਦੇ 'ਖਾਸ ਪੱਤਰਿਆਂ' ਦੀ ਲਿਖਤ ਨੂੰ ਵਾਚ ਕੇ ਅਭਿਆਸ ਨਾਲ ਆਪਣੀ ਹੱਥ-ਲਿਖਤ ਨੂੰ ਉਨ੍ਹਾਂ ਤੇ ਲਿਖੇ ਹੋਏ ਅੱਖਰਾਂ ਵਰਗਾ ਬਣਾ ਲਿਆ ਹੋਵੇ ਅਤੇ ਇਹ ਗੁਣ (ਔਗਣ) ਗੁਰੂ ਜੀ ਦੇ ਨਾਂ ਹੇਠ ਮੰਘੜਤ ਬਾਣੀ ਲਿਖਣ ਦੇ ਕੰਮ ਆਇਆ ਹੋਵੇ। ਗਿਆਨੀ ਗਿਆਨ ਸਿੰਘ ਨੇ ਵੀ ਲਿਖਿਆ ਹੈ ਕਿ ਚੜ੍ਹਤ ਸਿੰਘ ਨੇ ਪੰਜ ਪੱਤਰੇ ਆਪਣੇ ਕੋਲੋਂ ਲਿਖ ਕੇ ਗ੍ਰੰਥ ਵਿਚ ਪਾਏ (ਕਰ ਕੈ ਪਾਂਚ ਪਤਰੇ ਔਰ। । ਗੁਰੁ ਤਰਫੋਂ ਲਿਖ ਪਾਏ ਗੌਰ। । )। ਇਹ ਦਲੀਲ਼ ਠੀਕ ਲਗਦੀ ਹੈ ਕਿਉਂਕਿ ਚੜ੍ਹਤ ਸਿੰਘ ਗੁਰੂ ਗੋਬਿੰਦ ਸਿੰਘ ਦੇ ਨਾਂ ਹੇਠ ਪੱਤਰਿਆਂ ਦੇ ਉਤਾਰੇ ਵੇਚਦਾ ਸੀ ਅਸਲੀ ਉਸ ਪਾਸ ਰਹਿੰਦੇ ਸਨ। ਜੇ ਉਹ ਪੱਤਰਿਆਂ ਦੇ ਰੂਪ ਵਿਚ ਬਾਣੀ ਵੇਚ ਸਕਦਾ ਸੀ ਤਾਂ ਲਾਲਚ ਵਿਚ ਆਕੇ ਉਸ ਨੇ ਗੁਰੂ ਜੀ ਦੇ ਨਾਂ ਹੇਠਾਂ ਹੋਰ ਬਾਣੀ ਵੀ ਲਿਖੀ ਹੋਵੇਗੀ ਜੋ 'ਨਾਨਕ ਪੱਥੀ ਕਾਵਿਯ' ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਹੇਠ ਦਰਜ ਕੀਤੀ ਹੋਵੇਗੀ।

ਓਰੋਕਤ ਮਨੌਤਾਂ (Hypotheses) ਮੂਲੋਂ ਮਨਘੜਤ ਅਤੇ ਦਲੀਲ਼ ਰਹਿਤ ਨਹੀਂ ਹਨ ਕਿਉਂਕਿ ਇਨ੍ਹਾਂ ਦੀ ਪਿਠਭੂਮੀ ਵਿਚ ਇਤਿਹਾਸਕ ਗਵਾਹੀ ਵੀ ਮਿਲਦੀ ਹੈ। ਇਸ

ਤਰਾਂ ਭਿੰਨ ਭਿੰਨ ਲਿਖਤਾਂ ਦੇ ਜੋੜ ਨਾਲ ਜਦ 'ਨਾਨਕ ਪੰਥੀ ਕਾਵਿਯ' ਵੱਡ ਆਕਾਰਾ ਗ੍ਰੰਥ ਬਣ ਗਿਆ ਤਾਂ ਅੰਗ੍ਰੇਜ਼ਾਂ ਨੇ ਇਸ ਨੂੰ ਨਿਰਮਲਿਆਂ ਕੋਲੋਂ ਗੁਰਮੁਖੀ ਵਿਚ ਲਿਪੀਅੰਤਰ ਕਰਵਾਕੇ ਇਸ ਦਾ ਨਾਂ 'ਗੁਰਮੁਖੀ ਗ੍ਰੰਥ ਦਸਵਾਂ ਪਾਸ਼ਾਹੀ' ਰੱਖ ਦਿੱਤਾ ਗਿਆ। ਪਟਨੇ ਵਾਲੇ ਨਿਰਮਲਿਆਂ ਵਲੋਂ ਬਣਾਏ ਇਸੇ ਗ੍ਰੰਥ ਨੂੰ ਕੋਲਬਰੁਕ ਨੇ ਪ੍ਰਾਪਤ ਕਰਕੇ ਕਲਕੱਤੇ ਵਿਖੇ ਇਸ ਦੀ ਕਾਪੀ ਬਣਾਈ ਅਤੇ ਬ੍ਰਿਟਿਸ਼ ਲਾਇਬ੍ਰੇਰੀ ਨੂੰ ਸੌਂਪ ਦਿੱਤੀ ਜਿਸ ਦਾ ਇਨਚਾਰਜ ਚਾਰਜ਼ ਵਿਲਕਨਜ਼ ਸੀ। ਇਸੇ ਗ੍ਰੰਥ ਨੂੰ ਜੌਹਨ ਮੈਲਕਮ ਨੇ ਆਪਣੀ ਪੁਸਤਕ Sketch of the Sikhs (1810-1812) ਲਿਖਣ ਲਈ ਵਰਤਿਆ। ਅਤੇ ਇਸੇ ਗ੍ਰੰਥ ਨੂੰ ਨਿਰਮਲਿਆਂ ਦੀ ਸਹਾਇਤਾ ਨਾਲ ਪੰਜਾਬ ਦੇ ਗੁਰਦੁਆਰਿਆਂ ਵਿਚ ਧਰਿਆ ਅਰਥਾਤ, Transplant" ਕੀਤਾ ਗਿਆ ਤਾਕਿ ਸਿੱਖ ਧਰਮ ਨੂੰ ਖੋਰਾ ਲਾਇਆ ਜਾ ਸਕੇ।

ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਇਕੱਠਾ ਕਰਕੇ 1799 ਈ. ਵਿਚ ਪੰਜਾਬ ਤੇ ਰਾਜ ਸਥਾਪਤ ਕਰ ਲਿਆ। ਫੂੰਗੀ ਰਾਜਨੀਤੀ ਵਰਤ ਕੇ ਅੰਗ੍ਰੇਜ਼ਾਂ ਨੇ ਸਤਲੁਜ ਦਰਿਆ ਦੇ ਚੜ੍ਹਦੇ ਪਾਸੇ ਦੀਆਂ ਸਿੱਖ ਰਿਆਸਤਾਂ ਨਾਲ 1809 ਈ. ਵਿਚ ਸੰਧੀ ਕਰਕੇ ਸਤਿਲੁਜ ਦੇ ਇਲਾਕੇ ਤੱਕ ਪਹੁੰਚ ਕਾਇਮ ਕਰ ਲਈ। ਉਪਰੋਕਤ ਗ੍ਰੰਥ ਨੂੰ ਸਤਲੁਜ ਦੇ ਚੜ੍ਹਦੇ ਪਾਸੇ ਤੱਕ ਵੰਡ ਕੇ ਸਿੱਖਾਂ ਨੂੰ ਭੰਬਲਭੂਸੇ ਵਿਚ ਪਾਉਣਾ ਸ਼ੁਰੂ ਕਰ ਦਿੱਤਾ। ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਕਿਸੇ ਦਸਮ ਗ੍ਰੰਥ ਦਾ ਘੱਟ ਵਧ ਹੀ ਪਤਾ ਸੀ ਅਤੇ ਨਾ ਹੀ ਇਹ ਗ੍ਰੰਥ ਕਦੇ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕੀਤਾ ਗਿਆ ਸੀ। ਸਨ 1846 ਵਿਚ ਧੋਖੇ ਨਾਲ ਐਂਗਲੋ ਸਿੱਖ ਲੜਾਈ ਜਿੱਤਣ ਉਪਰੰਤ ਅੰਗ੍ਰੇਜ਼ਾਂ ਨੇ ਇਸ ਗ੍ਰੰਥ ਨੂੰ ਜਨਵਰੀ 1847 ਵਿਚ ਹਿੰਦੀ ਵਿਚ ਉਲਥਾ ਕੇ ਹਿੰਦੂਆਂ ਅਤੇ ਸਿੱਖਾਂ ਨੂੰ ਇਕੋ ਧਰਮ ਮਰਯਾਦਾ ਨਾਲ ਜੋੜਨਾ ਚਾਹਿਆ। ਚੌਵੀਸ਼ ਅਵਤਾਰਾਂ ਦੇ ਨਾਵਾਂ ਦੇ ਅਧਾਰ ਤੇ ਸਿੱਖ ਧਰਮ ਦੇ ਇਕ ਓਂਕਾਰ ਦੇ ਸੰਕਲਪ ਦੀ ਵਜਾਏ ਅਨੇਕ ਓਂਕਾਰ ਦੀ ਮਿਥ ਈਜਾਦ ਕਰਕੇ ਸਿੱਖਾਂ ਨੂੰ ਹਿੰਦੂਆਂ ਨਾਲ ਰਲਗਡ ਕਰਨਾ ਚਾਹਿਆ, ਓਂਕਾਰ ਨੂੰ ੳ ਵਿਚ ਤਬਦੀਲ ਕੀਤਾ। ਅਰਥਾਤ, ਸਿੱਖ ਧਰਮ ਦੇ ਸੂਤਰ 'ਮੂਲਮੰਤਰ' ਵਿਚ ਅੰਕਤ ਸਿੱਖਾਂ ਦੇ ਇਕ ਈਸ਼ਰਵਾਦੀ ਸੰਕਲਪ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਇਸ ਪਰਕਾਰ 1849 ਵਿਚ ਹਿੰਦੂ ਅਤੇ ਸਿੱਖਾਂ ਨੂੰ ਕੰਟਰੋਲ ਵਿਚ ਕਰਕੇ 'ਸਿੱਖ' ਅਤੇ 'ਹਿੰਦੂ' ਦੇ ਭੇਦ ਨੂੰ ਮਟਾਉਣਾ ਚਾਹਿਆ। ਮਹਾਂਰਾਜਾ ਦਲੀਪ ਸਿੰਘ ਨੂੰ ਤਾਂ ਚੱਕ ਕੇ ਇੰਗਲੈਂਡ ਲੈ ਗਏ ਤਾਕਿ ਪੰਜਾਬ ਚੋਂ ਸਿੱਖ ਰਾਜ ਦਾ ਨਾਮੋਨਿਸ਼ਾਨ ਹੀ ਮਿਟ ਜਾਵੇ। ਇਤਿਹਾਸ ਵਿਚ ਇਹ ਪਹਿਲੀ ਦੁਰਘਟਨਾ ਹੈ ਜਿੱਥੇ ਕਿਸੇ ਮੁਲਕ ਦੇ ਹੁਕਮਰਾਨ ਨੂੰ ਧੱਕੇ ਨਾਲ ਚੁੱਕ ਕੇ ਦੇਸ਼ ਨਿਕਾਲਾ ਦਿੱਤਾ ਗਿਆ ਹੋਵੇ ਅਤੇ ਧਰਮ ਬਦਲਣ ਲਈ ਮਜ਼ਬੂਰ ਕੀਤਾ ਗਿਆ ਹੋਵੇ।

**1. ਕੋਲਬਰੁਕ ਵਾਲੀ ਬੀੜ** (Mss D5 Punjabi (HT Colebrook)

ਕਥਤ ਦਸਮ ਗ੍ਰੰਥ ਦਾ ਮੁੱਢ ਕੋਲਬਰੁਕ (Colebrook) ਵਾਲੀ ਬੀੜ ਤੋਂ ਬੱਝਾ। ਅਠਾਰਵੀਂ ਸਦੀ ਦੇ ਅਖੀਰ ਤੱਕ ਕਿਸੇ ਵੀ ਗ੍ਰੰਥ ਦੀ ਕੋਈ ਉੱਗ-ਸੁੱਘ ਨਹੀਂ ਮਿਲਦੀ ਜਿਸ



ਦਾ ਨਾਂ 'ਸ੍ਰੀ ਦਸਮ ਗ੍ਰੰਥ', 'ਦਸਮ ਪਾਤਸ਼ਾਹੀ ਦਾ ਗ੍ਰੰਥ', 'ਗੁਰੂ ਗੋਬਿੰਦ ਸਿੰਘ ਜੀ ਦਾ ਗ੍ਰੰਥ' ਜਾਂ 'ਦਸਮ ਗ੍ਰੰਥ' ਹੋਵੇ। ਉਪਰੋਕਤ ਦਿੱਤੇ ਪੰਜਾਬੀ ਇਤਿਹਾਸਕ ਸਰੋਤਾਂ ਦੇ ਨਾਲ ਨਾਲ, ਭਾਰਤੀ, ਅਰਬੀ-ਫਾਰਸੀ ਅਤੇ ਪੱਛਮੀ ਸੋਮਾ ਸਰੋਤ ਵੀ ਕਥਤ ਦਸਮ ਗ੍ਰੰਥ ਬਾਰੇ ਚੁੱਪ ਹਨ। ਜਿਨ੍ਹਾਂ ਗ੍ਰੰਥਾਂ ਦਾ ਇਤਿਹਾਸ ਵਿਚ ਜ਼ਿਕਰ ਆਇਆ ਹੈ ਜਿਵੇਂ ਸਮੁੰਦਰ ਸਾਗਰ (ਕੇਸਰ ਸਿੰਘ ਛਿੱਬਰ), ਵਿਦਿਆ ਸਾਗਰ (ਸਰੂਪ ਦਾਸ ਭੱਲਾ), ਵਿਦਿਆਧਰ ਗ੍ਰੰਥ (ਭਾਈ ਸੰਤੋਖ ਸਿੰਘ), ਅਤੇ ਇਕੱਲੀਆਂ ਪੋਥੀਆਂ (ਗਿਆਨੀ ਗਿਆਨ ਸਿੰਘ), ਇਨ੍ਹਾਂ ਲਿਖਕਾਂ ਅਨੁਸਾਰ ਇਹ ਸਾਰੇ ਨਸ਼ਟ ਹੋ ਚੁਕੇ ਹੋ ਚੁੱਕੇ ਹਨ। ਇਸ ਲਈ ਸਿੱਖ ਇਤਿਹਾਸ ਵਿਚ ਕੋਈ ਵੀ 'ਦਸਮ ਗ੍ਰੰਥ' ਨਾਮੀ ਗ੍ਰੰਥ ਨਹੀਂ ਮਿਲਦਾ ਜੋ ਗੁਰੂ ਸਾਹਿਬ ਦੇ ਦਸਤੇ ਮੁਬਾਰਕ ਨਾਲ ਰਚਿਆ ਗਿਆ ਹੋਵੇ। ਪਹਿਲੀ ਵਾਰ ਜੌਹਨ ਮੈਲਕਮ (John Malcolm) ਨੇ ਆਪਣੀ ਪੁਸਤਕ, Sketch of the Sikhs, ਵਿਚ "ਦਸਵਾਂ ਪਾਤਸ਼ਾਹ ਕਾ ਗ੍ਰੰਥ" ਨਾਂ ਵਰਤਿਆ। ਉਸ ਨੇ ਲਿਖਿਆ ਕਿ ਪੰਜਾਬ ਵਿਚੋਂ 1805 ਈ. ਵਿਚ ਉਸ ਨੂੰ ਕੇਵਲ "ਗੁਰੂ ਗ੍ਰੰਥ ਸਾਹਿਬ" ਦੀ ਕਾਪੀ ਮਿਲੀ ਪਰ 'ਦਸਵਾਂ ਪਾਤਸ਼ਾਹੀ ਕਾ ਗ੍ਰੰਥ' ਦੀ ਕਾਪੀ ਕਲਕੱਤੇ ਤੋਂ ਐਚ. ਟੀ. ਕੋਲਬਰੁਕ (H.T. Colebrook) ਕੋਲੋਂ ਮਿਲੀ ਜੋ ਉਸ ਨੇ ਅਣਥਕ ਖੋਜ ਕਰਕੇ ਬੜੇ ਯਤਨਾਂ ਨਾਲ ਪ੍ਰਾਪਤ ਕੀਤੀ। ਮੈਲਕਮ ਦੇ ਆਪਣੇ ਸ਼ਬਦਾਂ ਵਿਚ ਲਿਖਿਆ ਹੈ:

"I succeeded with difficulty in obtaining a copy of the Adi-Granth and some historical tracts, the most essential parts of which, when I returned to Calcutta, were explained to me by a Sikh priest of the Nirmala order, whom I found equally intelligent and communicative, and who spoke of the religion and ceremonies of his sect with less restraint than any of his brethren whom I had met with in Penjab…however, that the indefatigable research of Mr. Colebrook has procured not only the Adi-Granth, but also the Dasima Padshah ka Granth; and that, consequently, he is in possession of the two most sacred books of the Sikhs.

ਜੌਹਨ ਮੈਲਕਮ, ਲੌਰਡ ਲੇਕ (Lord Lake) ਨਾਲ 1805 ਵਿਚ ਪੰਜਾਬ ਆਇਆ; ਉਸ ਨਾਲ ਰਿਆਸਤ ਜੀਂਦ ਦਾ ਰਾਜਾ ਭਾਗ ਸਿੰਘ ਵੀ ਸੀ। ਇਹ ਸਾਰੇ ਬਿਆਸ ਦਰਿਆ ਤੱਕ ਗਏ। ਪਹਿਲੀ ਗੱਲ ਤਾਂ ਇਹ ਹੈ ਕਿ ਮੈਲਕਮ ਨੂੰ ਅਜੇਹੀ ਕਿਹੜੀ ਲੋੜ ਪੈ ਗਈ ਸੀ ਕਿ ਉਸ ਨੂੰ ਸਿੱਖਾਂ ਦੇ ਧਰਮ ਗ੍ਰੰਥਾਂ ਨੂੰ ਭਾਲਣ ਲਈ ਪੰਜਾਬ ਆਉਣਾ ਪਿਆ ਅਤੇ ਬੜੀ ਮੁਸ਼ਕਲ ਨਾਲ 'ਆਦਿ ਗ੍ਰੰਥ' ਪ੍ਰਾਪਤ ਕਰ ਸਕਿਆ ਪਰ ਦਸਮ ਗ੍ਰੰਥ ਫੇਰ ਵੀ ਉਪਲੱਬਦ ਨਹੀਂ ਹੋਇਆ। ਪੰਜਾਬ ਵਿਚ ਉਸ ਵੇਲੇ ਸਿੱਖਾਂ ਦੀ ਹਕੂਮਤ ਸੀ ਅਤੇ ਇਹ ਸਿੱਖ ਕੌਮ ਦਾ ਮੁਲਕ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਅਕਾਲੀ ਫੂਲਾ

ਸਿੰਘ ਅਤੇ ਹਰੀ ਸਿੰਘ ਨਲੂਏ ਵਰਗਰ ਜੋਧੇ ਦਸਵੇਂ ਗੁਰੂ ਦੇ ਸੰਪੂਰਨ ਸਿੱਖ ਸਨ। ਜੇ ਉਨ੍ਹਾਂ ਨੂੰ ਕਿਸੇ ਦਸਨ ਗ੍ਰੰਥ ਦਾ ਥੌਂ ਪਤਾ ਨਹੀਂ ਸੀ ਤਾਂ ਹੋਰ ਕਿਸੇ ਨੂੰ ਕਿਵੇਂ ਹੋ ਸਕਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੇ ਸਿੱਖ ਰਾਜ ਵਿਚੋਂ ਮੈਲਕਮ ਨੂੰ ਦਸਮ ਗ੍ਰੰਥ ਕਿਉਂ ਨਾ ਮਿਲ ਸਕਿਆ? ਇਸ ਦਾ ਉਤਰ ਇਹ ਹੈ ਕਿ ਪੰਜਾਬ ਵਿਚ ਉਸ ਵੇਲੇ ਕੇਵਲ 'ਗੁਰੂ ਗ੍ਰੰਥ ਸਹਿਬ' ਹੀ ਗੁਰਦੁਆਰਿਆਂ ਵਿਚ ਪ੍ਰਕਾਸ਼ ਕੀਤਾ ਜਾਂਦਾ ਸੀ। ਕਿਉਂਕਿ ਇਸ ਤੋਂ ਵਗੈਰ ਸਿੱਖਾਂ ਦਾ ਕੋਈ ਹੋਰ ਗ੍ਰੰਥ ਹੈ ਹੀ ਨਹੀਂ ਸੀ ਇਸ ਲਈ ਦਸਮ ਗ੍ਰੰਥ ਕਿੱਥੋਂ ਮਿਲਣਾ ਸੀ। ਦਿਲਚਸਪ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਮੈਲਕਮ ਨੂੰ ਦਸਮ ਗ੍ਰੰਥ ਕਲਕੱਤੇ ਵਿਚੋਂ ਕੋਲਬਰੁਕ ਕੋਲੋਂ ਪ੍ਰਾਪਤ ਹੋਇਆ ਜਿੱਥੇ ਸਿੱਖਾਂ ਦੀ ਵਸੋਂ ਆਟੇ ਵਿਚ ਲੂਣ ਵਾਂਗ ਸੀ। ਪਟਨਾ ਅਤੇ ਕਲਕੱਤੇ ਵਿਚ ਗੁਰਦੁਆਰੇ ਸਨ ਜਿਨ੍ਹਾਂ ਨੂੰ ਨਿਰਮਲੇ ਕੰਟ੍ਰੋਲ ਕਰਦੇ ਸਨ ਜਿਨ੍ਹਾਂ ਨਾਲ ਮਿਲ ਕੇ ਗੋਰਿਆਂ ਨੇ ਦਸਮ ਗ੍ਰੰਥ ਦੀ ਮਿੱਥ ਨੂੰ ਸ਼ੁਰੂ ਕੀਤਾ।

ਮੈਲਕਮ ਦੀ ਪੁਸਤਕ 1810 ਈ. ਵਿਚ ਛਾਪੀ ਗਈ ਜਿਸ ਵਿਚ ਪਹਿਲੀ ਬਾਰ 'ਦਸਵਾਂ ਪਾਤਸ਼ਾਹ ਕਾ ਗ੍ਰੰਥ' ਦਾ ਨਾਂ ਵਰਤਿਆ ਗਿਆ ਜੋ ਉਸ ਨੇ ਕੋਲਬਰੁਕ ਤੋਂ ਪ੍ਰਾਪਤ ਕੀਤਾ। ਐਚ. ਟੀ. ਕੋਲਬਰੁਕ ਨੇ ਇਹੋ ਬੀੜ 1812 ਵਿਚ ਬ੍ਰਿਟਿਸ਼ ਲਾਇਬ੍ਰੇਰੀ, ਲੰਦਨ ਨੂੰ ਸੌਂਪ ਦਿੱਤੀ ਜੋ ਲਾਇਬ੍ਰੇਰੀ ਕੈਟਾਲੌਗ ਨੰਬਰ (Mss D5 Punjabi (H.T. Colebrook) ਨਾਂ ਹੇਠ ਦਰਜ ਹੈ। ਇਹ ਬੀੜ ਕਿਹੜੇ ਸਾਲ, ਕਿੱਥੋਂ, ਕਿਵੇਂ, ਅਤੇ ਕਿਹਦੇ ਕੋਲੋਂ ਪ੍ਰਾਪਤ ਕੀਤੀ ਗਈ, ਇਸ ਬਾਰੇ ਨਾ ਤਾਂ ਬੀੜ ਵਿਚ ਕੋਈ ਸਾਖਿਆਤ ਗਵਾਹੀ ਹੈ, ਨਾ ਕੋਲਬਰੁਕ ਹੀ ਕੁਝ ਦਸਦਾ ਹੈ ਅਤੇ ਨਾ ਹੀ ਮੈਲਕਮ ਨੂੰ ਕੋਈ ਥੌਹ ਪਤਾ ਹੈ। ਪਰ ਇਕ ਗੱਲ ਨਿਸਚਿਤ ਹੈ ਕਿ ਇਹ, ਥੋੜੀਆਂ ਸਤਰਾਂ ਨੂੰ ਛੱਡ ਕੇ, ਕਥਤ ਗ੍ਰੰਥ ਨਾਲ ਮਿਲਦੀ ਹੈ। ਹੇਠਾਂ ਸੋਧਕ ਕਮੇਟੀ ਵਲੋਂ ਸੋਧੇ ਦਸਮ ਗ੍ਰੰਥ ਅਤੇ ਕੋਲਬਰੁਕ ਵਾਲੀ ਬੀੜਾਂ ਦੀ ਸਮਾਨਤਾ ਅਤੇ ਅੰਤਰ ਦਾ ਲੇਖਾ-ਜੋਖਾ ਕਰਦੇ ਹਾਂ

**2. ਦਸਮ ਗ੍ਰੰਥ ਅਤੇ ਕੋਲਬਰੁਬ ਵਾਲੀ ਬੀੜ ਵਿਚ ਅੰਤਰ**

ਸਭ ਤੋਂ ਪਹਿਲੀ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਕੋਲਬਰੁਕ ਅਤੇ ਛਪੇ ਹੋਏ ਦਸਮ ਗ੍ਰੰਥਾਂ ਦੀਆਂ ਵਖ ਵਖ ਬੀੜਾਂ ਜਿਵੇਂ, ਜਵਾਹਰ ਸਿੰਘ ਵਾਲੀ ਬੀੜ (1979 ਈ.), ਚਤਰ ਸਿੰਘ ਜੀਵਨ ਸਿੰਘ ਵਾਲੀ ਬੀੜ (1998 ਈ.), ਰਤਨ ਸਿੰਘ ਜੱਗੀ (1999 ਈ.) ਵਲੋਂ ਟੀਕੇ ਲਈ ਵਰਤੀ ਗਈ ਬੀੜ ਵਿਚ ਥੋੜਾ-ਵਾਹਲਾ ਫਰਕ ਹੈ। ਇਹ ਸਾਰੀਆਂ ਬੀੜਾਂ ਸੋਧਕ ਕਮੇਟੀ ਵਲੋਂ ਸੰਪਾਦ ਕੀਤੇ ਗਏ ਦਸਮ ਗ੍ਰੰਥ ਦੀਆਂ ਕਾਪੀਆਂ ਹੋਣੀਆਂ ਚਾਹੀਦੀਆਂ ਸਨ ਪਰ ਇਨ੍ਹਾਂ ਵਿਚ ਵੀ ਥੋੜ੍ਹਾ ਥੋੜ੍ਹਾ ਫਰਕ ਹੈ। ਅਸੀਂ ਕੇਵਲ ਚਤਰ ਸਿੰਘ ਜੀਵਨ ਸਿੰਘ ਵਲੋਂ ਪ੍ਰਕਾਸ਼ਤ ਕੀਤੇ ਹੋਏ ਦਸਮ ਗ੍ਰੰਥ ਦਾ ਕੋਲਬਰੁਕ ਵਾਲੀ ਬੀੜ ਨਾਲ ਤੁਲਨਾ ਕਰਾਂਗੇ।

ਚਤਰ ਸਿੰਘ ਜੀਵਨ ਸਿੰਘ ਵਾਲੀ ਬੀੜ ਵਿਚ ਰਚਨਾਵਾਂ ਦੀ ਤਰਤੀਬ, ਸਫਿਆਂ ਸਮੇਤ, ਇਸ ਪਰਕਾਰ ਹੈਃ ਜਾਪੁ (1-10), ਅਕਾਲ ਉਸਤਤਿ (11-38),



ਬਚਿਤ੍ਰ ਨਾਟਕ (39-73), ਚੰਡੀ ਚਰਿਤ੍ਰ-1 (74-99), ਚੰਡੀ ਚਰਿਤ੍ਰ-2 (100-119), ਵਾਰ ਦੁਰਗਾ ਕੀ (119-127), ਗਿਆਨ ਪ੍ਰਬੋਧ (127-155), ਚੌਬੀਸ ਅਵਤਾਰ (155-611), ਬ੍ਰਹਮ ਅਵਤਾਰ (611-635), ਰੁਦ੍ਰ ਅਵਤਾਰ (635-709), (ਫੁਟਕਲ ਰਚਨਾਵਾਂ) ਸ਼ਬਦ ਹਜਾਰੇ-ਰਾਮਕਲੀ ਪਾ. 10 (709-712), ਸਵੈਯੇ (712-716), ਖਾਲਸਾ ਮਹਿਮਾ-ਸਵੈਯੇ (716-717), ਸਸਤ੍ਰ ਨਾਮ ਮਾਲਾ (717-808), ਚਰਿਤ੍ਰੋਪਾਖਿਆਨ (809-1388), ਜਫਰਨਾਮਾ (1389-1394) ਅਤੇ ਹਿਕਾਇਤਾਂ (1394-1428)। ਮੁਕਾਬਲੇ ਤੇ ਕੋਲਬਰੁਕ ਬੀੜ ਵਿਚ ਇਹ ਤਰਤੀਬ ਕਈ ਥਾਵਾਂ ਤੇ ਮਿਲਦੀ ਹੈ ਕਈ ਹਿਸਿਆਂ ਵਿਚ ਕਾਫੀ ਅੰਤਰ ਹੈ। ਦੋਹਾਂ ਵਿਚ ਬਾਣੀਆਂ ਦੀ ਤਰਤੀਬ ਹੇਠ ਦਿੱਤੀ ਜਾਂਦੀ ਹੈ।

| **ਕਥਿਤ ਦਸਮ ਗ੍ਰੰਥ** | **ਕੋਲਬਰੁਕ ਬੀੜ** |
|---|---|
| 1. ਜਾਪੁ | 1. ਜਾਪੁ |
| 2. ਅਕਾਲ ਉਸਤਤਿ | 2. ਅਕਾਲ ਉਸਤਤਿ |
| 3. ਬਚਿਤ੍ਰ ਨਾਟਕ (ਅਪਨੀ ਕਥਾ) | 3. ਬਚਿਤ੍ਰ ਨਾਟਕ (ਅਪਨੀ ਕਥਾ) |
| 4. ਚੰਡੀ ਚਰਿਤ੍ਰ (ਉਕਤਿ ਬਿਲਾਸ) | 4. ਚੰਡੀ ਚਰਿਤ੍ਰ (ਉਕਤਿ ਬਿਲਾਸ) |
| 5. ਚੰਡੀ ਚਰਿਤ੍ਰ (ਦੂਜਾ) | 5. ਚੰਡੀ ਚਰਿਤ੍ਰ-2 |
| 6. ਵਾਰ ਸ੍ਰੀ ਭਗਉਤੀ ਜੀ ਕੀ (ਵਾਰ ਦੁਰਗਾ ਕੀ) | 6. ਵਾਰ ਭਗਉਤੀ ਜੀ ਕੀ |
| 7. ਗਿਆਨ ਪ੍ਰਬੋਧ | 7. ਗਿਆਨ ਪ੍ਰਬੋਧ |
| 8. ਚੌਬੀਸ ਅਵਤਾਰ (ਬਿਸਨਾਵਤਾਰ) | 8. ਚੌਬੀਸ ਅਵਤਾਰ |
| 9. ਉਪ ਅਵਤਾਰ (ਬ੍ਰਹਮਾ ਅਤੇ ਰੁਦ੍ਰ) | 9. ਬ੍ਰਹਮਾਵਤਾਰ |
| 10. ਸ਼ਬਦ ਹਜ਼ਾਰੇ | 10. ਰੁਦ੍ਰਾਵਤਾਰ |
| 11. 33 ਸਵੈਯੇ | 11. ਸ਼ਸਤ੍ਰ ਨਾਮਮਾਲਾ |
| 12. ਖਾਲਸਾ ਮਹਿਮਾ | 12. 32 ਸਵੈਯੇ |
| 13, ਸ਼ਸਤ੍ਰ ਨਾਮਮਾਲਾ | 13. ਖਾਲਸਾ ਮਹਿਮਾ, ਸਵੈਯੇ |
| 14. ਚਰਿਤ੍ਰੋਪਾਖਿਆਨ | 14. ਸ਼ਬਦ ਹਜ਼ਾਰੇ |
| 15. ਜ਼ਫ਼ਰਨਾਮਾ-ਹਿਕਾਇਤਾਂ | 15. ਚਰਿਤ੍ਰੋਪਾਖਿਆਨ |
| 16. —————— | 16. ਜ਼ਫ਼ਰਨਾਮਾ |
| 17. —————— | 17. ਹਿਕਾਇਤਾਂ |

ਸਿੱਧ ਹੈ ਕਿ ਦੋਹਾਂ ਬੀੜਾਂ ਵਿਚ ਕੁਝ ਬਾਣੀਆਂ ਦੀ ਤਰਤੀਬ ਮਿਲਦੀ ਹੈ ਪਰ ਕੁਝ ਦੀ ਨਹੀਂ ਮਿਲਦੀ। ਪਰ ਦੋਹਾਂ ਵਿਚ ਸਾਰੀਆਂ ਬਾਣੀਆਂ ਮੌਜੂਦ ਹਨ। ਸੋਧਕ ਕਮੇਟੀ

ਨੇ ਜਦ 1897 ਈ. ਦੌਰਾਨ ਦਸਮ ਗ੍ਰੰਥ ਦੀ ਸੰਪਾਦਨਾ ਕੀਤੀ ਤਾਂ ਕੋਈ 32 ਗ੍ਰੰਥਾਂ (ਅਸਵਾਰਿਆਂ) ਦਾ ਆਸਰਾ ਲਿਆ ਗਿਆ। ਇਹ ਗ੍ਰੰਥ ਵੱਖਰੇ ਵੱਖਰੇ ਸੰਤਾਂ, ਸਾਧਾਂ ਜਾਂ ਮੱਠਾਂ ਦੇ ਡੇਰਿਆਂ ਵਿਚ ਮੌਜੂਦ ਸਨ ਅਤੇ ਉਨ੍ਹਾਂ ਦੀ ਆਪਣੀ ਆਪਣੀ ਸ਼ਰਧਾ ਅਨੁਸਾਰ ਪੜ੍ਹੇ ਅਤੇ ਪੂਜੇ ਜਾਂਦੇ ਸਨ। ਅਵਤਾਰਾਂ ਅਤੇ ਦੇਵੀ ਦੇਤਿਆਂ ਦੀ ਮਹੱਤਤਾ ਹਰ ਡੇਰੇ ਲਈ ਵੱਖਰੀ ਵੱਖਰੀ ਸੀ। ਕਿਸੇ ਦੀ ਕ੍ਰਿਸ਼ਨ ਅਵਤਾਰ ਅਤੇ ਕਿਸੇ ਦੀ ਰਾਮ ਅਵਤਾਰ ਵਿਚ ਸ਼ਰਧਾ ਸੀ ਅਤੇ ਕਈ ਮੱਠ ਅਜੇਹੇ ਵੀ ਸਨ ਜੋ ਇਸਤ੍ਰੀਚਿੱਤ ਸਨ ਅਤੇ ਚਰਿਤ੍ਰੋਪਾਖਿਆਨ ਵਿੱਚੋਂ ਕਾਮ-ਰਸ ਵਾਲੀਆਂ ਕਥਾਵਾਂ ਦਾ ਪਾਠ-ਪਠਨ ਕਰਦੇ ਸਨ। ਜਾਪਦਾ ਹੈ ਕਿ ਸੰਪਾਦਨਾ ਦੌਰਾਨ ਡੇਰਿਆਂ ਦੇ ਪ੍ਰਭਾਵ ਹੇਠਾਂ ਬਾਣੀਆਂ ਦੀ ਤਰਤੀਬ ਵਿਚ ਅਦਲਾ ਬਦਲੀ ਕੀਤੀ ਗਈ ਹੋਵੇ। ਇਸੇ ਕਰਕੇ ਕਥਤ ਦਸਮ ਗ੍ਰੰਥ ਦੀ ਸੰਪਾਦਨਾ ਦੇ ਮੁਢ ਵਿਚ ਹੀ ਸੋਧਕ ਕਮੇਟੀ ਦੇ ਦੋ ਧੜਿਆਂ (ਲਾਹੌਰ ਧੜਾ ਅਤੇ ਅੰਮ੍ਰਿਸਰ ਧੜਾ) ਵਿਚ ਬਾਣੀਆਂ ਦੀ ਅਸਹਿਮਤੀ ਕਰਕੇ ਅਣਬਣ ਹੋਈ ਸੀ! ਫਲਸਰੂਪ, ਉਸ ਤੋਂ ਬਾਅਦ ਵਿਚ ਛਾਪੇ ਗਏ ਦਸਮ ਗ੍ਰੰਥਾਂ ਦੀਆਂ ਬੀੜਾਂ ਵਿਚ ਥੋੜ੍ਹਾ ਬਾਹਲਾ ਅੰਤਰ ਆਇਆ ਜਾਪਦਾ ਹੈ।

**2. ਦਸਮ ਗ੍ਰੰਥ ਅਤੇ ਕੋਲਬਰੁਕ ਬੀੜ ਦੇ ਤਤਕਰਿਆਂ ਦੀ ਤੁਲਨਾ:**

ਦਸਮ ਗ੍ਰੰਥ, ਥੋੜ੍ਹੀਆਂ ਜਹੀਆਂ ਭਿੰਨਤਾਵਾਂ ਉਪਰੰਤ, ਕੋਲਬਰੁਕ ਵਾਲੀ ਬੀੜ ਨਾਲ ਮਿਲਦਾ ਹੈ। ਗੌਹ ਨਾਲ ਪੜ੍ਹਿਆਂ ਇਨ੍ਹਾਂ ਦੋਹਾਂ ਗ੍ਰੰਥਾਂ ਵਿਚ ਬਾਣੀਆ ਦੀ ਤਰਤੀਬ ਅਤੇ ਅੰਦਰਲੀ ਸਮਗਰੀ ਵਿਚ ਜੋ ਥੋੜ੍ਹੇ-ਬਾਹਲੇ ਅੰਤਰ ਹਨ ਉਹ ਹੇਠ ਦਿੱਤੇ ਜਾਂਦੇ ਹਨ।

1. ਦਸਮ ਗ੍ਰੰਥ ਦੇ ਮੁਕਾਬਲੇ ਤੇ ਕੋਲਬਰੁਕ ਬੀੜ ਵਿਚ ਸ਼ਸਤ੍ਰ ਨਾਮਮਾਲਾ, 32 ਸਵੈਯੇ, ਖਾਲਸਾ ਮਹਿਮਾ, ਸ਼ਬਦ ਹਜ਼ਾਰੇ ਤੋਂ ਪਹਿਲਾਂ ਆਉਂਦੇ ਹਨ।
2. ਮੁਕਾਬਲੇ ਤੇ ਦਸਮ ਗ੍ਰੰਥ ਵਿਚ ਸ਼ਬਦ ਹਜ਼ਾਰੇ ਅਤੇ 32 ਸਵੈਯੇ, ਖਾਲਸਾ ਮਹਿਮਾ ਤੋਂ ਪਹਿਲਾਂ ਹਨ।
3. ਦਸ਼ਮ ਗ੍ਰੰਥ ਵਿਚ ਕ੍ਰਿਸ਼ਨਾਵਤਾਰ ਦੇ ਛੰਦਾਂ ਦੀ ਗਿਣਤੀ 2492 ਪਰ ਕੋਲਬਰੁਕ ਬੀੜ ਵਿਚ 2490 ਹੈ। ਦਸਮ ਗ੍ਰੰਥ ਦਾ ਛੰਦ ਨੰ. 2490 ਕੋਲਬਰੁਕ ਵਾਲੀ ਬੀੜ ਵਿਚ ਦਰਜ ਨਹੀਂ। ਇਸ ਛੰਦ ਵਿਚ ਕ੍ਰਿਸ਼ਾਵਤਾਰ ਦੀ ਲਿਖਣ ਤਾਰੀਖ ਸੰਮਤ 1745 (1688 ਈ.) ਦਿੱਤੀ ਹੋਈ ਹੈ। ਸਾਫ ਜ਼ਾਹਿਰ ਹੈ ਕਿ ਇਹ ਛੰਦ ਬਾਅਦ ਵਿਚ ਦਰਜ ਕੀਤਾ ਗਿਆ ਤਾਕਿ ਦਸਮ ਗ੍ਰੰਥ ਦੀ ਲਿਖਣ ਤਾਰੀਖ ਗੁਰੂ ਗੋਬਿੰਦ ਸਿੰਘ ਜੀ ਦੇ ਕਾਲ ਨਾਲ ਮੇਚੀ ਜਾ ਸਕੇ।
4. ਦਸਮ ਗ੍ਰੰਥ ਦੇ ਛੰਦ ਨੰ. 1509 ਅਤੇ 1510 ਕੋਰਬਰੁਕ ਵਾਲੀ ਬੀੜ ਵਿਚ ਛੰਦ ਨੰ. 1509 ਵਿਚ ਸੰਮਿਲਤ ਕੀਤੇ ਹੋਏ ਹਨ।
5. ਦਸਮ ਗ੍ਰੰਥ ਵਿਚ ਰਾਮਕਲੀ ਦੇ 10 ਛੰਦ ਹਨ ਜਦਕਿ ਕੋਰਬਰੁਕ ਵਾਲੀ ਬੀੜ ਵਿਚ ਕੇਵਲ 7 ਹਨ।
6. ਦਸਮ ਗ੍ਰੰਥ ਵਿਚ 33 ਸਵੈਯੇ ਹਨ ਜਦਕਿ ਕੋਲਬਰੁਕ ਵਿਚ 32 ਹਨ, ਪਹਿਲਾ



ਸਵੈਯਾ ਨਹੀਂ ਹੈ।

7. ਕੋਲਬਰੁਕ ਵਾਲੀ ਬੀੜ ਵਿਚ ਚਰਿਤ੍ਰੋਪਾਖਿਆਨ ਦੇ ਕੁਲ 7556 ਛੰਦ ਹਨ ਪਰ ਦਸਮ ਗ੍ਰੰਥ ਵਿਚ ਕੁਲ 7555 ਹਨ। ਇਹ ਗਿਣਤੀ ਕਰਨ ਵਿਚ ਗ਼ਲਤੀ ਹੈ ਕਿਉਂਕਿ ਚਰਿਤ੍ਰ ਨੰ. 403 ਛੰਦ 7151 ਤੇ ਖਤਮ ਹੁੰਦਾ ਹੈ, ਚਰਿਤ੍ਰ 404 ਵਿਚ 405 ਛੰਦ ਹਨ ਇਸ ਲਈ ਕੁਲ ਜੋੜ 7556 ਬਣਦਾ ਹੈ ਜੋ ਕੋਲਬਰੁਕ ਵਾਲੀ ਬੀੜ ਦੇ ਬਰਾਬਰ ਹੈ।
8. ਕੋਲਬਰੁਕ ਵਾਲੀ ਬੀੜ ਵਿਚ ਜ਼ਫ਼ਰਨਾਮਾ ਅਤੇ ਹਿਕਾਇਤਾਂ ਦੇ ਅੰਤ ਵਿਚ ਛੰਦਾਂ ਦਾ ਕੁਲ ਜੋੜ 858 ਦਿੱਤਾ ਗਿਆ ਹੈ ਪਰ ਦਸਮ ਗ੍ਰੰਥ ਵਿਚ ਅੰਤ ਤੇ ਅਜੇਹਾ ਕੋਈ ਕੁਲ ਜੋੜ ਨਹੀਂ ਹੈ। ਪਰ ਗਿਣਿਤੀ ਕਰਨ ਨਾਲ ਇਹ ਨੰਬਰ 858 ਹੀ ਬਣਦਾ ਹੈ। ਦਸਮ ਗ੍ਰੰਥ ਵਿਚ ਹਿਕਾਇਤ ਨੰ. 12 ਵਿਚ ਛੇ ਛੰਦ ਵਾਧੂ ਹਨ।

ਪਾਠਕਾਂ ਦੀ ਸਹੂਲਤ ਲਈ ਇਹੋ ਵਾਕਫੀਅਤ ਇਕ ਚਾਰਟ ਦੇ ਰੂਪ ਵਿਚ ਦਿੱਤੀ ਜਾਂਦੀ ਹੈ।

| **ਬਾਣੀ** | **ਦਸਮ ਗ੍ਰੰਥ** | **ਕੋਲਬਰੁਕ ਬੀੜ** | **ਨੋਟ** |
|---|---|---|---|
| ਕ੍ਰਿਸ਼ਨ ਅਵਤਾਰ | 2492 | 2490 | ਕੋਲਬਰੁਕ ਵਿਚ ਛੰਦ ਨੰ. 2490 ਨਹੀਂ ਜਿਸ ਵਿਚ ਲਿਖਣ ਤਾਰੀਖ 1688 ਈ. ਦਿੱਤੀ ਹੈ। ਛੰਦ 1509+1510= ਕੋਲਬਰੁਕ ਛੰਦ ਨੰ. 1509 ਹੈ। |
| ਸ਼ਬਦ ਹਜਾਰੇ | 10 | 7 | ਦਸਮ ਗ੍ਰੰਥ ਵਿਚ ਅਖੀਰਲੇ ਤਿਨ ਛੰਦ ਵਾਧੂ ਹਨ। |
| ਸਵੈਯੇ | 33 | 32 | ਕੋਲਬਰੁਕ ਬੀੜ ਵਿਚ ਪਹਿਲਾ ਸਵੈਯਾ ਨਹੀਂ ਹੈ। |
| ਚਰਿਤ੍ਰੋਪਾਖਿਆਨ | 7555 | 7556 | ਦੋਹਾਂ ਵਿਚ 404 ਚਰਿਤ੍ਰ ਹਨ। ਦਸਮ ਗ੍ਰੰਥ ਵਿਚ ਚਰਿਤ੍ਰ 1 ਤੋਂ 403 ਤੱਕ 7151 ਛੰਦ ਹਨ, ਚਰਿਤ੍ਰ 404 ਵਿਚ 405 ਛੰਦ ਹਨ; ਕੁਲ ਗਿਣਤੀ ਹੋਈ 7151+405=7556। ਇਹ ਦਸਮ ਗ੍ਰੰਥ ਦੀ ਗਿਣਤੀ ਵਿਚ ਗ਼ਲਤੀ ਹੈ। |
| ਜਫਰਨਾਮਾ ਅਤੇ ਹਿਕਾਇਤਾਂ ਦੀ ਕੁਲ ਗਿਣਤੀ | 858+6ਛੰਦ | 858 | ਦਸਮ ਗ੍ਰੰਥ ਦੀ ਹਿਕਾਇਤ 12 ਵਿਚ 6 ਛੰਦ ਵਾਧੂ ਹਨ। |

ਆਪਣੀ ਦਲੀਲ਼ ਨੂੰ ਹੋਰ ਸਪੱਸ਼ਟ ਕਰਨ ਲਈ ਚਰਿਤ੍ਰੋਪਾਖਿਆਨ ਦੀ ਉਦਾਹਰਨ ਲੈਂਦੇ ਹਾਂ ਜੋ ਕਥਤ ਦਸਮ ਗ੍ਰੰਥ ਦਾ ਤਕਰੀਬਨ ਤੀਜਾ ਹਿੱਸਾ ਹੈ। ਜਵਾਹਰ ਸਿੰਘ ਵਾਲੀ ਦਸਮ ਗ੍ਰੰਥ ਦੀ ਬੀੜ ਅਤੇ ਡਾ. ਜੱਗੀ ਵਲੋਂ ਵਰਤੀ ਗਈ ਬੀੜ, 'ਸ੍ਰੀ ਦਸਮ ਗ੍ਰੰਥ ਸਾਹਿਬ-ਪਾਠ ਸੰਪਾਦਨ ਅਤੇ ਵਿਆਖਿਆ' ਵਿਚ ਚਰਿਤ੍ਰੋਪਾਖਿਆਨ ਦੇ 405 ਚਰਿਤ੍ਰ ਹਨ। ਜਵਾਹਰ ਸਿੰਘ ਵਾਲੀ ਬੀੜ ਵਿਚ ਇਕ ਤੋਂ 404 ਚਰਿਤ੍ਰ ਤੱਕ 7151 ਛੰਦ ਹਨ ਅਤੇ ਚਰਿਤ੍ਰ 405 ਵਿਚ 405 ਛੰਦ ਹਨ; ਕੁਲ ਗਿਣਤੀ ਹੋਈ 7151+405= 7556 ਜੋ ਕੋਲਬਰੁਕ ਬੀੜ ਦੇ ਬਰਾਬਰ ਹੈ। ਜੱਗੀ ਵਾਲੀ ਬੀੜ ਵਿਚ ਇਕ ਤੋਂ 403 ਚਰਿਤ੍ਰ ਤੱਕ 7134 ਛੰਦ ਹਨ ਅਤੇ ਚਰਿਤ੍ਰ 404 ਵਿਚ 305 ਛੰਦ ਹਨ, ਕੁਲ ਗਿਣਤੀ ਹੋਈ 7134+ 305 = 7439 ਛੰਦ। 405ਵਾਂ ਚਰਿਤ੍ਰ ਚੌਪਈ ਦੇ ਰੂਪ ਵਿਚ ਹੈ ਜਿਸ ਵਿਚ ਗ੍ਰੰਥ ਦੀ ਲਿਖਣ ਤਾਰੀਖ 1753 ਬਿਕਰਮੀ (1694 ਈ.) ਦਿੱਤੀ ਹੋਈ ਹੈ ਜੋ ਸਤਲੁਜ ਦੇ ਕੰਢੇ ਬੈਠ ਕੇ ਲਿਖਿਆ ਗਿਆ। (ਇਹ ਚੌਪਈ ਬਾਅਦ ਵਿਚ ਦਰਜ ਕੀਤੀ ਗਈ ਤਾਕਿ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਦੇ ਵੇਲੇ ਦੀ ਸਿੱਧ ਕੀਤੀ ਜਾ ਸਕੇ।)। ਜੱਗੀ ਅਨੁਸਾਰ " ਕੁਝ ਚਰਿਤ੍ਰ ਕਥਾਵਾਂ ਇਕ ਤੋਂ ਵੱਧ ਅਧਿਆਵਾਂ ਵਿਚ ਪਸਰੀਆਂ ਹੋਈਆਂ ਹਨ, ਜਿਵੇਂ ਅਨੂਪ ਕੌਰ ਦੇ ਚਰਿਤ੍ਰ ਦਾ ਵਰਨਨ ਤਿੰਨ ਅਧਿਆਵਾਂ (21,22 ਅਤੇ 23) ਵਿਚ ਹੋਇਆ ਹੈ। ਇਸੇ ਤਰਾਂ ਅਹਿਲਿਆ ਗੌਤਮ ਦੀ ਕਥਾ ਵੀ ਤਿੰਨ ਅਧਿਆਵਾਂ (115, 116 ਅਤੇ 117) ਵਿਚ ਵਰਣਿਤ ਹੈ। ਇਸ ਤਰਾਂ ਦੇ ਕੁਝ ਹੋਰ ਚਰਿਤ੍ਰ-ਪ੍ਰਸੰਗ ਵੀ ਹਨ। ਸਪਸ਼ਟ ਹੈ ਕਿ ਚਰਿਤ੍ਰ ਸੰਖਿਆ 404 ਤੋਂ ਵੀ ਘਟ ਹੈ। ਅਨੁਮਾਨ ਹੈ ਕਿ ਇਹ ਗਿਣਤੀ 395 (ਚਰਿਤ੍ਰਾਂ) ਦੇ ਨੇੜੇ ਤੇੜੇ ਬੈਠੇਗੀ"।

**ਕੋਲਬਰੁਕ ਬੀੜ ਦੀ ਲਿਖਣ ਤਾਰੀਖ:**

ਕੋਲਬਰੁਕ ਵਾਲੀ ਬੀੜ ਦੇ ਅੰਦਰ ਕਿਤੇ ਵੀ ਕਿਸੇ ਛੰਦ ਵਿਚ ਜਾਂ ਕਿਸੇ ਹੋਰ ਰੂਪ ਵਿਚ ਕੋਈ ਪ੍ਰਮਾਣਿਕ ਤਵਾਰੀਖ ਦਰਜ ਨਹੀਂ ਅਤੇ ਨਾ ਹੀ ਇਸ ਤੇ ਕਿਸੇ ਲੇਖਕ/ ਕਾਤਿਬ ਦਾ ਨਾਂ ਹੈ। ਪਰ ਕੁਝ ਹੇਠਲੇ ਤੱਤ ਇਸ ਦੀ ਲਿਖਣ ਤਾਰੀਖ ਬਾਰੇ ਚਾਨਣਾ ਪਾਉਂਦੇ ਹਨ:

1. ਬੀੜ ਦੇ 158 ਅਤੇ 159 ਵਰਕਿਆਂ ਦੇ ਵਿਚਕਾਰ 3×2 ਇੰਚ ਲੰਬੀ ਕਾਤਰ ਰੱਖੀ ਹੋਈ ਜਿਸ ਦੇ ਇਕ ਪਾਸੇ ਤੇ 1840 ਮਿਤੀ ਪੂਸ਼ਬਦੀ (ਪੋਹ), 15 ਮੰਗਲਵਾਰ (ਦਸੰਬਰ 23, 1783 ਈ.) ਲਿਖਿਆ ਹੈ। ਅੰਦਰਲੀ ਗਵਾਹੀ ਤੋਂ ਵੀ ਪਤਾ ਲਗਦਾ ਹੈ ਕਿ ਇਹ ਦਸੰਬਰ 23, 1783 ਨੂੰ ਲਿਖਿਆ ਗਿਆ।
2. ਸੰਨ 1976 ਵਿਚ ਡਾ. ਸ਼ੈਕਲ ਵਲੋਂ ਲਿਖੀ ਗਈ ਪੁਸਤਕ, 'Catalogue of the Punjabi and Sindhi Manuscripts in the India Office Library' ਵਿਚ ਲਿਖਿਆ ਹੈ ਕਿ ਇਸ ਗ੍ਰੰਥ ਦੀ ਸ਼ੈਲੀ ਤੋਂ ਇਹ 18ਵੀਂ ਸਦੀ ਦੀ ਕਿਰਤ ਜਾਪਦੀ ਹੈ।



3. ਸੰਨ 1781 ਈ. ਵਿਚ ਚਾਰਲਜ਼ ਵਿਲਕਿਨ (Charles Wilkin) ਨੇ ਪਟਨੇ ਵਿਖੇ 'ਨਾਕਕ ਪੰਥੀ ਕਾਵਯ' ਗ੍ਰੰਥ ਬਾਰੇ ਸੁਣਿਆ ਸੀ, ਜੋ ਹਿੰਦਵੀ ਅਤੇ ਸੰਸਕ੍ਰਿਤ ਵਿਚ ਲਿਖਿਆ ਹੋਇਆ ਸੀ ਅਤੇ ਉਸੇ ਨੂੰ ਭਵਿਖ ਵਿਚ ਅਨੁਵਾਦ ਕਰਾਉਣ ਬਾਰੇ ਵੀ ਲਿਖਿਆ ਹੈ। ਇਸ ਗ੍ਰੰਥ ਨੂੰ ਬਾਅਦ ਵਿਚ 'ਦਸਵਾਂ ਪਾਤਸ਼ਾਹ ਕਾ ਗ੍ਰੰਥ' ਵਿਚ ਤਬਦੀਲ ਕੀਤਾ ਗਿਆ। ਕੋਲ ਬਰੁਕ ਨੇ ਇਸ ਨੂੰ ਖਰੜਾ ਨੰ. MSS DS 5 Punjabi (HT Coebrook) ਦੇ ਨਾਂ ਅਧੀਨ ਬ੍ਰਿਟਿਸ਼ ਲਾਇਬਰੇਰੀ ਵਿਚ ਦਰਜ ਕਰਾਇਆ।
4. ਰਣਧੀਰ ਸਿੰਘ ਆਪਣੀ ਪੁਸਤਕ, 'ਸ਼ਬਦ ਮੂਰਤ—ਦਸਵੇਂ ਪਾਤਸ਼ਾਹ ਦਾ ਇਤਿਹਾਸ' (1965), ਦੇ 52 ਪੰਨੇ ਤੇ ਇਕ ਛਪੇ ਹੋਏ ਗ੍ਰੰਥ ਨੂੰ ਵਾਚ ਕੇ ਲਿਖਦਾ ਹੈ ਕਿ ਇਹ 1783 ਈ. ਵਿਚ ਲਿਖਿਆ ਜਾਪਦਾ ਹੈ। ਇਹ ਗ੍ਰੰਥ ਉਸ ਨੇ ਕਲਕੱਤਾ ਵਿਖੇ ਗੁਰਦੁਆਰਾ 'ਛੋਟਾ ਸੰਗਤ, ਤੂਲਾ ਪੱਟੀ' ਵਿਚ ਦੇਖਿਆ ਸੀ। ਉਸ ਅਨੁਸਾਰ ਕਲਕੱਤੇ ਵਾਲੀ ਇਹ ਬੀੜ, ਗਿਆਨੀ ਗਿਆਨ ਸਿੰਘ ਜੀ ਵਲੋਂ ਵਿਚਾਰੀਆਂ ਗਈਆਂ ਚਾਰ ਬੀੜਾਂ ਵਿਚੋਂ ਕਿਸੇ ਨਾਲ ਨਹੀਂ ਮਿਲਦੀ ਅਤੇ ਨਾ ਹੀ ਇਹ ਮਨੀ ਸਿੰਘ ਬੀੜ ਅਤੇ ਪਟਨਾ ਸਾਹਿਬ ਵਾਲੀ ਬੀੜ ਨਾਲ ਮਿਲਦੀ ਹੈ। ਪਰ ਇਹ 1900 ਵਿਚ ਸੋਧਕ ਕਮੇਟੀ ਵਲੋਂ ਛਾਪੇ ਦਸਮ ਗ੍ਰੰਥ ਨਾਲ ਮਿਲਦੀ ਹੈ। ਜਾਪਦਾ ਹੈ ਕਿ ਇਹ ਉਹੀ ਬੀੜ ਸੀ ਜੋ ਅੰਗ੍ਰੇਜ਼ਾਂ ਨੇ ਤਿਆਰ ਕਰਵਾਈ ਅਤੇ ਜਿਸ ਦੀ ਕਾਪੀ ਕਰਕੇ ਕੋਲਬਰੁਕ ਨੇ ਲੰਡਨ ਲਾਇਬ੍ਰੇਰੀ ਨੂੰ ਸੌਂਪੀ।

ਉਪਰੋਕਤ ਵਿਸ਼ਸ਼ਲੇਸ਼ਣ ਤੋਂ ਇਹੋ ਨਤੀਜਾ ਨਿਕਲਦਾ ਹੈ ਕਿ ਕਲਕੱਤੇ ਵਾਲੇ ਗ੍ਰੰਥ ਦੀ ਲਿਖਣ ਤਾਰੀਖ 1783 ਈ. ਹੈ ਜੋ ਕੋਲਬਰੁਕ ਬੀੜ ਦੀ ਤਾਰੀਖ 1783 ਨਾਲ ਮਿਲਦੀ ਹੈ। ਦੋਹਾਂ ਦੀ ਸਮਗਰੀ ਬਿਲਕੁਲ ਇਕ ਹੈ ਜੋ ਸੋਧਕ ਕਮੇਟੀ ਦੇ ਗ੍ਰੰਥ ਨਾਲ ਤਕਰੀਬਨ ਵੀ ਮੇਚਵੀਂ ਹੈ। ਇਸ ਦਾ ਸਾਰੰਸ ਇਹ ਹੈ ਕਿ ਕੋਲਬਰੁਕ ਨੇ ਕਲਕਤੇ ਵਾਲੇ ਗ੍ਰੰਥ ਦੀ ਕਾਪੀ ਕਰਕੇ ਬ੍ਰਿਟਸ਼ ਲਾਇਬਰੇਰੀ ਨੂੰ ਦਾਨ ਕਰ ਦਿੱਤੀ ਅਤੇ ਇਕ ਕਾਤਰ ਤੇ ਲਿਖਣ ਤਾਰੀਖ 1783 ਦਰਜ ਕਰਕੇ ਬੀੜ ਵਿਚ ਰੱਖ ਦਿੱਤੀ।

ਕਲਕੱਤੇ ਵਿਖੇ 'ਗੁਰਦੁਆਰਾ ਛੋਟਾ ਸੰਗਤ' ਸਭ ਤੋਂ ਪੁਰਾਣਾ ਹੈ ਜੋ ਹਮੇਸ਼ਾ ਪਟਨਾ ਸਾਹਬ ਗੁਰਦੁਆਰੇ ਦੇ ਨਿਰਮਲਿਆਂ ਦੇ ਅਧਿਕਾਰ ਵਿਚ ਰਿਹਾ। ਇਹ ਗੁਰਦੁਆਰਾ, ਤਖਤ ਹਰਮੰਦਰ ਸਾਹਿਬ, ਪਟਨਾ, ਦੀ ਮਲਕੀਅਤ ਸੀ ਅਤੇ ਪਟਨਾ ਉਸ ਵੇਲੇ ਬੰਗਾਲ ਪ੍ਰਾਂਤ ਦਾ ਹਿੱਸਾ ਸੀ (see Sikhs in Bihar by Ved Parkash) । ਲਗਦਾ ਹੈ ਕਿ ਨਿਰਮਲਾ ਆਤਮਾ ਰਾਮ ਕਲਕੱਤੇ ਦੇ ਇਸ ਗੁਰਦੁਆਰੇ ਦਾ ਗ੍ਰੰਥੀ ਸੀ ਜਿਸ ਤੋਂ ਕੋਲਬਰੁਕ ਨੇ ਇਸ ਗ੍ਰੰਥ ਦੀ ਕਾਪੀ ਪ੍ਰਾਪਤ ਕੀਤੀ। ਸਰਵਰਕ ਤੇ ਨਿਰਮਲਿਆਂ ਵਲੋਂ ਲਿਖੇ **"ਨਾਨਕ ਪੰਥੀ ਕਾਵਿਯ"** ਦੇ ਉੱਤੇ ਲੀਕ ਵਾਹ ਕੇ **"ਗੁਰਮੁਖੀ ਗ੍ਰੰਥ ਦਸਵੀ ਪਾਤਸ਼ਾਹੀ"** ਲਿਖ

ਦਿੱਤਾ। ਇਸ ਵਿਚ ਰੱਖੀ 3×2 ਇੰਚ ਕਾਤਰ ਤੇ ਲਿਖੇ ਹੋਏ ਸ਼ਬਦ 'ਪੁਸ਼ਬਦੀ' ਤੋਂ ਵੀ ਜ਼ਾਹਿਰ ਹੈ ਕਿ ਇਸ ਬੀੜ ਦਾ ਰਚੇਤਾ ਪੰਜਾਬੋਂ ਬਾਹਰਲਾ ਕੋਈ ਨਿਰਮਲਾ ਹੈ ਜਿਸ ਦਾ ਨਾਂ ਆਤਮਾ ਰਾਮ ਸੀ। ਆਤਮਾ ਰਾਮ ਨੇ ਅਕਾਲ ਉਸਤਤਿ ਵਿਚ ਛੰਦ 201 ਅਤੇ ਚਾਰ ਛੰਗ (126–130) ਗਿਆਨ ਪ੍ਰਬੋਧ ਵਿਚ ਆਪਣੇ ਵਲੋਂ ਲਿਖ ਕੇ ਅੰਕਿਤ ਕੀਤੇ ਜਾਪਦੇ ਹਨ। ਇਨ੍ਹਾਂ ਛੰਦਾਂ ਦਾ ਵੇਰਵਾ ਇਸ ਪਰਕਾਰ ਹੈ।

ਮਹਾ ਸੁਰ ਪਾਇਓ ਨਹਿ ਪਾਰ।।20।।200।।ਤਵਪ੍ਰਸਾਦਿ।।ਦੋਹਰਾ।।
ਏਕ ਸਮੈ **ਸ੍ਰੀ ਆਤਮਾ** ਉਚਰਿਓ ਮਤ ਸਿਉ ਬੈਨ।।
ਸੁ ਪਰਤਾਪ ਜਗਦੀਸ ਕੋ ਕਹੋ ਸਕਲ ਬਿਧ ਤੈਨ।।1।।202।।ਦੋਹਰਾ।।
ਕੋ ਆਤਮਾ ਸਰੂਪ ਹੈ ਕਹਾ ਸ੍ਰਿਸਟ ਕੋ ਬਿਚਾਰ।।
ਕਉਨ ਧਰਮ ਕੋ ਕਰਮ ਹੈ ਕਹੋ ਸਕਲ ਬਿਸਥਾਰ।।2।।202।।ਦੋਹਰਾ।।

ਗਿਆਨ ਪਰਬੋਧ ਦੇ ਛੰਦ ਵਿਚ ਵੀ ਆਤਮਾ ਰਾਮ ਦਾ ਨਾਂ ਆਉਂਦਾ ਹੈ:
ਪਾਧਛੀ ਛੰਦ ਤਵਪ੍ਰਸਾਦਿ।।ਦਿਨ ਅਜਬ ਏਕ **ਆਤਮਾ ਰਾਮ**।।

ਕੋਲਬਰੁਕ ਨੇ ਪਟਨੇ ਦੇ ਗਰੰਥੀ ਸੁਖਾ ਸਿੰਘ ਦੀ ਮੱਦਦ ਨਾਲ ਇਸ ਗ੍ਰੰਥ ਨੂੰ ਮੁਕੰਲ ਕੀਤਾ ਜਿਸ ਦੀ ਮੌਲਕ ਕਾਪੀ ਕਲਕੱਤੇ ਦੀ ਲਾਰਿਏਬ੍ਰੇਰੀ ਨੂੰ ਦੇ ਦਿੱਤੀ ਅਤੇ ਇਕ ਉਤਾਰਾ ਕਰਵਾ ਕੇ ਲੰਡਨ ਲਾਇਬ੍ਰੇਰੀ ਨੂੰ ਦੇ ਦਿੱਤਾ।

ਕੋਲਬਰੁਕ ਬੀੜ ਅਤੇ ਦਸਮ ਗ੍ਰੰਥ ਵਿਚ ਕੁਝ ਛੰਦਾਂ ਦੀ ਗਿਣਤੀ ਵਿਚ ਫਰਕ ਹੈ ਪਰ ਬਹੁਤਾ ਨਹੀਂ। ਉਦਾਹਰਨ ਦੇ ਤੌਰ ਤੇ ਕੁਝ ਬਾਣੀਆਂ ਦਾ ਅੰਤਰ ਉੱਪਰ ਦਿੱਤਾ ਗਿਆ ਹੈ।

ਜੌਹਨ ਮੈਲਕਮ ਨੇ Sketch of the Sikhs (1810) ਵਿਚ ਇਹ ਵੀ ਕਿਹਾ ਹੈ ਕਿ ਆਪਣੀ ਪੁਸਤਕ ਲਿਖਣ ਲਈ ਉਸ ਨੇ ਡਾ. ਲ਼ੇਡਨ ਦਾ ਅਨੁਵਾਦ ਕੀਤਾ ਹੋਇਆ 'ਬਚਿੱਤਰ ਨਾਟਕ' ਗ੍ਰੰਥ ਵਰਤਿਆ। ਪਰ ਲੇਡਨ ਨੇ ਕੇਵਲ ਬਚਿੱਤਰ ਨਾਟਕ ਦੇ 14 ਬੰਦਾਂ ਦਾ ਅਨੁਵਾਦ ਕੀਤਾ ਸੀ ਜਿਸ ਦਾ ਖਰੜਾ, MSS IOR EUR Mckanzie volume 40, ਦੇ ਨਾਂ ਹੇਠ ਬ੍ਰਿਟਸ਼ ਲਾਇਬ੍ਰੇਰੀ ਵਿਚ ਸਾਂਭਿਆ ਹੋਇਆ ਹੈ। ਇਸ ਦੇ ਮੁਖ ਪੰਨੇ ਤੇ ਲਿਖਿਆ ਹੋਇਆ ਹੈ:

Sri Bichetra-Natuk by Guru Govind Singh Translated from a Sikh MS by Dr. Leyden.

ਇਸ ਖਰੜੇ ਵਿਚ ਕਿਤੇ ਵੀ ਦਸਮ ਗ੍ਰੰਥ ਦਾ ਨਾਂ ਨਹੀਂ ਹੈ। ਇਸ ਦੀ ਅੰਦਰਲੀ



ਗਵਾਹੀ ਤੋਂ ਪਤਾ ਲਗਦਾ ਹੈ ਕਿ ਇਸ ਵਿਚ ਕਈ ਗ਼ਲਤ ਬਿਆਨੀਆਂ ਹਨ ਜਿਵੇਂ,

ਗੁਰੂ ਗੋਬਿੰਦ ਸਿੰਘ ਵਾਲਾ ਕਾਂਡ, ਜੋ ਪੰਜਾਬੀ ਦੀ ਉਪ-ਬੋਲੀ ਡੋਗਰੀ ਵਿਚ ਹੈ, ਅਵਤਾਰਾਂ ਨਾਲ ਸ਼ੁਰੂ ਹੁੰਦਾ ਹੈ ਅਤੇ ਗੁਰੂ ਸਾਹਿਬ ਦੀਆਂ ਪਹਾੜੀ ਰਾਜਿਆਂ ਅਤੇ ਖਾਨਾਂ ਨਾਲ ਹੋਈਆਂ ਲੜਾਈਆਂ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਗੁਰੂ ਸਾਹਿਬ ਦੇ ਮੂੰਹ ਲਕੋ ਕੇ ਅੱਧੀ ਰਾਤ ਨੂੰ ਚਮਕੌਰ ਦੀ ਗੜ੍ਹੀ ਵਿਚੋਂ ਕੂਚ ਕਰਨ ਨਾਲ ਅੰਤ ਹੁੰਦਾ ਹੈ।

ਭਗਤ ਰਤਨਾਵਲੀ ਵਾਲੇ ਭਾਗ ਵਿਚ ਜੋ ਨਾਰਦਮੁਨੀ, ਪ੍ਰਹਲਾਦ, ਰਾਜਾ ਜਨਕ, ਰਾਜਾ ਹਰੀਸ਼ ਚੰਦਰ, ਦ੍ਰੋਪਤੀ, ਪਾਂਡਵ, ਜੈਦੇਵ, ਨਾਮਦੇਵ, ਤ੍ਰਲੋਚਨ, ਧੰਨਾ ਜੱਟ, ਕੁਵੇਰ, ਇੰਦ੍ਰਾ, ਬਾਲਮੀਕ, ਗੋਬਿੰਦ ਰਾਏ, ਕ੍ਰਿਸ਼ਨਾ ਬਾਰੇ ਲਿਖਿਆ ਹੈ ਉਹ ਭਾਈ ਗੁਰਦਾਸ (ਜੋ ਆਦਿ ਗੁਰੁ ਗ੍ਰੰਥ ਸਾਹਿਬ ਦਾ ਕਾਤਿਬ ਸੀ) ਦੀ ਦਸਵੀਂ ਵਾਰ ਦਾ ਉਲਥਾ ਹੈ।

ਗਿਆਨ ਰਤਨਾਵਲੀ ਭਾਈ ਗੁਦਾਸ ਦੀ ਪਹਿਲੀ ਵਾਰ ਦਾ ਉਲਥਾ ਹੈ।

**3. ਕਥਤ ਦਸਮ ਗ੍ਰੰਥ ਦੇ ਨਾਂ ਦਾ ਪਹਿਲੀ ਵਾਰੀ ਵਰਨਣ:**

ਦਸਮ ਗ੍ਰੰਥ ਦੀ ਗਾਥਾ ਜੌਹਨ ਮੈਲਕਮ ਦੀ ਪੁਸਤਕ, 'Sketch of the Sikhs ਦੇ ਛਪਣ ਨਾਲ ਸ਼ੁਰੂ ਹੋਈ ਜਿਸ ਵਿਚ ਪਹਿਲੀ ਵਾਰੀ ਨਾਂ 'ਦਸਵਾਂ ਪਾਦਸ਼ਾਹ ਕਾ ਗ੍ਰੰਥ' (Dasima Padshah Ka Granth) ਆਇਆ। ਇਸ ਦਾ ਅਧਾਰ ਕੋਲਬਰੁਕ ਵਾਲੀ ਬੀੜ ਸੀ ਜੋ 1783 ਈ. ਵਿਚ ਮੁਕੱਮਲ ਕੀਤੀ ਗਈ। ਕੋਲਬਰੁਕ ਵਾਲੀ ਬੀੜ ਦੇ ਸਰਵਰਕ ਤੇ ਹਿੰਦੀ ਵਿਚ ਦੋ ਨਾਂ ਲਿਖੇ ਹੋਏ ਹਨ: ਪਹਿਲਾ ਨਾਂ ਸੀ 'ਨਾਨਕ ਪੰਥੀ ਕਾਵਿਯ' ਅਤੇ ਇਸ ਦੇ ਉੱਤੇ ਲੀਕ ਵਾਹਕੇ ਹਿੰਦੀ ਵਿਚ "ਗੁਰਮੁਖੀ ਗ੍ਰੰਥ ਦਸਵੀ ਪਾਤਸਾਹੀ" ਲਿਖਿਆ ਹੋਇਆ ਹੈ। ਦੋਹਾਂ ਨਾਵਾਂ ਦਾ ਲਿਖਣ ਢੰਗ, ਸ਼ੈਲੀ ਅਤੇ ਸਿਹਾਈ ਵਿਚ ਫਰਕ ਹੈ। ਹਿੰਦੀ ਵਿਚ ਲਿਖਣ ਤੋਂ ਭਾਸਦਾ ਹੈ ਕਿ ਇਹ ਗ੍ਰੰਥ ਪਹਿਲਾਂ ਹਿੰਦੀ ਵਿਚ ਸੀ ਅਤੇ ਬਾਅਦ ਵਿਚ ਇਸ ਨੂੰ ਗੁਰਮੁਖੀ ਲਿਪੀ ਵਿਚ ਲਿਪੀਅੰਤਰ ਕੀਤਾ ਗਿਆ। ਇਸ ਦਾ ਮਤਲਬ ਇਹ ਹੋਇਆ ਕਿ ਅਠਾਰਵੀਂ ਸਦੀ ਦੇ ਆਖੀਰ ਤੱਕ ਕਿਸੇ ਦਸਮ ਗ੍ਰੰਥ ਦੀ ਕੋਈ ਉੱਘ-ਸੁੱਘ ਨਹੀਂ ਸੀ। ਅੰਗ੍ਰੇਜ਼ਾਂ ਨੇ ਸੋਚੀ ਸਮਝੀ ਚਾਲ ਹੇਠ ਇਹ ਗ੍ਰੰਥ ਪੈਦਾ ਕਰ ਲਿਆ ਤਾਕਿ ਮਹਾਂਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਵਿਚ ਸਿੱਖਾਂ ਦੇ ਮਨਾਂ ਵਿਚ ਦੁਬਿਧਾ ਅਤੇ ਭਰਮ ਭੁਲੇਖੇ ਪਾਕੇ ਫੁੱਟ ਪਾਈ ਜਾ ਸਕੇ। ਉਨ੍ਹਾਂ ਦਾ ਮੂਲ ਮੁੱਦਾ ਸਿੱਖ ਰਾਜ ਨੂੰ ਖੋਰਾ ਲਾਕੇ ਪੰਜਾਬ ਨੂੰ ਫਤਹਿ ਕਰਨਾ ਸੀ ਜਿਸ ਵਿਚ ਉਹ ਅੰਤ ਨੂੰ ਕਾਮਯਾਬ ਹੋ ਗਏ।

ਕੋਲਬਰੋਕ ਵਾਲੀ ਬੀੜ ਦੇ ਸੰਕਲਨ ਸਮੇਂ ਅਨੇਕ ਹੋਰ ਬੀੜਾਂ ਵੀ ਮਿਲਦੀਆਂ ਸਨ ਜਿਵੇਂ, (1) ਭਾਈ ਮਨੀ ਸਿੰਘ ਵਾਲੀ ਬੀੜ (2), ਪਟਨੇ ਵਾਲੀ ਬੀੜ, (3) ਸੰਗਰੂਰ ਵਾਲੀ ਬੀੜ, (4) ਮੋਤੀ ਬਾਗ ਵਾਲੀ ਬੀੜ: (5) ਬਾਬਾ ਦੀਪ ਸਿੰਘ ਬੀੜ, (6) ਆਨੰਦਪੁਰੀ (ਹਜ਼ੂਰੀ) ਬੀੜ, (7) ਪਟਨਾ ਜੀ ਮਿਸਲ ਬੀੜ। ਦਿਲਚਸਪ ਗੱਲ ਇਹ ਹੈ ਕਿ ਇਹ ਸਾਰੀਆਂ ਬੀੜਾਂ ਸਤਲੁਜ ਦਰਿਆ ਦੇ ਚੜ੍ਹਦੇ ਪਾਸੇ ਵਾਲੇ ਮਾਲਵੇ ਦੇ ਇਲਾਕਿਆਂ ਵਿਚ

ਮਿਲਦੀਆਂ ਹਨ। ਕਾਰਨ ਇਸ ਦਾ ਇਹ ਹੈ ਕਿ ਸਤਲੁਜ ਦੇ ਲਹਿੰਦੇ ਪਾਸੇ ਦੇ ਇਲਾਕਿਆਂ ਵਿਚ ਮਹਾਂਰਾਜਾ ਰਣਜੀਤ ਸਿੰਘ ਦਾ ਰਾਜ ਸੀ ਅਤੇ ਚੜ੍ਹਦੇ ਪਾਸੇ ਸਿੱਖ ਰਿਆਸਤਾਂ ਸਨ ਜੋ ਗੋਰਿਆਂ ਨਾਲ ਸੰਧੀ ਕਰ ਚੁਕੇ ਸਨ। ਪਰ ਗੋਰਿਆਂ ਦੀ ਅੱਖ ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਤੇ ਸੀ। ਇਸ ਲਈ ਉਨ੍ਹਾਂ ਨੇ ਕਥਤ ਦਸਮ ਗ੍ਰੰਥ ਦੀਆਂ ਬੀੜਾਂ ਪਹਿਲਾਂ ਮਹਾਂਰਾਜਿਆਂ ਦੇ ਇਲਾਕੇ ਵਿਚ ਵੰਡੀਆਂ ਤਾਕਿ ਸਿੱਖਾਂ ਵਿਚ ਵਾਦ ਵਿਵਾਦ ਪੈਦਾ ਕਰਕੇ ਹੌਲੀ ਹੌਲੀ ਸਿੱਖ ਰਾਜ ਨੂੰ ਖੋਰਾ ਲਾਇਆ ਜਾ ਸਕੇ। ਇਸ ਲਈ ਸਤਲੁਜ ਦੇ ਚੜ੍ਹਦੇ ਪਾਸੇ ਵਲ ਅਨੇਕਾਂ ਬੀੜਾਂ ਦੇ ਖਰੜੇ ਮਿਲਦੇ ਹਨ ਪਰ ਦੁਆਬਾ ਅਤੇ ਮਾਲਬੇ ਦੇ ਇਲਾਕਿਆਂ ਵਿਚ ਇਨ੍ਹਾਂ ਦੀ ਘਾਟ ਹੈ।

**(ਸ) ਦਸਮ ਗ੍ਰੰਥ ਅਤੇ ਹੋਰ ਬੀੜਾਂ ਵਿਚ ਬਾਣੀਆਂ ਦੀ ਭਿੰਨਤਾ:**

ਕੋਲਬਰੁਕ ਵਾਲੀ ਬੀੜ ਤੋਂ ਸਿਵਾਏ ਲੰਡਨ ਲਾਇਬ੍ਰੇਰੀ ਵਿਚ ਕੁਝ ਹੋਰ ਬੀੜਾਂ ਵੀ ਹਨ ਜਿਨ੍ਹਾਂ ਦਾ ਅੰਗ੍ਰੇਜ਼ਾਂ ਵਲੋਂ ਸਿੱਖ ਇਤਿਹਾਸ ਨਾਲ ਰਾਬਤਾ ਦਿਖਾਇਆ ਗਿਆ ਹੈ। ਡਾ. ਜਸਬੀਰ ਸਿੰਘ ਮਾਨ ਨੇ ਇਨ੍ਹਾਂ ਬੀੜਾਂ ਨੂੰ ਵਾਚਿਆ ਵੀ ਹੈ ਅਤੇ ਇਨ੍ਹਾਂ ਦੀਆਂ ਕਾਪੀਆਂ ਕਰਕੇ ਸਿੱਖ ਜਗਤ ਦੀ ਪਰਖ ਪੜਚੋਲ ਲਈ ਮੁਹੱਯਾ ਵੀ ਕੀਤਾ ਹੈ। ਇਨ੍ਹਾਂ ਬੀੜਾਂ ਦੇ ਨਾਂ ਇਸ ਪਰਕਾਰ ਹਨ:

1. **ਖਰੜਾ ਨੰ. ਡੀ-6 ਦੇਵਨਾਗਰੀ (Punjabi?) (Mss D-6 Devnagri)**:
2. **ਖਰੜਾ ਨੰ. ਏਡੀਡੀ-214452 (Mss ADD 214452)**:
3. **ਖਰੜਾ ਨੰ. ਪੰਜਾਬੀ ਈ-1 (Mss Punjabi E1)**:

ਉਪਰੋਕਤ ਬੀੜਾਂ ਵਿਚ ਬਾਣੀਆਂ ਦੀ ਸਮੱਗਰੀ ਅਤੇ ਉਨ੍ਹਾਂ ਦੀ ਤਰਤੀਬ ਵਿਚ ਭਿੰਨਤਾ ਹੈ। ਬੀੜਾਂ ਦੇ ਪਾਠਗਤ ਵਿਸ਼ਲੇਸ਼ਣ (Texual analysis) ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਵਿਚ ਛੰਦਾਂ ਦੀ ਤਾਸੀਰ, ਤਰਤੀਬ ਅਤੇ ਕੁਲ ਜੋੜ ਵਿਚ ਕਾਫੀ ਵਖਰਾਉ ਹੈ। ਇਸ ਤੋਂ ਇਹ ਸਾਫ ਜ਼ਾਹਿਰ ਹੁੰਦਾ ਹੈ ਕਿ ਕਥਤ ਦਸਮ ਗ੍ਰੰਥ ਦੀ ਕੋਈ ਟਕਸਾਲੀ ਅਤੇ ਪਰਮਾਣਤ ਬੀੜ ਨਹੀਂ ਮਿਲਦੀ ਜਿਸ ਨੂੰ ਯਕੀਨ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਤ ਮੰਨਿਆਂ ਜਾ ਸਕੇ। ਇਨ੍ਹਾਂ ਬੀੜਾਂ ਦੀ ਅਕਾਦਮਿਲ ਅਤੇ ਵਿਹਾਰਕ ਖੋਜ ਤੋਂ ਦਸਮ ਗ੍ਰੰਥ ਦੇ ਨਿਕਾਸ ਅਤੇ ਵਿਕਾਸ ਬਾਰੇ ਕੋਈ ਨਿਸਚਿੱਤ ਨਿਰਣਾ ਨਹੀਂ ਲਿਆ ਜਾ ਸਕਦਾ, ਕੇਵਲ ਭਿੰਨ ਭਿੰਨ ਗ੍ਰੰਥਾਂ ਦੇ ਸਮੇਂ ਸਮੇਂ ਸਿਰ ਨਿਰੰਤਰ ਵਿਕਾਸ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਪ੍ਰਮਾਣ ਵਜੋਂ ਡਾ. ਰਤਨ ਸਿੰਘ ਜੱਗੀ (ਦਸਮ ਗ੍ਰੰਥ ਦਾ ਕਰਤ੍ਰਿਤਵ, 1966) ਵਲੋਂ ਚਾਰ ਮਸ਼ਹੂਰ ਬੀੜਾਂ ਦਾ ਤੁਲਨਾਤਮਿਕ ਵੇਰਵਾ ਉਨ੍ਹਾਂ ਦੇ ਤਤਕਰਿਆਂ ਦੇ ਅਧਾਰ ਤੇ ਪਰਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਭਾਈ ਮਨੀ ਸਿੰਘ ਵਾਲੀ ਬੀੜ, ਪਟਨੇ ਵਾਲੀ ਬੀੜ, ਮੋਤੀ ਬਾਗ ਵਾਲੀ ਬੀੜ, ਬਾਬਾ ਦੀਪ ਸਿੰਘ ਬੀੜ ਸ਼ਾਮਿਲ ਹਨ। ਇਨ੍ਹਾਂ ਤੋਂ ਵਗੈਰ ਆਨੰਦਪੁਰੀ ਬੀੜ ਅਤੇ ਪਟਨਾ ਜੀ ਮਿਸਲ ਬੀੜ ਵੀ ਮਿਲਦੀਆਂ ਹਨ। ਪਰ ਇਨ੍ਹਾਂ



ਬੀੜਾਂ ਦੀ ਸਮਗਰੀ ਇਕ ਦੂਜੇ ਨਾਲ ਨਹੀਂ ਮਿਲਦੀ ਜਿਸ ਦਾ ਸਿੱਧਾ ਜਿਹਾ ਅਰਥ ਇਹ ਨਿਕਲਦਾ ਹੈ ਕਿ ਕੋਈ ਵੀ ਪ੍ਰਮਾਣਕ ਬੀੜ ਨਹੀਂ ਮਿਕਲਦੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਨਾਲ ਜੋੜਿਆ ਜਾ ਸਕੇ।

**(ਹ) ਸੋਧਕ ਕਮੇਟੀ ਦਾ ਦਸਮ ਗ੍ਰੰਥ:**

ਫ੍ਰੰਗੀ ਰਾਜ ਵੇਲੇ ਸਿੱਖਾਂ ਦੇ ਗੁਰਦੁਆਰਿਆਂ ਤੇ ਅੰਗ੍ਰੇਜ਼ਾਂ ਨੇ ਮਹੰਤ ਬਠਾ ਰੱਖੇ ਸਨ ਇਸ ਲਈ ਇਨ੍ਹਾਂ ਦੇ ਕੰਟਰੋਕ ਹੇਠਾਂ ਸੋਧਕ ਕਮੇਟੀ ਨੇ ਚਰਚਤ ਦਸਮ ਗ੍ਰੰਥ ਦਾ ਸੰਪਾਦਨ 1895-96 ਵਿਚ ਆਰੰਭਿਆ, 1897 ਈ. ਵਿਚ ਮੁਕੰਮਲ ਕੀਤਾ ਅਤੇ 1900 ਈਂ ਵਿਚ ਪਹਿਲੀ ਵਾਰੀ ਸੰਪੂਰਨ ਗ੍ਰੰਥ ਛਾਪਿਆ ਗਿਆ। ਪਰ ਇਸ ਦੀ ਪ੍ਰਮਾਣਕਤਾ ਬਾਰੇ ਵਾਦ ਵਿਵਾਦ ਵੀ ਨਾਲ ਹੀ ਸ਼ੁਰੂ ਹੋ ਗਿਆ। ਸੰਨ 1895 ਵਿਚ ਹੀ ਗਿਆਨੀ ਸਰਦੂਲ਼ ਸਿੰਘ, ਜੋ ਸੋਧਕ ਕਮੇਟੀ ਦੇ ਮੈਂਬਰ ਸਨ, ਨੇ ਇਕ ਇਸ਼ਤਿਹਾਰ ਵਿਚ ਲਿਖਿਆ ਕਿ ਦਸਮ ਗ੍ਰੰਥ ਸਾਹਬ ਦਾ ਅਸਲੀ ਅਸਵਾਰਾ ਜੀ ਨਾ ਹੋਣ ਕਰਕੇ ਛਾਪੇ ਵਾਲਿਆਂ ਨੇ ਇਸ ਧਰਮ ਪੁਸਤਕ ਨੂੰ ਅਸ਼ੁਧ ਛਾਪਿਆ ਹੈ ਇਸ ਕਰਕੇ ਅਸੀਂ ਇਕ ਕਮੇਟੀ ਬਣਾਈ ਹੈ ਜੋ ਇਸ ਅਸਵਾਰੇ ਨੂੰ ਸੋਧੇਗੀ ਜਿਸ ਲਈ 20 ਅਸਵਾਰੇ ਇਕੱਠੇ ਕੀਤੇ ਜਾਣਗੇ। ਇਸ਼ਤਿਹਾਰ ਪੜ੍ਹ ਕੇ ਇਕ ਗੁਪਤ ਸ਼ਰਧਾਲੂ ਨੇ ਤਿਆਰ ਕੀਤੇ ਜਾ ਰਹੇ ਦਸਮ ਗ੍ਰੰਥ ਵਿਚ ਅਨੇਕ ਗ਼ਲਤੀਆਂ ਕੱਢ ਕੇ "ਖਾਲਸਾ ਅਖ਼ਬਾਰ ਲਾਹੌਰ" ਦੇ ਅਕਤੂਬਰ 5 ਅਤੇ 11, 1895, ਦੇ ਨੰਬਰਾਂ ਵਿਚ 'ਸ਼ੁੱਧੀ ਹੈ ਕਿ ਅਸ਼ੁੱਧੀ ਹੈ' ਨਾਮੀਂ ਸਿਰਲੇਖ ਹੇਠਾਂ ਛਾਪ ਦਿੱਤੀਆਂ। ਇਨ੍ਹਾਂ ਗਲਤੀਆਂ ਵਿਚ ਲਗਾਂ ਮਾਤਰਾਂ ਦੀਆਂ ਗ਼ਲਤੀਆਂ ਦੇ ਨਾਲ ਨਾਲ ਬਾਣੀ ਵਿਚ ਆਏ ਕਵਿਤਾ ਦੇ ਛੰਦਾਂ ਵਿਚ ਵੀ ਗ਼ਲਤੀਆਂ ਕੱਢੀਆਂ। ਇਨ੍ਹਾਂ ਗ਼ਲਤੀਆਂ ਬਾਰੇ ਸਰਦੂਲ ਸਿੰਘ ਗਿਯਾਨੀ ਨੇ ਇਸੇ ਅਖ਼ਬਾਰ ਦੇ ਅਕਤੂਬਰ 25, 1895, ਦੇ ਅੰਕ ਵਿਚ 'ਦਸਮ ਗ੍ਰੰਥ ਸਾਹਿਬ ਜੀ ਦੀ ਸ਼ੁੱਧੀ' ਨਾਮੀਂ ਸਿਰਲਖ ਹੇਠਾਂ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਕਮੇਟੀ 18 ਤੋਂ 20 ਜਾਂ ਇਸ ਤੋਂ ਵੀ ਉਪਰ ਦਸਮ ਗ੍ਰੰਥ ਦੇ ਅਸਵਾਰੇ (ਖਰੜੇ) ਵਾਚ ਕੇ ਸ਼ੁੱਧੀ ਕਰਦੀ ਹੈ।

ਸਿੱਧ ਹੈ ਕਿ ਦਸਮ ਗ੍ਰੰਥ ਦੇ ਸ਼ੁੱਧ ਅਤੇ ਅਸ਼ੁੱਧ ਹੋਣ ਦਾ ਸਵਾਲ ਇਸ ਦੇ ਸੰਕਲਨ ਵੇਲੇ ਹੀ ਸ਼ੁਰੂ ਹੋ ਗਿਆ ਸੀ ਅਤੇ ਅੱਜ ਤੱਕ ਚੱਲ ਰਿਹਾ ਹੈ। ਉਸ ਵੇਲੇ ਮਿਲਦੇ ਕੋਈ 32 ਦਸਮ ਗ੍ਰੰਥ ਦੀਆਂ ਬੀੜਾਂ ਵਿਚੋਂ ਕਾਂਟੀ-ਛਾਂਟੀ ਕਰਕੇ ਸੋਧਕ ਕਮੇਟੀ ਨੇ ਅਜੋਕਾ ਦਸਮ ਗ੍ਰੰਥ ਬਣਾਇਆ। ਕਈ ਬੀੜਾਂ ਵਿਚ ਵਾਰ ਮਾਲਕੌਂਸ, ਵਾਰ ਭਗੌਤੀ ਜੀ ਕੀ, ਰਾਗ ਆਸਾ ਅਤੇ ਰਾਗ ਸੋਰਟ ਪਾਤਸ਼ਾਹੀ ਦਸ, ਮਾਝ ਪਾਤਸ਼ਾਹੀ ਦਸ, ਅਸਪਾਟਕ ਕਬਿਤ ਵਗੈਰਾ ਮਿਲਦੇ ਹਨ; ਸੋਧਕ ਕਮੇਟੀ ਨੇ ਇਹ ਦਸਮ ਗ੍ਰੰਥ ਵਿਚ ਸ਼ਾਮਿਲ ਨਹੀਂ ਕੀਤੇ। ਸਵਾਲ ਪੈਦਾ ਹੁੰਦਾ ਹੈ ਕਿ ਕਮੇਟੀ ਨੇ ਕਿਹੜੇ ਪੈਮਾਨੇ ਜਾਂ ਮਿਯਾਰ ਦੇ ਅਧਾਰ ਤੇ ਚਰਚਤ ਦਸਮ ਗ੍ਰੰਥ ਵਿਚ ਅੰਕਤ ਸਾਰੀ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਸਾਹਬ ਦੇ ਨਾਂ ਲਾ ਦਿੱਤਾ? ਇਸ ਲਈ ਇਸ ਗ੍ਰੰਥ ਦੀ ਪ੍ਰਮਾਣਕਤਾ ਬਾਰੇ ਸ਼ੰਕੇ ਪੈਦਾ ਹੋਣਾ ਕੁਦਰਤੀ ਗੱਲ ਹੈ।

**(ਕ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖਤ ਅਤੇ ਦਸਮ ਗ੍ਰੰਥ:**

ਸੰਨ 1925 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਬਹੁਤੀ ਸ਼ੰਕਾਂ ਕਥਤ ਦਸਮ ਗ੍ਰੰਥ ਵਿਚ ਅੰਕਤ 'ਚਰਿਤ੍ਰੋਪਾਖਿਆਨ' ਬਾਰੇ ਚਲਦੀ ਰਹੀ ਜਿਸ ਵਿਚ ਅਤਿ ਦਰਜੇ ਦੀਆਂ ਅਸ਼ਲੀਲ ਕਥਾ ਕਹਾਣੀਆਂ ਦਾ ਜ਼ਿਕਰ ਹੈ। ਇਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਅਦੁਤੀ ਸ਼ਖਸੀਅਤ ਨਾਲ ਜੋੜਨਾ ਤਾਂ ਇਕ ਪਾਸੇ ਰਿਹਾ, ਕਿਆਸ ਵੀ ਕਰਨਾ ਗੁਰੂ ਸਾਹਿਬ ਦੀ ਸਿੱਧੀ ਬੇਅਦਵੀ ਕਰਨ ਬਰਾਬਰ ਹੈ। ਫਲਸਰੂਪ, ਇਸ ਬਾਰੇ ਸਿੱਖਾਂ ਵਲੋਂ ਹਮੇਸ਼ਾ ਤਿੱਖਾ ਅਤੇ ਕਰਾਰਾ ਇਤਰਾਜ਼ ਕੀਤਾ ਗਿਆ ਹੈ ਅਤੇ ਅਕਾਲ ਤਖਤ ਨੂੰ ਇਸ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹਾ ਜਾਂਦਾ ਰਿਹਾ । ਆਖਰ ਨੂੰ 1973 ਵਿਚ ਅਕਾਲ ਤਖਤ ਤੋਂ ਇਕ ਸਪੱਸ਼ਟੀਕਰਨ ਵਿਚ ਕਿਹਾ ਗਿਆ ਕਿ, " 'ਚਰਿਤ੍ਰੋਪਖਯਾਨ' ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ 'ਦਸਮੇਸ ਬਾਣੀ' ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ"। ਪਰ ਫੇਰ ਵੀ ਕੁਝ ਕੱਟੜ ਸਿੱਖਾਂ ਅਤੇ ਸੰਸਥਾਵਾਂ ਨੇ ਕਥਤ ਦਸਮ ਗ੍ਰੰਥ ਦੀ ਸਾਰੀ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਨਾਲ ਜੋੜੀ ਰੱਖਿਆ। ਵਾਦ ਵਿਵਾਦ ਉਸੇ ਤਰਾਂ ਮਘਦਾ ਰਿਹਾ ਅੰਤ ਨੂੰ ਸਿੱਖ ਵਿਦਵਾਨਾ ਅਤੇ ਸੱਚੇ ਸਿੱਖਾਂ ਵਲੋਂ ਜ਼ੋਰ ਪਾਉਣ ਤੇ 6 ਜੂਨ, 2008 ਵਿਚ ਪੰਜ ਸਿੱਖ ਸਾਹਬਾਨ ਦੀ ਇਕੱਤ੍ਰਤਾ ਵਿਚ ਗੁਰਮਤਾ ਪਾਸ ਕੀਤਾ ਗਿਆ ਜਿਸ ਵਿਚ ਲਿਖਿਆ ਗਿਆ ਕਿ,

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 300 ਸਾਲਾ ਗੁਰਤਾ ਗੱਦੀ ਦਿਵਸ ਸਮੁਚੇ ਸਿੱਖ ਪੰਥ ਲਈ 'ਗੁਰੂ ਗ੍ਰੰਥ-ਗੁਰੂ ਪੰਥ' ਦੇ ਸਿਧਾਂਤਾਂ ਪ੍ਰਤੀ ਵਚਨਵਧਤਾ ਪ੍ਰਗਟਾਉਣ ਦਾ ਸੁਨਹਿਰੀ ਮੌਕਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਤਿਮ ਹੁਕਮ 'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉਂ ਗ੍ਰੰਥ' ਤੇ ਸਿੱਖ ਪੰਥ ਅਮਲ ਕਰਦਿਆਂ ਹੋਇਆਂ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਜਾਗਤਿ ਜੋਤਿ ਸਤਿਗੁਰੂ ਸਵੀਕਾਰ ਕੇ ਦ੍ਰਿੜ੍ਹਤਾ ਸਹਿਤ ਪਹਿਰਾ ਦਿੰਦਾ ਆਇਆ ਹੈ। ਸਿੱਖ ਪੰਥ ਨੇ ਹਰ ਕੌਮੀ ਸੰਕਟ ਦੀ ਨਿਵ੍ਰਤੀ ਲਈ ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰਹਿਨੁਮਾਈ ਗ੍ਰਹਿਣ ਕੀਤੀ ਹੈ। ਸ੍ਰੀ ਦਸਮ ਗ੍ਰੰਥ ਸਬੰਧੀ ਖੜਾ ਕੀਤਾ ਗਿਆ ਵਿਵਾਦ ਬਿਲਕੁਲ ਬੇਲੋੜਾ ਹੈ। ਸਿੱਖ ਪੰਥ ਵਲੋਂ ਦਸਮ ਗ੍ਰੰਥ ਦੀਆਂ ਜਿਨ੍ਹਾਂ ਰਵਾਇਤਾਂ ਨੂੰ ਸਿੱਖ ਰਹਿਤ ਮਰਯਾਦਾ, ਨਿਤਨੇਮ ਅਤੇ ਅੰਮ੍ਰਿਤ ਸੰਚਾਰ ਲਈ ਸਵੀਕਾਰ ਕੀਤਾ ਜਾ ਚੁੱਕਾ ਹੈ, ਉਨ੍ਹਾਂ ਬਾਰੇ ਕਿਸੇ ਨੂੰ ਵਾਦ ਵਿਵਾਦ ਖੜਾ ਕਰਨ ਦਾ ਕੋਈ ਅਧਿਕਾਰ ਨਹੀਂ। ਸਮੁੱਚੇ ਸਿੱਖ ਪੰਥ ਨੂੰ ਵਿਦਿਤ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਿੱਖ ਪੰਥ ਦੇ ਸਾਹਿਤ ਅਤੇ ਇਤਿਹਾਸ ਦਾ ਅਨਿਖੜਵਾਂ ਅੰਗ ਹੈ, ਪਰ ਇਸ ਨੂੰ ਸ੍ਰੀ ਗੁਰੂ ਗੋਬਿੰਦ ਜੀ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮਾਨਤਾ ਨਹੀਂ ਦਿੱਤੀ। ਆਪ ਜੀ ਵਲੋਂ ਗੁਰਤਾ ਗੱਦੀ ਕੇਵਲ ਅਤੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮਿਲੀ ਹੈ, ਇਸ ਕਰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ"।

ਚਰਚਤ ਦਸਮ ਗ੍ਰੰਥ ਦੇ ਛਪਣ ਤੋਂ ਕੋਈ ਦੋ ਦਹਾਕੇ ਬਾਅਦ ਸਿੱਖ ਗੁਰਦੁਆਰਾ



ਐਕਟ, 1925 ਲਾਗੂ ਕੀਤਾ ਗਿਆ ਅਤੇ ਗੁਰਦੁਆਰਿਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅਧਿਕਾਰ ਹੋ ਗਿਆ। ਇਸ ਐਕਟ ਵਿਚ ਅਦਾਲਤੀ ਅਮਲੇ ਵਲੋਂ ਸਿੱਖ ਸਿਧਾਂਤਾਂ, ਸੰਸਥਾਵਾਂ, ਗੁਦੁਆਰਿਆਂ ਅਤੇ ਗ੍ਰੰਥਾਂ ਬਾਰੇ ਨਿਰਣੇ ਦਿੱਤੇ ਗਏ। ਅਦਾਲਤ ਦੀ ਦਫਰੀ ਕਾਰਬਾਈ ਵਿਚ ਕਿਹਾ ਗਿਆ ਕਿ ਇਸ ਐਕਟ ਦਾ ਮਕਸਦ ਇਹ ਹੈ ਕਿ ਸਿੱਖਾਂ ਦੇ ਧਾਰਮਕ ਸਮਾਗਮ ਅਤੇ ਰਸਮੋ ਰਿਵਾਜ "ਗੁਰੂ ਗ੍ਰੰਥ ਸਾਹਿਬ" ਦੇ ਸਿਧਾਂਤਾਂ ਅਨੁਸਾਰ ਕੀਤੇ ਜਾਣ। ਐਕਟ ਵਿਚ "ਸਿੱਖ" ਦੀ ਪਰਿਭਾਸ਼ਾ ਕਰਦਿਆਂ ਲਿਖਿਆ ਹੈ ਕਿ 'ਸਿੱਖ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ, ਦਸ ਗੁਰੂਆਂ ਨੂੰ ਮਾਨਤਾ ਦਿੰਦਾ ਹੈ ਅਤੇ ਕਿਸੇ ਹੋਰ ਧਰਮ ਵਿਚ ਯਕੀਨ ਨਹੀਂ ਰਖਦਾ; ਏਥੇ ਦਸਮ ਗ੍ਰੰਥ ਦਾ ਕੋਈ ਜ਼ਿਕਰ ਨਹੀਂ ਹੈ। ਸਿੱਖ ਗੁਰਦੁਆਰਾ ਐਕਟ ਤੋਂ ਬਾਅਦ ਦਿੱਲੀ ਸਿੱਖ ਗੁਦੁਆਰਾ ਐਕਟ, 1971 ਅਤੇ ਨਦੇੜ ਸਿੱਖ ਗੁਰਦੁਆਰਾ ਐਕਟ, 1973 ਵਿਚ ਵੀ ਇਹੋ ਕਿਹਾ ਗਿਆ ਕਿ ਸਿੱਖ ਉਹ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰਖਦਾ ਹੈ; ਇਨ੍ਹਾਂ ਐਕਟਾਂ ਵਿਚ ਵੀ ਦਸਮ ਗ੍ਰੰਥ ਦਾ ਨਾਂ ਕਿਤੇ ਨਹੀਂ ਆਉਂਦਾ। ਪਿੱਛੇ ਜਹੇ ਭਾਰਤ ਦੀ ਮਹਾਂ ਅਦਾਲਤ ਵਲੋਂ 'ਗੁਰੂ ਗ੍ਰੰਥ ਸਾਹਿਬ' ਨੂੰ ਕਾਨੂਨ ਪੱਖੋਂ ਇਕ 'ਪੁਰਸ਼' (Juristic person) ਗਰਦਾਨਿਆ ਗਿਆ ਹੈ। ਅਦਾਲਤੀ ਫੈਸਲੇ ਵਿਚ ਕਿਹਾ ਗਿਆ ਹੈ ਕਿ "ਗੁਰੂ ਗ੍ਰੰਥ ਸਾਹਿਬ" ਨੂੰ ਗੁਦੁਆਰਿਆਂ ਵਿਚ ਇਕ ਗੁਰੂ ਵਾਂਗ ਸਤਿਕਾਰਿਆ ਜਾਂਦਾ ਹੈ ਇਸ ਲਈ ਇਹ ਇਕ 'ਪੁਰਸ਼' ਦੀ ਪਦਵੀ ਦੇ ਸਮਾਨ ਹੈ। ਏਥੇ 'ਗੁਰੂ ਗ੍ਰੰਥ ਸਾਹਿਬ' ਨੂੰ 'ਪੁਰਸ਼' ਦੀ ਪਦਵੀ ਦਿੱਤੀ ਗਈ ਹੈ ਅਤੇ ਦਸਮ ਗ੍ਰੰਥ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ।

**(ਖ) ਅਜੋਕੀ ਸਥਿਤੀ:**

ਸਿੱਖ ਧਰਮ 'ਇਕ ਗ੍ਰੰਥ ਇਕ ਪੰਥ' ਦੇ ਸਿਧਾਂਤ ਤੇ ਖੜਾ ਹੈ। ਪਰ ਜੇ ਕਥਤ ਦਸਮ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ' ਦੇ ਬਰਾਬਰ ਮਾਨਤਾ ਦੇਣ ਦਾ ਉਪਰਾਲਾ ਕੀਤਾ ਗਿਆ ਤਾਂ ਸਿੱਖਾਂ ਵਿਚ ਵੰਡੀਆ ਪੈ ਜਾਣਗੀਆ। ਇਸ ਦੇ ਆਸਾਰ ਦਿਸਣੇ ਸ਼ੁਰੂ ਹੋ ਗਏ ਹਨ। ਕੱਟੜ ਹਿੰਦੂਵਾਦੀ ਸੰਸਥਾਵਾਂ ਦੇ ਪ੍ਰਭਾਵ ਹੇਠ ਤਖਤ ਪਟਨਾ ਸਾਹਿਬ ਅਤੇ ਤਖਤ ਹਜ਼ੂਰ ਸਾਹਿਬ ਦੇ ਜਥੇਦਾਰ ਸੰਬੰਦਤ ਗੁਰਦੁਆਰਿਆਂ ਵਿਚ ਦੋਵੇਂ ਗ੍ਰੰਥ ਬਰੋਬਰਾਬਰ ਪਰਕਾਸ਼ ਕਰੀ ਬੈਠੇ ਹਨ। ਲਗਦਾ ਇਉਂ ਹੈ ਕਿ 100 ਸਾਲ ਬਾਅਦ ਇਤਿਹਾਸ ਮੁੜ ਕੇ ਦੁਹਰਾਇਆ ਜਾ ਰਿਹਾ ਹੈ; ਗੁਰਦੁਆਰੇ ਜਥੇਦਾਰਾਂ ਦੇ ਰੂਪ ਵਿਚ ਮਹੰਤਾਂ ਦੇ ਅਧਿਕਾਰ ਹੇਠ ਆ ਰਹੇ ਹਨ। ।ਅੰਗ੍ਰੇਜ਼ਾਂ ਵੇਲੇ ਦੀ ਸਥਿਤੀ ਪੈਦਾ ਹੋ ਰਹੀ ਹੈ ਜਦ ਗੋਰਿਆ ਵਲੋਂ ਥਾਪੇ ਹੋਏ ਮਹੰਤ, ਉਦਾਸੀਆਂ ਅਤੇ ਨਿਹੰਗਾਂ ਦੇ ਬਲਬੂਤੇ, ਗੁਰਦੁਆਰਿਆਂ ਵਿਚ ਦਸਮ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ' ਦੇ ਬਰਾਬਰ ਪ੍ਰਕਾਸ਼ ਕਰਦੇ ਸਨ ਅਤੇ ਹਰਿਮੰਦਰ ਸਾਹਿਬ ਵਿਚ ਬੁੱਤ ਪੂਜਾ ਹੁੰਦੀ ਸੀ। ਪਹਿਲਾਂ ਇਸ ਕੁਕਰਮ ਵਿਚ ਅੰਗ੍ਰੇਜ਼ ਸ਼ਾਮਿਲ ਸਨ ਅਤੇ ਹੁਣ ਕੱਟੜਵਾਦੀ ਹਿੰਦੂ ਸ਼ਾਮਿਲ ਹਨ। ਪੰਜਾਬ ਵਿਚ ਦਿੱਲੀ ਵਾਲਿਆਂ ਨੇ ਜੁਦਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾ ਲਈ ਹੈ ਅਤੇ ਹਰਿਆਣਾ ਅਤੇ ਰਾਜਿਸਥਾਨ ਦੇ ਸਿੱਖ ਆਪਣੀ ਆਪਣੀ ਗੁਰਦੁਆਰਾ ਪਬੰਧਕ ਕਮੇਟੀਆਂ ਬਨਾਉਣ ਲਈ ਤਤਪਰ ਹਨ। ਜੇ ਇਹ ਰੁਝਾਨ ਚਲਦਾ

ਰਿਹਾ ਤਾਂ ਬਾਹਰ ਵਸਦੇ ਸਿੱਖ ਵੀ ਆਪਣੀਆਂ ਆਪਣੀਆਂ ਪ੍ਰਬੰਧਕ ਕਮੇਟੀਆਂ ਬਨਾਉਣ ਲਈ ਮਜ਼ਬੂਰ ਹੋ ਸਕਦੇ ਹਨ। ਇਹ ਸਭ ਕੁਝ ਅਕਾਲ ਤਖਤ ਦੀ ਕਮਜ਼ੋਰ ਪੈਂਦੀ ਜਾ ਰਹੀ ਮਾਣ ਮਰਯਾਦਾ ਕਰਕੇ ਹੋ ਰਿਹਾ ਹੈ। ਅਕਾਲ ਤਖਤ ਜੋ ਸਿੱਖਾਂ ਦੀ ਮੀਰੀ-ਪੀਰੀ ਦੇ ਸੰਕਲਪ ਦਾ ਚਿੰਨ ਹੈ, ਕਮਜ਼ੋਰ ਜਥੇਦਾਰਾਂ ਕਰਕੇ ਆਪਣਾ ਰੁਤਵਾ ਗੁਆ ਰਿਹਾ ਹੈ। ਇਤਿਹਾਸਕ ਤੌਰ ਤੇ ਸਾਰੇ ਤਖਤਾਂ ਦੇ ਜਥੇਦਾਰਾਂ ਨਾਲੋਂ ਅਕਾਲ ਤਖਤ ਦੇ ਜਥੇਦਾਰ ਨੂੰ ਵਧੇਰੇ ਮਾਨਤਾ ਦਿੱਤੀ ਜਾਂਦੀ ਹੈ ਅਤੇ ਉਸ ਤੋਂ ਮੀਰੀ-ਪੀਰੀ ਦੇ ਸੰਕਲਪ ਨੂੰ ਕਾਇਮ ਰੱਖਣ ਦੀ ਆਸ ਕੀਤੀ ਜਾਂਦੀ ਹੈ। ਪਰ ਇਹ ਆਸ ਨਾਉਮੀਦੀ ਵਿਚ ਬਦਲ ਰਹੀ ਹੈ। ਇਸ ਕੁਕਰਮ ਨੂੰ ਧਰਮ ਮਰਯਾਦਾ ਪੱਖੋਂ ਅਤੇ ਜੇ ਲੋੜ ਪਈ ਤਾਂ ਕਾਨੂੰਨੀ ਤੌਰ ਤੇ ਰੋਕਣ ਦਾ ਵਕਤ ਆ ਗਿਆ।

ਸਨ 1925 ਦੇ ਪੰਜਾਬ ਐਕਟ VIII ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਮਹੰਤਾਂ ਦੇ ਪ੍ਰਬੰਧ ਹੇਠ ਖਲਤ ਮਲਤ ਹੋ ਚੁਕੇ ਸਿੱਖ ਸਿਧਾਂਤਾਂ ਨੂੰ ਮੁੜਕੇ ਬਹਾਲ ਕਰਨ ਲਈ 1927 ਵਿਚ ਇਕ 'ਰਹਿਤ ਮਰਯਾਦਾ ਕਮੇਟੀ' ਸਥਾਪਤ ਕੀਤੀ ਜਿਸ ਨੇ 1932-1944 ਦੌਰਾਨ ਰਹਿਤ ਮਰਯਾਦਾ ਮੁਕੰਮਲ ਕੀਤੀ। ਪੰਜਾਂ ਅਕਾਲ ਤਖਤਾਂ ਦੇ ਜਥੇਦਾਰ ਵੀ ਇਸ ਕਮੇਟੀ ਦੇ ਮੈਂਬਰ ਸਨ ਜਿਨ੍ਹਾਂ ਨੇ ਇਸ ਨੂੰ ਮਾਨਤਾ ਦਿੱਤੀ। ਇਹ ਰਹਿਤ ਮਰਯਾਦਾ 'ਗੁਰੂ ਮਾਨਿਉਂ ਗ੍ਰੰਥ' ਦੇ ਸਿਧਾਂਤ ਤੇ ਅਧਾਰਤ ਹੈ, ਬਾਕੀ ਦੀਆਂ ਸਾਰੀਆਂ ਮੱਧਾਂ ਇਸ ਸਿਧਾਂਤ ਦੀ ਪਾਲਣਾ ਕਰਦੀਆਂ ਹਨ। ਇਸ ਸਿਧਾਂਤ ਦੀ ਸਰਵੋਤਮਤਾ ਨੂੰ ਨਿਸਚਿਤ ਬਨਾਉਣ ਲਈ 1944 ਵਿਚ ਪੰਜਾਬ ਐਕਟ VIII ਵਿਚ ਸੋਧ ਕੀਤੀ ਗਈ।

ਇਸ ਸੋਧ ਦੇ ਐਕਟ 11 ਅਨੁਸਾਰ, ਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਮੈਂਬਰ, ਗੁਰਦੁਆਰੇ ਦਾ ਕਾਮਾ ਜਾਂ ਤਖਤਾਂ ਦੇ ਜਥੇਦਾਰ ਕੋਈ ਧਾਰਮਕ ਕੁਰੀਤੀ ਵਿਚ ਭਾਈਵਾਲ ਬਣਦੇ ਹਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸ ਨੂੰ ਬਰਖਾਸਤ ਕਰ ਸਕਦੀ ਹੈ। ਧਾਰਮਕ ਕੁਤਾਹੀ ਦੀ ਇਕ ਉਪ-ਧਾਰਾ f (ਪੰਜਾਬ ਐਕਟ ਦੇ ਕਾਂਡ 11, ਮੁੱਖ ਧਾਰਾ 134) ਅਨੁਸਾਰ ਜੇ ਕੋਈ ਪ੍ਰਬੰਧਕ ਕਿਸੇ ਧਾਰਮਕ ਕੁਰੀਤੀ ਜਾਂ ਕੁਕਰਮ ਕਰਕੇ ਕਸੂਰਵਾਰ ਠਹਿਰਾਇਆ ਜਾਂਦਾ ਹੈ ਤਾਂ ਕਮੇਟੀ ਉਸ ਦੀ ਛੁੱਟੀ ਕਰ ਸਕਦੀ ਹੈ। ਪਰ ਪਟਨਾ ਸਾਹਿਬ ਅਤੇ ਹਜ਼ੂਰ ਸਾਬਿ ਦੇ ਜਥੇਦਾਰਾਂ ਨੇ, ਰਹਿਤ ਮ੍ਰਯਾਦਾ ਤੇ ਦਸਤਖਤ ਕਰਨ ਉਪਰੰਤ ਅਤੇ ਐਕਟ ਦੀ ਇਸ ਧਾਰਾ ਨੂੰ ਜਾਣਦਿਆਂ ਹੋਇਆਂ ਵੀ ਕਥਤ ਦਸਮ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ' ਦੇ ਬਰਾਬਰ ਪ੍ਰਕਾਸ਼ ਕਰੀ ਰੱਖਿਆ। ਅਰਥਾਤ ਮਹੰਤਾਂ ਵਾਲੀ ਪ੍ਰਥਾ ਨੂੰ ਬਰਕਰਾਰ ਰੱਖਿਆ ਜੋ ਅੱਜ ਤੱਕ ਚੱਲ ਰਹੀ ਹੈ। ਸਿੱਧੇ ਸ਼ਬਦਾਂ ਵਿਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ 'ਗੁਰੂ ਮਾਨਿਉਂ ਗ੍ਰੰਥ' ਦੀ ਕੋਈ ਪਰਵਾਹ ਨਹੀਂ ਕੀਤੀ। ਇਸੇ ਐਕਟ ਦੀ ਉਪ-ਧਾਰਾ g ਅਨੁਸਾਰ ਜੇ ਕੋਈ ਮੈਂਬਰ 'ਗੁਰੂ ਗ੍ਰੰਥ ਸਾਹਿਬ' ਦੇ ਸਿਧਾਂਤਾਂ ਤੋਂ ਉਲਟ ਗੁਰਦੁਆਰੇ ਵਿਚ ਜਾਂ ਲੋਕ ਸਥਾਨ ਤੇ ਕਿਸੇ ਕਰਮਕਾਂਡ ਨੂੰ ਮਾਨਤਾ ਦਿੰਦਾ ਹੈ ਜਾਂ ਉਸ ਵਿਚ ਭਾਈਵਾਲ ਬਣਦਾ ਹੈ ਤਾਂ ਉਸ ਨੂੰ ਵੀ ਬਰਖਾਸਤ ਕੀਤਾ ਜਾ ਸਕਦਾ ਹੈ। ਕਈ



ਅਕਾਲੀ ਲੀਡਰ/ਮੈਂਬਰ ਵੋਟਾਂ ਦੀ ਖਾਤਰ ਹਿੰਦੂ ਕਰਮਕਾਂਡਾਂ ਅਨੁਸਾਰ ਮੱਥਿਆਂ ਤੇ ਟਿੱਕੇ ਲਗਵਾ ਕੇ ਜਾਂ ਧੋਤੀਆਂ ਪਹਿਨ ਕੇ ਹਵਨਾਂ ਵਿਚ ਸ਼ਰੇਆਮ ਭਾਗ ਲੈਂਦੇ ਹਨ। ਵੋਟਾਂ ਦੀ ਖਾਤਰ ਸੰਤਾਂ/ਮਹੰਤਾਂ ਦੇ ਡੇਰਿਆਂ, ਮੱਠਾਂ ਅਤੇ ਟਕਸਾਲਾਂ ਦੇ ਗੁਰਦੁਆਰਿਆਂ ਵਿਚ ਪ੍ਰਵਾਣਤ ਰਹਿਤ ਮਰਯਾਦਾ ਦਾ ਘਾਣ ਕੀਤਾ ਜਾ ਰਿਹਾ ਹੈ। ਕਈ ਸਥਾਨਾਂ ਤੇ ਦਸਮ ਗ੍ਰੰਥ ਨੂੰ 'ਗੁਰੂ ਗ੍ਰੰਥ ਸਾਹਿਬ' ਦੇ ਬਰਾਬਰ ਮਾਨਤਾ ਦਿੱਤੀ ਜਾ ਰਹੀ ਹੈ; ਇਤਿਹਾਸ ਮੁੜ ਕੇ ਦੁਹਰਾਇਆ ਜਾ ਰਿਹਾ ਹੈ। ਪਰ ਯਾਦ ਰਹੇ ਕਿ ਜਦ ਵੀ ਕਿਸੇ ਸਰਕਾਰ ਜਾਂ ਕਿਸੇ ਸੰਸਥਾ ਨੇ 'ਇਕ ਪੰਥ-ਇਕ ਗ੍ਰੰਥ' ਅਤੇ ਰਹਿਤ ਮਰਯਾਦਾ ਦੇ ਸੂਤਰ, 'ਗੁਰੂ ਮਾਨਿਉਂ ਗ੍ਰੰਥ' ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ, ਉਸ ਨੂੰ ਮੂੰਹ ਦੀ ਖਾਣੀ ਪਈ ਹੈ। ਗੁਰੂ ਗ੍ਰੰਥ ਦੀ ਮਾਣਤਾ ਨੂੰ ਗੰਧਲਾ ਕਰਨ ਲਈ ਅੰਗ੍ਰੇਜ਼ਾਂ ਨੇ ਦਸਮ ਗ੍ਰੰਥ ਪੈਦਾ ਕਰ ਲਿਆ। ਇਸ ਨੂੰ ਮਾਨਤਾ ਦੁਆਉਣ ਲਈ ਗੁਰਦੁਆਰਿਆਂ ਵਿਚ ਮਹੰਤਾਂ, ਟਕਸਾਲਾਂ ਦੇ ਔਹਦੇਦਾਰਾਂ ਅਤੇ ਨਿਰਮਲਿਆਂ ਨੂੰ ਬਿਠਾ ਦਿੱਤਾ। ਪਰ ਫਿਰ ਵੀ ਇਹ ਅਦਾਰੇ 'ਗੁਰੂ ਗ੍ਰੰਥ ਸਾਹਿਬ' ਪ੍ਰਤੀ ਸਿੱਖਾਂ ਦੀ ਅਤਿਅੰਤ ਸ਼ਰਧਾ ਅਤੇ ਇਸ ਦੀ ਸਰਵੋਤਮਤਾ ਨੂੰ ਨਾ ਤੋੜ ਸਕੇ। ਇਸ ਤੱਥ ਦੀ ਮਹਾਨਤਾ ਨੂੰ ਸਵੀਕਾਰ ਕਰਦੇ ਹੋਏ ਮੈਲਕਮ ਨੇ ਆਪਣੀ ਪੁਸਕ Sketch of the Sikhs, 1810, ਦੇ ਅੰਤ ਵਿਚ ਭਵਿਖਬਾਣੀ ਕੀਤੀ ਸੀ ਜਿਸ ਦਾ ਤੋੜਸਾਰ ਇਸ ਪਰਕਾਰ ਹੈ: ਵੈਰਾਗੀ ਬੰਦੇ ਬਹਾਦਰ ਨੇ ਆਪਣੇ ਆਪ ਨੂੰ ਗਿਆਰਵਾਂ ਗੁਰੂ ਥਾਪ ਕੇ ਗੁਰੂ ਗੋਬਿੰਦ ਸਿੰਘ ਦੇ ਸੰਕਲਪ, 'ਗੁਰੂ ਮਾਨਿਉਂ ਗ੍ਰੰਥ' ਨੂੰ ਤੋੜਨਾ ਚਾਹਿਆ ਪਰ ਬੁਰੀ ਤਰਾਂ ਫੇਲ ਹੋ ਗਿਆ। ਇਸੇ ਤਰਾਂ ਹੋ ਸਕਦਾ ਹੈ ਕਿ ਅੰਮ੍ਰਿਤਸਰ ਦੇ ਅਕਾਲੀ ਹੁਕਮਰਾਨ, ਟਕਸਾਲਾਂ ਦੇ ਕਰਤਾ ਧਰਤਾ ਅਤੇ ਗੁਦੁਆਰਿਆਂ ਦੇ ਨਿਰਮਲੇ ਜੋ ਗੁਰੂ ਗ੍ਰੰਥ ਨੂੰ ਪੜ੍ਹਦੇ ਅਤੇ ਸਤਿਕਾਰਦੇ ਹਨ, ਗੁਰੂ ਗ੍ਰੰਥ ਪ੍ਰਤੀ ਸ਼ਰਦਾ ਵਿਚ ਥੋੜ੍ਹੀ ਬਾਹਲੀ ਤਬਦੀਲੀ ਲਿਆਉਣ, ਪਰ ਗੁਰੂ ਗੋਬਿੰਦ ਸਿੰਘ ਜੀ ਦੇ 'ਗੁਰੂ ਮਾਨਿਉਂ ਗ੍ਰੰਥ' ਦੇ ਸੰਕਲਪ ਨੂੰ ਡੋਲਣਾ ਮੁਸ਼ਕਲ ਜਾਪਦਾ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਕਥਤ ਦਸਮ ਗ੍ਰੰਥ ਬਾਰੇ ਭਖੇ ਵਾਦ ਵਿਵਾਦ ਦਾ ਕੀ ਕੀਤਾ ਜਾਵੇ? ਇਹ ਕੋਈ ਮਾਮੂਲੀ ਮਸਲਾ ਤਾਂ ਹੈ ਨਹੀਂ ਜਿਸ ਨੂੰ ਉਰੇ-ਪਰੇ ਕੀਤਾ ਜਾ ਸਕੇ। ਸਿੱਖ ਧਰਮ ਲਈ ਇਹ ਇਕ ਸਿਧਾਂਤਕ ਮਸਲਾ ਹੈ ਜਿਸ ਨੂੰ ਨਜਿੱਠਣਾ ਅਤਿ ਜਰੂਰੀ ਹੈ ਕਿਉਂਕਿ ਇਸ ਨਾਲ ਧਰਮ ਦੀ ਹੋਂਦ ਜੁੜੀ ਹੋਪਈ ਹੈ। ਸਾਡੇ ਵਿਚਾਰ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਰਪੱਖ ਵਿਦਿਵਾਨਾਂ ਦੀ ਕਮੇਟੀ ਤੋਂ ਇਹ ਮਸਲਾ ਹੱਲ ਕਰਵਾਉਣਾ ਚਾਹੀਦਾ ਹੈ। ਇਹ ਕਮੇਟੀ ਦਸਮ ਗ੍ਰੰਥ ਦੇ ਪੱਖ ਅਤੇ ਵਿਰੋਧ ਵਿਚ ਖੜੇ ਵਿਦਵਾਨਾਂ ਦੀਆਂ ਰਾਵਾਂ ਇਕੱਤਰ ਕਰੇ ਜੋ ਧਾਰਮਕ ਸ਼ਰਧਾ ਅਤੇ ਅੰਧ ਵਿਸ਼ਵਾਸ ਅਧੀਨ ਨ ਹੋਣ ਸਗੋਂ ਪਰਪੱਕ ਦਲੀਲਾਂ ਅਤੇ ਠੋਸ ਪਰਮਾਣਾਂ ਤੇ ਅਧਾਰਤ ਹੋਣ। ਕੇਂਦਰੀ ਨੁਕਤਾ ਇਹ ਹੋਣਾ ਚਾਹੀਦਾ ਹੈ ਕਿ ਕੋਈ ਵੀ ਦਲੀਲ਼ 'ਗੁਰੂ ਗ੍ਰੰਥ ਸਾਹਿਬ' ਵਿਚ ਅੰਕਤ ਸਿੱਖ ਫਿਲਾਸਫੀ ਅਤੇ ਧਰਮ ਮਰਯਾਦਾ ਦੇ ਵਿਰੁਧ ਨਾ ਹੋਵੇ। ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਪ੍ਰਮਾਣਤ ਬਾਣੀਆਂ, ਜੋ ਸੀਨਾ-ਬ-ਸੀਨਾ ਸਾਡੇ ਪਾਸ ਪਹੁੰਚੀਆਂ

ਹਨ ਉਨ੍ਹਾਂ ਤੇ ਕੋਈ ਵਾਦ ਵਿਵਾਦ ਨਹੀਂ ਹੋਣਾ ਚਾਹੀਦਾ। ਬਾਕੀ ਦੀਆਂ ਕਥਤ ਬਾਣੀਆਂ ਦਾ, ਸਿੱਖ ਸਿਧਾਂਤਾਂ ਅਤੇ ਇਤਿਹਾਸਕ ਪ੍ਰਮਾਣਾਂ ਨੂੰ ਮੁੱਖ ਰਖਦਿਆਂ, ਭਾਸ਼ਾ ਅਤੇ ਵਿਚਾਰਧਾਰਾ ਦੇ ਅਧਾਰ ਤੇ ਨਿਰਣਾ ਕਰਨਾ ਚਾਹੀਦਾ ਹੈ। ਕਮੇਟੀ ਵਿਚ ਚੁਣੇ ਗਏ ਵਿਦਵਾਨਾਂ ਦੀ ਵਿਦਵਤਾ ਅਤੇ ਨਿਰਪੱਖਤਾ ਦਾ ਖਿਆਲ ਰੱਖਣਾ ਚਾਹੀਦਾ ਹੈ। ਇਹ ਵਿਦਵਾਨ ਸੰਸਕ੍ਰਿਤ, ਫ਼ਾਰਸੀ, ਹਿੰਦੀ, ਬ੍ਰਿਜ ਭਾਸ਼ਾ, ਹਿੰਦਵੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਨਿਪੁੰਨ ਹੋਣ ਤਾਕਿ ਕਥਤ ਦਸਮ ਗ੍ਰੰਥ ਦੀ ਬਾਣਾ ਦਾ ਭਾਵਪੂਰਤ ਨਰੀਖਣ ਅਤੇ ਨਿਰਣਾ ਕੀਤਾ ਜਾ ਸਕੇ। ਇਨ੍ਹਾਂ ਵਿਚ ਕੁਝ ਵਿਦਵਾਨ ਉਹ ਵੀ ਹੋਣੇ ਚਾਹੀਦੇ ਹਨ ਜੋ ਪੁਰਾਤਨ ਛੰਦ ਸ਼ਾਸਤਰ ਦਾ ਪੂਰਾ ਗਿਆਨ ਰਖਦੇ ਹੋਣ।

**ਦਸਮ ਗ੍ਰੰਥ ਬਾਰੇ ਛਪਣ ਹੇਤ ਮੌਨੋਗ੍ਰਾਫ ਚੋਂ ਕਸ਼ੀਦ ਕੀਤਾ ਹੋਇਆ**